Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 35; August 30, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਪੰਜਾਬ ਨੂੰ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ: ਸੁਖਬੀਰ ਸਿੰਘ ਬਾਦਲ



**ਜਲੰਧਰ:** ਅਕਾਲੀ ਦਲ ਵਲੋਂ ਲੈਂਡ ਪੂਲਿੰਗ ਪਾਲਿਸੀ ਖ਼ਿਲਾਫ਼ ਕੀਤੇ ਸੰਘਰਸ਼ ਨੂੰ ਮਿਲੀ ਕਾਮਯਾਬੀ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਵਿਸ਼ਾਲ ਰੈਲੀ ਕਰਨ ਸੰਬੰਧੀ ਸੀਨੀਅਰ ਆਗੂਆਂ ਦੀ ਗੁਰਦੁਆਰਾ ਦੀਵਾਨ ਅਸਥਾਨ ਸੈਂਟਰਲ ਟਾਊਨ ਵਿਖੇ ਇਕਬਾਲ ਸਿੰਘ ਢੀਂਡਸਾ ਦੀ ਅਗਵਾਈ ਹੇਠ ਇਕੱਤਰਤਾ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਗਈ। ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਦੇ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ 31 ਅਗਸਤ ਐਤਵਾਰ ਨੂੰ ਸਵੇਰੇ 11 ਵਜੇ ਦਾਣਾ ਮੰਡੀ ਮੋਗਾ ਵਿਖੇ ਕੀਤੀ ਜਾ ਰਹੀ ਇਤਿਹਾਸਕ ਰੈਲੀ ਮੌਕੇ ਵੱਡੀ ਗਿਣਤੀ 'ਚ ਵਰਕਰਾਂ ਸਮੇਤ ਸ਼ਮੂਲੀਅਤ ਕਰਨ। ਉਨ੍ਹਾਂ ਕਿਹਾ ਕਿ ਸਾਰੇ ਇਕੱਠੇ ਹੋ ਕੇ ਪੰਥ, ਪੰਜਾਬ ਤੇ ਪੰਜਾਬੀਅਤ ਦੇ ਦੁਸ਼ਮਣਾਂ ਨੂੰ ਪੰਜਾਬ ਵਿਚੋਂ ਭਜਾਈਏ ਤੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰੀਏ। ਬਾਦਲ ਨੇ ਕਿਹਾ ਕਿ ਪੰਜਾਬ ਦੀਆਂ ਜ਼ਮੀਨਾਂ ਹੜੱਪਣ ਲਈ ਲਿਆਂਦੀ ਲੈਂਡ ਪੂਲਿੰਗ ਪਾਲਿਸੀ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂਆਂ ਨੇ ਸਮੂਹ ਪੰਜਾਬੀਅਤ ਤੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਿਸ ਕਰਕੇ, ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਅੱਗੇ ਗੋਡੇ ਟੇਕਦਿਆਂ ਮਜਬੂਰਨ ਲੈਂਡ ਪੂਲਿੰਗ ਪਾਲਿਸੀ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਤੇ ਪੰਜਾਬੀਆਂ ਦੀ ਫ਼ਤਹਿ ਹੋਈ। ਸੁਖਬੀਰ ਸਿੰਘ ਬਾਦਲ ਦ ਜਲੰਧਰ ਪਹੁੰਚਣ 'ਤੇ ਕਪੂਰਥਲਾ ਚੌਕ ਵਿਖੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਬੀਰ ਸਿੰਘ ਲੁਥਰਾ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਯੂਥ ਵਰਕਰਾਂ ਵਲੋਂ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਜਲੰਧਰ ਹੁਸ਼ਿਆਰਪੁਰ ਦੇ ਆਗੂ ਨੇ ਵੀ ਹਾਜ਼ਰੀ ਭਰੀ ਤੇ ਵੱਧ ਤੋਂ ਵੱਧ ਬੱਸਾਂ ਕਾਰਾਂ ਰਾਹੀਂ ਵੱਡੀ ਗਿਣਤੀ 'ਚ ਮੋਗਾ ਰੈਲੀ ਵਿਚ ਸ਼ਮੂਲੀਅਤ ਕਰਨ ਦਾ ਸੁਖਬੀਰ ਸਿੰਘ ਬਾਦਲ ਨੂੰ ਭਰੋਸਾ ਦਿੱਤਾ ਗਿਆ। ਇਸ ਮੌਕੇ ਮਹਿੰਦਰ ਸਿੰਘ ਕੇਪੀ, ਬਚਿੱਤਰ ਸਿੰਘ ਕੋਹਾੜ, ਬਲਦੇਵ ਸਿੰਘ ਖਹਿਰਾ, ਰਣਜੀਤ ਸਿੰਘ ਕਾਹਲੋਂ, ਬਲਦੇਵ ਸਿੰਘ ਕਲਿਆਣ, ਬੀਬੀ ਦਵਿੰਦਰ ਕੌਰ

(ਬਾਕੀ ਸਫ਼ਾ 6 'ਤੇ)

## ਧੜੇਬੰਦੀ ਰੋਕਣ ਲਈ ਕਾਂਗਰਸ ਹਾਈਕਮਾਨ ਹੋਈ ਸਖ਼ਤ

### ਅਨੁਸ਼ਾਸਨਹੀਣਤਾ ਵਿਰੁੱਧ ਹੁਣ ਹੋਵੇਗੀ ਕਾਰਵਾਈ



**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਵਲੋਂ ਪੰਜਾਬ ਤੋਂ ਦਿੱਲੀ ਸੱਦੇ ਗਏ ਕੋਈ ਦੋ ਦਰਜਨ ਕਾਂਗਰਸੀ ਆਗੂਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਗਿਆ ਕਿ ਹਾਈਕਮਾਨ ਸੂਬਾ ਯੂਨਿਟ ਵਿਚ ਅਨੁਸ਼ਾਸਨਹੀਣਤਾ ਦੀ ਕੋਈ ਵੀ ਕਾਰਵਾਈ ਬਰਦਾਸ਼ਤ ਨਹੀਂ ਕਰੇਗੀ ਅਤੇ ਪਾਰਟੀ ਨੂੰ ਕਮਜ਼ੋਰ ਕਰਨ ਵਾਲੀ ਅਜਿਹੀ ਕਿਸੇ ਵੀ ਕਾਰਵਾਈ ਸੰਬੰਧੀ ਪਾਰਟੀ ਸਖ਼ਤੀ ਨਾਲ ਪੇਸ਼ ਆਵੇਗੀ। ਪਾਰਟੀ ਦੇ ਕੌਮੀ ਸਕੱਤਰ ਜਨਰਲ ਵੇਣੂ ਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਾਂਗਰਸੀ ਆਗੂਆਂ ਨੂੰ ਭਵਿੱਖ 'ਚ ਇਕਜੁੱਟ ਹੋ ਕੇ ਚੱਲਣ ਲਈ ਸਹੁੰ ਚੁੱਕਣ ਲਈ ਵੀ ਕਿਹਾ। ਦੁਆਬੇ ਦੇ ਸੀਨੀਅਰ ਆਗੂ ਰਾਣਾ ਗੁਰਜੀਤ ਸਿੰਘ ਯੂਰਪ ਵਿਚ ਹੋਣ ਕਾਰਨ

(ਬਾਕੀ ਸਫ਼ਾ 6 'ਤੇ)

## ਅਮਰੀਕਾ ਵਿਚ 1.50 ਲੱਖ ਪੰਜਾਬੀਆਂ ਦੀ ਰੋਟੀ-ਰੋਜ਼ੀ ਖ਼ਤਰੇ 'ਚ

**ਜਲੰਧਰ:** ਅਮਰੀਕਾ ਦੇ ਫਲੋਰੀਡਾ ਸੂਬੇ 'ਚ ਪਿਛਲੇ ਦਿਨੀਂ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਵੱਲੋਂ ਹਾਈਵੇ 'ਤੇ ਗ਼ਲਤ ਯੂ-ਟਰਨ ਲੈਣ ਕਾਰਨ ਵਾਪਰੇ ਹਾਦਸੇ ਵਿਚ ਤਿੰਨ ਲੋਕਾਂ ਦੀ ਮੌਤ ਤੋਂ ਬਾਅਦ ਉੱਥੇ ਸੜਕਾਂ 'ਤੇ ਰਾਤ-ਦਿਨ ਟਰੱਕ ਚਲਾਉਣ ਵਾਲੇ ਲਗਪਗ 1.50 ਲੱਖ ਪੰਜਾਬੀ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਖ਼ਤਰੇ ਵਿਚ ਪੈ ਗਈ ਹੈ।

ਘਟਨਾ ਤੋਂ ਬਾਅਦ ਅਮਰੀਕੀ ਸਰਕਾਰ ਨੇ ਵਰਕਰ ਵੀਜ਼ੇ 'ਤੇ ਤੁਰੰਤ ਪ੍ਰਭਾਵ ਨਾਲ ਇਹ ਕਹਿ ਕੇ ਰੋਕ ਲਗਾ ਦਿੱਤੀ ਹੈ ਕਿ ਵੱਡੇ ਟਰੱਕ ਚਲਾਉਣ ਵਾਲੇ ਵਿਦੇਸ਼ੀ ਡਰਾਈਵਰਾਂ ਦੀ ਲਗਾਤਾਰ ਵਧਦੀ ਗਿਣਤੀ ਨੇ ਅਮਰੀਕੀ ਨਾਗਰਿਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਦਿੱਤੀ ਹੈ। ਵਰਕ ਵੀਜ਼ਾ ਤੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ 'ਤੇ ਰੋਕ ਨਾਲ ਪੰਜਾਬੀ ਡਰਾਈਵਰਾਂ 'ਤੇ ਇਸ ਦਾ ਅਸਰ ਪੈਣਾ ਤੈਅ ਹੈ। ਅਮਰੀਕਾ ਵੱਲੋਂ ਟਰੱਕ ਡਰਾਈਵਰਾਂ ਦੇ ਵਰਕ ਵੀਜ਼ਿਆਂ 'ਤੇ ਰੋਕ ਲਗਾਉਣ ਤੋਂ ਬਾਅਦ ਪੰਜਾਬ ਦੇ ਸਿਆਸੀ ਗਲਿਆਰਿਆਂ 'ਚ ਹਲਚਲ ਸ਼ੁਰੂ ਹੋ ਗਈ ਹੈ।




ਪੰਜਾਬ 'ਚ ਭਾਰੀ ਵਾਹਨਾਂ ਦੀ ਡਰਾਈਵਿੰਗ ਸਿੱਖ ਰਹੇ ਪੰਜਾਬੀਆਂ ਦੀ ਪਹਿਲੀ ਪਸੰਦ ਅਮਰੀਕਾ ਬਣਿਆ ਹੋਇਆ ਹੈ। ਅਮਰੀਕਾ 'ਚ ਟਰੱਕ ਡਰਾਈਵਰਾਂ ਨੂੰ ਤਨਖ਼ਾਹ ਉਨ੍ਹਾਂ ਦੇ ਤਜਰਬੇ, ਕੰਮ ਦੇ ਘੰਟਿਆਂ ਤੇ ਉਨ੍ਹਾਂ ਦੀ ਕੰਮ ਕਰਨ ਦੀ ਸਮਰੱਥਾ ਦੇ ਆਧਾਰ 'ਤੇ ਮਿਲਦੀ ਹੈ। ਇਕ ਡਰਾਈਵਰ ਜਿਹੜਾ ਰੋਜ਼ਾਨਾ 500 ਤੋਂ 600 ਮੀਲ ਟਰੱਕ ਚਲਾ ਸਕਦਾ ਹੈ, ਉਹ ਹਰ ਮਹੀਨੇ ਪੰਜ ਤੋਂ ਛੇ ਲੱਖ ਰੁਪਏ (ਸੱਤ ਹਜ਼ਾਰ ਤੋਂ ਅੱਠ ਹਜ਼ਾਰ ਡਾਲਰ) ਕਮਾ ਸਕਦਾ ਹੈ। ਕੁਝ ਟਰੱਕ ਡਰਾਈਵਰਾਂ ਨੂੰ ਪ੍ਰਤੀ ਘੰਟੇ ਦੇ ਹਿਸਾਬ ਨਾਲ ਭੁਗਤਾਨ ਮਿਲਦਾ ਹੈ ਜਿਹੜਾ ਔਸਤਨ 1680 ਤੋਂ 2520 ਰੁਪਏ ਹੁੰਦਾ ਹੈ।

ਕੈਨੇਡੀਅਨ ਟਰੱਕਿੰਗ ਅਲਾਇੰਸ (ਸੀਟੀਏ) ਨੇ ਕੈਨੇਡਾ ਸਰਕਾਰ ਨੂੰ ਕਿਹਾ ਹੈ ਕਿ ਜੇਕਰ ਅਮਰੀਕਾ ਦੀ ਰੋਕ 'ਤੇ ਕੈਨੇਡਾ ਨੇ ਧਿਆਨ ਨਹੀਂ ਦਿੱਤਾ ਤਾਂ ਅਜਿਹੀਆਂ ਪਾਬੰਦੀਆਂ ਕੈਨੇਡਾ ਦੇ ਟਰੱਕ ਡਰਾਈਵਰਾਂ ਨੂੰ ਵੀ ਭੁਗਤਣੀਆਂ ਪੈ ਸਕਦੀਆਂ ਹਨ, ਇਸ ਲਈ ਕੈਨੇਡਾ ਵਿਚ - ਪਰਵਾਸੀ ਡਰਾਈਵਰਾਂ ਨਾਲ ਜੁੜੀ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਇੱਧਰ, ਪੰਜਾਬ ਦੀ ਸਿਆਸਤ 'ਚ ਪਰਵਾਸੀ ਭਾਰਤੀਆਂ ਦਾ ਹਮੇਸ਼ਾ ਤੋਂ ਹੀ ਦਬਾਅ ਰਿਹਾ ਹੈ ਜਿਸ ਨੂੰ ਦੇਖਦਿਆਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ

(ਬਾਕੀ ਸਫ਼ਾ 6 'ਤੇ)

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience



Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਜਸਵਿੰਦਰ ਭੱਲਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

### ਗਿੱਲ ਸੁਖਮੰਦਰ ਦੀ ਪਲੇਠੀ ਕਾਵਿ-ਪੁਸਤਕ 'ਖ਼ਾਕ ਤੋਂ ਖ਼ਾਕ ਤਕ' ਲੋਕ ਅਰਪਣ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 24 ਅਗਸਤ ਦਿਨ ਐਤਵਾਰ ਨੂੰ ਕੋਸੋ ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਗਿੱਲ ਸੁਖਮੰਦਰ, ਉਨ੍ਹਾਂ ਦੀ ਪਤਨੀ ਸੁਖਮਿੰਦਰ ਗਿੱਲ ਅਤੇ ਡਾਕਟਰ ਨਵਨੀਤ ਸਿੰਘ ਖੋਸਾ ਦੀ ਪ੍ਰਧਾਨਗੀ ਵਿਚ ਹੋਈ।



ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਮੇਡੀਅਨ ਅਤੇ ਪੰਜਾਬੀ ਫ਼ਿਲਮਾਂ ਦੇ ਅਦਾਕਾਰ ਜਸਵਿੰਦਰ ਭੱਲਾ ਦੇ ਅਚਾਨਕ ਅਕਾਲ ਚਲਾਣੇ 'ਤੇ ਸਭਾ ਦੇ ਮੈਂਬਰਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਜਿਹੇ ਨਾਮੀ ਕਲਾਕਾਰ ਕਦੇ-ਕਦੇ ਹੀ ਇਸ ਧਰਤੀ 'ਤੇ ਆਉਂਦੇ ਹਨ ਅਤੇ ਆਪਣੀਆਂ ਕਲਾ ਕਿਰਤਾਂ ਰਾਹੀਂ ਲੋਕਾਂ ਨਾਲ ਅਜਿਹੀ ਸਾਂਝ ਪਾ ਜਾਂਦੇ ਹਨ ਕਿ ਉਨ੍ਹਾਂ ਦੀਆਂ ਯਾਦਾਂ ਲੰਮੇ ਸਮੇਂ ਤਕ



ਲੋਕ ਮਨਾਂ ਵਿਚ ਸਮਾਈਆਂ ਰਹਿੰਦੀਆਂ ਹਨ। ਜਸਵਿੰਦਰ ਭੱਲਾ ਦੇ ਅਕਾਲ ਚਲਾਣੇ ਨਾਲ ਪੰਜਾਬੀਅਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਇਸ ਇਕੱਤਰਤਾ ਵਿਚ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਗਿੱਲ ਸੁਖਮੰਦਰ ਦੀ ਕਾਵਿ-ਪੁਸਤਕ 'ਖ਼ਾਕ ਤੋਂ ਖ਼ਾਕ ਤਕ' ਲੋਕ ਅਰਪਣ ਕੀਤੀ ਗਈ। ਪੁਸਤਕ ਨੂੰ ਭਰਵਾਂ ਹੁੰਗਾਰਾ ਮਿਲਿਆ। ਭਾਵੇਂ ਸੁਖਮੰਦਰ ਦੀ ਇਹ ਪਹਿਲੀ ਪੁਸਤਕ ਸੀ ਪਰ ਇਉਂ ਲਗਦਾ ਸੀ ਜਿਵੇਂ ਉਹ ਚਿਰਾਂ ਤੋਂ ਕਾਵਿ-ਰਚਨਾ ਕਰ ਰਿਹਾ ਹੋਵੇ। ਉਸਦੇ ਕਹਿਣ ਮੁਤਾਬਕ ਉਸ ਨੇ ਕੈਲਗਰੀ ਆ ਕੇ ਹੀ ਲਿਖਣਾ ਸ਼ੁਰੂ ਕੀਤਾ ਹੈ। ਪੰਜਾਬੀ ਸਾਹਿਤ ਸਭਾ ਲਈ ਇਹ ਮਾਣ ਵਾਲੀ ਗੱਲ ਹੈ। ਕਿਤਾਬ ਦੀ ਦਿੱਖ ਬਹੁਤ ਸੁੰਦਰ ਹੈ ਅਤੇ 192 ਸਫਿਆਂ ਦੀ ਇਸ ਕਿਤਾਬ ਵਿਚ ਕੁਲ 127 ਕਵਿਤਾਵਾਂ ਅਤੇ ਗੀਤ ਦਰਜ ਹਨ।

'ਇਹ ਖ਼ਾਕ ਤੋਂ ਬਸ ਖ਼ਾਕ ਤਕ ਦਾ ਪੰਧ ਹੈ
ਇਹ ਸਾਹ ਵੀ ਉਸਦੇ ਹੁਕਮ ਦਾ ਪਾਬੰਦ ਹੈ।'

ਹਾਜ਼ਰ ਇਕੱਠ 'ਚੋਂ ਰਵੀ ਜਨਾਗਲ, ਸੁਖਮਿੰਦਰ ਤੂਰ, ਮਨਮੋਹਨ ਬਾਠ, ਵਿਜੈ ਸੱਚਦੇਵਾ, ਜੋਗਾ ਸਿੰਘ ਸਿਹੋਤਾ ਅਤੇ ਗੁਰਮੀਤ ਭੱਲਾ ਨੇ ਸੁਰੀਲੇ ਅੰਦਾਜ਼ ਵਿਚ ਸੁਖਮੰਦਰ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ। ਸ. ਲਖਵਿੰਦਰ ਸਿੰਘ ਸਿੱਧੂ ਪਟਿਆਲਾ ਨੇ ਆਪਣੀ ਭਾਵਪੂਰਤ ਮੌਲਿਕ ਰਚਨਾ 'ਹਿਜਰਾਂ ਦੇ ਪੰਧ' ਸਰੋਤਿਆਂ ਨਾਲ ਸਾਂਝੀ ਕੀਤੀ।

ਗਿੱਲ ਸੁਖਮੰਦਰ ਦੀ ਬੇਟੀ ਰਵਨੀਤ ਸਿੱਧੂ ਨੇ ਆਪਣੇ ਪਿਤਾ ਦੇ ਜੀਵਨ ਦੀਆਂ ਕਈ ਵਡਮੁੱਲੀਆਂ ਗੱਲਾਂ ਸਾਂਝੀਆਂ ਕੀਤੀਆਂ। ਸ. ਜਗਦੇਵ ਸਿੱਧੂ ਨੇ 'ਖ਼ਾਕ ਤੋਂ ਖ਼ਾਕ ਤਕ' ਪੁਸਤਕ ਦਾ ਲੇਖਾ-ਜੋਖਾ ਕਰਦਿਆਂ ਕਿਹਾ ਕਿ ਇਸ ਪੁਸਤਕ ਵਿਚਲੀਆਂ ਕਈ ਰਚਨਾਵਾਂ ਆਹਲਾ ਦਰਜੇ ਦੀਆਂ ਹਨ, ਜੋ ਪਾਠਕਾਂ 'ਤੇ ਗਹਿਰਾ ਅਸਰ ਛੱਡਦੀਆਂ ਹਨ। ਸੁਖਮੰਦਰ ਨੇ ਸਭ ਤਰ੍ਹਾਂ ਦੇ ਵਿਸ਼ਿਆਂ ਨੂੰ ਛੋਹਿਆ ਹੈ। ਪਲੇਠੀ ਪੁਸਤਕ ਹੋਣ ਦੇ ਬਾਵਜੂਦ ਇਸ ਪੁਸਤਕ ਦੀ ਸਾਹਿਤਕ ਹਲਕਿਆਂ ਵਿਚ ਚਰਚਾ ਹੈ। ਸੁਖਮੰਦਰ ਤੋਂ ਭਵਿੱਖ ਵਿਚ ਹੋਰ ਵੀ ਵਧੀਆ ਕਵਿਤਾ ਦੀ ਆਸ ਹੈ। ਸ. ਜ਼ੀਰ ਸਿੰਘ ਬਰਾੜ, ਅੰਗਰੇਜ਼ ਸਿੰਘ ਸੀਤਲ, ਹਰਮੰਦਰ ਸਿੰਘ ਨੇ ਪੁਸਤਕ ਬਾਰੇ ਵਿਚਾਰ ਪ੍ਰਗਟ ਕੀਤੇ। ਡਾ. ਨਵਨੀਤ ਖੋਸਾ ਨੇ ਕਿਹਾ ਕਿ ਭਾਵੇਂ ਉਸਦਾ ਕਿੱਤਾ ਮੈਡੀਕਲ ਨਾਲ ਸੰਬੰਧਤ ਹੈ ਪਰ ਉਸਨੂੰ ਸਾਹਿਤ ਪੜ੍ਹਨ-ਸੁਣਨ ਦੀ ਲਗ਼ਨ ਹੈ। ਗੁਰਮੀਤ ਭੱਲਾ, ਡਾ. ਰਾਜਵੰਤ ਕੌਰ ਮਾਨ, ਰੇਡੀਓ ਏਦ ਾਂ ਦੇ ਪ੍ਰਮੁੱਖ ਹੋਸਟ ਰਿਸ਼ੀ ਨਾਗਰ ਅਤੇ ਸਭਾ ਦੇ ਜਨਰਲ ਸਕੱਤਰ ਨੇ ਸੁਖਮੰਦਰ ਨੂੰ ਵਧਾਈ ਦਿੰਦਿਆਂ ਪੁਸਤਕ ਨੂੰ ਸਾਹਿਤਕ ਜਗਤ ਵਿਚ ਜੀ ਆਇਆਂ ਕਿਹਾ।

ਪ੍ਰਸਿੱਧ ਸ਼ਾਇਰ ਸ. ਜਸਵੰਤ ਸਿੰਘ ਸੇਖੋਂ ਨੇ ਆਪਣੀ ਛੰਦ-ਬੰਧ ਰਚਨਾ ਰਾਹੀਂ ਰੌਣਕ ਲਾਈ। ਮਨਜੀਤ ਬਰਾੜ ਨੇ 'ਮੈਂ ਦਰਵਾਜ਼ਾ ਬੋਲਦਾਂ, ਮਨਜੀਤੀਆ ਕਦੇ ਗੇੜਾ ਮਾਰੀਂ' ਆਪਣੀ ਉੱਚੀ ਭਰਵੀਂ ਆਵਾਜ਼ ਵਿਚ ਗਾ ਕੇ ਸੁੱਤੀਆਂ ਭਾਵਨਾਵਾਂ ਨੂੰ ਹਲੂਣ ਦਿੱਤਾ। ਸਰਦੂਲ ਲੱਖਾ, ਗੁਰਰਾਜ ਵਿਰਕ ਅਤੇ ਸੁਖਪ੍ਰੀਤ ਨੇ ਆਪਣੀਆਂ ਮੌਲਿਕ ਰਚਨਾਵਾਂ ਨਾਲ ਸਮਾਂ ਬੰਨ੍ਹਿਆ।

ਸੁਰਿੰਦਰ ਗੀਤ ਨੇ ਆਪਣੀਆਂ ਦੋ ਨਜ਼ਮਾਂ ਸੁਣਾਈਆਂ ਅਤੇ 'ਕਵਿਤਾ' ਬਾਰੇ ਵਿਚਾਰ ਸਾਂਝੇ ਕੀਤੇ। ਉਸਨੇ ਕਿਹਾ ਕਿ ਕਵਿਤਾ ਲਿਖਣ ਲਈ ਬੁੱਧੀ ਤੋਂ ਵੱਧ ਵਿਵੇਕ ਦੀ ਜ਼ਰੂਰਤ ਹੁੰਦੀ ਹੈ। ਜਰਨੈਲ ਸਿੰਘ ਤੱਗੜ ਹੋਰਾਂ ਨਾਮਵਰ ਸ਼ਾਇਰ ਪਾਲ ਢਿਲੋਂ ਦੀ ਗ਼ਜ਼ਲ ਸੁਣਾਈ। ਪ੍ਰਿੰ. ਅਮਰਜੀਤ ਸਿੰਘ ਨੇ ਡਾ. ਪਾਤਰ ਦੀ ਰਚਨਾ ਤਰੰਨਮ ਵਿਚ ਸੁਣਾਈ। ਇਸ ਤਰ੍ਹਾਂ ਗਿੱਲ ਸੁਖਮੰਦਰ 'ਤੇ ਵਧਾਈਆਂ ਦੀ ਵਰਖਾ ਕਰਦਿਆਂ ਬੜੇ ਖੁਸ਼ਨੁਮਾ ਮਾਹੌਲ ਵਿਚ ਸਭਾ ਦੀ ਸਮਾਪਤੀ ਹੋਈ।

ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨਿਭਾਇਆ। ਪੁਸਤਕ 'ਖ਼ਾਕ ਤੋਂ ਖ਼ਾਕ' ਬਾਰੇ ਉਨ੍ਹਾਂ ਨੇ ਖ਼ੂਬਸੂਰਤ ਟਿੱਪਣੀਆਂ ਵੀ ਕੀਤੀਆਂ। ਸਤੰਬਰ ਮਹੀਨੇ ਦੀ ਇਕੱਤਰਤਾ 28 ਤਰੀਖ ਦਿਨ ਐਤਵਾਰ ਨੂੰ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ ਫੋਨ ਨੰਬਰ 403 605-3734 ਜਾਂ ਗੁਰਦਿਆਲ ਖਹਿਰਾ ਨੂੰ 403 968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਮਿਲਿਆ 'ਸ਼੍ਰੋਮਣੀ ਕੀਰਤਨੀਆ ਸਨਮਾਨ'


**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਝ ਦਿਨ ਪਹਿਲਾਂ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਸ਼੍ਰੋਮਣੀ ਕੀਰਤਨੀਏ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਭਾਈ ਸਾਹਿਬ ਨੂੰ ਦੁਨੀਆ ਭਰ ਦੀ ਸਿੱਖ ਸੰਗਤ ਅਤੇ ਕੀਰਤਨੀ ਜਥਿਆ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।



ਫਰਿਜ਼ਨੋ ਤੋਂ ਭਾਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਹ ਸਨਮਾਨ ਉਨ੍ਹਾਂ ਨੂੰ ਸੰਪੂਰਨ ਮਰਿਯਾਦਾ ਅਨੁਸਾਰ ਨਿਯਤ ਰਾਗਾਂ ਵਿਚ ਰਹਿੰਦੇ ਹੋਏ ਕੀਰਤਨ ਕਰਨ ਲਈ ਦਿੱਤਾ ਗਿਆ ਹੈ। ਅਜੋਕੇ ਸਮੇਂ ਦੌਰਾਨ ਬਹੁਤ ਸਾਰੇ ਕੀਰਤਨੀ ਜਥੇ ਗੁਰਬਾਣੀ ਕੀਰਤਨ ਕਰਦੇ ਹੋਏ ਸਹੀ ਰਾਗਾਂ ਦੀ ਵਰਤੋਂ ਨਹੀਂ ਕਰਦੇ। ਇਹ ਅਵਾਰਡ ਦੇਣ ਦਾ ਕਾਰਨ ਵੀ ਇਹੀ ਹੈ ਕਿ ਕੀਰਤਨੀ ਜਥਿਆਂ ਨੂੰ ਸਿੱਖ ਮਰਿਆਦਾ ਅੰਦਰ ਰਹਿੰਦੇ ਹੋਏ ਰਾਗਾਂ ਵਿਚ ਕੀਰਤਨ ਕਰਨ ਵਾਲੇ ਜਥਿਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇਹ ਸਨਮਾਨ ਦੇਣ ਸਮੇਂ, ਇਸ ਨੂੰ ਸਾਲਾਨਾ ਲਗਾਤਾਰ ਸ਼ੁਰੂ ਕਰਨ ਦੀ ਗੱਲ ਕੀਤੀ। ਇਸ ਸੰਬੰਧੀ ਅਮਰੀਕਾ ਤੋਂ ਭਾਈ ਬਲਵਿੰਦਰ ਸਿੰਘ ਜੀ, ਭਾਈ ਜਸਵੰਤ ਸਿੰਘ ਜ਼ੀਰਾ ਵਾਲੇ, ਭਾਈ ਸਰਬਜੀਤ ਸਿੰਘ ਅਤੇ ਸੰਨਦੀਪ ਸਿੰਘ ਨੂਰਪੁਰੀ ਨੇ ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਲੀ ਕਮੇਟੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਈ ਗੁਰਮੀਤ ਸਿੰਘ ਸ਼ਾਂਤ ਅਜਿਹੇ ਕੀਰਤਨੀਏ ਹਨ ਜੋ ਸਾਡੇ ਸਾਰਿਆਂ ਲਈ ਮਾਰਗ ਦਰਸ਼ਕ ਅਤੇ ਪ੍ਰੇਰਨਾ ਸਰੋਤ ਹਨ। ਸਾਨੂੰ ਉਨ੍ਹਾਂ ਦੀ ਕੀਰਤਨ ਸ਼ੈਲੀ ਅਤੇ ਮਰਿਆਦਾ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।


Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

T B F
THE BAINS FIRM




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment

Homeopathic Natural Medicines — Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a well-educated and professional Jat Sikh match, preferably a citizen or green card holder, for a 30 years, 5'3" tall, US-based H-1B visa holder, M.Sc. Computer Science professional girl. Currently working as a Data Scientist in an MNC. Family well settled in India. Elder brother green card in USA. Serious inquiries, please contact +1-224-584-8673 (father) or +1-317-500-0470 (brother). Email: nsinghsar@gmail.com

34-37

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

## ਲੜਕੀ ਦੀ ਲੋੜ ਹੈ

Jat Sikh parents seek U.S. based match for their U.S. born son, 28 years, 6" tall, vegetarian, non-drinker. He has a bachelor's degree from the University of Illinois Urbana-Champaign and is currently working for an automotive company. Please contact us at 773-442-2143 if interested.

34-37

Sikh family seeking a suitable match for their 6'1", 30 year old son, born and raised in the US, and currently a third-year Internal Medicine resident. He is family oriented, and values our cultural traditions who enjoys being physically active, spending time with family and friends as well as traveling. We are looking for a smart and kind girl, born and raised in the US or Canada, who is also professional and shares similar values and is ready to build a life together with our son and is open to living in California.Family is well educated and settled in California for a long time. Contact: Harjit Kaur @ 925-225-1400

34-37

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Sikh family seeking a suitable match for their son, 28, 5'11", with a Bachelor's degree. Currently residing in the USA with his family. The prospective bride should be from the USA, vegetarian, and willing to live in a joint family. Contact: at: 630-283-7423 or Email: kaur082024@gmail.com

32-35

Jatt Sikh Shergill family seeking an equally qualified USA citizen match for their, 28, 6'1'' son. He has done B.E. Electrical from PU Chandigarh (PEC) and working as a senior analyst at United Airline Gurgaon. He has 10 years USA visitor visa and comes USA frequently through company. Elder brother is married and doing business in the USA. Mother is a central govt. employee in Chandigarh. Residence is at Mohali. Interested please call us at: 317-430-6545 or email at csahi1949@gmail.com

31-34

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.




UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਪੰਜਾਬ ਵਿਚ ਬੁਰੀ ਤਰ੍ਹਾਂ ਡਗਮਗਾਈ ਉੱਚ ਸਿੱਖਿਆ ਪ੍ਰਣਾਲੀ

ਪੰਜਾਬ ਦੀ ਉੱਚ ਸਿੱਖਿਆ ਪ੍ਰਣਾਲੀ ਪਿਛਲੇ ਕੁਝ ਸਾਲਾਂ ਤੋਂ ਅਨੇਕ ਸਮੱਸਿਆਵਾਂ ਦਾ ਸ਼ਿਕਾਰ ਰਹੀ ਹੈ। ਕਾਲਜਾਂ ਵਿਚ ਅਧਿਆਪਕਾਂ ਅਤੇ ਲਾਇਬ੍ਰੇਰੀਅਨਾਂ ਦੀ ਭਾਰੀ ਘਾਟ ਨੂੰ ਪੂਰਾ ਕਰਨ ਲਈ 2021 ਵਿਚ ਪੰਜਾਬ ਸਰਕਾਰ ਵੱਲੋਂ 1158 ਸਹਾਇਕ ਅਧਿਆਪਕਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਹ ਇਕ ਮਹੱਤਵਪੂਰਨ ਕਦਮ ਸੀ ਕਿਉਂਕਿ ਲੰਬੇ ਸਮੇਂ ਤੋਂ ਸਰਕਾਰੀ ਕਾਲਜਾਂ ਵਿਚ ਸਟਾਫ ਦੀ ਕਮੀ ਕਾਰਨ ਵਿਦਿਆਰਥੀ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਸਨ। ਪਰ ਜੁਲਾਈ 2025 ਵਿਚ ਸੁਪਰੀਮ ਕੋਰਟ ਨੇ ਇਹ ਭਰਤੀ ਰੱਦ ਕਰ ਦਿੱਤੀ ਸੀ। ਅਦਾਲਤ ਨੇ ਕਿਹਾ ਸੀ ਕਿ. ਇਹ ਨਿਯੁਕਤੀਆਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੇ 2018 ਦੇ ਨਿਯਮਾਂ ਅਨੁਸਾਰ ਨਹੀਂ ਹੋਈਆਂ ਅਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀਪੀਐੱਸਸੀ) ਨੂੰ ਬਾਈਪਾਸ ਕਰ ਕੇ ਭਰਤੀ ਕੀਤੀ ਗਈ। ਇਸ ਲਈ ਪੂਰੀ ਪ੍ਰਕਿਰਿਆ ਨੂੰ ਗ਼ਲਤ ਕਰਾਰ ਦੇ ਕੇ ਰੱਦ ਕਰ ਦਿੱਤਾ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਨਵੀਂ ਭਰਤੀ ਛੇ ਮਹੀਨਿਆਂ ਦੇ ਅੰਦਰ ਨਿਯਮਾਂ ਅਨੁਸਾਰ ਕੀਤੀ ਜਾਵੇ। ਇਸ ਫ਼ੈਸਲੇ ਨਾਲ ਨਾ ਸਿਰਫ਼ ਨਿਯੁਕਤ ਅਧਿਆਪਕਾਂ ਦੇ ਭਵਿੱਖ 'ਤੇ ਅਨਿਸ਼ਚਤਤਾ ਛਾ ਗਈ ਹੈ ਬਲਕਿ ਸਰਕਾਰੀ ਕਾਲਜਾਂ ਵਿਚ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀਆਂ ਲਈ ਵੀ ਪੜ੍ਹਾਈ ਦਾ ਮਾਹੌਲ ਪ੍ਰਭਾਵਿਤ ਹੋਇਆ ਹੈ। ਜਿਹੜੇ ਨੌਜਵਾਨ ਸਾਲਾਂ ਤੋਂ ਨੌਕਰੀ ਦੀ ਉਡੀਕ ਕਰ ਰਹੇ ਸਨ ਅਤੇ ਐੱਨਈਟੀ, ਪੀਐੱਚਡੀ ਵਰਗੀਆਂ ਯੋਗਤਾਵਾਂ ਹਾਸਲ ਕਰ ਚੁੱਕੇ ਸਨ, ਉਨ੍ਹਾਂ ਲਈ ਇਹ ਨੌਕਰੀਆਂ ਜੀਵਨ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਮੌਕਾ ਸਾਬਿਤ ਹੋਣ ਵਾਲੀਆਂ ਸਨ।



ਕਈਆਂ ਨੇ ਘਰੇਲੂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਕਰਜ਼ੇ ਲੈ ਕੇ ਇਹ ਨਵੀਂ ਨੌਕਰੀ ਸ਼ੁਰੂ ਕੀਤੀ ਸੀ ਪਰ ਹੁਣ ਉਨ੍ਹਾਂ ਦੇ ਅਚਾਨਕ ਬੇਰੁਜ਼ਗਾਰ ਹੋਣ ਦੀ ਨੌਬਤ ਆ ਗਈ ਹੈ। ਸਰਕਾਰੀ ਕਾਲਜਾਂ ਵਿਚ ਸਟਾਫ ਦੀ ਭਾਰੀ ਘਾਟ ਕਾਰਨ ਪਹਿਲਾਂ ਹੀ ਗੈਸਟ ਫੈਕਲਟੀ 'ਤੇ ਨਿਰਭਰਤਾ ਵਧ ਰਹੀ ਸੀ। ਨਵੀਆਂ ਨਿਯੁਕਤੀਆਂ ਨਾਲ ਇਹ ਉਮੀਦ ਸੀ ਕਿ ਪੜ੍ਹਾਈ ਦਾ ਮਾਹੌਲ ਸੁਧਰੇਗਾ। ਇਸ ਵਿਚਕਾਰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਸੀ ਜਿਸ 'ਚ ਉਸ ਦੀ ਮੰਗ ਸੀ ਕਿ ਜਿਨ੍ਹਾਂ ਅਧਿਆਪਕਾਂ ਦੀ ਨਿਯੁਕਤੀ ਹੋ ਚੁੱਕੀ ਹੈ, ਉਨ੍ਹਾਂ ਨੂੰ ਘੱਟੋ-ਘੱਟ ਤਦ ਤੱਕ ਕੰਮ ਕਰਨ ਦੀ ਆਗਿਆ ਦਿੱਤੀ ਜਾਵੇ ਜਦ ਤੱਕ ਨਵੀਂ ਭਰਤੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਇਹ ਮੰਗ ਮੰਨ ਕੇ ਉਸ ਨੂੰ ਤੇ ਪੀੜਤ ਅਧਿਆਪਕਾਂ ਤੇ ਲਾਇਬ੍ਰੇਰੀਅਨਾਂ ਨੂੰ ਰਾਹਤ ਦੇ ਦਿੱਤੀ ਹੈ।


ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਕਿਹਾ ਕਿ ਇਹ ਕਦਮ ਵਿਦਿਆਰਥੀਆਂ ਦੇ ਹਿੱਤ ਵਿਚ ਹੈ ਕਿਉਂਕਿ ਅਚਾਨਕ ਸਾਰੇ ਅਧਿਆਪਕਾਂ ਨੂੰ ਹਟਾ ਦੇਣ ਨਾਲ ਕਾਲਜਾਂ ਦੇ ਅਕਾਦਮਿਕ ਕਾਰਜ ਠੱਪ ਹੋ ਜਾਣਗੇ। ਹੁਣ ਪੰਜਾਬ ਲਈ ਸਭ ਤੋਂ ਵੱਡੀ ਲੋੜ ਇਹ ਹੈ ਕਿ ਨਵੀਂ ਭਰਤੀ ਪ੍ਰਕਿਰਿਆ ਜਲਦੀ ਸ਼ੁਰੂ ਕਰ ਕੇ ਉਸ ਨੂੰ ਪਾਰਦਰਸ਼ੀ ਢੰਗ ਨਾਲ ਪੂਰਾ ਕੀਤਾ ਜਾਵੇ।

# 40 ਫ਼ੀਸਦੀ ਮੁੱਖ ਮੰਤਰੀਆਂ ਖ਼ਿਲਾਫ਼ ਅਪਰਾਧਕ ਮਾਮਲੇ

## ਨਾਇਡੂ ਦੇਸ਼ ਦੇ ਸਭ ਤੋਂ ਅਮੀਰ ਅਤੇ ਮਮਤਾ ਸਭ ਤੋਂ ਗ਼ਰੀਬ ਮੁੱਖ ਮੰਤਰੀ

**ਨਵੀਂ ਦਿੱਲੀ:** ਐਸੋਸੀਏਸ਼ਨ ਫਾਰ ਦੇ ਡੈਮੋਕ੍ਰੇਟਿਕ ਰੀਫੋਮਜ਼ ਸੰਸਥਾ (ਏ. ਡੀ. ਆਰ.) ਵਲੋਂ ਪੇਸ਼ ਕੀਤੀ ਨਵੀਂ ਰਿਪੋਰਟ ਮੁਤਾਬਿਕ ਦੇਸ਼ ਦੇ 30 ਮੁੱਖ ਮੰਤਰੀਆਂ 'ਚੋਂ 12 ਭਾਵ 40 ਫ਼ੀਸਦੀ ਦੇ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਦੂਜੀ ਰਿਪੋਰਟ ਮੁਤਾਬਿਕ ਦੇਸ਼ ਦੇ 30 ਮੁੱਖ ਮੰਤਰੀਆਂ 'ਚੋਂ ਦੋ । ਮੁੱਖ ਮੰਤਰੀ ਅਰਬਪਤੀ ਹਨ ਜਿਨ੍ਹਾਂ 'ਚ ਪਹਿਲੇ ਨੰਬਰ 'ਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡ ਹਨ। ਏ. ਡੀ. ਆਰ. ਦੀ ਰਿਪੋਰਟ ਮੁਤਾਬਿਕ ਦੇਸ਼ ਦੇ 40 ਫ਼ੀਸਦੀ ਮੁੱਖ ਮੰਤਰੀਆਂ ਦੇ ਖ਼ਿਲਾਫ਼ ਅਪਰਾਧਕ ਮਾਮਲੇ ਦਰਜ ਹਨ। ਦਿਲਚਸਪ ਗੱਲ ਇਹ ਹੈ ਕਿ ਇਸ ਸੂਚੀ 'ਚ ਵਿਰੋਧੀ ਧਿਰ ਸ਼ਾਸਿਤ ਰਾਜਾਂ ਦਾ ਤਕਰੀਬਨ ਹਰ ਮੁੱਖ ਮੰਤਰੀ ਸ਼ਾਮਿਲ ਹੈ।

ਏ. ਡੀ. ਆਰ. ਵਲੋਂ ਰਾਜਾਂ ਅਤੇ ਕੇਂਦਰੀ ਪ੍ਰਬੰਧਤ ਪ੍ਰਦੇਸ਼ਾਂ ਦੇ ਸਾਰੇ ਮੌਜੂਦਾ ਮੁੱਖ ਮੰਤਰੀਆਂ ਵਲੋਂ ਆਪ ਦਿੱਤੇ ਹਲਫ਼ਨਾਮਿਆਂ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਤੇਲੰਗਾਨਾ ਦੇ ਮੁੱਖ ਮੰਤਰੀ ਰੇਵਤ ਰੈਡੀ ਨੇ ਆਪਣੇ ਖ਼ਿਲਾਫ਼ ਸਭ ਤੋਂ ਵੱਧ 89 ਮਾਮਲੇ ਐਲਾਨੇ ਜਦਕਿ ਤਾਮਿਲਨਾਡੂ ਦੇ ਮੰਤਰੀ ਐਮ. ਕੇ. ਸਟਾਲਿਨ ਨੇ 47 ਮਾਮਲੇ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ 19, ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ 13 ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ 5-5 ਮਾਮਲੇ, ਐਲਾਨੇ ਹਨ। ਮਹਾਰਾਸ਼ਟਰ ਦੇ ਮੁੱਖ ਮੰਤਰੀਆਂ ਦੇਵੇਂਦਰ ਅਤੇ ਸੁਖਵਿੰਦਰ ਸਿੰਘ ਸੁੱਖੂ ਨੇ 4-4 ਮਾਮਲੇ, ਕੇਰਲ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ 2 ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਮਾਮਲਾ ਐਲਾਨਿਆ ਹੈ। ਜਦੋਂ ਸਰਕਾਰ ਵਲੋਂ 3 ਬਿੱਲ ਲਿਆਂਦੇ ਗਏ। ਹਨ ਜਿਨ੍ਹਾਂ 'ਚ ਗੰਭੀਰ ਅਪਰਾਧਕ ਇਲਜ਼ਾਮਾਂ 'ਚ 30 ਦਿਨਾਂ ਲਈ ਗ੍ਰਿਫ਼ਤਾਰ ਕੀਤੇ ਗਏ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਹਟਾਉਣ ਦੀ ਵਿਵਸਥਾ ਹੈ। ਏ. ਡੀ. ਆਰ. ਵਲੋਂ ਦੇਸ਼ ਦੇ ਸਾਰੇ ਮੁੱਖ ਮੰਤਰੀਆਂ ਦੀ ਸੰਪਤੀ ਦੀ ਕੀਤੀ ਸਮੀਖਿਆ ਮੁਤਾਬਿਕ ਇਨ੍ਹਾਂ ਮੁੱਖ ਮੰਤਰੀਆਂ ਦੀ ਔਸਤ ਸੰਪਤੀ 54.42 ਕਰੋੜ ਰੁਪਏ ਹੈ। ਹਾਲਾਂਕਿ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਦੀ ਸੰਪਤੀ 'ਚ ਕਾਫੀ ਫਰਕ ਹੈ। ਰਿਪੋਰਟ ਮੁਤਾਬਿਕ ਮੌਜੂਦਾ 30 ਮੁੱਖ ਮੰਤਰੀਆਂ ਦੀ ਕੁੱਲ ਸੰਪਤੀ 1632 ਕਰੋੜ ਰੁਪਏ ਹਨ।



ਚੰਦਰਬਾਬੂ ਨਾਇਡੂ



ਮਮਤਾ ਬੈਨਰਜੀ

ਰਿਪੋਰਟ ਮੁਤਾਬਿਕ 30 ਮੁੱਖ ਮੰਤਰੀਆਂ 'ਚੋਂ 2 ਅਰਬਪਤੀ ਹਨ। ਪਹਿਲੇ ਨੰਬਰ 'ਤੇ ਚੰਦਰਬਾਬੂ ਨਾਇਡੂ ਹਨ, ਜਿਨ੍ਹਾਂ ਕੋਲ 931 ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਹੈ। ਦੂਜੇ ਨੰਬਰ 'ਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ -ਪੇਮਾ ਖਾਂਡੂ ਹਨ ਜਿਨ੍ਹਾਂ ਕੋਲ 332 ਕਰੋੜ ਰੁਪਏ ਦੀ ਸੰਪਤੀ ਹੈ। ਪੰਜਾਬ ਦੇ ਮੁੱਖ ਮੰਤਰੀ 1 ਕਰੋੜ 97 ਲੱਖ ਦੀ ਸੰਪਤੀ ਨਾਲ, ਸੰਪਤੀ ਦੇ ਲਿਹਾਜ ਨਾਲ ਦੇਸ਼ ਦੇ 24ਵੇਂ ਨੰਬਰ 'ਤੇ ਹਨ।

ਇਹ ਡੇਟਾ ਮੁੱਖ ਮੰਤਰੀਆਂ ਵਲੋਂ ਆਪਣੀਆਂ ਪਿਛਲੀਆਂ ਚੋਣਾਂ ਲੜਨ ਤੋਂ ਪਹਿਲਾਂ ਦਾਇਰ ਕੀਤੇ ਹਲਫ਼ਨਾਮਿਆਂ ਤੋਂ ਲਿਆ ਗਿਆ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਕੋਲ ਸਿਰਫ 15 ਲੱਖ ਦੀ ਸੰਪਤੀ ਹੈ ਅਤੇ ਉਹ ਦੇਸ਼ 'ਚ ਸਭ ਤੋਂ ਘੱਟ ਸੰਪਤੀ ਵਾਲੀ ਮੁੱਖ ਮੰਤਰੀ ਹਨ।

# ਕੁੰਭ ਦੇ ਕੰਮਾਂ 'ਚ ਗੜਬੜੀ 'ਤੇ ਫਰਮ ਬਲੈਕ ਲਿਸਟ

**ਪ੍ਰਯਾਗਰਾਜ:** ਮਹਾਂਕੁੰਭ ਦੇ ਕੰਮਾਂ 'ਚ ਕੀਤੀ ਗਈ ਗੜਬੜੀ 'ਚ ਹੁਣ ਸਖ਼ਤ ਕਾਰਵਾਈ ਸ਼ੁਰੂ ਹੋ ਗਈ ਹੈ। ਕਰੋੜਾਂ ਰੁਪਏ ਦਾ ਸੜਕ ਨਿਰਮਾਣ ਕਰਵਾਉਣ ਵਾਲੀ ਫਰਮ ਵਾਈਪੀਆਰ ਕੰਸਟ੍ਰਕਸ਼ਨ ਨੂੰ ਬਲੈਕ ਲਿਸਟਿਡ ਕਰ ਦਿੱਤਾ ਗਿਆ ਹੈ। ਨਾਲ ਹੀ ਫਰਮ 'ਤੇ ਚਾਰ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ ਤੇ ਆਖ਼ਰੀ ਅਦਾਇਗੀ ਰੋਕ ਦਿੱਤੀ ਗਈ ਹੈ। ਫਰਮ ਨੇ ਮਹਾਂਕੁੰਭ 'ਚ ਸੜਕ, ਨਾਲੀ ਤੇ ਫੁੱਟਪਾਥ ਬਣਾਉਣ ਦਾ ਕੰਮ ਕੀਤਾ ਸੀ। ਇਸ 'ਚ ਸੜਕ ਤੇ ਫੁੱਟਪਾਥ ਦਾ ਕੰਮ ਮਾਪਦੰਡਾਂ ਮੁਤਾਬਕ ਪੂਰਾ ਨਹੀਂ ਕਰਵਾਇਆ ਗਿਆ ਹੈ। ਗੜਬੜੀ ਕਰਨ ਵਾਲੀਆਂ ਹੋਰ ਫਰਮਾਂ ਖ਼ਿਲਾਫ਼ ਵੀ ਜਲਦ ਹੀ ਕਾਰਵਾਈ ਹੋਵੇਗੀ।




# ਭਾਰਤ ਦਾ ਹੋਵੇਗਾ ਆਪਣਾ ਪੁਲਾੜ ਸਟੇਸ਼ਨ: ਮੋਦੀ

## ਰਾਸ਼ਟਰੀ ਪੁਲਾੜ ਦਿਵਸ ਮੌਕੇ ਕੀਤਾ ਐਲਾਨ

**ਨਵੀਂ ਦਿੱਲੀ:** ਰਾਸ਼ਟਰੀ ਪੁਲਾੜ ਦਿਵਸ' 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਭਾਰਤ ਛੇਤੀ ਹੀ ਆਪਣਾ ਖ਼ੁਦ ਦਾ ਪੁਲਾੜ ਸਟੇਸ਼ਨ ਬਣਾਉਣ ਦੀ ਦਿਸ਼ਾ 'ਚ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਰਾਸ਼ਟਰੀ ਪੁਲਾੜ ਦਿਵਸ 'ਤੇ ਦਿੱਤੇ ਆਪਣੇ ਵੀਡੀਓ ਸੰਦੇਸ਼ 'ਚ ਭਾਰਤੀ ਪੁਲਾੜ ਯਾਤਰੀ ਸ਼ੁਭ ਸ਼ੁਕਲਾ ਦੀ ਸਫ਼ਲਤਾ ਦਾ ਜ਼ਿਕਰ ਵੀ ਕੀਤਾ ਅਤੇ ਨੌਜਵਾਨਾਂ ਨੂੰ ਇਸ 'ਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਮੋਦੀ ਨੇ ਕਿਹਾ ਕਿ ਅੱਜ ਭਾਰਤ ਸੈਮੀ-ਕ੍ਰਿਓਜੈਨਿਕ ਇੰਜਣ ਅਤੇ ਇਲੈਕਟ੍ਰਿਕ ਤਕਨੀਕਾਂ 'ਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਤੁਹਾਡੇ ਸਾਰੇ ਸਾਇੰਸਦਾਨਾਂ ਦੀ ਸਖ਼ਤ ਮਿਹਨਤ ਨਾਲ ਭਾਰਤ ਗਗਨਯਾਨ ਦੇ ਨਾਲ ਵੀ ਉਡਾਣ ਭਰੇਗਾ ਅਤੇ ਆਉਣ ਵਾਲੇ ਸਮੇਂ 'ਚ ਭਾਰਤ ਆਪਣਾ ਖ਼ੁਦ ਦਾ ਪੁਲਾੜ ਸਟੇਸ਼ਨ ਵੀ ਬਣਾਏਗਾ। ਮੋਦੀ ਨੇ ਭਾਰਤੀ ਪੁਲਾੜ ਯਾਤਰੀ ਗਰੁੱਪ ਕੈਪਟਨ ਸ਼ੁਭਾਸ਼ ਸ਼ੁਕਲਾ ਨਾਲ ਆਪਣੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਤਿਰੰਗਾ ਲਹਿਰਾ ਕੇ ਹਰ ਭਾਰਤੀ ਨੂੰ ਫਖ਼ਰ ਨਾਲ ਵੇਖਿਆ। ਇਨ੍ਹਾਂ ਸੁਪਨਿਆਂ ਨੂੰ ਅੱਗੇ ਵਧਾਉਣ ਲਈ ਭਾਰਤ ਆਪਣੇ ਪੁਲਾੜ ਯਾਤਰੀਆਂ ਦਾ ਇਕ ਪੂਲ ਵੀ ਤਿਆਰ ਕਰ ਰਿਹਾ ਹੈ। ਉਨ੍ਹਾਂ ਨੌਜਵਾਨਾਂ ਨੂੰ ਇਸ ਐਸਟਰੋਨਾਟ ਪੂਲ 'ਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਾਲ 'ਚ ਭਾਰਤ ਨੇ ਇੰਟਰਨੈਸ਼ਨਲ ਓਲੰਪਿਅਨ ਆਨ ਐਸਟਰੋਨੋਮੀ ਅਤੇ ਐਸਟਰੋ-ਫ਼ਿਜ਼ਕਿਸ ਦੀ ਮੇਜ਼ਬਾਨੀ ਕੀਤੀ ਜਿਸ 'ਚ 60 ਤੋਂਜ਼ਿਆਦਾ ਦੇਸ਼ਾਂ ਦੇ 300 ਨੌਜਵਾਨਾਂ ਨੇ ਹਿੱਸਾ ਲਿਆ ਅਤੇ ਭਾਰਤੀ ਨੌਜਵਾਨਾਂ ਨੇ ਮੈਡਲ ਵੀ ਜਿੱਤੇ। ਉਨ੍ਹਾਂ ਕਿਹਾ ਕਿ ਇਸਰੋ ਨੇ ਇੰਡੀਅਨ ਸਪੇਸ ਹੈਕਥਾਨ ਅਤੇ ਰੋਬੋਟਿਕਸ ਚੈਲੰਜ ਜਿਹੀਆਂ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਜੋ ਨੌਜਵਾਨਾਂ 'ਚ ਪੁਲਾੜ ਸੰਬੰਧੀ ਦਿਲਚਸਪੀ ਵਧਾ ਰਹੀਆਂ ਹਨ।



## 2035 ਤੱਕ ਪੁਲਾੜ ਸਟੇਸ਼ਨ ਲਿਆਉਣ ਦਾ ਹੈ ਮਿਸ਼ਨ: ਇਸਰੋ

ਭਾਰਤੀ ਪੁਲਾੜ ਖੋਜ ਬਾਰੇ ਸੰਸਥਾ 'ਇਸਰੇ' ਨੇ ਭਾਰਤ ਦੇ ਪੁਲਾੜ ਪ੍ਰੋਗਰਾਮ ਲਈ ਇਕ ਰੋਡਮੈਪ ਜਾਰੀ ਕੀਤਾ ਜਿਸ ਮੁਤਾਬਿਕ ਸਾਲ 2035 ਤੱਕ ਭਾਰਤੀ ਪੁਲਾੜ ਸਟੇਸ਼ਨ ਅਤੇ ਸਾਲ 2040 ਤੱਕ ਚੰਦਰਮਾ ਤੋਂ ਨਮੂਨੇ ਵਾਪਸ ਲਿਆਉਣ ਵਾਲੇ ਮਿਸ਼ਨ ਦੀ ਯੋਜਨਾ ਬਣਾਈ ਗਈ ਹੈ। ਇਸਰੋ ਦੇ ਮੁਖੀ ਵੀ. ਨਰਾਇਣਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਨਜ਼ਰੀਏ ਦੇ ਆਧਾਰ 'ਤੇ ਚੰਦਰਯਾਨ-4 ਅਤੇ ਸ਼ੁੱਕਰ ਗ੍ਰਹਿ 'ਤੇ ਆਰਬਿਟਰ ਮਿਸ਼ਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2028 ਤੱਕ ਭਾਰਤੀ ਪੁਲਾੜ ਸਟੇਸ਼ਨ ਦਾ ਪਹਿਲਾ ਮਾਡਿਊਲ ਲਾਂਚ ਕੀਤਾ ਜਾਏਗਾ ਜੋ 2035 ਤੱਕ ਪੂਰੀ ਤਰ੍ਹਾਂ ਨਾਲ ਚਾਲੂ ਹੋ ਜਾਏਗਾ।

# ਲੈਂਡ ਪੂਲਿੰਗ ਨੀਤੀ ਤੋਂ ਬਾਅਦ ਰਾਸ਼ਣ ਕਾਰਡਾਂ ਨੇ ਗਰਮਾਈ ਸਿਆਸਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਵੇ ਡੇਢ ਕੁ ਸਾਲ ਪਿਆ ਹੈ, ਪਰ ਸੂਬੇ 'ਚ ਵੱਖ-ਵੱਖ ਪਾਰਟੀਆਂ ਵਲੋਂ ਰੈਲੀਆਂ ਤੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਨ ਲਈ ਵਿਰੋਧੀ ਪਾਰਟੀਆਂ ਦਰਮਿਆਨ ਜੋ ਦੌੜ ਲੱਗੀ ਹੈ ਉਸ ਤੋਂ ਬਾਅਦ ਸਾਰੀਆਂ ਪਾਰਟੀਆਂ ਲੈਂਡ ਪੂਲਿੰਗ ਨੀਤੀ ਵਾਪਸ ਕਰਵਾਉਣ ਲਈ ਆਪਣੀਆਂ ਦਾਵੇਦਾਰੀਆ ਪੇਸ਼ ਕਰਨ ਤੇ ਸਿਆਸੀ ਸਮਾਗਮਾਂ ਤੇ ਰੈਲੀਆਂ ਰਾਹੀਂ ਇਕ-ਦੂਜੇ ਨੂੰ ਮਾਤ ਦੇਣ 'ਚ ਤੇਜ਼ੀ ਲਿਆ ਰਹੀਆਂ ਹਨ। ਇਸੇ ਤਹਿਤ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ 31 ਅਗਸਤ ਨੂੰ ਮੋਗਾ ਵਿਖੇ ਰੱਖੀ ਫ਼ਤਹਿ ਰੈਲੀ ਤੋ ਬਾਅਦ ਕਾਗਰਸ ਵਲੋ ਤਰਨ ਤਾਰਨ ਵਿਖੇ 'ਵੋਟ ਚੋਰ ਗੱਦੀ ਛੱਡੋ' ਪ੍ਰੋਗਰਾਮ ਅਧੀਨ ਸੂਬਾ ਪੱਧਰੀ ਰੈਲੀ ਦਾ ਐਲਾਨ ਕੀਤਾ ਗਿਆ ਹੈ।

ਤਰਨ ਤਾਰਨ ਨੂੰ ਇਸ ਲਈ ਚੁਣਿਆ ਗਿਆ ਹੈ ਕਿਉਂਕਿ ਉਥੇ ਜ਼ਿਮਨੀ ਚੋਣ ਹੋ ਰਹੀ ਹੈ, ਪਰ ਉਸੇ ਹੀ ਸਮੇਂ ਭਾਜਪਾ ਵਲੋਂ ਕੇਦਰ ਸਰਕਾਰ ਦੀਆਂ ਭਲਾਈ ਯੋਜਨਾਵਾਂ : ਦੀ ਜਾਣਕਾਰੀ ਦੇਣ ਸ਼ੁਰੂ ਕੀਤੀ ਮੁਹਿੰਮ ਨੇ ਭਾਜਪਾ ਨੂੰ ਵੀ ਕੇਂਦਰ ਬਿੰਦੂ 'ਤੇ ਲੈ ਆਂਦਾ ਹੈ ਜਦਕਿ ਪੰਜਾਬ ਦੀ ਹੁਕਮਰਾਨ ਧਿਰ ਵਲੋਂ ਕੇਂਦਰ ਵਿਰੁੱਧ ਸੂਬੇ 'ਚੋਂ 11 ਲੱਖ ਰਾਸ਼ਨ ਕਾਰਡ ਕੱਟੇ ਜਾਣ ਤੇ ਪੰਜਾਬ ਦੇ ਫੰਡਾ ਨੂੰ ਰੋਕਣ ਦੇ ਮੁੱਦੇ 'ਤੇ ਪ੍ਰਚਾਰ ਮੁਹਿੰਮ 'ਚ ਤੇਜ਼ੀ ਲਿਆਉਣੀ ਸ਼ੁਰੂ ਕਰ ਦਿੱਤੀ ਗਈ ਹੈ। ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਸਿਆਸੀ ਧਿਰਾਂ ਵਲੋਂ ਆਪਣੇ ਕਾਡਰ ਨੂੰ ਚੋਣਾਂ ਲਈ ਹੁਣ ਤੋਂ ਹੀ ਸਰਗਰਮ ਕਰਨਾ ਸੂਰੂ ਦਿੱਤਾ ਗਿਆ ਹੈ। ਹਾਲਾਂਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਨਵੇਂ ਬਣੇ ਅਕਾਲੀ ਧੜੇ ਵਲੋਂ ਜਿਵੇ ਪ੍ਰਭਾਵਸ਼ਾਲੀ ਇਕੱਠ ਕੀਤਾ ਗਿਆ ਹੈ ਉਸਨੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਚਿੰਤਾਵਾਂ ਵੀ ਵਧਾ ਦਿੱਤੀਆਂ ਹਨ ਤੇ ਬਾਦਲ ਧੜੇ ਵਲੋਂ ਵੀ ਲੈਂਡ ਪੁਲਿੰਗ ਨੀਤੀ ਦੇ ਵਿਰੋਧ ਤੋਂ ਲੈ ਕੇ ਸਿਆਸੀ ਸਰਗਰਮੀਆਂ ਲਗਾਤਾਰ ਜਾਰੀ ਰੱਖੀਆਂ ਜਾ ਰਹੀਆਂ ਹਨ ਤੇ ਅਗਲੇ ਦਿਨਾਂ ਦੌਰਾਨ ਦੋਵੇਂ ਧੜਿਆਂ ਦਰਮਿਆਨ ਵੀ ਇਕ-ਦੂਜੇ ਤੋਂ ਅੱਗੇ ਲੰਘਣ ਦੀ ਦੌੜ ਜਾਰੀ ਰਹੇਗੀ, ਪਰ ਸਮਝਿਆ ਜਾ ਰਿਹਾ ਹੈ। ਕਿ ਦੱਖਣੀ ਭਾਰਤ ਦੀ ਇਕ ਨਿੱਜੀ ਏਜੰਸੀ ਵਲੋਂ ਪੰਜਾਬ ਸੰਬੰਧੀ ਕੀਤੇ ਸਰਵੇਖਣ ਅਨੁਸਾਰ ਅੱਜ ਹੀ ਚੋਣਾਂ ਹੋਣ ਦੀ ਸੂਰਤ 'ਚ ਪੰਜਾਬ 'ਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਸਕੇਗਾ। ਹਾਲਾਂਕਿ ਸਰਵੇਖਣ 'ਚ ਪਹਿਲੇ ਸਥਾਨ 'ਤੇ ਕਾਂਗਰਸ। ਤੇ ਦੂਸਰੇ ਸਥਾਨ 'ਤੇ ਆਮ ਆਦਮੀ ਪਾਰਟੀ ਨੂੰ ਦਰਸਾਇਆ ਗਿਆ ਹੈ। ਸੂਚਨਾਅਨੁਸਾਰ ਇਸ ਏਜੰਸੀ ਦੇ ਮਗਰਲੇ ਸਮੇਂ ਦੌਰਾਨ ਕੀਤੇ ਗਏ ਸਰਵੇਖਣ ਕਾਫ਼ੀ ਸਟੀਕ ਸਾਬਤ ਹੋਏ ਹਨ ਤੇ ਜਿਥੇ ਇਸ ਸਰਵੇਖਣ ਨੇ ਹੁਕਮਰਾਨ ਧਿਰ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ ਉਥੇ ਹੀ ਕਾਂਗਰਸ ਲਈ ਵੀ ਇਹ ਸਰਵੇਖਣ ਅੱਖਾਂ ਖੋਲ੍ਹਣ ਵਾਲਾ ਹੈ । ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਰਾਜ 'ਚ ਜੋ ਸਿਆਸੀ ਦੌੜ ਸ਼ੁਰੂ ਹੋਈ ਹੈ ਇਹ ਹੁਣ ਰੁਕਣ ਵਾਲੀ ਨਹੀਂ ਹੈ ਕਿਉਂਕਿ 2026 ਦੇ ਸ਼ੁਰੂ ਤੋਂ ਹੀ ਸੂਬੇ 'ਚ ਚੋਣ ਬੁਖਾਰ ਸ਼ੁਰੂ ਹੋਣਾ ਮੰਨਿਆ ਜਾ ਰਿਹਾ ਹੈ। ਰਾਜਸੀ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਜਿਥੇ ਹੁਕਮਰਾਨ ਪਾਰਟੀ ਲਈ ਪੰਜਾਬ 'ਚ ਆਪਣੀ ਪਕੜ ਨੂੰ ਕਾਇਮ ਰੱਖਣਾ ਜ਼ਿੰਦਗੀ ਤੇ ਮੌਤ ਦੇ ਸਵਾਲ ਵਾਂਗ ਹੈ ਕਿ ਉਥੇ ਸ਼੍ਰੋਮਣੀ ਅਕਾਲੀ ਦਲ (ਬ) ਤੇ ਕਾਂਗਰਸ ਨੂੰ ਵੀ ਲੱਗ ਰਿਹਾ ਹੈ ਕਿ ਉਨ੍ਹਾਂ ਲਈ ਵੀ ਇਹ ਚੋਣ ਅਤਿ ਮਹੱਤਵਪੂਰਨ ਹੈ ਕਿਉਂਕਿ ਇਨ੍ਹਾਂ ਪਾਰਟੀਆਂ ਦੇ ਵਰਕਰ ਵੀ ਰਾਜਭਾਗ ਦੀ ਆਸ ਲਾਈ ਬੈਠੇ ਹਨ ਜਦਕਿ ਭਾਜਪਾ ਵਲੋਂ ਵੀ ਇਕੱਲੇ ਚੋਣ ਲੜਨ ਦੇ ਟੀਚੇ ਨਾਲ ਚੋਣ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ।



# ਕੇਂਦਰ ਤੇ ਪੰਜਾਬ ਦੀਆਂ ਸੱਤਾਧਾਰੀ ਪਾਰਟੀਆਂ ਖੇਡ ਰਹੀਆਂ ਹਨ ਨੂਰਾ ਕੁਸ਼ਤੀ: ਗਿਆਨੀ ਹਰਪ੍ਰੀਤ ਸਿੰਘ

**ਚੰਡੀਗੜ੍ਹ:** ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਦੀਆਂ ਸੱਤਾ ਧਿਰਾ (ਭਾਜਪਾ ਅਤੇ 'ਆਪ') ਸਿਆਸੀ ਨੂੰਰਾ ਕੁਸ਼ਤੀ ਬੰਦ ਕਰਕੇ ਸੂਬੇ ਨਾਲ ਜੁੜੇ ਮਸਲੇ ਹੱਲ ਕਰਨ ਵੱਲ ਧਿਆਨ ਕੇਂਦਰਿਤ ਕਰਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਤਾਜ਼ਾ ਹਾਲਾਤਾਂ ਤੋਂ ਹਰ ਕੋਈ ਚਿੰਤਤ ਹੈ। ਸੂਬੇ ਦੇ ਹਾਲਤ ਬਦ ਤੋਂ ਬਦਤਰ ਹਨ। ਇਨ੍ਹਾਂ ਹਾਲਾਤਾਂ 'ਤੇ ਗੰਭੀਰਤਾ ਨਾਲ ਫ਼ੈਸਲਾ ਲੈਣ ਦੀ ਬਜਾਏ ਭਾਜਪਾ ਅਤੇ ਆਮ ਆਦਮੀ ਪਾਰਟੀ ਵਲੋਂ ਸਿਆਸੀ ਨੂਰਾ ਕੁਸ਼ਤੀ ਦਾ ਰਸਤਾ ਅਖ਼ਤਿਆਰ ਕੀਤਾ। ਗਿਆ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਦੋਵਾਂ ਸਰਕਾਰਾਂ ਦੀ ਬੇਰੁੱਖੀ ਕਾਰਨ ਪੰਜਾਬ ਦੇ ਕਿਸਾਨ ਪ੍ਰੇਸ਼ਾਨ ਹਨ। ਕੋਈ ਉਦਯੋਗਿਕ ਨੀਤੀ ਨਾ ਬਣਨ ਨਾਲ ਸੂਬੇ 'ਚੋਂ ਵੱਡੇ ਉਦਯੋਗਿਕ ਪਲਾਟ ਬਾਹਰ ਜਾ ਰਹੇ ਹਨ। ਨੌਜਵਾਨਾਂ ਨੂੰ ਬੇਰੁਜ਼ਗਾਰੀ ਦੇ ਆਲਮ 'ਚੋਂ ਗੁਜ਼ਰਨਾ ਪੈ ਰਿਹਾ ਹੈ। ਕੋਈ ਨਵੀਂਆਂ ਨੌਕਰੀਆਂ ਦੇ ਉਪਰਾਲੇ ਨਹੀਂ ਕੀਤੇ ਜਾ ਰਹੇ।



ਨਸ਼ਿਆਂ ਨੂੰ ਠੱਲ੍ਹ ਪਵੇ, ਇਸ ਦਾ ਪੱਕਾ ਹੱਲ ਨਹੀਂ ਹੋ ਸਕਿਆ। ਗੈਂਗਸਟਰਵਾਦ ਦਾ ਬੋਲਬਾਲਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ, ਜਿਸ ਨਾਲ ਅਮਨ ਕਾਨੂੰਨ ਦੀ ਵਿਵਸਥਾ ਬੁਰੀ ਤਰਾਂ ਟੁੱਟ ਚੁੱਕੀ ਹੈ।

# ਮਹਾਰਾਸ਼ਟਰ, ਹਰਿਆਣਾ ਤੇ ਕਰਨਾਟਕ ਤੋਂ ਬਾਅਦ ਹੁਣ ਬਿਹਾਰ 'ਚ ਵੋਟਾਂ 'ਚੋਰੀ' ਦੀ ਕੋਸ਼ਿਸ਼ ਜਾਰੀ: ਰਾਹੁਲ ਗਾਂਧੀ

**ਕਟਿਹਾਰ:** ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਕੇਂਦਰ 'ਚ ਸੱਤਾਧਾਰੀ ਭਾਜਪਾ ਚੋਣ ਕਮਿਸ਼ਨ ਨਾਲ ਮਿਲੀਭੁਗਤ ਕਰਕੇ ਬਿਹਾਰ ਵਿਚ ਲੋਕਾਂ ਦੀਆਂ ਵੋਟਾਂ 'ਚੋਰੀ' ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਰਾਜ ਵਿਆਪੀ 'ਵੋਟਰ ਅਧਿਕਾਰ ਯਾਤਰਾ' ਤਹਿਤ ਦੇਰ ਸ਼ਾਮ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਭਾਜਪਾ 'ਤੇ ਦੋਸ਼ ਲਗਾਇਆ ਕਿ ਉਹ ਸੱਤਾ ਅਤੇ ਪੈਸੇ ਦੇ ਕੇਂਦਰੀਕਰਨ ਨੂੰ ਉਤਸ਼ਾਹਿਤ ਕਰਕੇ 'ਸੰਵਿਧਾਨ ਨੂੰ ਤਬਾਹ ਕਰ ਰਹੀ ਹੈ', ਜਿਸ ਨੇ ਦਲਿਤਾਂ, ਅਤਿ ਪੱਛੜਿਆਂ ਅਤੇ ਘੱਟ ਗਿਣਤੀਆਂ ਲਈ ਮੌਕੇ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਕਰਨਾਟਕ, ਮਹਾਰਾਸ਼ਟਰ ਤੇ ਹਰਿਆਣਾ 'ਚ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਹੁਣ ਬਿਹਾਰ 'ਚ ਇਹ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।



# ਜਮਹੂਰੀਅਤ ਦੀ ਰਾਖੀ ਲਈ ਸਮੂਹ ਇਨਸਾਫ਼ ਪਸੰਦ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ

## ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ 'ਚ ਲੇਖਕਾਂ, ਵਿਦਵਾਨਾਂ ਨੇ ਕੀਤੀ ਸ਼ਮੂਲੀਅਤ

**ਜਲੰਧਰ:** ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਿਤ ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ ਸਥਾਨਕ ਵਿਸ਼ਣੁ ਗਣੇਸ਼ ਪਿੰਗਲੇ ਹਾਲ ਵਿੱਚ ਕਰਵਾਇਆ ਗਿਆ।

ਐਡਵੋਕੇਟ ਰਜਿੰਦਰ ਸਿੰਘ ਮੰਡ ਦੀ ਦੇਖ-ਰੇਖ ਵਿੱਚ ਐਡਵੋਕੇਟ ਗੁਰਮੀਤ ਸ਼ੁਗਲੀ ਟਰੱਸਟ ਵੱਲੋਂ ਕਰਵਾਏ ਗਏ ਸੈਮੀਨਾਰ 'ਚ ਵੱਖ- ਵੱਖ ਵਿਦਵਾਨਾਂ, ਲੇਖਕਾਂ ਤੇ ਪੱਤਰਕਾਰਾਂ ਨੇ ਜਿੱਥੇ ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਗੁਰਮੀਤ ਸਿੰਘ ਸ਼ੁਗਲੀ ਵਲੋਂ ਸਮਾਜ ਦੀ ਬਿਹਤਰੀ ਲਈ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ, ਉੱਥੇ ਉਨ੍ਹਾਂ ਜਮਹੂਰੀਅਤ ਦੀ ਰਾਖੀ ਲਈ ਸਮੂਹ ਇਨਸਾਫ ਪਸੰਦ ਧਿਰਾਂ, ਕਮਿਊਨਿਸਟ ਆਗੂਆਂ, ਬੁੱਧੀਜੀਵੀਆਂ ਤੇ ਆਮ ਲੋਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ ਭਾਜਪਾ ਵਿਰੋਧੀ ਪਾਰਟੀਆਂ ਦਾ ਇਕ ਫਰੰਟ ਉਸਾਰਨ ਲਈ ਸੰਜੀਦਗੀ ਨਾਲ ਕੰਮ ਕਰਨ ਦਾ ਸੱਦਾ ਵੀ ਦਿੱਤਾ।

ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ, ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਪ੍ਰਧਾਨ ਪੰਜਾਬ ਪ੍ਰੈੱਸ ਕਲੱਬ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ 'ਤੇ ਆਧਾਰਿਤ ਪ੍ਰਧਾਨਗੀ ਮੰਡਲ ਹੇਠ ਹੋਏ ਸੈਮੀਨਾਰ ਦੇ ਸ਼ੁਰੂ 'ਚ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਆਈਆਂ ਸ਼ਖਸੀਅਤਾਂ' ਦਾ ਸਵਾਗਤ ਕੀਤਾ। ਉੱਘੇ ਲੇਖਕ ਹਰਵਿੰਦਰ ਭੰਡਾਲ ਨੇ 'ਵਰਤਮਾਨ ਹਾਲਾਤ ਵਿੱਚ ਪ੍ਰਗਤੀਸ਼ੀਲ ਪੱਤਰਕਾਰੀ ਦੀ ਭੂਮਿਕਾ' ਵਿਸ਼ੇ 'ਤੇ ਤਕਰੀਰ ਕੀਤੀ।

ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਕਾਮਰੇਡ ਅਨੰਦ ਵਲੋਂ ਪੱਤਰਕਾਰੀ ਦੇ ਖੇਤਰ 'ਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ। ਉੱਘੇ ਲੇਖਕ ਅਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਡਾ.ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪ੍ਰਗਤੀਸ਼ੀਲ ਪੱਤਰਕਾਰੀ ਦੀ ਪਰਿਭਾਸ਼ਾ ਨੂੰ ਵਿਸਥਾਰਨ ਦੀ ਲੋੜ ਹੈ।

ਉੱਘੇ ਚਿੰਤਕ ਸਤਨਾਮ ਚਾਨਾ ਨੇ ਫਰਾਂਸ ਦੇ ਉੱਘੇ ਫਿਲਾਸਫਰ ਦੇ ਹਵਾਲੇ ਨਾਲ' ਅਜੋਕੇ ਹਾਕਮਾਂ ਦੇ ਲੋਕ ਵਿਰੋਧੀ ਕਿਰਦਾਰ ਦਾ ਜ਼ਿਕਰ ਕੀਤਾ। ਸਵਰਨ ਸਿੰਘ ਟਹਿਣਾ ਨੇ ਸੈਮੀਨਾਰ ਕਰਵਾਉਣ ਲਈ ਐਡਵੋਕੇਟ ਰਜਿੰਦਰ ਮੰਡ ਦੀ ਕੋਸ਼ਿਸ਼ ਦੀ ਸ਼ਲਾਘਾ ਕੀਤੀ। ਇਸ ਮੌਕੇ ਸੀ. ਪੀ. ਆਈ. ਦੀ ਕੌਮੀ ਕੌਂਸਲ ਦੇ ਮੈਂਬਰ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਨਰਿੰਦਰ ਸੋਹਲ,ਅਤੇ 'ਆਪਣੀ ਮਿੱਟੀ' ਦੇ ਸੰਪਦਾਕ ਅਜੈ ਯਾਦਵ ਨੇ ਵੀ ਸੈਮੀਨਾਰ ਨੂੰ ਸੰਬੋਧਨ ਕੀਤਾ। ਸੀ. ਪੀ. ਆਈ. ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਤੇ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਦੇ ਸੰਗਰਾਮੀ ਸੁਨੇਹੇ ਪੜ੍ਹ ਕੇ ਸੁਣਾਏ ਗਏ। ਅਖੀਰ 'ਚ ਡਾ. ਕਮਲੇਸ਼ ਦੁੱਗਲ ਨੇ ਸਭ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਬੀਰ ਰਹੀਮਪੁਰ ਨੇ ਕੀਤਾ।





# ਫ਼ਲੋਰਿਡਾ ਹਾਦਸੇ 'ਤੇ ਯੂਨਾਈਟਿਡ ਸਿੱਖਸ ਨੇ ਜਤਾਈ ਹਮਦਰਦੀ

## ਦਸਤਾਰ ਦੇ ਅਪਮਾਨ ਦੀ ਨਿਖੇਧੀ

ਚੰਡੀਗੜ੍ਹ: ਹਾਲ ਹੀ ਵਿਚ ਫ਼ਲੋਰਿਡਾ ਵਿਚ ਵਾਪਰੇ ਸੜਕ ਹਾਦਸੇ ਵਿਚ ਜਾਨਾਂ ਗੁਆਉਣ ਵਾਲੇ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਨਾਲ ਯੂਨਾਈਟਿਡ ਸਿੱਖਸ ਨੇ ਹਮਦਰਦੀ ਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਨੇ ਕਿਹਾ ਹੈ ਕਿ ਆਪਣੇ ਪਿਆਰਿਆਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੋ ਸਕਦੀ, ਤੇ ਇਸ ਦੁਖ ਦੀ ਘੜੀ ਵਿਚ ਸਮੁੱਚਾ ਸਿੱਖ ਭਾਈਚਾਰਾ ਪੀੜਤਾਂ ਦੇ ਨਾਲ ਖੜ੍ਹਾ ਹੈ।

ਸੰਸਥਾ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਇਸ ਹਾਦਸੇ ਨੂੰ ਸਿਆਸੀ ਰੰਗ ਦੇਣ ਦੇ ਯਤਨਾਂ ਨੇ ਗੰਭੀਰ ਚਿੰਤਾ ਨੂੰ ਜਨਮ ਦਿੱਤਾ ਹੈ। ਅਜਿਹੀਆਂ ਕਾਰਵਾਈਆਂ ਆਪਸੀ ਖਿੱਚੋਤਾਣ ਨੂੰ ਵਧਾਉਣਗੀਆਂ, ਜਦੋਂ ਕਿ ਲੋੜ ਭਾਈਚਾਰਕ ਸਾਂਝ, ਸਮਝਦਾਰੀ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਦੀ ਹੈ। ਸੰਸਥਾ ਨੇ ਇਸ ਮਾਮਲੇ ਵਿਚ ਇੱਕ ਸਿੱਖ ਨੌਜਵਾਨ ਨੂੰ ਦਸਤਾਰ ਤੋਂ ਬਿਨਾਂ ਹਿਰਾਸਤ ਵਿਚ ਲਏ ਜਾਣ ਦੀ ਨਿਖੇਧੀ ਕੀਤੀ ਹੈ। ਦਸਤਾਰ ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਤਾਜ ਹੈ, ਜੋ ਹਰ ਸਿੱਖ ਦੀ ਪਹਿਚਾਣ ਅਤੇ ਮਾਣ ਹੈ। ਦਸਤਾਰ ਦੀ ਪਵਿੱਤਰਤਾ ਨੂੰ ਭੰਗ ਕਰਨਾ ਨਾ ਸਿਰਫ਼ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੈ, ਸਗੋਂ ਅਜਿਹੀਆਂ ਕਾਰਵਾਈਆਂ ਨਾਲ ਮਨੁੱਖੀ ਅਧਿਕਾਰਾਂ, ਸੱਭਿਆਚਾਰਕ ਮੁੱਲਾਂ ਅਤੇ ਆਤਮਿਕ ਮਰਯਾਦਾ 'ਤੇ ਵੀ ਡੂੰਘੀ ਸੱਟ ਵੱਜਦੀ ਹੈ। ਯੂਨਾਈਟਿਡ ਸਿੱਖਸ ਨੇ ਮੰਗ ਕੀਤੀ ਹੈ ਕਿ ਇਸ ਤਰ੍ਹਾਂ ਦੇ ਅਪਮਾਨਜਨਕ ਕਿਰਦਾਰਾਂ ਵਿਰੁੱਧ ਸਖ਼ਤ ਕਾਨੂੰਨ ਲਾਗੂ ਕੀਤੇ ਜਾਣ।

ਬਿਆਨ ਵਿਚ ਕਿਹਾ ਗਿਆ ਹੈ ਕਿ ਸੜਕ ਹਾਦਸੇ ਸੁਰੱਖਿਆ ਨਿਯਮਾਂ ਦੀ ਉਲੰਘਣਾ ਜਾਂ ਮਨੁੱਖੀ ਗਲਤੀਆਂ ਅਤੇ ਲਾਪ੍ਰਵਾਹੀਆਂ ਕਾਰਨ ਵਾਪਰਦੇ ਹਨ ਸੋ ਅਜਿਹੇ ਹਾਦਸਿਆਂ ਨੂੰ ਕਿਸੇ ਵੀ ਧਰਮ, ਜਾਤ ਜਾਂ ਭਾਈਚਾਰੇ ਨਾਲ ਸੰਬੰਧਤ ਵਿਅਕਤੀ ਕਰ ਸਕਦਾ ਹੈ। ਪਰ ਕਿਸੇ ਇੱਕ ਖ਼ਾਸ ਕੌਮ ਨੂੰ ਨਿਸ਼ਾਨਾ ਬਣਾਉਣਾ ਗੈਰ-ਜ਼ਿੰਮੇਵਾਰਾਨਾ ਅਤੇ ਮੰਦਭਾਗਾ ਹੈ। ਇਹ ਰਵੱਈਆ ਸਿੱਖਾਂ ਪ੍ਰਤੀ ਪੱਖਪਾਤ ਨੂੰ ਉਜਾਗਰ ਕਰਦਾ ਹੈ। ਸੰਸਥਾ ਹਰ ਸਮੇਂ, ਹਰ ਦੇਸ਼ ਵਿਚ, ਬਿਨਾਂ ਕਿਸੇ ਭੇਦਭਾਵ ਦੇ ਲੋੜਵੰਦਾਂ ਦੀ ਸਹਾਇਤਾ ਲਈ ਸਮਰਪਿਤ ਹੈ। ਇਸ ਸਮੇਂ ਵੀ ਇਹ ਸੰਸਥਾ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ। ਯੂਨਾਈਟਿਡ ਸਿੱਖਸ ਵੱਲੋਂ ਏਕਤਾ ਅਤੇ ਅਖੰਡਤਾ ਦੀ ਹਾਮੀ ਭਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਅਜਿਹੇ ਪੱਖਵਾਦੀ ਰਾਜਨੀਤਕ ਏਜੰਡਿਆਂ ਦਾ ਵਿਰੋਧ ਕਰਨ ਅਤੇ ਨਿਰਪੱਖਤਾ, ਨਿਆਂ ਅਤੇ ਸਮਾਨਤਾ ਲਈ ਸਾਂਝੀ ਆਵਾਜ਼ ਬੁਲੰਦ ਕਰਨ।

# ਪ੍ਰਸਿੱਧ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਪੰਜ ਤੱਤਾਂ 'ਚ ਵਿਲੀਨ

## ਰਾਜਸੀ, ਸਾਹਿਤ, ਸੰਗੀਤ ਤੇ ਅਦਾਕਾਰੀ ਨਾਲ ਜੁੜੀਆਂ ਹਸਤੀਆਂ ਸਮੇਤ ਹਜ਼ਾਰਾਂ ਪ੍ਰਸ਼ੰਸਕਾਂ ਨੇ ਦਿੱਤੀ ਅੰਤਿਮ ਵਿਦਾਇਗੀ





**ਐੱਸ. ਏ. ਐੱਸ. ਨਗਰ:** ਪ੍ਰਸਿੱਧ ਪੰਜਾਬੀ ਹਾਸਰਸ ਕਲਾਕਾਰ ਤੇ ਅਦਾਕਾਰ ਜਸਵਿੰਦਰ ਭੱਲਾ ਉਰਫ ਚਾਚਾ ਚਤਰਾ ਨੂੰ ਅੱਜ ਹਜਾਰਾਂ ਲੋਕਾਂ ਨੇ ਸੇਜਲ ਅੱਖਾਂ ਅਤੇ ਗਮਗੀਨ ਮਾਹੌਲ ਵਿਚ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦਾ ਅੰਤਿਮ ਸੰਸਕਾਰ ਮੁਹਾਲੀ ਦੇ ਬਲੌਂਗੀ ਵਿਚਲੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਸਵਰਗੀ ਭੱਲਾ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਪੁਖਰਾਜ ਭੱਲਾ ਵਲੋਂ ਦਿਖਾਈ ਗਈ। ਇਸ ਮੌਕੇ ਮੌਜੂਦ ਸਵਰਗੀ ਭੱਲਾ ਦੀ ਪਤਨੀ ਪਰਮਦੀਪ ਭੱਲਾ ਧੀ ਅਰਸ਼ਦੀਪ ਭੱਲਾ ਤੇ ਰਾਜਸੀ, ਸਾਹਿਤ, ਸੰਗੀਤ, ਫ਼ਿਲਮ ਅਦਾਕਾਰਾਂ ਅਤੇ ਉਨ੍ਹਾਂ ਨੂੰ ਚਾਹੁੰਣ ਵਾਲਿਆਂ ਸਮੇਤ ਹਰ ਵਿਅਕਤੀ ਭਾਵੁਕ ਨਜ਼ਰ ਆਇਆ। ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸਰਕਾਰ ਵਲੋਂ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਯੂ. ਕੇ. ਦੇ ਸੰਸਦ ਮੈਂਬਰ ਤਰੁਨਜੀਤ ਸਿੰਘ ਢੇਸੀ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ, ਭਾਜਪਾ ਆਗੂ ਫ਼ਤਹਿਜੰਗ ਸਿੰਘ ਬਾਜਵਾ, ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਮੁਹਾਲੀ ਦੇ ਮੇਅਰ ਅਮਰਜੀਤ ਸਿੰਘ, ਜੀਤੀ ਸਿੱਧੂ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਅਮਰਜੀਤ ਸਿੰਘ ਟਿੱਕਾ ਸਾਬਕਾ ਚੇਅਰਮੈਨ, ਕਿਰਨਵੀਰ ਸਿੰਘ ਕੰਗ, ਪੰਜਾਬ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ, ਡੀ. ਆਈ. ਜੀ. ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਤਬੀਰ ਸਿੰਘ ਗੋਸਲ, ਡਿਪਟੀ ਕਮਿਸ਼ਨਰ ਮੁਹਾਲੀ ਕੋਮਲ ਮਿੱਤਲ, ਮੁਹਾਲੀ ਨਗਰ ਨਿਗਮ ਦੇ ਕਮਿਸ਼ਨਰ ਪਰਮਿੰਦਰਪਾਲ ਸਿੰਘ, ਸਾਬਕਾ ਐਮ. ਪੀ. ਮੁਹੰਮਦ ਸਦੀਕ, ਸਾਬਕਾ ਸੰਸਦ ਮੈਂਬਰ ਹੰਸ ਰਾਜ ਹੰਸ ਸਮੇਤ ਜਿੰਮੀ ਸ਼ੇਰਗਿੱਲ, ਗੁਰਪ੍ਰੀਤ ਘੁੱਗੀ, ਜਸਵੀਰ ਜੱਸੀ, ਨੀਰੂ ਬਾਜਵਾ, ਸਤਵਿੰਦਰ ਕੌਰ, ਗਿੱਪੀ ਗਰੇਵਾਲ, ਐਮੀ ਵਿਰਕ, ਬਿੰਨੂ ਢਿੱਲੋਂ, ਸ਼ਮਸ਼ੇਰ ਸੰਧੂ, ਸਤਵੰਤ ਕੌਰ, ਕਰਮਜੀਤ ਅਨਮੋਲ, ਅਮਰ ਨੂਰੀ, ਸੰਮੀਪ ਕੰਗ, ਹਰਦੀਪ, ਨਰੇਸ਼ ਕਥੂਰੀਆ, ਪੰਮੀ ਬਾਈ, ਮਲਕੀਤ ਰੌਣੀ, ਹਰਬੀ ਸੰਘਾ, ਕੰਵਲਪ੍ਰੀਤ ਪ੍ਰਿੰਸ, ਬੀ. ਐਨ. ਸ਼ਰਮਾ, ਨਿਰਮਲ ਜੌੜਾ, ਗੁਰਪ੍ਰੀਤ ਸਿੰਘ ਤੂਰ ਸਾਰੇ ਗਾਇਕ ਤੇ ਅਦਾਕਾਰ ਅਤੇ ਕਾਹਨ ਸਿੰਘ ਪੰਨੂੰ ਸਮੇਤ ਹੋਰ ਕਈ ਪ੍ਰਸਿੱਧ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਤੋਂ ਪਹਿਲਾਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਤੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਸੋਹਾਣਾ ਵਲੋਂ ਸਵੇਰ ਸਮੇਂ ਸਵ. ਭੱਲਾ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

**ਸਵਰਗੀ ਭੱਲਾ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਪੁਖਰਾਜ ਭੱਲਾ ਵਲੋਂ ਦਿਖਾਈ ਗਈ।**

# ਵਿਜੇ ਸਿੰਗਲਾ ਮਾਮਲੇ ਦੀ ਸੁਣਵਾਈ 8 ਤੱਕ ਮੁਲਤਵੀ

**ਐੱਸ. ਏ. ਐੱਸ. ਨਗਰ:** ਪੰਜਾਬ ਦੇ ਸਾਬਕਾ ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦਾਇਰ ਕਲੋਜ਼ਰ ਰਿਪੋਰਟ 'ਤੇ ਸੁਣਵਾਈ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਲੋਂ ਮੁਲਤਵੀ ਕਰ ਦਿੱਤੀ ਗਈ। ਇਹ ਮਾਮਲਾ, ਜੋ ਅੱਜ ਮੁਹਾਲੀ ਅਦਾਲਤ 'ਚ ਸੁਣਵਾਈ ਲਈ ਆਇਆ ਸੀ, ਪੁਲਿਸ ਦੀ ਕਲੋਜ਼ਰ ਰਿਪੋਰਟ ਤੇ ਇਸ ਦੇ ਵਿਰੁੱਧ ਦਾਇਰ ਕੀਤੀ ਗਈ ਇਕ ਵਿਰੋਧ ਪਟੀਸ਼ਨ ਨਾਲ ਸੰਬੰਧਿਤ ਹੈ। 18 ਅਗਸਤ ਨੂੰ ਦਾਇਰ ਕੀਤੀ ਗਈ ਵਿਰੋਧ ਪਟੀਸ਼ਨ ਵਿਚ ਪੁਲਿਸ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿਚ ਕੇਸ ਨੂੰ ਬੰਦ ਨਾ ਕਰਨ ਦੀ ਮੰਗ ਕੀਤੀ ਗਈ ਸੀ। ਇਸਤਗਾਸਾ ਪੱਖ ਤੇ ਬਚਾਅ ਪੱਖ ਦੋਵਾਂ ਵਲੋਂ ਪਟੀਸ਼ਨ 'ਤੇ ਆਪੋ ਆਪਣੇ ਜਵਾਬ ਜਮ੍ਹਾਂ ਕਰਵਾਏ ਗਏ ਹਨ। ਇਸ ਮਾਮਲੇ 'ਤੇ ਪੰਜਾਬ ਦੇ ਰਾਜਸੀ ਆਗੂਆਂ ਦੀਆਂ ਨਜ਼ਰਾਂ ਟਿੱਕੀਆਂ ਹੋਈਆਂ ਹਨ ਕਿਉਂਕਿ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਖ਼ੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਬਰਖਾਸਤ ਕੀਤਾ ਗਿਆ ਸੀ। ਹੁਣ ਵਿਰੋਧ ਪਟੀਸ਼ਨ ਦਾ ਨਤੀਜਾ ਇਹ ਨਿਰਧਾਰਤ ਕਰੇਗਾ ਕਿ ਕੀ ਕੇਸ ਅੱਗੇ ਵਧਦਾ ਹੈ ਜਾਂ ਪੁਲਿਸ ਦੀ ਸਿਫ਼ਾਰਸ਼ 'ਤੇ ਕੇਸ ਬੰਦ ਕਰ ਦਿੱਤਾ ਜਾਵੇਗਾ। ਇਸ ਮਾਮਲੇ ਦੀ ਸੁਣਵਾਈ ਹੁਣ 8 ਸਤੰਬਰ ਨੂੰ ਹੋਵੇਗੀ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰੈਡੀ ਬਾਰੇ ਸ਼ਾਹ ਦੀ ਟਿੱਪਣੀ ਮੰਦਭਾਗੀ: ਸਾਬਕਾ ਜੱਜ

**ਨਵੀਂ ਦਿੱਲੀ:** ਉਪ ਰਾਸ਼ਟਰਪਤੀ ਅਹੁਦੇ ਦੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਤੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਬੀ. ਸੁਦਰਸ਼ਨ ਰੈਡੀ 'ਤੇ ਸਲਵਾ ਜੂਡਮ ਮਾਮਲੇ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੀਤੇ ਸਵਾਲਾਂ ਨੂੰ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ 16 ਸਾਬਕਾ ਜੱਜਾਂ ਨੇ ਮੰਦਭਾਗਾ ਕਰਾਰ ਦਿੱਤਾ ਹੈ। ਇਨ੍ਹਾਂ ਸਾਬਕਾ ਜੱਜਾਂ ਨੇ ਗ੍ਰਹਿ ਮੰਤਰੀ ਦੀ ਟਿੱਪਣੀ ਨੂੰ ਅਗਾਊਂ ਧਾਰਨਾ ਤੋਂ ਗ੍ਰਸਤ ਦੱਸਦੇ ਹੋਏ ਕਿਹਾ ਕਿ ਇਸ ਨਾਲ ਸਰਬਉੱਚ ਅਦਾਲਤ ਦੇ ਜੱਜਾਂ 'ਤੇ ਨਾਂਹ-ਪੱਖੀ ਅਸਰ ਪੈ ਸਕਦਾ ਹੈ ਤੇ ਨਿਆਂਇਕ ਅਜ਼ਾਦੀ ਖ਼ਤਰੇ ਵਿਚ ਪੈ ਸਕਦੀ ਹੈ। ਗ੍ਰਹਿ ਮੰਤਰੀ ਨੇ ਜਸਟਿਸ ਸੁਦਰਸ਼ਨ ਰੈਡੀ 'ਤੇ ਦੋਸ਼ ਲਗਾਏ ਸਨ ਕਿ ਉਨ੍ਹਾਂ ਨੇ ਨਕਸਲਵਾਦ ਵਿਰੁੱਧ ਲੜਾਈ ਨੂੰ ਕਮਜ਼ੋਰ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇ ਸੁਪਰੀਮ ਕੋਰਟ ਦਾ ਫ਼ੈਸਲਾ ਇਹੋ-ਜਿਹਾ ਨਾ ਹੁੰਦਾ ਤਾਂ ਖੱਬੇਪੱਖੀ ਅੱਤਵਾਦ 2020 ਤੱਕ ਮੁੱਕ ਜਾਣਾ ਸੀ। ਸਾਬਕਾ ਜੱਜਾਂ ਨੇ ਸਾਂਝੇ ਦਸਤਖ਼ਤ ਕਰ ਕੇ ਕਿਹਾ ਹੈ ਕਿ ਇਹ ਫ਼ੈਸਲਾ ਨਾ 'ਤਾਂ ਸਪੱਸ਼ਟ ਤੌਰ ਉੱਤੇ ਅਤੇ ਨਾ ਹੀ ਆਪਣੇ ਸੰਦਰਭਾਂ ਦੇ ਕਿਸੇ ਹਿੱਤ ਦੇ ਪਹਿਲੂ ਨਾਲ ਨਕਸਲਵਾਦ ਜਾਂ ਇਸ ਦੀ ਵਿਚਾਰਧਾਰਾ ਦੀ ਹਮਾਇਤ ਕਰਦਾ ਹੈ। ਉਪ ਰਾਸ਼ਟਰਪਤੀ ਅਹੁਦੇ ਲਈ ਪ੍ਰਚਾਰ ਮੁਹਿੰਮ ਵਿਚਾਰਧਾਰਕ ਹੋ ਸਕਦੀ ਹੈ ਪਰ ਇਸ ਨੂੰ ਸ਼ਾਲੀਨਤਾ ਤੇ ਵੱਕਾਰ ਨਾਲ ਚਲਾਉਣਾ ਚਾਹੀਦਾ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਏਕੇ ਪਟਨਾਇਕ, ਅਭੈ ਰੋਕਾ, ਗੋਪਾਲ ਗੌੜਾ, ਵਿਕਰਮਜੀਤ ਸੇਨ, ਕੁਰੀਅਨ ਜੋਸਫ਼, ਮਦਨ ਬੀ. ਲੋਕੁਰ ਤੇ ਜੇ. ਚੇਲਮੇਸ਼ਵਰ ਦੇ ਨਾਲ ਹਾਈ ਕੋਰਟ ਦੇ ਤਿੰਨ ਸੇਵਾ ਮੁਕਤ ਚੀਫ ਜਸਟਿਸ ਗੋਵਿੰਦ ਮਾਥੁਰ, ਐੱਸ ਮੁਰਲੀਧਰ ਤੇ ਸੰਜੀਵ ਬੈਨਰਜੀ ਦੇ ਨਾਂ ਹਨ।



# ਮਾਤਾ-ਪਿਤਾ ਬਣਨ ਵਾਲੇ ਹਨ ਪਰੀਣਿਤੀ ਤੇ ਰਾਘਵ ਚੱਢਾ

**ਮੁੰਬਈ:** ਅਭਿਨੇਤਰੀ ਪਰੀਣਿਤੀ ਚੋਪੜਾ ਤੇ ਉਨ੍ਹਾਂ ਦੇ ਪਤੀ ਸੰਸਦ ਮੈਂਬਰ ਰਾਘਵ ਚੱਢਾ ਨੇ ਕੁਝ ਦਿਨ ਪਹਿਲਾਂ ਕਾਮੇਡੀਅਨ ਕਪਿਲ ਸ਼ਰਮਾ ਦੇ ਸ਼ੋਅ ਵਿਚ ਸੰਕੇਤ ਦਿੱਤਾ ਸੀ ਕਿ ਉਹ ਛੇਤੀ ਹੀ ਲੋਕਾਂ ਨੂੰ ਖ਼ੁਸ਼ਖ਼ਬਰੀ ਦੇਣ ਵਾਲੇ ਹਨ। ਉਦੋਂ ਲੋਕਾਂ ਨੇ ਇਸ ਗੱਲ ਨੂੰ ਲੈ ਕੇ ਕਿਆਸ ਲਾਏ ਸਨ ਕਿ ਪਰੀਣਿਤੀ ਤੇ ਰਾਘਵ ਮਾਤਾ-ਪਿਤਾ ਬਣਨ ਵਾਲੇ ਹਨ। ਹੁਣ ਪਰੀਣਿਤੀ ਤੇ ਰਾਘਵ ਨੇ ਇਸ ਖ਼ਬਰ ਦੀ ਪੁਸ਼ਟੀ ਕਰਦੇ ਹੋਏ ਸੋਮਵਾਰ ਨੂੰ ਇੰਸਟਾਗ੍ਰਾਮ 'ਤੇ ਦੱਸਿਆ ਹੈ ਕਿ ਉਨ੍ਹਾਂ ਦੇ ਘਰ ਇਕ ਨਵਾਂ ਮੈਂਬਰ ਆਉਣ ਵਾਲਾ ਹੈ। ਉਨ੍ਹਾਂ ਇੰਸਟਾ 'ਤੇ ਕੇਕ ਦੀ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿਚ ਛੋਟੇ ਬੱਚੇ ਦੇ ਪੈਰਾਂ ਦੇ ਨਿਸ਼ਾਨ ਨਾਲ ਲਿਖਿਆ ਸੀ ਕਿ 1+1 = 3, ਸਾਡੀ ਛੋਟੀ ਜਿਹੀ ਦੁਨੀਆ ਆਪਣੇ ਰਸਤੇ ਤੇ ਹੈ। ਇਸ ਤੋਂ ਬਾਅਦ ਪ੍ਰਿਅੰਕਾ ਚੋਪੜਾ, ਨੇਹਾ ਧੂਪੀਆ, ਸੋਨਮ ਕਪੂਰ, ਕੈਟਰੀਨਾ ਕੈਫ ਤੇ ਅਨੰਨਿਆ ਪਾਂਡੇ ਸਣੇ ਕਈ ਹਸਤੀਆਂ ਨੇ ਇਸ ਜੋੜੇ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।



## ਧੜੇਬੰਦੀ ਰੋਕਣ ਲਈ ਕਾਂਗਰਸ...

*(ਪਹਿਲੇ ਸਫ਼ੇ ਦਾ ਬਾਕੀ)*

ਮੀਟਿੰਗ ਵਿਚ ਹਾਜ਼ਰ ਨਹੀਂ ਹੋਏ, ਜਦੋਂਕਿ ਬੀਤੇ ਦਿਨੀਂ ਲੁਧਿਆਣਾ ਪੱਛਮੀ ਤੋਂ ਚੋਣ ਹਾਰਨ ਵਾਲੇ ਸੀਨੀਅਰ ਆਗੂ ਭਾਰਤ ਭੂਸ਼ਨ ਆਸ਼ੂ ਨੂੰ ਸ਼ਾਇਦ ਇਸ ਮੀਟਿੰਗ ਲਈ ਸੱਦਿਆ ਨਹੀਂ ਗਿਆ ਸੀ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਕੁਝ ਆਗੂਆਂ ਵਲੋਂ ਅਜਿਹੇ ਇਤਰਾਜ਼ ਉਠਾਏ ਗਏ ਕਿ ਕਈ ਵਾਰ ਪਾਰਟੀ ਦੇ ਪ੍ਰੋਗਰਾਮਾਂ ਸੰਬੰਧੀ ਉਨ੍ਹਾਂ ਨੂੰ ਸੂਚਿਤ ਹੀ ਨਹੀਂ ਕੀਤਾ ਜਾਂਦਾ। ਜਿਸ 'ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪਾਰਟੀ ਵਲੋਂ ਸਭ ਨੂੰ ਸੱਦੇ ਭੇਜੇ ਜਾਂਦੇ ਹਨ ਪਰ ਉਹ ਭਵਿੱਖ ਵਿਚ ਯਕੀਨੀ ਬਣਾਉਣਗੇ ਕਿ ਹਰ ਆਗੂ ਨੂੰ ਪ੍ਰੋਗਰਾਮਾਂ ਦੀ ਸੂਚਨਾ ਮਿਲੇ । ਸੀਨੀਅਰ ਆਗੂਆਂ ਬੀਬੀ ਰਜਿੰਦਰ ਕੌਰ ਭੱਠਲ, ਸੁਖਪਾਲ ਸਿੰਘ ਖਹਿਰਾ ਤੇ ਪਰਗਟ ਸਿੰਘ ਨੇ ਵੀ ਪਾਰਟੀ ਪ੍ਰੋਗਰਾਮਾਂ ਸੰਬੰਧੀ ਸੀਨੀਅਰ ਆਗੂਆਂ ਨੂੰ ਸੂਚਿਤ ਨਾ ਕਰਨ ਦਾ ਮਾਮਲਾ ਉਠਾਇਆ। ਪਰ ਪਾਰਟੀ ਦੇ ਸਾਰੇ ਆਗੂਆਂ ਨੇ ਕਿਹਾ ਕਿ ਰਾਜ ਵਿਚ ਮੌਜੂਦਾ ਸਰਕਾਰ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ ਅਤੇ ਰਾਜ ਦੇ ਲੋਕ ਹੁਣ ਕਾਂਗਰਸ ਵੱਲ ਵੇਖ ਰਹੇ ਹਨ। ਜ਼ਰੂਰਤ ਇਹ ਹੈ ਕਿ ਪਾਰਟੀ ਧੜੇਬੰਦੀਆਂ ਤੋਂ ਉਪਰ ਉੱਠ ਕੇ ਅਤੇ ਇਕਜੁੱਟ ਹੋ ਕੇ ਪਾਰਟੀ ਦੀ ਜਿੱਤ ਲਈ ਕੰਮ ਕਰੇ। ਹਰਿਆਣਾ ਵਿਚ ਮਗਰਲੀਆਂ ਵਿਧਾਨ ਸਭਾ ਚੋਣਾਂ ਦਾ ਹਵਾਲਾ ਦਿੰਦਿਆਂ ਕਈਆਂ ਨੇ ਕਿਹਾ ਕਿ ਪਾਰਟੀ ਇਹ ਜਿੱਤੀ ਹੋਈ ਚੋਣ ਧੜੇਬੰਦੀ ਕਾਰਨ ਹਾਰ ਗਈ। ਸੂਚਨਾ ਅਨੁਸਾਰ ਲੁਧਿਆਣਾ ਪੱਛਮੀ ਚੋਣ ਦੌਰਾਨ ਸੂਬਾ ਕਾਂਗਰਸ ਵਿਚ ਜੋ ਧੜੇਬੰਦੀ ਸਾਹਮਣੇ ਆਈ ਉਸ ਦਾ ਵੀ ਕਈ ਮੈਂਬਰਾਂ ਨੇ ਹਵਾਲਾ ਦਿੱਤਾ ਤੇ ਕਿਹਾ ਕਿ ਉਕਤ ਧੜੇਬੰਦੀ ਅਤੇ ਜ਼ਿਮਨੀ ਚੋਣ ਵਿਚ ਹਾਰ ਦਾ ਪਾਰਟੀ ਦੇ ਅਕਸ 'ਤੇ ਅਸਰ ਪਿਆ ਅਤੇ ਕਾਡਰ ਮਾਯੂਸ ਹੋਇਆ। ਪਰ ਰਾਹੁਲ ਗਾਂਧੀ ਦੇ ਨੁਮਾਇੰਦੇ ਵਜੋਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵੇਣੂ ਗੋਪਾਲ ਦਾ ਰੁਖ ਸਖ਼ਤ ਨਜ਼ਰ ਆਇਆ।

ਉਨ੍ਹਾਂ ਕਿਹਾ ਕਿ ਹੁਣ ਅਨੁਸ਼ਾਸਨਹੀਣਤਾ ਵਿਰੁੱਧ ਕਾਰਵਾਈ ਹੋਵੇਗੀ। ਉਨ੍ਹਾਂ ਪਾਰਟੀ ਆਗੂਆਂ ਨੂੰ ਕਿਹਾ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਣ। ਕੋਈ ਵੀ ਵਿਅਕਤੀ ਪਾਰਟੀ ਤੋਂ ਵੱਡਾ ਨਹੀਂ ਹੈ। ਹਾਲਾਂਕਿ ਉਨ੍ਹਾਂ ਕਿਸੇ ਦਾ ਨਾਂਅ ਨਹੀਂ ਲਿਆ। ਮੀਟਿੰਗ ਤੋਂ ਬਾਅਦ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਟਵੀਟ ਕਰਕੇ ਦੱਸਿਆ ਗਿਆ ਕਿ ਮੀਟਿੰਗ ਵਿਚ ਮਿਸ਼ਨ 2027 ਦੀ ਰਣਨੀਤੀ 'ਤੇ ਵਿਚਾਰ ਕੀਤਾ ਗਿਆ। ਇਹ ਮੀਟਿੰਗ ਕੋਈ ਢਾਈ ਘੰਟੇ ਚੱਲੀ।

## ਅਮਰੀਕਾ ਵਿਚ 1.50 ਲੱਖ ...

*(ਪਹਿਲੇ ਸਫ਼ੇ ਦਾ ਬਾਕੀ)*

ਕਾਂਗਰਸ ਨੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਦਖ਼ਲ ਦੇਣ ਦੀ ਮੰਗ ਕੀਤੀ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ, ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕੇਂਦਰੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅੱਗੇ ਸਾਰੇ ਵਿਦੇਸ਼ੀ ਟਰੈਕ ਡਰਾਈਵਰਾਂ ਦੇ ਵਰਕ ਵੀਜ਼ੇ ਫ੍ਰੀਜ਼ ਕਰਨ ਦਾ ਮੁੱਦਾ ਅਮਰੀਕਾ ਸਾਹਮਣੇ ਚੁੱਕਣ ਲਈ ਕਿਹਾ ਹੈ। ਪੰਜਾਬ ਦੇ ਆਗੂਆਂ ਦਾ ਮੰਨਣਾ ਹੈ ਕਿ ਜੇਕਰ ਅਮਰੀਕੀ ਸਰਕਾਰ ਅਜਿਹਾ ਕਰਦੀ ਹੈ ਤਾਂ ਇਸ ਦਾ ਪੰਜਾਬੀਆਂ 'ਤੇ ਬਹੁਤ ਮਾੜਾ ਅਸਰ ਪਵੇਗਾ।

ਜਲੰਧਰ ਦੇ ਨੈਸ਼ਨਲ ਇੰਜੀਨੀਅਰਿੰਗ ਕਾਲਜ ਦੇ ਮੋਟਰ ਟ੍ਰੇਨਿੰਗ ਸਕੂਲ ਦੀ ਗੱਲ ਕਰੀਏ ਤਾਂ ਇੱਥੇ ਹਰ ਮਹੀਨੇ 100 ਤੋਂ 125 ਨੌਜਵਾਨ ਭਾਰੀ ਵਾਹਨ ਚਲਾਉਣ ਦੀ ਸਿਖਲਾਈ ਲੈਂਦੇ ਹਨ। ਟੀਐੱਸਐੱਸ ਡਰਾਈਵਿੰਗ ਸਕੂਲ ਦੇ ਸੰਚਾਲਕ ਐਡਵੋਕੇਟ ਦਮਨਦੀਪ ਸਿੰਘ ਕਹਿੰਦੇ ਹਨ ਕਿ ਸਿਖਲਾਈ 'ਤੇ ਇਸ ਦਾ ਘੱਟ ਅਸਰ ਪਵੇਗਾ। ਨੌਜਵਾਨ ਦੂਜੇ ਦੇਸ਼ਾਂ 'ਚ ਡਰਾਈਵਿੰਗ ਦਾ ਕੰਮ ਲੱਭਣਾ ਸ਼ੁਰੂ ਕਰ ਦੇਣਗੇ। ਰਾਇਲ ਟ੍ਰੈਵਲ ਦੇ ਸੰਚਾਲਕ ਅਰਵਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਅਮਰੀਕਾ 'ਚ ਟਰੱਕ ਡਰਾਈਵਰਾਂ ਦੀ ਘਾਟ ਹਮੇਸ਼ਾ ਰਹਿੰਦੀ ਹੈ। ਉੱਥੇ 30 ਹਜ਼ਾਰ ਤੋਂ ਜ਼ਿਆਦਾ ਟਰੱਕ ਡਰਾਈਵਰਾਂ ਦੀ ਕਮੀ ਹੈ। ਨਾਜਾਇਜ਼ ਕੰਮ ਕਰ ਰਹੇ ਹਨ, ਉਨ੍ਹਾਂ ਦੀ ਸਥਿਤੀ ਫ਼ਿਲਹਾਲ ਖ਼ਤਰੇ 'ਚ ਨਹੀਂ ਹੈ।

## ਅੰਗਰੇਜ਼ੀ ਲਾਜ਼ਮੀ ਹੋਣ ਮਗਰੋਂ 2500 ਲਾਇਸੈਂਸ ਮੁਅੱਤਲ

ਅਮਰੀਕਾ 'ਚ ਪੰਜਾਬੀ ਡਰਾਈਵਰਾਂ ਨੇ ਦੱਸਿਆ ਕਿ ਇਸ ਸਾਲ ਅਪ੍ਰੈਲ ਤੋਂ ਹੁਣ ਤੱਕ 2500 ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਮੁਅੱਤਲ ਕਰ ਦਿੱਤੇ ਗਏ ਹਨ ਜਿਸ ਕਾਰਨ ਉਨ੍ਹਾਂ ਦੇ ਪਰਿਵਾਰਾਂ 'ਤੇ ਰੁਜ਼ਗਾਰ ਦਾ ਖ਼ਤਰਾ ਹੋ ਗਿਆ ਹੈ। ਫੈਡਰਲ ਮੋਟਰ ਕਰੀਅਰ ਸੈਫਟੀ ਐਡਮਿਨਿਸਟ੍ਰੇਸ਼ਨ ਨੇ 'ਅਮਰੀਕਾ ਫਸਟ' ਨੀਤੀ ਤਹਿਤ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਲਾਜ਼ਮੀ ਕਰ ਦਿੱਤੀ ਹੈ। ਪੰਜਾਬੀ ਡਰਾਈਵਰ ਇਸ ਕਾਰਨ ਵੀ ਪਰੇਸ਼ਾਨੀ ਵਿਚ ਆ ਗਏ ਹਨ।

## ਲਾਇਸੈਂਸ ਜਾਰੀ ਕਰਨ ਵਾਲੇ ਟ੍ਰੇਨਿੰਗ ਸਕੂਲਾਂ 'ਤੇ ਨਕੇਲ ਕੱਸੋ

ਕੈਲੀਫੋਰਨੀਆ 'ਚ 1,50,000 ਟਰੱਕ ਡਰਾਈਵਰਾਂ ਦੇ ਸੰਗਠਨ ਨਾਰਥ ਅਮਰੀਕਨ ਪੰਜਾਬ ਟਰੱਕਿੰਗ ਐਸੋਸੀਏਸ਼ਨ (ਨਾਪਟਾ) ਦੇ ਪ੍ਰਧਾਨ ਨੇ ਕਿਹਾ ਕਿ ਕਈ ਡਰਾਈਵਿੰਗ ਸਕੂਲ ਸਿਰਫ਼ 7 ਤੋਂ 10 ਦਿਨਾਂ ਵਿਚ ਘੱਟੋ-ਘੱਟ ਰੋਡ ਟ੍ਰੇਨਿੰਗ ਦੇ ਲਾਇਸੈਂਸ ਜਾਰੀ ਕਰ ਦਿੰਦੇ ਹਨ। ਉਨ੍ਹਾਂ ਨੇ ਉਥਾਹ ਸੂਬੇ 'ਚ ਪੂਰੀ ਸਿਖਲਾਈ ਦੇ ਬਿਨਾਂ ਲਾਇਸੈਂਸ ਖ਼ਰੀਦਣ ਦੀ ਉਦਾਹਰਨ ਦਿੱਤੀ। ਉਨ੍ਹਾਂ ਕਿਹਾ ਕਿ ਸਿਆਸੀ ਆਗੂ ਇਸ ਮੁੱਦੇ 'ਤੇ ਗ਼ੈਰ-ਭਾਰਤੀ ਡਰਾਈਵਰਾਂ ਦੇ ਹਾਦਸਿਆਂ ਨੂੰ ਭੁਲਾ ਕੇ ਇਕ ਪੰਜਾਬੀ ਡਰਾਈਵਰ ਹੱਥੋਂ ਹੋਏ ਹਾਦਸੇ 'ਤੇ ਸਿਆਸਤ ਨਾ ਕਰਨ ਸਗੋਂ ਸਿਸਟਮ ਠੀਕ ਕਰਨ।

## ਪੰਜਾਬ ਨੂੰ ਮਜ਼ਬੂਤ ਖੇਤਰੀ ਪਾਰਟੀ ....

*(ਪਹਿਲੇ ਸਫ਼ੇ ਦਾ ਬਾਕੀ)*

ਕਾਲਰਾ, ਸੋਹਣ ਸਿੰਘ ਠੰਡਲ, ਜਤਿੰਦਰ ਸਿੰਘ ਲਾਲੀ ਬਾਜਵਾ, ਜਰਨੈਲ ਸਿੰਘ ਵਾਹਦ, ਐੱਚ. ਐਸ. ਵਾਲੀਆ, ਗੁਰਦਿਆਲ ਸਿੰਘ ਕਾਲਰਾ, ਗੁਰਪ੍ਰੀਤ ਸਿੰਘ ਗੋਪੀ ਰੰਧਾਵਾ, ਦਿਲਬਾਗ ਹੁਸੈਨ, ਜਤਿੰਦਰ ਨਿੱਝਰ, ਸਾਹਿਬ ਸਿੰਘ ਢਿੱਲੋਂ, ਮਨਿੰਦਰਪਾਲ ਸਿੰਘ ਗੁੰਬਰ, ਹਰਬੰਸ ਸਿੰਘ ਬੋਲੀਨਾਂ, ਲਖਵਿੰਦਰ ਸਿੰਘ ਲੱਖੀ, ਸੁਰਜੀਤ ਸਿੰਘ ਨੀਲਾਮਹਿਲ, ਰਵਿੰਦਰ ਸਿੰਘ ਸਵੀਟੀ, ਠੇਕੇਦਾਰ ਕਰਤਾਰ ਸਿੰਘ ਬਿੱਲਾ, ਰਾਜਕਮਲ ਸਿੰਘ ਨਕੋਦਰ, ਗੁਰਪ੍ਰੀਤ ਸਿੰਘ ਖ਼ਾਲਸਾ, ਗੁਰਜੀਤ ਸਿੰਘ ਨੀਲਾ ਨਰੋਆ, ਪਰਮਜੀਤ ਸਿੰਘ ਢਿੱਲੋਂ ਭੁੱਲਥ, ਪਰਮਿੰਦਰ ਸਿੰਘ ਭੋਗਪੁਰ, ਗੁਰਵਿੰਦਰ ਸਿੰਘ ਕਿਸ਼ਨਗੜ੍ਹ, ਗਗਨਦੀਪ ਸਿੰਘ ਗੱਗੀ, ਮਨਜੀਤ ਸਿੰਘ ਟਰਾਂਸਪੋਰਟ, ਗੁਰਬਚਨ ਸਿੰਘ ਕਥੂਰੀਆ, ਗੁਰਪ੍ਰੀਤ ਸਿੰਘ ਸਚਦੇਵਾ, ਹਰਪ੍ਰੀਤ ਸਿੰਘ ਸਚਦੇਵਾ, ਪਰਵਿੰਦਰ ਸਿੰਘ ਰਾਜਾ, ਅਰਜਨ ਬਹਿਲ, ਦਲਵਿੰਦਰ ਸਿੰਘ ਬੜਿੰਗ, ਇੰਦਰਪਾਲ ਸਿੰਘ ਵੜਿੰਗ, ਸੁਰਜੀਤ ਸਿੰਘ ਰਾਠੌਰ, ਦਮਨਪ੍ਰੀਤ ਸਿੰਘ ਭਾਟੀਆ, ਈਸ਼ਰ ਸਿੰਘ ਮੰਝਪੁਰ, ਮਹਿੰਦਰ ਸਿੰਘ ਬਿੱਟੂ, ਹਨੀ ਕਾਲੜਾ, ਹਰਵਿੰਦਰ ਸਿੰਘ ਰਸੂਲਪੁਰ, ਰੌਬਿਨ ਕਨੌਜੀਆ, ਮਨਦੀਪ ਗੜ੍ਹਾ, ਰਾਮ ਸਰੂਪ, ਪ੍ਰਦੀਪ ਢਿੱਲੋਂ, ਗੁਰਵਿੰਦਰ ਸਿੰਘ ਕੈਟ, ਰਕੇਸ਼ ਕੁਮਾਰ, ਗੁਰਦੇਵ ਸਿੰਘ ਮਾਹਲ, ਬੂਟਾ ਸਿੰਘ, ਨਰੇਸ਼ ਕੁਮਾਰ ਰਾਜਪੂਤ, ਹਰਜੋਤ ਸਿੰਘ ਲੱਕੀ, ਅਮਰਜੀਤ ਸਿੰਘ ਮੰਗਾਂ, ਪਰਮਜੀਤ ਸਿੰਘ ਰੰਧਾਵਾ, ਕਮਲਜੀਤ ਸਿੰਘ ਰੰਧਾਵਾ, ਹਰਨੇਕ ਸਿੰਘ ਢਿੱਲੋਂ, ਮਨਬੀਰ ਸਿੰਘ ਅਕਾਲੀ, ਪਿਆਰਾ ਸਿੰਘ ਕੈਂਥ, ਹਰਬੰਸ ਸਿੰਘ ਦਰਦੀ ਤੇ ਹੋਰ ਹਾਜ਼ਰ ਸਨ।

## ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪੰਥਕ ਰਾਜਨੀਤੀ ਵਿਚ ਅਹਿਮ ਭੂਮਿਕਾ: ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪੰਥਕ ਰਾਜਨੀਤੀ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ ਤੇ ਉਨ੍ਹਾਂ ਨੇ ਸਾਰੇ ਧੜਿਆਂ ਨੂੰ ਅਪੀਲ ਕੀਤੀ ਕਿ ਸਾਂਝੇ ਪੰਥਕ ਟੀਚਿਆਂ ਦੀ ਪ੍ਰਾਪਤੀ ਵਾਸਤੇ ਉਹ ਅਕਾਲੀ ਦਲ ਦੇ ਝੰਡੇ ਥੱਲੇ ਇਕਜੁੱਟ ਹੋਣ। ਸੁਖਬੀਰ ਸਿੰਘ ਬਾਦਲ ਨੇ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਵਾਲੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਮੀਟਿੰਗ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪੰਥ ਦਾ ਨੈਤਿਕ ਧੁਰਾ ਬਣ ਕੇ ਪੰਥਕ ਰਾਜਨੀਤੀ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਉਨ੍ਹਾਂ ਨੇ ਫੈਡਰੇਸ਼ਨ ਦੇ ਸਾਰੇ ਧੜਿਆਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੇ ਝੰਡੇ ਥੱਲੇ ਇਕਜੁੱਟ ਹੋਣ ਤਾਂ ਜੋ ਸਾਂਝੇ ਟੀਚਿਆਂ ਦੀ ਪ੍ਰਾਪਤੀ ਵਾਸਤੇ ਕੰਮ ਕੀਤਾ ਜਾ ਸਕੇ। ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਫੈਡਰੇਸ਼ਨ ਹਮੇਸ਼ਾਂਅਕਾਲੀ ਦਲ ਨਾਲ ਚੱਟਾਨ ਵਾਂਗੂ ਖੜ੍ਹੀ ਹੋਈ ਹੈ ਤੇ ਅਕਾਲੀ ਦਲ ਹੀ ਪੰਥ ਦੀ ਨੁਮਾਇੰਦਾ ਜਮਾਤ ਹੈ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਨੇ ਸੂਬੇ ਭਰ ਵਿਚ ਨਵੀਆਂ ਇਕਾਈਆਂ ਸਥਾਪਤ ਕੀਤੀਆਂ ਹਨ ਅਤੇ ਇਹ ਪੰਥਕ ਕਦਰਾਂ ਕੀਮਤਾਂ ਦੀ ਮਜ਼ਬੂਤੀ ਵਾਸਤੇ ਜ਼ਮੀਨੀ ਪੱਧਰ 'ਤੇ ਲਹਿਰ ਸ਼ੁਰੂ ਕਰੇਗੀ। ਫੈਡਰੇਸ਼ਨ ਨੇ ਅਕਾਲੀ ਦਲ ਦੇ ਪ੍ਰਧਾਨ ਦਾ 'ਕ੍ਰਿਪਾਨ' ਅਤੇ 'ਸਿਰੋਪਾਓ' ਨਾਲ ਸਨਮਾਨ ਵੀ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਵੀ.ਸੀ. ਨੇ ਦਿੱਤਾ ਸਪੱਸ਼ਟੀਕਰਨ; ਪੰਜ ਸਿੰਘ ਸਾਹਿਬਾਨ ਵਿਚਾਰਨਗੇ ਮਾਮਲਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇ ਦਿੱਤਾ। ਉਨ੍ਹਾਂ ਨੂੰ ਰਾਸ਼ਟਰੀ ਸਵੈਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨਾਲ ਇਕ ਮੀਟਿੰਗ ਨਾਲ ਜੁੜੇ ਵਿਵਾਦ ਸਬੰਧੀ ਤਲਬ ਕੀਤਾ ਗਿਆ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿਚ ਪਹੁੰਚ ਕੇ ਆਪਣਾ ਪੱਖ ਰੱਖਣ ਲਈ ਸੱਦਿਆ ਗਿਆ ਸੀ। ਸੋਮਵਾਰ ਸਵੇਰੇ ਡਾ. ਕਰਮਜੀਤ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰ ਕੇ ਆਪਣਾ ਪੱਖ



ਲਿਖਤੀ ਰੂਪ ਵਿਚ ਰੱਖਿਆ ਹੈ। ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਆਗਾਮੀ ਇਕੱਤਰਤਾ ਵਿਚ ਵਿਚਾਰ ਕੇ ਫ਼ੈਸਲਾ ਕੀਤਾ ਜਾਵੇਗਾ।

# ਜਯਾਪ੍ਰਦਾ ਖ਼ਿਲਾਫ਼ ਖੁੱਲ੍ਹੇਗੀ ਚੋਣ ਜ਼ਾਬਤੇ ਦੀ ਫਾਈਲ

**ਰਾਮਪੁਰ:** ਅਭਿਨੇਤਰੀ ਤੇ ਸਾਬਕਾ ਸੰਸਦ ਮੈਂਬਰ ਜਯਾਪ੍ਰਦਾ ਦੀਆਂ ਮੁਸ਼ਕਲਾਂ ਮੁੜ ਵੱਧ ਗਈਆਂ ਹਨ। ਉਨ੍ਹਾਂ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਇਕ ਮਾਮਲੇ ਦੀ ਫਾਈਲ ਦੁਬਾਰਾ ਖੁੱਲ੍ਹੇਗੀ। ਇਸ ਵਿਚ ਪੁਲਿਸ ਨੇ ਫਾਈਨਲ ਰਿਪੋਰਟ ਲਗਾ ਦਿੱਤੀ ਸੀ। ਐੱਮਪੀ-ਐੱਮਐੱਲਏ ਸਪੈਸ਼ਲ ਕੋਰਟ (ਮੈਜਿਸਟ੍ਰੇਟ ਟ੍ਰਾਇਲ) ਨੇ ਫਾਈਨਲ ਰਿਪੋਰਟ ਜਿਸ ਆਧਾਰ 'ਤੇ ਲਗਾਈ ਹੈ, ਉਹ ਪੂਰੀ ਨਹੀਂ ਮੰਨੀ



ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਜਯਾਪ੍ਰਦਾ 'ਤੇ ਦੋਸ਼ ਸੀ ਕਿ ਉਹ ਵੋਟਿੰਗ ਦੇ ਦਿਨ ਵੋਟ ਪਾਉਣ ਲਈ ਆਪਣੀ ਗੱਡੀ ਨੂੰ ਮੁਰਤਜ਼ਾ ਇੰਟਰ ਕਾਲਜ ਵਿਚ ਬਣਾਏ ਗਏ ਪੋਲਿੰਗ ਸਟੇਸ਼ਨ ਦੇ ਅੰਦਰ ਤੱਕ ਲੈ ਗਈ ਸੀ। ਉਨ੍ਹਾਂ ਖ਼ਿਲਾਫ਼ ਸੈਕਟਰ ਮੈਜਿਸਟ੍ਰੇਟ ਜੈਵੀਰ ਸਿੰਘ ਨਾਗਰ ਨੇ ਕੋਤਵਾਲੀ ਥਾਣੇ ਵਿਚ ਐੱਫਆਈਆਰ ਦਰਜ ਕਰਵਾਈ ਸੀ।

# ਮੋਦੀ ਦੀ ਡਿਗਰੀ ਜਨਤਕ ਕਰਨ ਬਾਰੇ ਹਾਈ ਕੋਰਟ ਦੀ ਨਾਂਹ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਾਬਕਾ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਦੀ ਵਿੱਦਿਅਕ ਯੋਗਤਾ ਸਬੰਧੀ ਜਾਣਕਾਰੀ ਜਨਤਕ ਕਰਨ ਦੇ ਕੇਂਦਰੀ ਸੂਚਨਾ ਕਮਿਸ਼ਨ ਦੇ ਆਦੇਸ਼ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਸਚਿਨ ਦੱਤਾ ਦੇ ਬੈਂਚ ਨੇ ਕਿਹਾ ਕਿ ਵਿੱਦਿਅਕ



ਯੋਗਤਾ ਨਾਲ ਸਬੰਧਤ ਜਾਣਕਾਰੀ ਦਾ ਜਨਤਕ ਕਰਨਾ ਜਨਹਿੱਤ 'ਚ ਨਹੀਂ ਹੈ। ਜਨਤਕ ਅਹੁਦੇ 'ਤੇ ਹੋਣ ਦੇ ਬਾਵਜੂਦ ਕਿਸੇ ਵਿਅਕਤੀ ਦੇ ਵਿੱਦਿਅਕ ਰਿਕਾਰਡ ਨਿੱਜੀ ਜਾਣਕਾਰੀ ਦੀ ਸ਼੍ਰੇਣੀ 'ਚ ਆਉਂਦੇ ਹਨ ਤੇ ਇਨ੍ਹਾਂ ਨੂੰ ਸੂਚਨਾ ਦੇ ਅਧਿਕਾਰ ਐਕਟ ਦੇ ਤਹਿਤ ਛੋਟ ਪ੍ਰਾਪਤ ਹੈ।

# ਫਲੋਰੀਡਾ ਹਾਦਸਾ: ਹਰਜਿੰਦਰ ਲਈ ਪਿੰਡ ਵਾਸੀਆਂ ਵਲੋਂ ਅਰਦਾਸ

**ਤਰਨਤਾਰਨ:** ਅਮਰੀਕਾ ਦੇ ਫਲੋਰੀਡਾ ਵਿਚ ਟਰੱਕ ਦੀ ਲਪੇਟ 'ਚ ਆਉਣ ਕਾਰਨ ਤਿੰਨ ਲੋਕਾਂ ਦੀ ਮੌਤ ਦੇ ਮਾਮਲੇ 'ਚ ਫਸੇ ਤਰਨਤਾਰਨ ਦੇ ਪਿੰਡ ਰਟੌਲ ਦੇ ਹਰਜਿੰਦਰ ਸਿੰਘ ਲਈ ਪਿੰਡ 'ਚ ਅਰਦਾਸ ਹੋ ਰਹੀਆਂ ਹਨ। ਇਸ ਕੇਸ ਦੀ ਅਮਰੀਕਾ ਦੀ ਅਦਾਲਤ ਵਿਚ ਸੁਣਵਾਈ ਹੋਵੇਗੀ। ਦੱਸਦੇ ਹਨ ਕਿ ਹਰਜਿੰਦਰ ਨੂੰ 45 ਸਾਲ ਦੀ ਕੈਦ ਹੋ ਸਕਦੀ ਹੈ। ਪਿੰਡ ਰਟੌਲ ਦੇ ਲੋਕ ਹਰਜਿੰਦਰ ਨੂੰ ਘੱਟ ਤੋਂ ਘੱਟ ਸਜ਼ਾ ਹੋਵੇ ਇਸ ਦੇ ਲਈ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰ ਰਹੇ ਹਨ। ਹਰਜਿੰਦਰ ਦੇ ਚਾਚੇ ਦੇ ਮੁੰਡੇ ਸਵਿੰਦਰ ਸਿੰਘ,



ਸਰਪੰਚ ਜਸ਼ਨਪ੍ਰੀਤ ਸਿੰਘ, ਸੁਖਬੀਰ ਸਿੰਘ ਰਟੌਲ, ਦਿਲਾਵਰ ਸਿੰਘ ਨੇ ਕਿਹਾ ਕਿ ਹਰਜਿੰਦਰ ਸਿੰਘ ਨਿਯਮਾਂ ਤੇ ਕਾਨੂੰਨ ਤਹਿਤ ਹੀ ਅਮਰੀਕਾ ਵਿਚ ਟਰੱਕ ਚਲਾਉਂਦਾ ਸੀ।

ਹਰਜਿੰਦਰ ਦੇ ਰਿਸ਼ਤੇਦਾਰ ਦਿਲਬਾਗ ਸਿੰਘ ਨੇ ਕਿਹਾ ਕਿ ਇਕ ਵੈੱਬਸਾਈਟ ਰਾਹੀਂ ਘੱਟ ਸਜ਼ਾ ਦੀ ਅਪੀਲ 'ਚ 25 ਲੱਖ 80 ਹਜ਼ਾਰ ਦੇ ਕਰੀਬ ਲੋਕ ਜੁੜ ਚੁੱਕੇ ਹਨ। ਉੱਧਰ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਹਰਜਿੰਦਰ ਦੇ ਪਰਿਵਾਰ ਨੂੰ ਹਰ ਸੰਭਵ ਮਦਦ ਭਰੋਸਾ ਦਿੱਤਾ ਹੈ।

# ਐੱਸ. ਆਈ. ਟੀ. ਵਲੋਂ ਜੇਲ੍ਹ 'ਚ ਮਜੀਠੀਆ ਤੋਂ ਇਕ ਘੰਟਾ ਪੁੱਛਗਿੱਛ

**ਨਾਭਾ:** ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਨਾਭਾ ਜ਼ਿਲ੍ਹੇ ਜੇਲ੍ਹ ਵਿਚ ਬੰਦ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੋਂ ਐੱਸਆਈਟੀ ਨੇ ਜੇਲ੍ਹ ਵਿਚ ਹੀ ਇਕ ਘੰਟੇ ਤੱਕ ਪੁੱਛਗਿੱਛ ਕੀਤੀ। ਐੱਸਆਈਟੀ ਮੁਖੀ ਤੇ ਐੱਸਐੱਸਪੀ ਪਟਿਆਲਾ ਵਰੁਣ ਸ਼ਰਮਾ ਦੀ ਜਾਂ ਅਗਵਾਈ ਵਿਚ ਟੀਮ ਸੋਮਵਾਰ ਸਵੇਰੇ ਨਾਭਾ ਜੇਲ੍ਹ ਪੁੱਜੀ। ਟੀਮ ਵਿਚ ਐੱਸਪੀ ਡੀ ਗੁਰਬੰਸ ਸਿੰਘ ਬੈਂਸ ਤੇ



ਇਕ ਹੋਰ ਅਧਿਕਾਰੀ ਸ਼ਾਮਲ ਸ ਸੀ। ਉਹ ਇਕ ਵਜੇ ਤੋਂ ਲੈ ਕੇ ਕਰੀਬ ਸਵਾ ਦੋ ਵਜੇ ਤੱਕ ਪੁੱਛਗਿੱਛ ਕਰਦੇ ਰਹੇ। ਇਸ ਤੋਂ ਜਾ ਬਾਅਦ ਟੀਮ ਪਰਤ ਗਈ। ਦੱਸਿਆ ਜਾ ਰਿਹਾ ਹੈ ਕਿ ਟੀਮ ਵੱਲੋਂ ਤਿਆਰ ਸਵਾਲਾਂ ਦੀ ਸੂਚੀ ਮਜੀਠੀਆ ਸਾਹਮਣੇ ਰੱਖੀ ਗਈ ਅਤੇ ਜਵਾਬ ਮੰਗੇ ਗਏ। ਜ਼ਿਕਰਯੋਗ ਹੈ ਕਿ ਮਜੀਠੀਆ ਖ਼ਿਲਾਫ਼ 40 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਕੀਤੀ ਜਾ ਚੁੱਕੀ ਹੈ।

# ਚੀਨ ਨੇ ਭਾਰਤ 'ਤੇ ਖਾਦਾਂ ਸਮੇਤ ਹੋਰ ਸਾਮਾਨ ਦੀ ਬਰਾਮਦ 'ਤੇ ਪਾਬੰਦੀ ਹਟਾਈ

**ਮੂਨਕ:** ਦੇਸ਼ 'ਚ ਜ਼ਿਆਦਾ ਬਰਸਾਤ ਹੋਣ ਤੇ ਇਸ ਸੀਜ਼ਨ 'ਚ ਝੋਨੇ ਅਤੇ ਮੱਕੀ ਦੀ ਵੱਧ ਬਿਜਾਈ ਹੋਣ ਕਾਰਨ ਦੇਸ਼ 'ਚ ਰਸਾਇਣਿਕ ਖਾਦਾਂ ਖ਼ਾਸ ਕਰਕੇ ਯੂਰੀਆ ਤੇ ਡੀ. ਏ. ਪੀ. ਦੀ ਖਪਤ ਵਧ ਜਾਣ ਕਾਰਨ ਦੇਸ਼ ਦੇ ਜ਼ਿਆਦਾਤਰ ਸੂਬਿਆਂ 'ਚ ਕਿਸਾਨ ਖਾਦਾਂ ਖ਼ਾਸ ਕਰ ਕੇ ਯੂਰੀਆ ਲਈ ਖੱਜਲ-ਖੁਆਰ ਹੋ ਰਹੇ ਹਨ। ਚੀਨ ਨੇ ਪਿਛਲੇ ਕੁੱਝ ਸਮੇਂ ਤੋਂ ਭਾਰਤ 'ਚ ਖਾਦਾਂ ਦੀ ਬਰਾਮਦ 'ਤੇ ਅਣਐਲਾਨੀ ਪਾਬੰਦੀ ਲਗਾ ਦਿੱਤੀ ਸੀ, ਜਿਸ ਨਾਲ ਭਾਰਤ 'ਚ ਰਸਾਇਣਿਕ ਖਾਦਾਂ ਦੀ ਘਾਟ ਦਾ ਸੰਕਟ ਪੈਦਾ ਹੋ ਗਿਆ ਸੀ ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ ਤੇ ਚੀਨ ਨਾਲ ਵਿਗੜੇ ਰਿਸ਼ਤਿਆਂ ਕਾਰਨ



ਭਾਰਤ ਤੇ ਚੀਨ ਨੂੰ ਬਦਲਵੇਂ ਹਾਲਾਤ 'ਚ ਨੇੜੇ ਕਰ ਦਿੱਤਾ ਜਿਸ ਦਾ ਫ਼ੌਰੀ ਤੌਰ 'ਤੇ ਫ਼ਾਇਦਾ ਭਾਰਤ ਨੂੰ ਮਿਲਣ ਦੀ ਉਮੀਦ ਹੈ। ਚੀਨ ਨੇ ਭਾਰਤ ਨਾਲ ਵਪਾਰਕ ਸੰਬੰਧ ਸੁਧਾਰਨ ਲਈ ਭਾਰਤ ਲਈ ਖਾਦਾਂ, ਰੀਅਰ ਅਰਥ ਮੈਗਨਿਟ ਅਤੇ ਸੁਰੰਗਾਂ 'ਚ ਪੱਥਰ ਤੋੜਨ ਵਾਲੀਆਂ ਮਸ਼ੀਨਾਂ ਦੀ ਦਰਾਮਦ ਖੋਲ੍ਹ ਦਿੱਤੀ ਹੈ। ਖਾਦਾਂ ਦੀ ਬਰਾਮਦ ਭਾਰਤ ਦੇ ਕਿਸਾਨਾਂ ਲਈ ਬਹੁਤ ਵੱਡੀ ਰਾਹਤ ਹੈ ਕਿਉਂਕਿ ਭਾਰਤ ਵੱਡੀ ਪੱਧਰ 'ਤੇ ਖਾਦਾਂ ਦੀ ਘਾਟ ਨਾਲ ਜੂਝ ਰਿਹਾ ਹੈ। ਭਾਰਤ ਆਪਣੀਆਂ ਘਰੇਲੂ ਲੋੜਾਂ ਦਾ 80 ਫ਼ੀਸਦੀ ਡੀ. ਏ. ਪੀ., 25 ਫ਼ੀਸਦੀ ਤੱਕ ਯੂਰੀਆ ਤੇ ਸੌ ਫ਼ੀਸਦੀ ਪੋਟਾਸ਼ ਖਾਦ ਦਰਾਮਦ ਕਰਦਾ ਹੈ ਅਤੇ ਚੀਨ ਭਾਰਤ ਲਈ ਵੱਡਾ ਰਾਮਦਕਾਰ ਦੇਸ਼ ਹੈ। ਸੂਤਰਾਂ ਅਨੁਸਾਰ ਚੀਨ ਨੇ ਭਾਰਤ ਨੂੰ 20-30 ਲੱਖ ਟਨ ਯੂਰੀਆ ਖਾਦ ਦੇਣ ਦੀ ਹਾਮੀ ਭਰੀ ਹੈ, ਜੋ ਕਿ ਅਗਲੇ ਇਕ- ਦੋ ਮਹੀਨਿਆਂ 'ਚ ਭਾਰਤ ਪੁੱਜ ਜਾਵੇਗੀ।

# 1984 'ਚ ਮਾਰੇ ਗਏ 121 ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਹਰਿਆਣਾ ਸਰਕਾਰ ਦੇਵੇਗੀ ਨੌਕਰੀ

**ਚੰਡੀਗੜ੍ਹ:** ਹਰਿਆਣਾ ਸਰਕਾਰ ਵਲੋਂ 1984 ਵਿਚ ਸਿੱਖ ਵਿਰੋਧੀ ਦੰਗਿਆਂ ਦੌਰਾਨ : ਸੂਬੇ ਦੇ ਮਾਰੇ ਗਏ 121 ਵਿਅਕਤੀਆਂ ਦੇ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਨੌਕਰੀ ਪ੍ਰਦਾਨ ਕੀਤੀ ਜਾਵੇਗੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਹਰਿਆਣਾ ਵਿਧਾਨ ਸਭਾ ਵਿਚ ਚੱਲ ਰਹੇ ਮੌਨਸੂਨ ਇਜਲਾਸ ਦੌਰਾਨ ਇਹ ਐਲਾਨ ਕੀਤਾ। ਉਨ੍ਹਾਂ ਨੇ ਸਦਨ ਨੂੰ ਜਾਣੂ ਕਰਾਇਆ ਕਿ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਵਿਚ ਸੂਬੇ ਵਿਚ ਲਗਭਗ 20 ਗੁਰਦੁਆਰਿਆਂ, 221 ਮਕਾਨਾਂ, 154 ਦੁਕਾਨਾਂ, 57 ਫ਼ੈਕਟਰੀਆਂ, 3 ਰੇਲ ਡੱਬਿਆਂ ਅਤੇ 85 ਵਾਹਨਾਂ ਨੂੰ ਸਾੜ ਦਿੱਤਾ ਗਿਆ ਸੀ। ਇਨ੍ਹਾਂ ਦੰਗਿਆਂ ਵਿਚ 58 ਵਿਅਕਤੀ ਜ਼ਖ਼ਮੀ ਹੋਏ ਅਤੇ 121 ਵਿਅਕਤੀਆਂ ਦੀ ਮੌਤ ਹੋਈ ਸੀ।

ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਆਪਸੀ ਸਹਿਮਤੀ ਨਾਲ ਪਰਿਵਾਰ ਦੇ ਇੱਕ ਮੈਂਬਰ ਦਾ ਨਾਂਅ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਸਕੱਤਰ, ਹਰਿਆਣਾ ਸਰਕਾਰ ਨੂੰ ਭਿਜਵਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ। ਕਿ ਇਸ ਸੰਬੰਧ ਵਿਚ ਸਰਕਾਰ ਵਲੋਂ ਹਦਾਇਤਾਂ ਜਲਦੀ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ।

## ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਨਮਾਨ 'ਚ ਮਤਾ ਪਾਸ

-ਹਰਿਆਣਾ ਵਿਧਾਨ ਸਭਾ ਨੇ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕ ਪ੍ਰਸਤਾਵ ਪਾਸ ਕੀਤਾ। ਇਹ ਪ੍ਰਸਤਾਵ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਲੋਂ ਪੇਸ਼ ਕੀਤਾ ਗਿਆ। ਪ੍ਰਸਤਾਵ ਪੜ੍ਹਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਦਨ ਸ੍ਰੀ ਗੁਰੂ ਤੇਗ ਬਹਾਦਰ



ਜੀ ਵਲੋਂ ਵਿਸ਼ਵਾਸ ਅਤੇ ਜ਼ਮੀਰ ਦੀ ਸੁਤੰਤਰਤਾ ਦੇ ਅਧਿਕਾਰ ਦੀ ਰੱਖਿਆ ਲਈ ਨਵੰਬਰ 1675 'ਚ ਦਿੱਲੀ ਦੇ ਚਾਂਦਨੀ ਚੌਕ 'ਚ ਦਿੱਤੇ ਗਏ ਜੀਵਨ ਦੇ ਸਰਬਉੱਚ ਬਲੀਦਾਨ ਨੂੰ ਯਾਦ ਕਰਦਾ ਹੈ। ਉਨ੍ਹਾਂ ਦੇ ਸਮਰਪਿਤ ਸਿੱਖ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਨੂੰ ਰੂੰਅ 'ਚ ਲਪੇਟ ਕੇ ਸਾੜ ਦਿੱਤਾ ਗਿਆ ਅਤੇ ਭਾਈ ਦਿਆਲਾ ਨੂੰ ਗਰਮ ਪਾਣੀ ਦੀ ਕੜ੍ਹਾਈ 'ਚ ਉਬਾਲਿਆ ਗਿਆ। ਇਨ੍ਹਾਂ ਨੇ ਅਟੁੱਟ ਭਰੋਸੇ ਦੇ ਨਾਲ ਸ਼ਹਾਦਤ ਨੂੰ ਗਲੇ ਲਗਾਇਆ। ਇਹ ਉਨ੍ਹਾਂ ਦੇ ਬਲੀਦਾਨ, ਹਿੰਮਤ, ਧਾਰਮਿਕਤਾ ਅਤੇ ਅਡੋਲ ਵਫ਼ਾਦਾਰੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਦਨ ਇਹ ਵੀ ਯਾਦ ਕਰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਜਾਨ ਮਨੁੱਖਤਾ ਦੇ ਮਾਣ-ਸਨਮਾਨ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਕੁਰਬਾਨ ਕੀਤੀ ਸੀ। ਗੁਰੂ ਜੀ ਦਾ ਹਰਿਆਣਾ ਨਾਲ ਡੂੰਘਾ ਜੁੜਾਓ ਰਿਹਾ। ਆਪਣੀ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਨੇ ਕੁਰੂਕਸ਼ੇਤਰ, ਪਿਹੋਵਾ, ਕੈਥਲ, ਜੀਂਦ, ਅੰਬਾਲਾ, ਚੀਕਾ ਅਤੇ ਰੋਹਤਕ 'ਚ ਆ ਕੇ ਇਸ ਧਰਤੀ ਨੂੰ ਪਵਿੱਤਰ ਕੀਤਾ ਅਤੇ ਸੱਚਾਈ, ਸਹਿਣਸ਼ੀਲਤਾ ਤੇ ਨਿਡਰਤਾ ਦਾ ਸੰਦੇਸ਼ ਫੈਲਾਇਆ। ਇਨ੍ਹਾਂ ਥਾਵਾਂ 'ਤੇ ਸਥਾਪਿਤ ਗੁਰਦੁਆਰੇ ਸਾਨੂੰ ਗੁਰੂ ਜੀ ਦੇ ਆਸ਼ੀਰਵਾਦ ਦੀ ਯਾਦ ਦਿਵਾਉਂਦੇ ਹਨ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਸਦਨ ਭਾਈ ਜੈਤਾ ਦੀ ਵਿਸ਼ੇਸ਼ ਭੂਮਿਕਾ ਨੂੰ ਸ਼ੁਕਰਗੁਜ਼ਾਰੀ ਨਾਲ ਯਾਦ ਕਰਦਾ ਹੈ, ਜਿਨ੍ਹਾਂ ਨੇ ਬੇਮਿਸਾਲ ਹਿੰਮਤ ਨਾਲ ਗੁਰੂ ਜੀ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਪਹੁੰਚਾਇਆ ਸੀ। ਉਨ੍ਹਾਂ ਨੇ ਕਿਹਾ ਕਿ ਇਹ ਸਦਨ ਸੋਨੀਪਤ ਜ਼ਿਲ੍ਹੇ ਦੇ ਪਿੰਡ ਬੜਖਾਲਸਾ ਦੇ ਸ਼ਹੀਦ ਕੁਸ਼ਾਲ ਸਿੰਘ ਦਹੀਆ ਦੀ ਕੁਰਬਾਨੀ ਨੂੰ ਵੀ ਯਾਦ ਕਰਦਾ ਹੈ। ਇਤਿਹਾਸਿਕ ਵੇਰਵੇ ਅਨੁਸਾਰ ਗੁਰੂ ਜੀ ਦੇ ਸੀਸ ਨੂੰ ਲੈ ਕੇ ਜਾਂਦੇ ਹੋਏ ਭਾਈ ਜੈਤਾ ਨੂੰ ਜਦੋਂ ਬੜਖਾਲਸਾ ਪਿੰਡ 'ਚ ਮੁਗ਼ਲ ਸੈਨਾ ਨੇ ਘੇਰ ਲਿਆ ਸੀ, ਉਦੋਂ ਕੁਸ਼ਾਲ ਸਿੰਘ ਦਹੀਆ ਨੇ ਕੁਰਬਾਨੀ ਦਿੱਤੀ ਸੀ। ਇਹ ਸਦਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਨਮਾਨਪੂਰਵਕ ਢੰਗ ਨਾਲ ਮਨਾਉਣ ਦਾ ਪ੍ਰਣ ਕਰਦਾ ਹੈ।

# ਪੰਜਾਬ 'ਚ ਇਕ ਵੀ ਲਾਭਪਾਤਰੀ ਦਾ ਨਾਂ ਨਹੀਂ ਕੱਟਿਆ: ਕੇਂਦਰ

**ਨਵੀਂ ਦਿੱਲੀ:** ਕੇਂਦਰੀ ਖ਼ੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਕੇਂਦਰ ਨੇ ਪੰਜਾਬ 'ਚ ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ (ਐੱਨਐੱਫਐੱਸਏ) ਤਹਿਤ ਮਨਜ਼ੂਰ ਕੀਤੇ ਗਏ 1.41 ਕਰੋੜ ਲਾਭਪਾਤਰੀਆਂ ਵਿੱਚੋਂ ਇਕ ਵੀ



ਲਾਭਪਾਤਰੀ ਦਾ ਨਾਂ ਨਹੀਂ ਕੱਟਿਆ। ਸਿਰਫ਼ ਸੂਬਾ ਸਰਕਾਰ ਨੂੰ ਲਾਭਪਾਤਰੀਆਂ ਦੀ ਦੁਬਾਰਾ ਜਾਂਚ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਯੋਗ ਦਾਅਵੇਦਾਰਾਂ ਨੂੰ ਫ਼ਾਇਦਾ ਹੋ ਸਕੇ। ਜੋਸ਼ੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, 'ਭਗਵੰਤ ਮਾਨ ਨੂੰ ਤੱਥ ਸਹੀ ਕਰਨੇ ਚਾਹੀਦੇ ਹਨ।'' ਇਹ ਸਪੱਸ਼ਟ ਕਰਦੇ ਹੋਏ ਕਿ ਲਾਭਪਾਤਰੀਆਂ ਦੀ ਲਾਜ਼ਮੀ ਈ-ਕੇਵਾਈਸੀ ਦਾ ਸੁਪਰੀਮ ਕੋਰਟ ਵੱਲੋਂ ਨਿਰਦੇਸ਼ ਦਿੱਤਾ ਗਿਆ ਹੈ ਤੇ ਕੇਂਦਰ ਸਿਰਫ਼ ਸੂਬਿਆਂ ਨੂੰ ਇਹ ਲਾਗੂ ਕਰਨ ਲਈ ਕਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਹ ਪ੍ਰਕਿਰਿਆ ਪੂਰੀ ਕਰਨ ਲਈ ਕਈ ਵਾਰੀ ਵਿਸਥਾਰ ਦਿੱਤਾ ਗਿਆ ਹੈ।

# ਪੰਜਾਬੀਆਂ ਦੇ ਦਿਲਾਂ ਦਾ ਰਾਜਾ ਚਾਚਾ ਚਤਰ ਸਿੰਘ



### ਜਸਵਿੰਦਰ ਭੱਲਾ ਦੇ ਤੁਰ ਜਾਣ ਨਾਲ ਪੰਜਾਬੀ ਹਾਸਰਸ ਦੀ ਦੁਨੀਆ ਹੋਈ ਸੁੰਨੀ

**ਰਾਜਨੀਤਿਕ ਅਤੇ ਸਮਾਜਿਕ ਮੁਦਿਆਂ ਉੱਤੇ ਹਾਸਰਸ ਰਾਹੀਂ ਜਾਗ੍ਰਿਤੀ ਪੈਦਾ ਕਰਨ ਦੀ ਨਿਵੇਕਲੀ ਕਲਾ ਦਾ ਉਸਤਾਦ ਭੱਲਾ ਪੰਜਾਬੀਆਂ ਦਾ ਹਰਮਨ-ਪਿਆਰਾ ਕਲਾਕਾਰ ਸੀ। ਉਸਦੇ ਵਿਛੋੜੇ ਉੱਤੇ ਹਰ ਵਰਗ ਦੇ ਪੰਜਾਬੀ ਦੀ ਅੱਖ ਨਮ ਵੇਖੀ ਗਈ।**



## ਜੱਦੀ ਪਿੰਡ ਕੱਦੋਂ 'ਚ ਛਾਈ ਉਦਾਸੀ

### ਪਿੰਡ ਵਾਸੀਆਂ ਵਲੋਂ ਯਾਦਗਾਰ ਬਣਾਉਣ ਦੀ ਮੰਗ

**ਪਾਇਲ (ਖੰਨਾ):** ਮਸ਼ਹੂਰ ਕਾਮੇਡੀਅਨ ਜਸਵਿੰਦਰ ਭੱਲਾ ਨੇ ਪਿੰਡ ਕੱਦੋਂ ਦਾ ਨਾਂਅ ਸੰਸਾਰ ਭਰ ਵਿਚ ਚਮਕਾਇਆ ਹੈ । ਉਨ੍ਹਾਂ ਦੀ ਮੌਤ ਬਾਰੇ ਖ਼ਬਰ ਸੁਣ ਕੇ ਜੱਦੀ ਪਿੰਡ ਕੱਦੋਂ ਵਿਚ ਉਦਾਸੀ ਛਾ ਗਈ। ਉਜਾਗਰ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਅਤੇ ਮਾਸਟਰ ਗੁਰਦੇਵ ਸਿੰਘ ਮੁੰਡੀ ਪਿੰਡ ਕੱਦੋਂ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਜਸਵਿੰਦਰ ਭੱਲਾ ਪਿੰਡ ਕੱਦੋਂ ਦਾ ਮਾਣ ਸੀ। ਦੀਵਾਲੀ ਵਾਲੇ ਦਿਨ ਹਰ ਸਾਲ ਬਾਬਾ ਸਿੱਧਸਰ ਦੇ ਮੇਲੇ 'ਤੇ 'ਜਸਵਿੰਦਰ ਭੱਲਾ ਆਪਣੇ ਪਿਤਾ ਬਹਾਦਰ ਸਿੰਘ ਨਾਲ ਮੱਥਾ ਟੇਕਣ ਆਉਂਦਾ ਹੁੰਦਾ ਸੀ । ਦੋਰਾਹਾ ਸਕੂਲ ਦੇ ਸਾਬਕਾ ਅਧਿਆਪਕ ਮਾਸਟਰ ਗੁਰਦੇਵ ਸਿੰਘ ਮੁੰਡੀ ਨੇ ਕਿਹਾ ਕਿ ਸਕੂਲ ਦੀ ਸਵੇਰ ਦੀ ਪ੍ਰਾਰਥਨਾ 'ਚ ਜਸਵਿੰਦਰ ਭੱਲਾ ਬੈਂਡ ਵਜਾਉਂਦਾ ਹੁੰਦਾ ਸੀ। ਪਿੰਡ ਵਾਸੀਆਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਪਿੰਡ ਕੱਦੋਂ ਵਿਚ ਜਸਵਿੰਦਰ ਭੱਲਾ ਦੀ ਯਾਦ ਵਿਚ ਕੋਈ ਢੁਕਵੀਂ ਯਾਦਗਾਰ ਬਣਾਈ ਜਾਵੇ ।

—ਪੰਜਾਬੀ ਫਿਲਮਾਂ ਦੀ ਮਸ਼ਹੂਰ ਅਦਾਕਾਰਾ ਨਿਰਮਲ ਰਿਸ਼ੀ ਨੇ ਕਿਹਾ ਕਿ ਜਸਵਿੰਦਰ ਭੱਲਾ ਇਕ ਵਧੀਆ ਅਦਾਕਾਰ ਹੀ ਨਹੀਂ ਸਗੋਂ ਇਕ ਚੰਗਾ ਇਨਸਾਨ ਵੀ ਸੀ, ਹਰੇਕ ਨੂੰ ਹੱਸ ਕੇ ਮਿਲਣਾ ਉਸ ਦੀ ਫਿਤਰਤ ਸੀ। ਵਿਸ਼ਵਾਸ਼ ਨਹੀਂ ਹੋ ਰਿਹਾ ਕਿ ਉਹ ਸਾਡੇ ਵਿਚ ਨਹੀਂ ਰਹੇ। ਲੱਗਦਾ ਹੀ ਨਹੀਂ ਕਿ ਇੰਨੀ ਛੇਤੀ ਉਹ ਪੰਜਾਬੀਆਂ ਨੂੰ ਛੱਡ ਕੇ ਚਲੇ ਜਾਣਗੇ। ਉਨ੍ਹਾਂ ਦੇ ਪਿਆਰ 'ਚ ਕਦੇ ਕਮੀ ਨਹੀਂ ਸੀ ਆਉਂਦੀ। ਪ੍ਰਮਾਤਮਾ ਉਸ ਨੂੰ ਚਰਨਾਂ 'ਚ ਨਿਵਾਸ ਅਤੇ ਪਰਿਵਾਰ ਤੇ ਪ੍ਰਸ਼ੰਸਕਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**-ਨਿਰਮਲ ਰਿਸ਼ੀ,**
**ਮਸ਼ਹੂਰ ਪੰਜਾਬੀ ਅਦਾਕਾਰਾ।**

—ਅਦਾਕਾਰ ਸਰਦਾਰ ਸੋਹੀ ਨੇ ਜਸਵਿੰਦਰ ਭੱਲਾ ਦੇ ਦੇਹਾਂਤ ਦੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹਾਸਿਆਂ ਦਾ ਪਟਾਰਾ ਸੀ ਜਸਵਿੰਦਰ ਭੱਲਾ। ਯਾਦਗਾਰੀ ਪਲ ਸਾਂਝਾ ਕਰਦਿਆਂ ਸੋਹੀ ਨੇ ਕਿਹਾ ਕਿ ਮੈਂ ਜਦੋਂ ਟਿਵਾਣਾ ਸਾਹਿਬ ਨਾਲ ਥਿਏਟਰ ਕਰਦਾ ਸੀ ਉਦੋਂ ਉਹ ਪੜ੍ਹਦੇ ਸੀ। ਯੂਨੀਵਰਸਿਟੀਆਂ ਦੇ ਨਾਟਕ ਫੈਸਟੀਵਲ 'ਚ ਬੈਸਟ ਐਕਟਰ ਦਾ ਐਵਾਰਡ ਜਸਵਿੰਦਰ ਭੱਲਾ ਨੂੰ ਮੈਂ ਸੌਂਪਿਆ ਸੀ। 'ਕੈਰੀ ਆਨ ਜੱਟਾ' ਦਾ ਡਾਇਲਾਗ ''ਛੋਟਾ ਬੇਟਾ ਅਜੇ ਤਾਂ ਤੰਗ ਹੀ ਕਰਦਾ ਹੈ'' ਇਹ ਡਾਇਲਾਗ ਮੈਨੂੰ ਭੱਲਾ ਸਾਹਿਬ ਨੇ ਦਿੱਤਾ ਸੀ।

**-ਸਰਦਾਰ ਸੋਹੀ,**
**ਪੰਜਾਬੀ ਅਦਾਕਾਰ।**

—ਭੱਲਾ ਸਾਹਿਬ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਮਨ ਬਹੁਤ ਦੁਖੀ ਹੈ। ਉਹ ਜਿੰਨੇ ਵੱਡੇ ਕਲਾਕਾਰ ਸਨ, ਉਸ ਤੋਂ ਵੀ ਵੱਧ ਵੱਡੇ ਇਨਸਾਨ ਸਨ। ਮੈਂ ਉਨ੍ਹਾਂ ਨੂੰ ਨੇੜਿਓਂ ਤੱਕਿਆ ਹੈ, ਕਦੇ ਛੋਟੇ



ਕਲਾਕਾਰਾਂ ਨੂੰ ਛੋਟਾ ਮਹਿਸੂਸ ਨਹੀਂ ਹੋਣ ਦਿੰਦੇ ਸਨ। ਅਕਸਰ ਹਸਪਤਾਲ ਜਾ ਕੇ ਮਿਲਦਾ ਸੀ ਪਰ ਸੋਚਿਆ ਨਹੀਂ ਸੀ ਕਿ ਇੰਨੀ ਜਲਦੀ ਸਾਨੂੰ ਛੱਡ ਜਾਣਗੇ।

**-ਕਰਮਜੀਤ ਸਿੰਘ ਅਨਮੋਲ,**
**ਅਦਾਕਾਰ ਤੇ ਨੇਤਾ।**

—ਮੈਂ ਤੇ ਜਸਵਿੰਦਰ ਭੱਲਾ ਨੇ ਇਕ ਸਾਥ 20 ਤੋਂ ਵੱਧ ਫਿਲਮਾਂ 'ਚ ਕੰਮ ਕੀਤਾ। ਮੈਨੂੰ ਯਾਦ ਹੈ ਕਿ ਜੇ ਫਿਲਮ ਦੇ ਕਿਸੇ ਦ੍ਰਿਸ਼ 'ਚ ਮੇਰੀ ਪੰਚ ਲਾਈਨ ਨਹੀਂ ਹੁੰਦੀ ਸੀ ਤਾਂ ਉਹ ਮੇਰੀ ਪੰਚ ਲਾਈਨ ਜੋੜਦੇ ਸਨ। ਕੰਮ ਦੇ ਕਾਪੀ ਇੰਨਾ ਜੂਨੂਨ ਸੀ ਕਿ ਖ਼ੁਦ ਤੋਂ ਵੀ ਲਾਈਨ ਜੋੜਦੇ ਸਨ । ਇਸ ਤਰ੍ਹਾਂ ਉਨ੍ਹਾਂ ਦਾ ਚਲਾ ਜਾਣਾ ਮੈਨੂੰ ਮੇਰੇ ਸੱਜੇ ਹੱਥ ਦਾ ਚਲਾ ਜਾਣਾ ਮਹਿਸੂਸ ਹੋ ਰਿਹਾ ਹੈ। ਜਿਵੇਂ ਮੇਰਾ ਹੱਥ ਕੱਟ ਗਿਆ ਹੋਵੇ।

**-ਬੀਐਨ ਸ਼ਰਮਾ,**
**ਕਲਾਕਾਰ-ਕਾਮੇਡੀਅਨ।**

—ਪ੍ਰਸਿੱਧ ਅਦਾਕਾਰਾ ਪ੍ਰੀਤੀ ਸਪਰੂ ਨੇ ਜਸਵਿੰਦਰ ਭੱਲਾ ਸਬੰਧੀ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ, 'ਉਸ ਦੀਆਂ ਸ਼ੁਰੂਆਤੀ ਦੋ-ਤਿੰਨ ਫਿਲਮਾਂ 'ਚ ਉਨ੍ਹਾਂ ਨੇ ਕੰਮ ਕੀਤਾ ਸੀ। ਕੁਝ ਦਿਨ ਪਹਿਲਾਂ ਹੀ ਮੇਰੀ ਉਨ੍ਹਾਂ ਨਾਲ ਗੱਲਬਾਤ ਹੋਈ ਸੀ ਪਰ ਮੈਨੂੰ ਪਤਾ ਨਹੀਂ ਸੀ ਕਿ ਉਹ ਬਿਮਾਰ ਹਨ, ਨਹੀਂ ਤਾਂ ਮੈਂ ਜ਼ਰੂਰ ਮਿਲਣ ਜਾਂਦੀ। ਉਹ ਸੈੱਟ 'ਤੇ ਵੀ ਸਾਰਿਆਂ ਨੂੰ ਸਹਿਯੋਗ ਦਿੰਦੇ ਰਹਿੰਦੇ ਸਨ।

**-ਪ੍ਰੀਤੀ ਸਪਰੂ,**
**ਅਦਾਕਾਰਾ।**

—ਭੱਲਾ ਸਾਹਿਬ ਨਾਲ ਬਿਤਾਏ ਪਲ ਮੇਰੀ ਜ਼ਿੰਦਗੀ ਦੇ ਸਭ ਤੋਂ ਯਾਦਗਾਰ ਪਲ ਹਨ। ਉਨ੍ਹਾਂ ਨਾਲ ਕੰਮ ਕਰਨਾ ਹਮੇਸ਼ਾ ਸਿੱਖਣ ਵਾਲਾ ਤਜਰਬਾ ਰਿਹਾ। ਉਹ ਮੇਰੇ ਲਈ ਪਿਤਾ ਵਰਗੇ ਸਨ। ਪੰਜਾਬੀ ਫਿਲਮਾਂ ਦੇ ਕਈ ਕਿੱਸੇ, ਕਈ ਮਜ਼ਾਕ ਤੇ ਕਹਾਣੀਆਂ ਉਨ੍ਹਾਂ ਨੇ ਹੀ ਰਚੀਆਂ। ਉਨ੍ਹਾਂ ਦਾ ਜਾਣਾ ਪੰਜਾਬੀ ਫਿਲਮ ਜਗਤ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

**-ਗਿੱਪੀ ਗਰੇਵਾਲ, ਕਲਾਕਾਰ।**

—ਉਹ ਸੰਨ 1978 'ਚ ਮੈਨੂੰ ਪਹਿਲੀ ਵਾਰ ਮਿਲਿਆ ਸੀ। 49 ਸਾਲ ਪੁੱਤਾਂ ਵਾਂਗ ਨਿਭਿਆ। ਉਸ ਨਾਲ ਬਿਤਾਇਆ ਇਕ-ਇਕ ਪਲ ਮੈਨੂੰ ਅੱਜ ਵੀ ਯਾਦ ਹੈ। ਉਨ੍ਹਾਂ ਕਿਹਾ ਕਿ ਭੱਲਾ ਦਾ ਕੋਈ ਬਦਲ ਨਹੀਂ। ਕੋਈ ਵੀ ਦੂਸਰਾ ਜਸਵਿੰਦਰ ਭੱਲਾ ਨਹੀਂ ਬਣ ਸਕਦਾ। ਰਹਿੰਦੀ ਦੁਨੀਆਂ ਤੱਕ ਲੋਕ ਉਸ ਦੀ ਅਦਾਕਾਰੀ ਨੂੰ ਯਾਦ ਕਰਦੇ ਰਹਿਣਗੇ। ਉਨ੍ਹਾਂ ਸੱਭਿਆਚਾਰ ਦੇ ਰਾਖੇ ਜਸਵਿੰਦਰ ਭੱਲਾ ਦੇ ਟਾਈਟਲ ਹੇਠ ਇੱਕ ਆਰਟੀਕਲ ਵੀ ਲਿਖਿਆ। ਆਪਣੀ ਮਿਹਨਤ ਤੇ ਤਪੱਸਿਆ ਸਦਕਾ ਉਸ ਨੇ ਉਹ ਮੁਕਾਮ ਹਾਸਲ ਕੀਤਾ ਜਿਸ 'ਤੇ ਦੁਨੀਆ 'ਚ ਬੈਠਾ ਹਰੇਕ ਪੰਜਾਬੀ ਮਾਣ ਮਹਿਸੂਸ ਕਰਦਾ ਹੈ।

**-ਪ੍ਰੋ. ਗੁਰਭਜਨ ਸਿੰਘ ਗਿੱਲ,**
**ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ।**

—ਸਦਾ ਮੁਸਕਰਾਉਣ ਵਾਲੇ, ਦੂਜਿਆਂ ਤਾਈ ਹਸਾਉਣ ਵਾਲ਼ੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਤੇ ਪੰਜਾਬੀ ਫ਼ਿਲਮ ਜਗਤ ਦੀ ਮਾਣਮੱਤੀ ਸ਼ਖਸ਼ੀਅਤ ਡਾ.ਜਸਵਿੰਦਰ ਭੱਲਾ ਅੱਜ ਸਦੀਵੀ ਅਲਵਿਦਾ ਕਹਿ ਗਏ ਹਨ। ਇਹ ਮਨਹੂਸ ਖ਼ਬਰ ਪੜ੍ਹ ਕੇ ਤੇ ਫਿਰ ਸੁਣ ਕੇ ਵੀ ਮਨ ਨੂੰ ਯਕੀਨ ਨਹੀਂ ਸੀ ਆ ਰਿਹਾ ਪਰ ਇਹ ਮਨਹੂਸ ਖ਼ਬਰ



ਸੱਚੀ ਹੈ । ਪੀਏਯੂ ਲੁਧਿਆਣਾ 'ਚ ਪੜ੍ਹਾਉਂਦਿਆਂ ਹੋਇਆਂ ਸਰਵਿਸ ਦੌਰਾਨ ਉਨ੍ਹਾਂ ਨੂੰ ਕਈ ਵਾਰੀ ਮਿਲਣ ਦਾ ਸਬੱਬ ਬਣਿਆ। ਉਸ ਨੇਕ ਰੂਹ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਵਾਹਿਗੁਰੂ ਅੱਗੇ ਅਰਦਾਸ ਕਰਦੀ ਹਾਂ ਕਿ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ, ਸਾਕ-ਸਬੰਧੀਆਂ ਤੇ ਸਾਰੇ ਮਿੱਤਰ ਪਿਆਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**-ਡਾ. ਗੁਰਚਰਨ ਕੌਰ ਕੋਚਰ,**
**ਪ੍ਰਧਾਨ, ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ।**

### ਕਲਾ, ਸਾਹਿਤ, ਸੱਭਿਆਚਾਰ ਤੇ ਸਿਨੇਮਾ ਲਈ ਵੱਡਾ ਘਾਟਾ: ਭਗਵੰਤ ਮਾਨ

ਜਸਵਿੰਦਰ ਭੱਲਾ ਦੇ ਗ੍ਰਹਿ ਵਿਖੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਨੇ ਉੱਘੇ ਕਾਮੇਡੀਅਨ ਦੇ ਦਿਹਾਂਤ ਨੂੰ ਕਲਾ, ਸਾਹਿਤ, ਸੱਭਿਆਚਾਰ ਅਤੇ ਸਿਨੇਮਾ ਦੀ ਦੁਨੀਆ ਲਈ ਵੱਡਾ ਘਾਟਾ ਦੱਸਿਆ। ਇਸ ਮੌਕੇ ਭਾਵੁਕ ਹੁੰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਉਨ੍ਹਾਂ ਲਈ ਵੱਡਾ ਨਿੱਜੀ ਘਾਟਾ ਹੈ ਅਤੇ ਜਸਵਿੰਦਰ ਭੱਲਾ ਦੇ ਦਿਹਾਂਤ ਨਾਲ ਪੈਦਾ ਹੋਏ ਖਲਾਅ ਨੂੰ ਨੇੜਲੇ ਭਵਿੱਖ ਵਿਚ ਭਰਨਾ ਆਸਾਨ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜਸਵਿੰਦਰ ਭੱਲਾ ਦੇਸ਼ ਭਰ ਦੇ ਉੱਭਰਦੇ ਕਲਾਕਾਰਾਂ ਕਰਕੇ ਹਾਸਰਸ ਕਲਾਕਾਰਾਂ ਲਈ ਜਿਨ੍ਹਾਂ ਅਤੇ ਫ਼ਿਲਮ ਟੈਲੀਵਿਜ਼ਨ ਅਤੇ ਪੰਜਾਬੀ ਜਗਤ 'ਚ ਅਮਿੱਟ ਛਾਪ ਛੱਡੀ।



### ਪੰਜਾਬੀ ਸੱਭਿਆਚਾਰ ਤੇ ਲੋਕ ਰਸਮਾਂ ਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚਾਇਆ: ਸੁਖਬੀਰ


**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਵੀਟ ਕਰਦਿਆਂ ਕਿਹਾ ਵਿ ਜਸਵਿੰਦਰ ਭੱਲਾ ਸਿਰਫ਼ ਇਕ ਕਲਾਕਾਰ ਹੀ ਨਹੀਂ ਸਨ, ਸਗੋਂ ਉਨ੍ਹਾਂ ਨੇ ਆਪਣੀ ਕਾਮੇਡੀ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਲੋਕ ਰਸਮਾਂ ਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚਾਇਆ। ਉਨ੍ਹਾਂ ਨੇ ਕਿਹਾ ਕਿ ਪੰਜਾਬੀ ਫ਼ਿਲਮ ਇੰਡਸਟਰੀ ਨੇ ਇਕ ਮਹਾਨ ਕਲਾਕਾਰ ਗੁਆ ਦਿੱਤਾ ਹੈ।

### 'ਕੈਰੀ ਆਨ ਜੱਟਾ' 'ਚ ਢਿੱਲੋਂ ਦੇ ਕਿਰਦਾਰ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ

ਸਾਰੀਆਂ ਉਨ੍ਹਾਂ ਦੀਆਂ ਭੂਮਿਕਾਵਾਂ 'ਚੋਂ 'ਕੈਰੀ ਆਨ ਜੱਟਾ' ਲੜੀ ਵਿਚ ਐਡਵੋਕੇਟ ਢਿੱਲੋਂ ਦਾ ਕਿਰਦਾਰ ਸਭ ਤੋਂ ਵੱਧ ਜ਼ਿਕਰਯੋਗ ਸੀ। ਇਸ ਫਿਲਮ 'ਚ ਐਡਵੋਕੇਟ ਢਿੱਲੋਂ ਦੇ ਰੂਪ 'ਚ 'ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਂਵੇਂ ਨਹੀਂ ਪਾਇਆ' ਤੇ 'ਗੰਦੀ ਔਲਾਦ ਨਾ ਮਜ਼ਾ ਨਾ ਸਵਾਦ' ਵਰਗੇ ਸੰਵਾਦਾਂ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ।

### 'ਛਣਕਾਟਾ' ਨਾਲ ਮਿਲੀ ਪ੍ਰਸਿੱਧੀ

ਜਸਵਿੰਦਰ ਭੱਲਾ ਦਾ ਕਾਮੇਡੀ ਸਫ਼ਰ ਵਿਦਿਆਰਥੀ ਜੀਵਨ ਤੋਂ ਹੀ ਸ਼ੁਰੂ ਹੋ ਗਿਆ ਸੀ। 1975 'ਚ ਉਨ੍ਹਾਂ ਆਪਣੇ ਮਿੱਤਰਾਂ ਨਾਲ ਆਲ ਇੰਡੀਆ ਰੇਡੀਓ ਲਈ ਪੇਸ਼ਕਾਰੀ ਕੀਤੀ, ਜਿਸ ਨਾਲ ਉਨ੍ਹਾਂ ਨੂੰ ਸ਼ੁਰੂਆਤੀ ਪਛਾਣ ਮਿਲੀ। ਉਨ੍ਹਾਂ ਨੂੰ ਅਸਲ ਸਫ਼ਲਤਾ 1988 'ਚ ਮਿਲੀ ਜਦੋਂ ਆਪਣੇ



ਕਾਲਜ ਦੇ ਦੋਸਤ ਬਾਲ ਮੁਕੰਦ ਸ਼ਰਮਾ ਨਾਲ ਮਿਲ ਕੇ ਵਿਅੰਗ ਲੜੀ 'ਛਣਕਾਟਾ' ਦੀ ਪਹਿਲੀ ਕੈਸੇਟ ਜਾਰੀ ਕੀਤੀ। ਇਹ ਨਾਂਅ ਉਨ੍ਹਾਂ ਦੇ ਸਾਲਾਨਾ ਕਾਲਜ ਸ਼ੋਅ ਤੋਂ ਆਇਆ ਅਤੇ ਜੋ ਅੱਗੇ ਚੱਲ ਕੇ ਪੰਜਾਬ 'ਚ ਇਕ ਮਸ਼ਹੂਰ ਕਾਮੇਡੀ ਲੜੀ ਬਣ ਗਿਆ। ਆਪਣੀ ਲੜੀ 'ਛਣਕਾਟਾ' ਰਾਹੀਂ ਜਸਵਿੰਦਰ ਘਰ-ਘਰ 'ਚ ਪ੍ਰਸਿੱਧ ਹੋ ਗਏ ਅਤੇ ਉਨ੍ਹਾਂ ਚਾਚਾ ਚਤਰ ਸਿੰਘ, ਭਾਨਾ ਐਨ.ਆਰ.ਆਈ., ਜੇਬੀ ਅਤੇ ਤਾਇਆ ਫੁੰਮਣ ਸਿੰਘ ਵਰਗੇ ਕਈ ਯਾਦਗਾਰੀ ਕਿਰਦਾਰਾਂ ਨੂੰ ਪੇਸ਼ ਕੀਤਾ।

### ਪੁਰਸਕਾਰ ਅਤੇ ਪ੍ਰਾਪਤੀਆਂ

ਹਾਲਾਂਕਿ ਜਸਵਿੰਦਰ ਭੱਲਾ ਨੂੰ ਬਹੁਤੇ ਮੁੱਖ ਧਾਰਾ ਦੇ ਪੁਰਸਕਾਰ ਨਹੀਂ ਮਿਲੇ, ਪਰ ਉਨ੍ਹਾਂ ਦੀ ਅਸਲ ਪ੍ਰਾਪਤੀ ਉਨ੍ਹਾਂ ਦੁਆਰਾ ਛੱਡਿਆ ਗਿਆ ਸੱਭਿਆਚਾਰਕ ਪ੍ਰਭਾਵ ਸੀ । ਉਨ੍ਹਾਂ ਦੀਆਂ ਕਾਮੇਡੀ ਐਲਬਮਾਂ, ਸਟੇਜ ਸ਼ੋਅ ਅਤੇ ਫ਼ਿਲਮਾਂ ਦੀਆਂ ਭੂਮਿਕਾਵਾਂ ਨੇ ਉਨ੍ਹਾਂ ਨੂੰ ਪੰਜਾਬ ਦੇ ਸਭ ਤੋਂ ਪਸੰਦੀਦਾ ਮਨੋਰੰਜਨਕਾਰਾਂ 'ਚੋਂ ਇਕ ਬਣਾ ਦਿੱਤਾ। ਇਕ ਪ੍ਰੋਫੈਸਰ ਅਤੇ ਇਕ ਕਾਮੇਡੀਅਨ ਵਜੋਂ ਆਪਣੇ ਕਰੀਅਰ ਨੂੰ ਸੰਤੁਲਿਤ ਕਰਦੇ ਹੋਏ ਉਨ੍ਹਾਂ ਇਕ ਵਿਲੱਖਣ ਪਛਾਣ ਬਣਾਈ, ਜਿਸ ਨੇ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ।

### ਜਦੋਂ ਭੱਲਾ ਨੂੰ ਮੁਅੱਤਲ ਕਰਨ ਦਾ ਹੁਕਮ ਵੀ. ਸੀ. ਡਾ. ਔਲਖ ਨੇ ਨਾ ਮੰਨਿਆ

**ਲੁਧਿਆਣਾ:** ਪੀਏਯੂ ਲੁਧਿਆਣਾ ਦੇ ਸਾਬਕਾ ਵਾਈਸ ਚਾਂਸਲਰ ਡਾ. ਕ੍ਰਿਪਾਲ ਸਿੰਘ ਔਲਖ ਨੇ ਕਿਹਾ ਸੁਣ ਕੇ ਬਹੁਤ ਦੁੱਖ ਹੋਇਆ ਕਿ ਪੰਜਾਬ ਦੇ ਪ੍ਰਮੁੱਖ ਕਲਾਕਾਰਾਂ ਵਿਚੋਂ ਇੱਕ ਤੇ ਹਾਸਿਆਂ ਦੇ ਬਾਦਸ਼ਾਹ ਡਾ. ਜਸਵਿੰਦਰ ਸਿੰਘ ਭੱਲਾ ਸਾਡੇ 'ਚੋਂ ਚਲੇ ਗਏ ਹਨ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਮੈਂ ਜਸਵਿੰਦਰ ਨੂੰ ਪਿਛਲੇ 50 ਸਾਲਾਂ ਤੋਂ ਜਾਣਦਾ ਹਾਂ। ਜਸਵਿੰਦਰ ਤੇ ਬਾਲ ਮੁਕੰਦ ਸ਼ਰਮਾ (ਜੋ ਅੱਜ ਕੱਲ੍ਹ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਹਨ) ਭੱਲਾ ਦੇ ਸਾਥੀ ਤੇ ਲੰਗੋਟੀਏ ਦੋਸਤ ਸਨ ਤੇ ਮੇਰੇ ਵਿਦਿਆਰਥੀ ਵੀ ਰਹੇ ਹਨ। ਉਨ੍ਹਾਂ ਨੇ 1975 ਤੋਂ ਆਪਣੇ ਵਿਦਿਆਰਥੀ ਜੀਵਨ ਦੌਰਾਨ ਹੀ ਆਪਣਾ ਹਾਸਿਆ ਬੋਧ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ।



1988 ਤੋਂ ਲਗਪਗ 3 ਦਰਜਨ ਆਡੀਓ ਵੀਡੀਓ ਕੈਸੇਟਾਂ ਨਾਲ ਉਨ੍ਹਾਂ ਨੇ ਆਪਣੇ ਅਸਲੀ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ।

ਉਨ੍ਹਾਂ ਨੇ ਕਿਹਾ ਮੈਨੂੰ ਯਾਦ ਹੈ ਕਿ ਸ਼ਾਇਦ 2004 ਦੀ ਗੱਲ ਹੈ, ਮੈਂ ਪੀਏਯੂ ਦਾ ਵਾਇਸ ਚਾਂਸਲਰ ਸੀ ਤੇ ਮੈਨੂੰ ਰਾਤ 8 ਵਜੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਸਕੱਤਰ ਸਿਨਹਾ ਦਾ ਫੋਨ ਆਇਆ ਕਿ ਭੱਲਾ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨਾ ਹੈ ਕਿਉਂਕਿ ਉਨ੍ਹਾਂ ਨੇ ਮੁੱਖ ਮੰਤਰੀ ਦੀ ਨਕਲ ਲਗਾਈ ਹੈ। ਬਾਲ ਮੁਕੰਦ ਸ਼ਰਮਾ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਮੈਂ ਕਿਹਾ ਕਿ ਮੈਂ ਨਹੀਂ ਕਰ ਸਕਦਾ। ਇਸ ਤੇ ਕਾਫ਼ੀ ਤਲਖ਼ੀ ਵੀ ਹੋ ਗਈ ਸੀ। ਪਰ ਮੈਂ ਉਹ ਹੁਕਮ ਨਾ ਮੰਨਿਆ।

### ਫ਼ਿਲਮ 'ਦੁੱਲਾ ਭੱਟੀ' ਨਾਲ ਪੰਜਾਬੀ ਸਿਨੇਮਾ 'ਚ ਕੀਤਾ ਪ੍ਰਵੇਸ਼

ਜਸਵਿੰਦਰ ਭੱਲਾ ਨੇ ਪੰਜਾਬੀ ਸਿਨੇਮਾ 'ਚ ਫਿਲਮ 'ਦੁੱਲਾ ਭੱਟੀ' ਨਾਲ ਪ੍ਰਵੇਸ਼ ਕੀਤਾ। ਉਨ੍ਹਾਂ ਦੀਆਂ ਸ਼ੁਰੂਆਤੀ ਪ੍ਰਸਿੱਧ ਫਿਲਮਾਂ 'ਚੋਂ ਇਕ ਜਸਪਾਲ ਭੱਟੀ ਦੁਆਰਾ ਨਿਰਦੇਸ਼ਿਤ 'ਮਾਹੌਲ ਠੀਕ ਹੈ' (1999) ਸੀ, ਜਿਸ ਨੇ ਪੁਲਿਸ ਵਿਵਸਥਾ 'ਤੇ ਵਿਅੰਗ ਕੀਤਾ ਗਿਆ ਸੀ। ਸਮੇਂ ਦੌਰਾਨ ਉਹ ਪੰਜਾਬੀ ਫਿਲਮਾਂ ਵਿਚ ਸਭ ਤੋਂ ਮਸ਼ਹੂਰ ਹਾਸਰਸ ਅਦਾਕਾਰਾਂ 'ਚੋਂ ਇਕ ਬਣ ਗਏ ਅਤੇ ਉਨ੍ਹਾਂ 'ਕੈਰੀ ਆਨ ਜੱਟਾ, ਜੱਟ ਐਂਡ ਜੂਲੀਅਟ, ਮਿਸਟਰ ਐਂਡ ਮਿਸਿਜ਼ 420, ਡੈਡੀ ਕੂਲ ਮੁੰਡੇ ਫੂਲ ਅਤੇ ਗੋਲਕ ਬੁਗਨੀ ਬੈਂਕ ਤੇ ਬਟੂਆ' ਵਰਗੀਆਂ ਹਿੱਟ ਫਿਲਮਾਂ ਵਿਚ ਕੰਮ ਕੀਤਾ।

# ਕਾਂਗਰਸੀ ਵਿਧਾਇਕ ਦੇ ਘਰੋਂ ਮਿਲੀ 12 ਕਰੋੜ ਦੀ ਨਕਦੀ



**ਨਵੀਂ ਦਿੱਲੀ:** ਕਰਨਾਟਕ ਦੇ ਕਾਂਗਰਸੀ ਵਿਧਾਇਕ ਕੇ.ਸੀ. ਵੀਰੇਂਦਰ 'ਪੱਪੀ' ਨੂੰ ਸਨਿੱਚਰਵਾਰ ਨੂੰ ਸਿੱਕਮ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਗ੍ਰਿਫ਼ਤਾਰ ਕਰ ਲਿਆ। ਵੀਰੇਂਦਰ ਨੂੰ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐਮ.ਐਲ.ਏ.) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ 'ਤੇ ਗੈਰ-ਕਾਨੂੰਨੀ ਆਨਲਾਈਨ ਅਤੇ ਆਫ਼ਲਾਈਨ ਸੱਟੇਬਾਜ਼ੀ ਦਾ ਦੋਸ਼ ਹੈ।ਈ.ਡੀ. ਨੇ ਸ਼ੁੱਕਰਵਾਰ ਨੂੰ ਵੀਰੇਂਦਰ ਦੇ ਕਈ ਟਿਕਾਣਿਆਂ 'ਤੇ ਛਾਪਾ ਮਾਰਿਆ। ਛਾਪੇਮਾਰੀ ਦੌਰਾਨ, ਜਾਂਚ ਏਜੰਸੀ ਨੂੰ 12 ਕਰੋੜ ਰੁਪਏ ਦੀ ਨਕਦੀ ਅਤੇ 6 ਕਰੋੜ ਰੁਪਏ ਦੇ ਸੋਨੇ ਦੇ ਗਹਿਣੇ ਮਿਲੇ। ਇਸ ਦੇ ਨਾਲ ਹੀ 1 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਵੀ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਚਾਰ ਵਾਹਨ ਵੀ ਜ਼ਬਤ ਕੀਤੇ ਗਏ ਹਨ। ਕੇ.ਸੀ. ਵੀਰੇਂਦਰ ਕਰਨਾਟਕ ਦੇ ਚਿੱਤਰ ਦੁਰਗਾ ਵਿਧਾਨ ਸਭਾ ਦੇ ਵਿਧਾਇਕ ਹਨ।ਦੱਸਿਆ ਗਿਆ ਹੈ ਕਿ ਵਿਧਾਇਕ ਦੀ ਗੋਆ ਵਿਚ ਕੈਸੀਨੋ ਕਾਰੋਬਾਰ ਵਿੱਚ ਹਿੱਸੇਦਾਰੀ ਹੈ। ਉਹ ਪੰਜ ਕੈਸੀਨੋ ਦੇ ਮਾਲਕ ਹਨ, ਜਿਸ ਵਿਚ ਮਸ਼ਹੂਰ ਪਪੀਜ਼ ਕੈਸੀਨੋ ਵੀ ਸ਼ਾਮਲ ਹੈ।

ਏਜੰਸੀ ਨੇ ਸਨਿੱਚਰਵਾਰ ਨੂੰ 31 ਥਾਵਾਂ, ਜਿਨ੍ਹਾਂ 'ਚ ਕਰਨਾਟਕ ਦੇ ਚਿਤਰਾਦੁਰਗਾ, ਹੁੱਬਲੀ ਅਤੇ ਬੰਗਲੁਰੂ, ਰਾਜਸਥਾਨ ਦੇ ਜੋਧਪੁਰ, ਸਿੱਕਮ, ਮੁੰਬਈ ਅਤੇ ਗੋਆ ਸ਼ਾਮਲ ਹਨ, ਵਿਖੇ ਛਾਪੇਮਾਰੀ ਕੀਤੀ। ਵਿਧਾਇਕ ਨੂੰ ਸ਼ੁੱਕਰਵਾਰ ਨੂੰ ਸਿੱਕਮ ਦੀ ਰਾਜਧਾਨੀ ਗੰਗਟੋਕ ਵਿਚ ਇਕ ਮਨੋਨੀਤ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ ਅਤੇ ਉਸਨੂੰ ਬੈਂਗਲੁਰੂ ਦੀ ਅਧਿਕਾਰ ਖੇਤਰ ਦੀ ਅਦਾਲਤ ਵਿਚ ਪੇਸ਼ ਕਰਨ ਲਈ ਇਕ ਟ੍ਰਾਂਜ਼ਿਟ ਰਿਮਾਂਡ ਪ੍ਰਾਪਤ ਕੀਤਾ ਗਿਆ ਸੀ। ਈ.ਡੀ. ਦਾ ਬੈਂਗਲੁਰੂ ਜ਼ੋਨ ਮਾਮਲੇ ਦੀ ਜਾਂਚ ਕਰ ਰਿਹਾ ਹੈ। ਏਜੰਸੀ ਨੇ ਦੱਸਿਆ ਕਿ ਵਿਧਾਇਕ ਆਪਣੇ ਸਾਥੀਆਂ ਨਾਲ ਇੱਕ ਕੈਸੀਨੋ ਕਿਰਾਏ 'ਤੇ ਲੈਣ ਲਈ ਵਪਾਰਕ ਦੌਰੇ 'ਤੇ ਗੰਗਟੋਕ ਗਿਆ ਸੀ। ਵੀਰੇਂਦਰ ਦੇ ਭਰਾ ਕੇ ਸੀ ਨਾਗਰਾਜ ਅਤੇ ਉਸਦੇ ਪੁੱਤਰ ਪ੍ਰਿਥਵੀ ਐਨ ਰਾਜ ਦੇ ਅਹਾਤੇ ਤੋਂ ਜਾਇਦਾਦ ਨਾਲ ਸਬੰਧਤ ਕਈ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ।ਉਸ ਦੇ ਹੋਰ ਸਹਿਯੋਗੀ ਜਿਵੇਂ ਕਿ ਇੱਕ ਹੋਰ ਭਰਾ ਕੇ ਸੀ ਥਿਪੇਸਵਾਮੀ ਦੁਬਈ ਤੋਂ ਆਨਲਾਈਨ ਗੇਮਿੰਗ ਦੇ ਸੰਚਾਲਨ ਨੂੰ ਸੰਭਾਲ ਰਹੇ ਹਨ।

# ਅਮਰੀਕਾ 'ਚ ਵਿਦੇਸ਼ੀ ਟਰੱਕ ਡਰਾਈਵਰਾਂ ਨੂੰ ਨਹੀਂ ਮਿਲੇਗਾ ਵਰਕ ਵੀਜ਼ਾ




**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਅਮਰੀਕਾ ਵਪਾਰਕ ਟਰੱਕ ਡਰਾਈਵਰਾਂ ਲਈ ਵਰਕਰ ਵੀਜ਼ਾ ਜਾਰੀ ਕਰਨਾ ਬੰਦ ਕਰ ਰਿਹਾ ਹੈ। ਵੀਰਵਾਰ ਨੂੰ ਐਕਸ 'ਤੇ ਇਸ ਕਦਮ ਦਾ ਐਲਾਨ ਕਰਦੇ ਹੋਏ, ਰੂਬੀਓ ਨੇ ਕਿਹਾ ਕਿ ਇਹ ਤਬਦੀਲੀ ਤੁਰੰਤ ਲਾਗੂ ਹੋ ਗਈ ਹੈ। ਕੁੱਝ ਦਿਨ ਪਹਿਲਾਂ ਇਕ ਪੰਜਾਬੀ ਡਰਾਈਵਰ ਵਲੋਂ ਟਰੈਫਿਕ ਨਿਯਮਾਂ ਦੀ ਉਲੰਘਣਾ ਕੀਤੇ ਜਾਣ ਕਾਰਨ ਵਾਪਰੇ ਹਾਦਸੇ 'ਚ 3 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਸਰਕਾਰ ਦਾ ਫੈਸਲਾ ਹੁਣ ਇਸ ਘਟਨਾ ਨਾਲ ਜੋੜ ਕੇ ਦੇਖਿਆ ਹੈ ਤੇ ਅਮਰੀਕੀ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਨੂੰ ਘਟਾ ਰਹੀ ਹੈ। ਹਾਲਾਂਕਿ, ਉਨ੍ਹਾਂ ਦੇ ਵਿਭਾਗ ਨੇ ਅਮਰੀਕਾ 'ਚ ਕੰਮ ਕਰਨ ਵਾਲੇ ਵਿਦੇਸ਼ੀ ਟਰੱਕ ਡਰਾਈਵਰਾਂ ਦੀ ਗਿਣਤੀ ਬਾਰੇ ਇਕ ਸਵਾਲ ਦਾ ਤੁਰੰਤ ਜਵਾਬ ਨਹੀਂ ਦਿੱਤਾ।ਆਵਾਜਾਈ ਵਿਭਾਗ ਨੇ ਕਿਹਾ ਕਿ ਉਦੇਸ਼ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣਾ ਹੈ ਜਿਨ੍ਹਾਂ 'ਚ ਡਰਾਈਵਿੰਗ ਸੰਕੇਤ ਪੜ੍ਹਨ ਜਾਂ ਅੰਗਰੇਜ਼ੀ ਬੋਲਣ 'ਚ ਅਸਮਰੱਥਾ ਹਾਦਸਿਆਂ ਨੂੰ ਬੁਲਾਵਾ ਦੇਲ ਸਕਦੀ ਹੈ।

## ਫੈਸਲੇ ਨੂੰ ਚੇਤਾਵਨੀ ਵਜੋਂ ਦੇਖਣਾ ਚਾਹੀਦਾ ਹੈ: ਕੈਨੇਡਾ ਦੀ ਸੰਸਥਾ

**ਟੋਰਾਂਟੋ:** ਅਮਰੀਕਾ ਵੱਲੋਂ ਵਿਦੇਸ਼ੀ ਵਪਾਰਕ ਟਰੱਕ ਡਰਾਈਵਰਾਂ ਲਈ ਵਰਕਰ ਵੀਜ਼ਾ ਰੋਕਣ ਤੋਂ ਚਿੰਤਤ, ਇਕ ਪ੍ਰਮੁੱਖ ਕੈਨੇਡੀਅਨ ਐਸੋਸੀਏਸ਼ਨ ਨੇ ਓਟਾਵਾ ਨੂੰ ਉਦਯੋਗ 'ਚ ਇਮੀਗ੍ਰੇਸ਼ਨ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਲਈ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕੈਨੇਡੀਅਨ ਟਰੱਕਿੰਗ ਅਲਾਇੰਸ (ਸੀ.ਟੀ.ਏ.) ਨੇ ਕਿਹਾ ਕਿ ਕੈਨੇਡਾ ਨੂੰ ਇਨ੍ਹਾਂ ਘਟਨਾਵਾਂ ਨੂੰ ਸਾਡੇ ਸਿਸਟਮ ਦੇ ਅੰਦਰਲੇ ਮੁੱਦਿਆਂ ਨੂੰ ਸਾਫ਼ ਕਰਨ ਲਈ ਇਕ ਚੇਤਾਵਨੀ ਵਜੋਂ ਦੇਖਣਾ ਚਾਹੀਦਾ ਹੈ ਨਹੀਂ ਤਾਂ ਭਵਿੱਖ 'ਚ ਸੰਭਾਵਤ ਤੌਰ 'ਤੇ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨ ਦਾ ਜੋਖਮ ਹੋਵੇਗਾ।

# ਵਿਆਹੁਤਾ ਵਲੋਂ ਪ੍ਰੇਮੀ ਨਾਲ ਮਿਲ ਕੇ ਪਤੀ ਦੀ ਹੱਤਿਆ

**ਅੰਮ੍ਰਿਤਸਰ:** ਅੰਮ੍ਰਿਤਸਰ 'ਚ ਨਾਜਾਇਜ਼ ਸੰਬੰਧਾਂ ਦਾ ਪਤਾ ਲੱਗਣ 'ਤੇ ਇਕ ਵਿਆਹੁਤਾ ਔਰਤ ਨੇ ਆਪਣੇ ਪਤੀ ਨੂੰ ਆਪਣੇ ਪ੍ਰੇਮੀ ਨਾਲ ਰਲ ਕੇ ਗਲ ਘੁੱਟ ਕੇ ਮਾਰ ਦਿੱਤਾ ਤੇ ਉਸ ਦੀ ਲਾਸ਼ ਵੀ ਖੁਰਦ-ਬੁਰਦ ਕਰ ਦਿੱਤੀ।



ਮ੍ਰਿਤਕ ਦੀ ਸ਼ਨਾਖਤ ਮਨੀ ਸ਼ਰਮਾ ਵਾਸੀ ਮੇਨ ਬਾਜ਼ਾਰ ਕਟੜਾ ਕਰਮ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੀ ਭੈਣ ਮਿੰਨੀ ਸ਼ਰਮਾ ਵਾਸੀ ਕਟੜਾ ਸਫੈਦ ਨੇ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦਸਿਆ ਕਿ ਉਸ ਦੇ ਭਰਾ ਮਨੀ ਸ਼ਰਮਾ ਦਾ ਵਿਆਹ 2016 'ਚ ਰਜਨੀ ਸ਼ਰਮਾ ਨਾਲ ਹੋਇਆ ਸੀ ਅਤੇ ਉਨ੍ਹਾਂ ਦੇ 2 ਬੱਚੇ ਵੀ ਸਨ। ਉਸ ਨੇ ਦੱਸਿਆ ਕਿ ਸੋਨੂੰ ਸ਼ਰਮਾ, ਜੋ ਫੋਟੋਗ੍ਰਾਫਰ ਦਾ ਕੰਮ ਕਰਦਾ ਹੈ ਅਤੇ ਉਸ ਦੇ ਉਸ ਦੀ ਭਾਬੀ ਰਜਨੀ ਨਾਲ ਨਾਜਾਇਜ਼ ਸੰਬੰਧ ਸਨ। ਪੁਲਿਸ ਵਲੋਂ ਮਾਮਲਾ ਦਰਜ ਕਰਕੇ ਮ੍ਰਿਤਕ ਦੀ ਲਾਸ਼ ਨਹਿਰ 'ਚੋਂ ਭਾਲ ਕੀਤੀ ਜਾ ਰਹੀ ਹੈ।

# ਇਸਲਾਮੀ ਨਾਲ ਜੁੜੇ ਸਕੂਲਾਂ 'ਤੇ ਸਰਕਾਰੀ ਕਬਜ਼ਾ

**ਸ੍ਰੀਨਗਰ:** ਕਸ਼ਮੀਰ ਦੀਆਂ ਕਈ ਰਾਜਨੀਤਕ ਪਾਰਟੀਆਂ ਨੇ ਜੰਮੂ-ਕਸ਼ਮੀਰ ਸਰਕਾਰ ਵਲੋਂ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ (ਜੇ.ਈ.ਆਈ.) ਨਾਲ ਜੁੜੇ 215 ਸਕੂਲਾਂ ਦਾ ਪ੍ਰਬੰਧਨ ਆਪਣੇ ਕਬਜ਼ੇ 'ਚ ਲੈਣ ਦੀ ਆਲੋਚਨਾ ਕੀਤੀ। ਕਈਆਂ ਪਾਰਟੀਆਂ ਨੇ ਇਸ ਨੂੰ ਨੈਸ਼ਨਲ . ਕਾਨਫਰੰਸ ਦੁਆਰਾ ਕੀਤਾ ਗਿਆ 'ਧੋਖਾ' ਦੱਸਿਆ। ਪੀ.ਡੀ.ਪੀ. ਪ੍ਰਧਾਨ ਮਹਿਬੂਬਾ ਮੁਫਤੀ ਨੇ ਇਸ ਨੂੰ ਜੰਮੂ-ਕਸ਼ਮੀਰ 'ਚ ਸੰਸਥਾਵਾਂ 'ਤੇ ਇਕ ਹੋਰ ਹਮਲਾ ਦੱਸਦਿਆਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਸੱਤਾਧਾਰੀ ਪਾਰਟੀ ਆਪਣੇ ਹੀ ਲੋਕਾਂ ਦੇ ਵਿਰੁੱਧ ਜਾ ਰਹੀ ਹੈ। ਮੁਫਤੀ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਜੰਮੂ-ਕਸ਼ਮੀਰ ਦੀਆਂ ਸੰਸਥਾਵਾਂ ਅਤੇ ਸਭਿਆਚਾਰ 'ਤੇ ਇਕ ਹੋਰ ਹਮਲਾ ਹੈ। 'ਆਪਣੀ ਪਾਰਟੀ' ਦੇ ਪ੍ਰਮੁੱਖ ਅਲਤਾਫ਼ ਬੁਖਾਰੀ ਨੇ ਕਿਹਾ ਕਿ ਇਹ ਕਦਮ ਬੇਹੱਦ ਅਫਸੋਸਜਨਕ ਹੈ।

# ਚੰਡੀਗੜ੍ਹ 36 ਲੱਖ 'ਚ ਵਿਕਿਆ 'ਚ 0001 ਨੰਬਰ

**ਚੰਡੀਗੜ੍ਹ:** ਫੈਂਸੀ ਨੰਬਰਾਂ ਦੀ ਨੀਲਾਮੀ ਨੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਨੀਲਾਮੀ ਵਿਚ 0001 ਨੰਬਰ 36 ਲੱਖ 42 ਹਜ਼ਾਰ ਰੁਪਏ ਵਿਚ ਵਿਕਿਆ, ਜੋ ਕਿ ਹੁਣ ਤੱਕ ਦਾ ਸਭ ਤੋਂ ਮਹਿੰਗਾ ਨੰਬਰ ਹੈ। ਪ੍ਰਸ਼ਾਸਨ ਨੇ 19 ਤੋਂ 22 ਅਗਸਤ ਤੱਕ ਕਰਵਾਈ ਗਈ ਈ-ਨੀਲਾਮੀ ਤੋਂ 4.08 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ। ਕੁੱਲ 577 ਰਜਿਸਟ੍ਰੇਸ਼ਨ ਨੰਬਰਾਂ ਦੀ ਨੀਲਾਮੀ ਹੋਈ, ਜਿਨ੍ਹਾਂ ਵਿੱਚੋਂ ਸੱਤ ਨੰਬਰ ਇਕ ਕਰੋੜ 28 ਲੱਖ ਰੁਪਏ ਵਿਚ ਵਿਕੇ। ਇਸ ਨੀਲਾਮੀ ਵਿਚ 0003 ਨੰਬਰ 17 ਲੱਖ 84 ਹਜ਼ਾਰ ਰੁਪਏ ਅਤੇ 0002 ਨੰਬਰ 13 ਲੱਖ 80 ਹਜ਼ਾਰ ਰੁਪਏ ਵਿਚ ਵਿਕੇ। ਆਰਐਲਏ ਅਧਿਕਾਰੀ ਪ੍ਰਦੁਮਨ ਸਿੰਘ ਨੇ ਦੱਸਿਆ ਕਿ ਇਸ ਨੀਲਾਮੀ ਤੋਂ ਪ੍ਰਾਪਤ ਮਾਲੀਏ ਨੇ ਸਾਰੇ ਪਿਛਲੇ ਰਿਕਾਰਡ ਤੋੜ ਦਿੱਤੇ ਹਨ।




# ਭਾਸ਼ਾ ਵਿਭਾਗ ਨੇ ਕਰਵਾਇਆ 'ਪਹਿਲੀ ਵਾਰ' ਕਵੀ ਦਰਬਾਰ

**ਪਟਿਆਲਾ:** ਪੰਜਾਬ ਸਰਕਾਰ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ 'ਪਹਿਲੀ ਵਾਰ' ਸਿਰਲੇਖ ਅਧੀਨ ਕਵੀ ਦਰਬਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਉੱਘੇ ਕਵੀ ਤੇ ਚਿੰਤਕ ਪ੍ਰੋ. ਰਵਿੰਦਰ ਭੱਠਲ ਨੇ ਕੀਤੀ। ਨਾਮਵਰ ਗ਼ਜ਼ਲਗੋ ਤੇ ਨਾਵਲਕਾਰ ਬੂਟਾ ਸਿੰਘ ਚੌਹਾਨ ਨੇ ਮੁੱਖ ਮਹਿਮਾਨ ਵਜੋਂ, ਕਵੀ ਤੇ ਅਨੁਵਾਦਕ ਡਾ. ਅਮਰਜੀਤ ਕੌਂਕੇ ਨੇ ਵਿਸ਼ੇਸ਼ ਮਹਿਮਾਨ ਵਜੋਂ ਸਮਾਗਮ 'ਚ ਸ਼ਿਰਕਤ ਕੀਤੀ। ਕਵੀ ਦਰਬਾਰ ਦੌਰਾਨ ਦਰਜਨ ਤੋਂ ਵਧੇਰੇ ਕਵੀਆਂ ਨੇ ਵੱਖ-ਵੱਖ ਕਾਵਿ ਵੰਨਗੀਆਂ ਰਾਹੀਂ ਕਵੀ ਦਰਬਾਰ ਨੂੰ ਯਾਦਗਾਰੀ ਬਣਾ ਦਿੱਤਾ। ਆਪਣੇ ਸਵਾਗਤੀ ਭਾਸ਼ਣ ਦੌਰਾਨ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਪ੍ਰਧਾਨਗੀ ਮੰਡਲ ਤੇ ਕਵੀਆਂ ਬਾਰੇ ਸੰਖੇਪ 'ਚ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਦਾ ਆਲੇਖ ਕੀਤਾ। ਉਨ੍ਹਾਂ ਦੱਸਿਆ ਕਿ ਕਵੀ ਦਰਬਾਰ ਦੌਰਾਨ ਬਹੁਤ ਸਾਰੇ ਕਵੀਆਂ ਨੂੰ ਪਹਿਲੀ ਵਾਰ ਭਾਸ਼ਾ ਵਿਭਾਗ ਦੇ ਮੰਚ 'ਤੋਂ ਕਵਿਤਾ ਗਾਇਨ ਦਾ ਮੌਕਾ ਮਿਲਿਆ ਹੈ ਅਤੇ ਕੁਝ ਕਵੀ ਪਹਿਲੀ ਵਾਰ ਕਿਸੇ ਕਵੀ ਦਰਬਾਰ 'ਚ ਕਵਿਤਾ ਪੜ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਵਿਭਾਗ ਦੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤੇ ਸਥਾਪਤ ਸਾਹਿਤਕਾਰਾਂ ਨੂੰ ਸਤਿਕਾਰ ਦਿੱਤਾ ਜਾਵੇ।



*'ਪਹਿਲੀ ਵਾਰ' ਸਿਰਲੇਖ ਅਧੀਨ ਕਰਵਾਏ ਕਵੀ ਦਰਬਾਰ 'ਚ ਹਿੱਸਾ ਲੈਣ ਵਾਲੇ ਕਵੀ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ, ਪ੍ਰੋ. ਰਵਿੰਦਰ ਭੱਠਲ, ਬੂਟਾ ਸਿੰਘ ਚੌਹਾਨ ਤੇ ਅਮਰਜੀਤ ਕੌਂਕੇ ਨਾਲ।*

ਇੰਜੀਨੀਅਰ ਨਰਿੰਦਰ ਸ਼ਰਮਾ ਨੇ ਆਪਣੀ ਕਵਿਤਾ 'ਮਿਹਨਤ ਸਦਕਾ ਰਾਹ ਜ਼ਿੰਦਗੀ ਨੂੰ ਮਿਲ ਜਾਂਦੇ ਨੇ..' ਤਰੰਨਮ 'ਚ ਗਾ ਕੇ ਸਾਵਣ ਮਹੀਨੇ ਨੂੰ ਸਮਰਪਿਤ ਇਸ ਕਵੀ ਦਰਬਾਰ ਨੂੰ ਖੁਸ਼ਨੁਮਾ ਸ਼ੁਰੂਆਤ ਦਿੱਤੀ। ਫਿਰ ਅਮਰਜੀਤ ਕਸਕ ਨੇ ਆਪਣੀ ਕਵਿਤਾ 'ਦੇਹਾਂ ਦੇ ਦਰਵਾਜ਼ੇ' ਰਾਹੀਂ ਜ਼ਿੰਦਗੀ ਦੇ ਫਲਸਫੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਕਵਿੱਤਰੀ ਰਮਨ ਵਿਰਕ ਨੇ ਆਪਣੀ ਕਵਿਤਾਵਾਂ ਰਾਹੀਂ ਪਤੀ-ਪਤਨੀ ਦੇ ਸਬੰਧਾਂ ਦੇ ਵੱਖ-ਵੱਖ ਭਾਵਨਾਤਮਕ ਪਹਿਲੂਆਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ। ਨਾਮਵਰ ਕਵੀ ਸੁਰਜੀਤ ਜੱਜ ਨੇ ਆਪਣੀ ਪਹਿਲੀ ਕਵਿਤਾ 'ਮੇਰੇ ਪੈਰਾਂ ਦੀ ਛੋਹ ਨਾਲ ਖੇਤੀਂ ਅੰਨ ਉਗਦਾ ਹੈ' ਰਾਹੀਂ ਕਿਸਾਨੀ ਜੀਵਨ ਦੀ ਸੰਘਰਸ਼ਮਈ ਤਸਵੀਰ ਪੇਸ਼ ਕੀਤੀ ਅਤੇ ਦੂਸਰੀ ਕਵਿਤਾ 'ਫੁੱਲਾਂ ਦੀ ਥਾਂ ਪੱਥਰ ਪੂਜੋਗੇ, ਪਰਲੋ ਨੇ ਤਾਂ ਆਉਣਾ ਏ' ਰਾਹੀਂ ਵਾਤਾਵਰਣ ਸੰਭਾਲ ਦਾ ਹੋਕਾ ਦਿੱਤਾ। ਹਰਵਿੰਦਰ ਚੰਡੀਗੜ੍ਹ ਨੇ ਵੀ ਆਪਣੀ ਕਵਿਤਾ 'ਡਰਨਾ' ਤੇ 'ਬੇਆਬ ਪੰਜਾਬ' ਸਾਹਿਤਕ ਗੀਤ ਰਾਹੀਂ ਵਾਤਾਵਰਣ ਪ੍ਰਤੀ ਚਿੰਤਾ ਪ੍ਰਗਟ ਕੀਤੀ। ਅਨੂ ਬਾਲਾ ਅੰਮ੍ਰਿਤਸਰ ਨੇ ਆਪਣੀ ਕਵਿਤਾ 'ਪਿਆਸ ਜ਼ਾਹਿਰ ਕਰਦਿਆਂ ਮੈਂ ਪਾਣੀ ਤੋਂ ਡਰ ਜਾਂਦੀ ਹਾਂ' ਰਾਹੀਂ ਅਜੋਕੇ ਸਮਾਜਿਕ ਤਾਣੇ-ਬਾਣੇ ਤੇ ਕਟਾਕਸ਼ ਕੀਤਾ। ਫਿਲੌਰ ਤੋਂ ਆਈ ਵਕੀਲ ਸਨੂ ਮਹਿਮੀ ਨੇ 'ਸ਼ਹਿਰ ਦਾ ਹਾਲ' ਰਾਹੀਂ ਸਾਡੇ ਸਮਾਜ 'ਚ ਭਾਈਚਾਰਕ ਸਾਂਝਾ ਨੂੰ ਲੱਗ ਰਹੇ ਗ੍ਰਹਿਣ ਦੀ ਗੱਲ ਕੀਤੀ। ਜਲੰਧਰ ਤੋਂ ਆਏ ਨੱਕਾਸ਼ ਚਿੱਤੇਵਾਣੀ ਨੇ ਆਪਣੀ ਲੰਬੀ ਕਵਿਤਾ 'ਣ' ਰਾਹੀਂ ਸਮਾਜ ਦੇ ਹਰ ਪਹਿਲੂ ਦੀ ਗੱਲ ਕੀਤੀ। ਫਿਲੌਰ ਤੋਂ ਆਏ ਸ਼ਾਮ ਸਰਗੂੰਦੀ ਨੇ 'ਸਾਵਣਾਂ ਵੇ ਸਾਵਣਾਂ ਸਾਡੇ ਵਿਹੜੇ ਖੁਸ਼ੀਆਂ ਖੇੜੇ ਲੈ ਕੇ ਆਵਣਾਂ' ਰਾਹੀਂ ਸਾਡੇ ਦੇਸ਼ ਦੇ ਮੌਜੂਦਾ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਹਾਲਾਤਾਂ ਦੇ ਵਿਅੰਗ ਕੀਤਾ। ਡਾ. ਅਮਨਪ੍ਰੀਤ ਕੌਰ ਕੰਗ ਨੇ 'ਸਾਉਣ ਦਾ ਮਹੀਨਾ ਤੈਨੂੰ ਲੱਭਦੀਆਂ ਅੱਖੀਆਂ' ਕਵਿਤਾ ਤੇ 'ਮਾਏ ਨੀ ਮਾਏ ਮੈਨੂੰ ਪੀਂਘ ਪਵਾਦੇ' ਸਾਹਿਤਕ ਗੀਤ ਤਰੰਨਮ 'ਚ ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਵਿਸ਼ੇਸ਼ ਮਹਿਮਾਨ ਡਾ. ਅਮਰਜੀਤ ਕੌਂਕੇ ਨੇ 'ਸਾਵਣ ਸਿਰਫ਼ ਉਨ੍ਹਾਂ ਲਈ ਹੈ ਜਿੰਨਾਂ ਦੇ ਸਿਰ 'ਤੇ ਛੱਤ ਹੈ..' ਰਾਹੀਂ ਮਿਹਨਤਕਸ਼ ਤੇ ਕਿਰਤੀ ਲੋਕਾਂ ਦੀ ਤਰਸਮਈ ਤਸਵੀਰ ਪੇਸ਼ ਕੀਤੀ ਅਤੇ ਦੂਸਰੀ ਕਵਿਤਾ 'ਬੰਜਰ ਹੋਈ ਧਰਤ' ਰਾਹੀਂ ਪੰਜਾਬ ਦੇ ਵਾਤਾਵਰਣ ਬਾਰੇ ਚਿੰਤਾ ਪ੍ਰਗਟਾਈ। ਮੁੱਖ ਮਹਿਮਾਨ ਬੂਟਾ ਸਿੰਘ ਚੌਹਾਨ ਨੇ ਆਪਣੀਆਂ ਦੋ ਗ਼ਜ਼ਲਾਂ ਅਤੇ ਸ਼ੇਅਰਾਂ ਰਾਹੀਂ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਦੀ ਤਸਵੀਰ ਬਾਖ਼ੂਬੀ ਪੇਸ਼ ਕੀਤੀ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵਿਲੱਖਣ ਸਰਗਰਮੀਆਂ ਦੀ ਸ਼ਲਾਘਾ ਕੀਤੀ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਰਵਿੰਦਰ ਭੱਠਲ ਨੇ ਆਪਣੀ ਕਵਿਤਾ 'ਤੁਸੀਂ ਕੀ ਜਾਣੋ ਕਿੱਕਲੀ ਪਾਉਂਦੀਆਂ ਕੁੜੀਆਂ ਨੂੰ' ਰਾਹੀਂ ਔਰਤਾਂ ਦੇ ਚਾਵਾਂ ਤੇ ਉਮੰਗਾਂ ਨੂੰ ਪੇਸ਼ ਕੀਤਾ। ਉਨ੍ਹਾਂ ਆਪਣੀ ਦੂਸਰੀ ਕਵਿਤਾ ਰਾਹੀਂ 'ਕਵੀ' ਦੇ ਸੂਖਮ ਜਜ਼ਬਾਤਾਂ ਦੀ ਬਾਤ ਪਾਈ। ਅਖ਼ੀਰ ਵਿੱਚ ਵਿਭਾਗ ਦੀ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ ਨੇ ਸਭ ਦਾ ਧੰਨਵਾਦ ਕੀਤਾ।ਵਿਭਾਗ ਵੱਲੋਂ ਸਾਰੇ ਕਵੀਆਂ ਨੂੰ ਸ਼ਾਲਾਂ ਨਾਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਵਿਭਾਗ ਦੀ ਵਧੀਕ ਨਿਰਦੇਸ਼ਕਾ ਹਰਪ੍ਰੀਤ ਕੌਰ, ਡਿਪਟੀ ਡਾਇਰੈਕਟਰ ਹਰਭਜਨ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਸੁਰਿੰਦਰ ਕੌਰ, ਦਵਿੰਦਰ ਕੌਰ ਤੇ ਰਾਬੀਆ, ਕਵੀ ਨਵਦੀਪ ਮੁੰਡੀ, ਗੁਰਵਿੰਦਰ ਅਮਨ, ਰੰਗਕਰਮੀ ਰਾਜੇਸ਼ ਸ਼ਰਮਾ, ਕਮਲਜੀਤ ਨਜ਼ਮ, ਕਮਲ ਸੇਖੋਂ ਸਮੇਤ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ।

ਪੰਜਾਬ ਟਾਈਮਜ਼

*30 ਅਗਸਤ, ਸ਼ਨਿਚਰਵਾਰ*

# ਉਪ ਰਾਸ਼ਟਰਪਤੀ ਦੀ ਚੋਣ

*ਸੱਤਾਧਾਰੀ ਪਾਰਟੀ ਨੂੰ ਦੇਸ਼ ਦੇ 17ਵੇਂ ਉਪ ਰਾਸ਼ਟਰਪਤੀ ਦੀ ਚੋਣ ਜਿੰਨੀ ਸੌਖੀ ਦਿਸ ਰਹੀ ਸੀ,ਤਓ ਨੀ ਸੌਖੀ ਹੁਣ ਪ੍ਰਤੀਤ ਨਹੀਂ ਹੁੰਦੀ। ਦਿਨ-ਬ-ਦਿਨ ਗੁੰਝਲਦਾਰ ਹੋ ਰਿਹਾ ਇਹ ਦੰਗਲ ਦਿਲਚਸਪ ਹੁੰਦਾ ਜਾ ਰਿਹਾ ਹੈ। ਵਿਰੋਧੀ ਪਾਰਟੀਆਂ ਦੇ ਇੰਡੀਆ ਗੱਠਜੋੜ ਨੇ ਜਿਸ ਦਿਨ ਤੋਂ ਆਪਣੇ ਉਮੀਦਵਾਰ ਦਾ ਐਲਾਨ ਕੀਤਾ ਹੈ, ਭਾਰਤੀ ਜਨਤਾ ਪਾਰਟੀ ਕੁਝ ਪਰੇਸ਼ਾਨ ਦਿਖਾਈ ਦੇ ਰਹੀ ਹੈ। ਵਿਰੋਧੀ ਧਿਰ ਦੇ ਉਮੀਦਵਾਰ ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ. ਸੁਦਰਸ਼ਨ ਰੈਡੀ ਹਨ, ਜੋ ਐਨ.ਡੀ.ਏ. ਦੇ ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਣਨ ਦੀ ਹੀ ਤਰ੍ਹਾਂ ਦੱਖਣ ਭਾਰਤ ਤੋਂ ਹਨ ਅਤੇ ਉਹ ਇਕ ਤਰ੍ਹਾਂ ਨਾਲ ਅਹਿਮ ਮੁੱਦਿਆਂ 'ਤੇ ਸਪੱਸ਼ਟ ਵਿਚਾਰਕ ਸਟੈਂਡ ਲੈਣ ਵਾਲੇ ਹਨ। ਜਿਥੇ ਸੀ.ਪੀ. ਰਾਧਾਕ੍ਰਿਸ਼ਣਨ 17 ਸਾਲ ਦੀ ਉਮਰ ਤੋਂ ਹੀ ਆਰ.ਐਸ.ਐਸ. ਨਾਲ ਜੁੜੇ ਹੋਏ ਹਨ ਅਤੇ ਉਸ ਦੀ ਵਿਚਾਰਧਾਰਾ ਦੇ ਸਮਰਥਕ ਹਨ, ਉਥੇ ਬੀ. ਸੁਦਰਸ਼ਨ ਰੈਡੀ ਆਪਣੇ ਖੱਬੇ ਪੱਖੀ ਝੁਕਾਅ ਵਾਲੇ ਜਮਹੂਰੀ ਵਿਚਾਰਾਂ ਲਈ ਜਾਣੇ ਜਾਂਦੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅੰਕੜਿਆਂ ਦੇ ਹਿਸਾਬ ਨਾਲ ਸੀ.ਪੀ. ਰਾਧਾਕ੍ਰਿਸ਼ਣਨ ਦਾ ਜਿੱਤਣਾ ਲਗਭਗ ਤੈਅ ਹੈ। ਪਰ ਇੰਡੀਆ ਗੱਠਜੋੜ ਨੇ ਉਨ੍ਹਾਂ ਵਿਰੁੱਧ ਬੀ. ਸੁਦਰਸ਼ਨ ਰੈਡੀ ਨੂੰ ਉਤਾਰ ਕੇ ਇਸ ਨੂੰ ਮਹਿਜ਼ ਵਿਚਾਰਕ ਹੀ ਨਹੀਂ ਸਗੋਂ ਦੱਖਣ ਬਨਾਮ ਦੱਖਣ ਦੀ ਦਿਲਚਸਪ ਲੜਾਈ ਵਿਚ ਵੀ ਬਦਲ ਦਿੱਤਾ ਹੈ। ਜੋ ਲੋਕ ਪਹਿਲਾਂ ਤਾਮਿਲਨਾਡੂ ਤੋਂ ਆਉਣ ਵਾਲੇ ਸੀ.ਪੀ. ਰਾਧਾਕ੍ਰਿਸ਼ਣਨ ਨੂੰ ਵੋਟ ਪਾਉਣ ਲਈ ਡੀ.ਐਮ.ਕੇ. ਦੀ ਰਣਨੀਤਕ ਮਜਬੂਰੀ ਮੰਨ ਰਹੇ ਸਨ, ਉਥੇ ਹੁਣ ਬੀ. ਸੁਦਰਸ਼ਨ ਰੈਡੀ ਦੇ ਮੈਦਾਨ ਵਿਚ ਆਉਣ ਨਾਲ ਡੀ.ਐਮ.ਕੇ. ਦਾ ਸਪੱਸ਼ਟ ਵਿਚਾਰਕ ਨਜ਼ਰੀਆ ਸਾਹਮਣੇ ਆ ਚੁੱਕਾ ਹੈ।*

*ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਵਿਰੋਧੀ ਪਾਰਟੀਆਂ ਦੇ ਸਾਂਝੇ ਉਮੀਦਵਾਰ ਬੀ. ਸੁਦਰਸ਼ਨ ਰੈਡੀ ਨੂੰ ਇਕ ਸਿਧਾਂਤਵਾਦੀ ਜੱਜ ਕਰਾਰ ਦਿੱਤਾ ਹੈ। ਜੇਕਰ ਅੰਕੜੇ ਦੇਖੀਏ ਤਾਂ ਸੇਵਾਮੁਕਤ ਸਰਬਉਚ ਅਦਾਲਤ ਦੇ ਜੱਜ 79 ਸਾਲਾ ਬੀ. ਸੁਦਰਸ਼ਨ ਰੈਡੀ ਦੇ ਜਿੱਤਣ ਦੀ ਬਿਲਕੁਲ ਸੰਭਾਵਨਾ ਨਹੀਂ ਹੈ, ਕਿਉਂਕਿ ਉਪ-ਰਾਸ਼ਟਰਪਤੀ ਅਹੁਦੇ ਦੀ ਚੋਣ ਜਿੱਤਣ ਲਈ 391 ਵੋਟਾਂ ਦੀ ਜ਼ਰੂਰਤ ਹੋਵੇਗੀ, ਜਦਕਿ ਐਨ.ਡੀ.ਏ. ਕੋਲ ਜ਼ਰੂਰਤ ਤੋਂ 31 ਵੋਟ ਜ਼ਿਆਦਾ ਹਨ। ਲੋਕ ਸਭਾ ਦੇ ਕੁੱਲ 543 ਮੈਂਬਰਾਂ ਵਿਚੋਂ ਇਕ ਸੀਟ ਖਾਲੀ ਹੈ, ਇਸ ਤਰ੍ਹਾਂ ਰਾਜ ਸਭਾ ਦੀਆਂ ਕੁੱਲ 245 ਸੀਟਾਂ ਵਿਚੋਂ 5 ਸੀਟਾਂ ਖਾਲੀ ਹਨ। ਕੁੱਲ 5 ਮੌਜੂਦਾ ਵੋਟ ਤਾਕਤ 782 ਬਣਦੀ ਹੈ। ਅਖੀਰ ਜਿੱਤਣ ਲਈ ਕਿਸੇ ਵੀ ਉਮੀਦਵਾਰ ਨੂੰ ਕੁੱਲ 391 ਵੋਟਾਂ ਚਾਹੀਦੀਆਂ ਹੋਣਗੀਆਂ, ਜਦ ਕਿ ਐਨ.ਡੀ.ਏ. ਕੋਲ ਮੌਜੂਦਾ ਸਮੇਂ ਕੁੱਲ 422 ਮੈਂਬਰ ਹਨ ਭਾਵ ਬਹੁਮਤ ਨਾਲੋਂ 31 ਸੰਸਦ ਮੈਂਬਰ ਜ਼ਿਆਦਾ ਹਨ। ਜਦੋਂ ਕਿ ਇੰਡੀਆ ਗੱਠਜੋੜ ਕੋਲ ਕੁੱਲ 312 ਸੰਸਦ ਮੈਂਬਰ ਹਨ ਭਾਵ ਉਸ ਕੋਲ ਬਹੁਮਤ ਤੋਂ 79 ਮੈਂਬਰ ਘੱਟ ਹਨ। ਜਦੋਂ ਕਿ ਇਨ੍ਹਾਂ ਦੋਵਾਂ ਗੱਠਜੋੜਾਂ ਤੋਂ ਇਲਾਵਾ 48 ਅਜਿਹੇ ਸੰਸਦ ਮੈਂਬਰ ਹਨ, ਜੋ ਕਿਸੇ ਵੀ ਗੱਠਜੋੜ ਵਿਚ ਸ਼ਾਮਿਲ ਨਹੀਂ ਹਨ। ਪਰ ਜੇਕਰ ਅਸੀਂ ਮੰਨ ਲਈਏ ਕਿ ਇਹ ਸਭ ਬੀ. ਸੁਦਰਸ਼ਨ ਰੈਡੀ ਨੂੰ ਵੋਟ ਕਰ ਦੇਣਗੇ ਤਾਂ ਵੀ ਇੰਡੀਆ ਗੱਠਜੋੜ ਦੇ ਸਮਰਥਕਾਂ ਦੀ ਕੁੱਲ ਗਿਣਤੀ 360 ਤੱਕ ਹੀ ਪਹੁੰਚੇਗੀ। ਭਾਵ ਉਸ ਨੂੰ ਬਹੁਮਤ ਲਈ 31 ਹੋਰ ਸੰਸਦ ਮੈਂਬਰਾਂ ਦੀ ਕਮੀ ਹੋਵੇਗੀ।*

*ਪਰ ਇੰਡੀਆ ਗੱਠਜੋੜ ਚਾਹੁੰਦਾ ਹੈ ਕਿ ਉਹ ਮਜ਼ਬੂਤ ਵਿਰੋਧੀ ਧਿਰ ਦਿਸੇ ਅਤੇ ਦੇਸ਼ ਨੂੰ ਇਹ ਸੰਦੇਸ਼ ਜਾਵੇ ਕਿ ਵਿਚਾਰਕ ਲੜਾਈ ਵਿਚ ਵਿਰੋਧੀਆਂ ਨੇ ਕਿਸੇ ਵੀ ਕੀਮਤ 'ਤੇ ਮੈਦਾਨ ਨਹੀਂ ਛੱਡਿਆ। ਵਿਰੋਧੀ ਗੱਠਜੋੜ ਲਈ ਇਹ ਲੜਾਈ ਇਸ ਲਈ ਵੀ ਜ਼ਰੂਰੀ ਹੋ ਗਈ ਹੈ, ਕਿਉਂਕਿ ਐਨ.ਡੀ.ਏ. ਦੇ ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਣਨ ਦਾ ਬਚਪਨ ਤੋਂ ਹੀ ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਸੰਬੰਧ ਹੈ ਅਤੇ ਵਿਰੋਧੀ ਆਪਣੇ ਸਮਰਥਕ ਵੋਟਰਾਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਹ ਇਕ ਇਸ ਤਰ੍ਹਾਂ ਦੇ ਸੰਗਠਨ ਦੇ ਉਮੀਦਵਾਰ ਨੂੰ ਬਿਨਾਂ ਮੁਕਾਬਲਾ ਨਹੀਂ ਜਿੱਤਣ ਦੇ ਸਕਦਾ। ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਦੇਸ਼ ਦੇ ਸੰਵਿਧਾਨ ਨਾਲ ਵਿਸ਼ੇਸ਼ ਸੰਬੰਧ ਹੁੰਦਾ ਹੈ ਅਤੇ ਇਸ ਸਮੇਂ ਦੇਸ਼ ਵਿਚ ਸੰਵਿਧਾਨ ਦੀ ਸੱਤਾ ਖ਼ਤਰੇ ਵਿਚ ਹੈ, ਇਸ ਲਈ ਉਹ ਇਕ ਸੰਵਿਧਾਨਵਾਦੀ ਜੱਜ ਨੂੰ ਆਪਣਾ ਉਮੀਦਵਾਰ ਬਣਾ ਕੇ ਦੇਸ਼ ਨੂੰ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਸੰਵਿਧਾਨ 'ਤੇ ਉਨ੍ਹਾਂ ਦਾ ਡੂੰਘਾ ਵਿਸ਼ਵਾਸ ਹੈ।*

*ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਉਪ-ਰਾਸ਼ਟਰਪਤੀ ਅਹੁਦੇ ਦੀ ਚੋਣ ਵਿਚ ਵਿੱਪ ਲਾਗੂ ਨਹੀਂ ਹੁੰਦਾ ਭਾਵ ਕੋਈ ਰਾਜਨੀਤਕ ਪਾਰਟੀ ਆਪਣੇ, ਮੈਂਬਰਾਂ ਨੂੰ ਕਿਸੇ ਕਿਸਮ ਦਾ ਆਦੇਸ਼ ਜਾਰੀ ਨਹੀਂ ਕਰ ਸਕਦੀ ਕਿ ਉਹ ਉਸ ਨੂੰ ਹੀ ਵੋਟ ਦੇਵੇਗਾ। ਇਸ ਲਈ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਕ੍ਰਾਸ ਵੋਟਿੰਗ ਜ਼ਰੀਏ ਕੋਈ ਵੀ ਉਮੀਦਵਾਰ ਚੋਣ ਜਿੱਤ ਸਕਦਾ ਹੈ।*

*ਹਾਲਾਂਕਿ ਸੇਵਾਮੁਕਤ ਜੱਜ ਬੀ. ਸੁਦਰਸ਼ਨ ਰੈਡੀ ਆਪਣੇ ਇਕ ਫ਼ੈਸਲੇ ਦੀ ਵਜ੍ਹਾ ਨਾਲ ਖੱਬੇ ਪੱਖੀ ਝੁਕਾਅ ਰੱਖਣ ਵਾਲੇ ਰਾਜਨੀਤਕ ਧੜਿਆਂ ਦੇ ਪਸੰਦੀਦਾ ਉਮੀਦਵਾਰ ਹੀ ਹਨ। ਸਾਲ 2005 ਵਿਚ ਜਦੋਂ ਛੱਤੀਸਗੜ੍ਹ ਵਿਚ ਡਾ. ਰਮਨ ਸਿੰਘ ਦੀ ਅਗਵਾਈ ਵਾਲੀ ਭਾਜਪਾ ਦੀ ਸਰਕਾਰ ਸੀ, ਉਨ੍ਹੀਂ ਦਿਨੀਂ ਛੱਤੀਸਗੜ੍ਹ ਵਿਚ 'ਸਲਵਾ ਜੂਡੂਮ' ਨਾਮੀ ਇਕ ਆਦਿਵਾਸੀ ਸੰਗਠਨ ਬਣਾਇਆ ਗਿਆ ਸੀ ਅਤੇ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਇਹ ਸੰਗਠਨ ਆਦਿਵਾਸੀਆਂ ਦੇ ਅੰਦਰੋਂ ਨਕਸਲਵਾਦੀਆਂ ਦੇ ਵਿਰੋਧ ਵਿਚੋਂ ਜਨਮਿਆ ਹੈ, ਜਿਸ ਦਾ ਉਦੇਸ਼ ਨਕਸਲੀਆਂ ਵਿਰੁੱਧ ਲੜਨਾ ਹੈ। ਪਰ ਲੰਮੀ ਨਿਆਂਇਕ ਲੜਾਈ ਤੋਂ ਬਾਅਦ ਸਾਲ 2011 ਵਿਚ ਸਰਬਉਚ ਅਦਾਲਤ ਦੇ ਤਤਕਾਲੀ ਜੱਜ ਬੀ. ਸੁਦਰਸ਼ਨ ਰੈਡੀ ਅਤੇ ਨਿਆਂਮੂਰਤੀ ਐਸ.ਐਸ. ਨਿੱਝਰ ਦੀ ਪੀਠ ਨੇ ਸਲਵਾ ਜੂਡੂਮ ਨੂੰ ਇਕ ਨਾਜਾਇਜ਼ ਅਤੇ ਗ਼ੈਰ-ਸੰਵਿਧਾਨਕ ਸੰਗਠਨ ਕਰਾਰ ਦਿੱਤਾ ਸੀ। ਅਦਾਲਤ ਨੇ ਉਦੋਂ ਕਿਹਾ ਸੀ, 'ਸਰਕਾਰ ਗਰੀਬ ਆਦਿਵਾਸੀ ਨੌਜਵਾਨਾਂ ਨੂੰ ਹਥਿਆਰਬੰਦ ਕਰਕੇ ਨਕਸਲੀਆਂ ਨਾਲ ਲੜਨ ਲਈ ਉਨ੍ਹਾਂ ਦੀ ਵਰਤੋਂ ਨਹੀਂ ਕਰ ਸਕਦੀ।' ਅਸਲ ਵਿਚ ਮਾਨਵ ਅਧਿਕਾਰ ਕਾਰਕੁਨਾਂ ਨਾਲ ਲੋਹਾ ਲੈਣ ਲਈ ਸਰਕਾਰ ਇਸ ਸੰਗਠਨ ਨੂੰ ਅੱਗੇ ਕਰ ਦਿੰਦੀ ਸੀ। ਨਕਸਲੀ ਪ੍ਰਭਾਵਿਤ ਇਲਾਕਿਆਂ ਵਿਚ ਹਜ਼ਾਰਾਂ ਆਦਿਵਾਸੀਆਂ ਨੂੰ ਇਸ ਸੰਗਠਨ ਕਾਰਨ ਆਪਣੇ ਪਿੰਡ ਅਤੇ ਘਰ ਛੱਡ ਕੇ ਰਾਹਤ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋਣਾ ਪਿਆ ਸੀ। ਇਹ ਸੰਗਠਨ ਰਾਜ ਸਰਕਾਰ ਨੇ ਪੁਲਿਸ ਅਤੇ ਅਰਧ-ਸੈਨਿਕ ਬਲਾਂ ਦੀ ਮਦਦ ਨਾਲ ਬਣਾਇਆ ਸੀ। ਪਰ ਸਰਬਉਚ ਅਦਾਲਤ ਦੀ ਉਸ ਪੀਠ ਨੇ ਜਿਸ ਵਿਚ ਜੱਜ ਬੀ. ਸੁਦਰਸ਼ਨ ਰੈਡੀ ਅਤੇ ਜੱਜ ਐਸ.ਐਸ. ਨਿੱਝਰ ਸਨ, ਇਸ ਨੂੰ ਅਸੰਵੈਧਾਨਿਕ ਐਲਾਨ ਦਿੱਤਾ ਸੀ। ਬੀ. ਸੁਦਰਸ਼ਨ ਦੇ ਨਾਂਅ ਦਾ ਐਲਾਨ ਕਰਦੇ ਹੋਏ ਜਿਵੇਂ ਕਿ ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਕਿਹਾ ਕਿ ਉਹ 'ਗ਼ਰੀਬਾਂ ਦੇ ਹਮਦਰਦ ਜੱਜ' ਰਹੇ ਹਨ। ਉਨ੍ਹਾਂ ਨੇ ਆਪਣੇ ਕਈ ਨਿਰਣਿਆਂ ਵਿਚ ਕਮਜ਼ੋਰ ਤਬਕਿਆਂ ਵੱਲ ਆਪਣਾ ਰੁਖ਼ ਸਪੱਸ਼ਟ ਰੂਪ ਵਿਚ ਦਿਖਾਇਆ ਹੈ। ਨਾਲ ਹੀ ਇੰਡੀਆ ਗੱਠਜੋੜ ਨੇ ਉਨ੍ਹਾਂ ਨੂੰ ਸਮੂਹਿਕ ਰੂਪ ਨਾਲ ਇਕ ਸਾਹਸੀ, ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਆਂ ਦੇ ਪੱਖਧਾਰ' ਉਮੀਦਵਾਰ ਵੀ ਦੱਸਿਆ ਹੈ। ਇਸ ਤਰ੍ਹਾਂ ਦੇਖੀਏ ਤਾਂ ਜਿੱਤ ਨਾ ਪਾਉਣ ਦੀ ਸਚਾਈ ਦੇ ਬਾਵਜੂਦ ਬੀ. ਸੁਦਰਸ਼ਨ ਰੈਡੀ ਵਿਰੋਧੀ ਦਲਾਂ ਦੇ ਇਕ ਮਜ਼ਬੂਤ ਵਿਚਾਰਕ ਉਮੀਦਵਾਰ ਹਨ। ਇਸ ਲੜਾਈ ਵਿਚ ਵਿਰੋਧੀਆਂ ਨੂੰ ਰਾਜਨੀਤਕ ਤੌਰ 'ਤੇ ਕਿੰਨਾ ਕੁ ਲਾਹਾ ਮਿਲਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ, ਪਰ ਜੇਕਰ ਆਂਧਰਾ ਪ੍ਰਦੇਸ਼ ਦੇ ਸਮੁੱਚੇ ਮੈਂਬਰ ਬੀ. ਸੁਦਰਸ਼ਨ ਰੈਡੀ ਵਲ ਝੁਕ ਗਏ ਤਾਂ 9 ਸਤੰਬਰ 2025 ਦਾ ਦਿਨ ਭਾਜਪਾ ਦੀ ਸੱਤਾ ਦੇ ਭਵਿੱਖ ਲਈ ਗੁੰਝਲਦਾਰ ਸਵਾਲ ਵੀ ਖੜ੍ਹੇ ਕਰ ਸਕਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੌਸਮੀ ਤੇ ਸਿਆਸੀ ਤੀਰ

**ਲੋਕ-ਰੋਹ ਫਿਰ ਬਹੁਤਾ 'ਪ੍ਰਚੰਡ' ਹੁੰਦਾ, ਝੂਠਾ ਲੀਡਰ ਜਦ ਮਾਰਦਾ ਤੜੀ ਹੋਵੇ।**<br>
**ਸੱਤਾਧਾਰੀ ਉਹ ਬਦਲਣਾ ਚਾਹੀਦਾ ਏ, ਵੋਟ ਸਿਸਟਮ 'ਚ 'ਘੋਲ਼ਦਾ ਕੜ੍ਹੀ' ਹੋਵੇ।**<br>
**'ਕੱਠ ਜਨਤਾ ਦਾ ਇੱਕੋ ਇਲਾਜ ਸਮਝੋ, ਜੇਕਰ ਹਾਕਮ ਨੇ ਜ਼ਿਦ ਕੋਈ ਫੜੀ ਹੋਵੇ।**<br>
**ਹੱਥੋਂ ਪਾਰਟੀ ਖਿਸਕਦੀ ਖਿਸਕ ਜਾਂਦੀ, ਜੇ ਕਿਸਮਤ 'ਭਰਦਾਨ' ਦੀ ਸੜੀ ਹੋਵੇ।**<br>
**'ਚੱਪਣ' ਰੱਖਦਾ ਨਹੀਂ ਉਹ ਘੜੇ ਉੱਪਰ, ਨੀਲੇ ਬਾਬੇ ਨੇ ਫੜ ਲਈ ਜੇ ਅੜੀ ਹੋਵੇ।**<br>
**ਛਿੜਦੀ ਕੰਬਣੀ 'ਹੜ੍ਹਾਂ' ਨੂੰ ਯਾਦ ਕਰਕੇ, ਸਾਵਣ-ਭਾਦੋਂ ਦੀ ਲੱਗੀ ਜੇ ਝੜੀ ਹੋਵੇ !**

# 'ਇਤਿਹਾਸ' ਬਦਲਦੀ ਭਾਜਪਾ ਕਿਧਰੇ ਆਪਣਾ 'ਵਰਤਮਾਨ' ਤੇ 'ਭਵਿੱਖ' ਤਾਂ ਬਰਬਾਦ ਨਹੀਂ ਕਰ ਰਹੀ?



**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਇਸ ਸੰਸਾਰ ਵਿਚ ਤਿੰਨ ਤਰ੍ਹਾਂ ਦੇ ਲੋਕ ਰਹਿੰਦੇ ਹਨ। ਪਹਿਲੇ ਉਹ ਜੋ ਆਪਣੇ ਨੇਕ ਤੇ ਉਸਾਰੂ ਕੰਮਾਂ ਨਾਲ ਇਤਿਹਾਸ ਰਚਦੇ ਹਨ ਤੇ ਆਉਣ ਵਾਲਾ ਸਮਾਂ ਉਨ੍ਹਾਂ ਨੂੰ ਯਾਦ ਰਖਦਾ ਹੈ। ਦੂਜੇ ਉਹ ਜੋ ਇਤਿਹਾਸ ਨੂੰ ਪੜ੍ਹਦੇ ਹਨ ਤੇ ਉਸ ਵਿਚਲੀਆਂ ਪ੍ਰਾਪਤੀਆਂ ਅਤੇ ਗ਼ਲਤੀਆਂ ਤੋਂ ਸੇਧ ਲੈ ਕੇ ਆਪਣਾ ਵਰਤਮਾਨ ਅਤੇ ਭਵਿੱਖ ਸੁਆਰ ਲੈਂਦੇ ਹਨ। ਤੀਜੀ ਕਿਸਮ ਦੇ ਲੋਕ ਉਹ ਹੁੰਦੇ ਹਨ ਜੋ ਲਿਖੇ ਹੋਏ ਅਤੇ ਪ੍ਰਮਾਣਿਕ ਅਤੇ ਪ੍ਰਮਾਣਿਤ ਇਤਿਹਾਸ ਨੂੰ ਆਪਣੇ ਸੁਆਰਥ ਲਈ ਬਦਲ ਜਾਂ ਤੋੜ-ਮਰੋੜ ਕੇ 'ਨਵਾਂ ਇਤਿਹਾਸ' ਰਚਣ ਦੀ ਕੋਸ਼ਿਸ਼ ਕਰਦੇ ਹਨ।

ਭਾਰਤੀ ਜਨਤਾ ਪਾਰਟੀ ਬੀਤੇ ਗਿਆਰਾਂ ਵਰ੍ਹਿਆਂ ਤੋਂ ਇਹ ਤੀਜੀ ਕਿਸਮ ਦਾ ਕਾਰਜ ਕਰਨ ਅਤੇ ਸੰਬੰਧਿਤ ਬਿਰਤਾਂਤ ਸਿਰਜਣ ਦਾ ਕੰਮ ਬੜੇ ਸ਼ਾਤਰਾਨਾ ਅਤੇ ਯੋਜਨਾਬੱਧ ਢੰਗ ਨਾਲ ਕਰ ਰਹੀ ਹੈ।

ਬੀਤੇ ਦਿਨੀਂ ਦੇਸ਼ ਦੀ ਸਿੱਖਿਆ ਪ੍ਰਣਾਲੀ ਨਾਲ ਜੁੜੀ ਉੱਘੀ ਸੰਸਥਾ ਭਾਵ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨ.ਸੀ.ਈ.ਆਰ.ਟੀ.) ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਭਾਰਤੀ ਇਤਿਹਾਸ ਸੰਬੰਧੀ ਪੁਸਤਕਾਂ ਵਿਚ ਦਰਜ ਜਾਣਕਾਰੀ ਅੰਦਰ ਪਰਿਵਰਤਨ ਕਰਦਿਆਂ ਹੋਇਆਂ ਇਹ ਵਿਚਾਰਧਾਰਾ ਸ਼ਾਮਿਲ ਕਰ ਦਿੱਤੀ ਗਈ ਹੈ ਜੋ ਇਹ ਦਰਸਾਉਂਦੀ ਹੈ ਕਿ ਸੰਨ 1947 ਵਿਚ ਦੇਸ਼ ਦੀ ਦੋ ਹਿੱਸਿਆਂ ਵਿਚ ਹੋਈ ਵੰਡ ਲਈ ਸਮੁੱਚੇ ਰੂਪ ਵਿਚ ਕਾਂਗਰਸ ਪਾਰਟੀ, ਮੁਹੰਮਦ ਅਲੀ ਜਿਨਾਹ ਅਤੇ ਅੰਗਰੇਜ਼ ਸਰਕਾਰ ਆਦਿ ਧਿਰਾਂ ਜ਼ਿੰਮੇਵਾਰ ਸਨ। 'ਵੰਡ ਦੀ ਦਹਿਸ਼ਤ ਦਾ ਯਾਦਗਾਰ ਦਿਵਸ' ਸਿਰਲੇਖ ਹੇਠ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਦੋ ਨਵੇਂ ਮਾਡਿਊਲ ਪਾਠਕ੍ਰਮ ਵਿਚ ਸ਼ਾਮਿਲ ਕੀਤੇ ਗਏ ਹਨ। ਇਹ ਦੋਵੇਂ ਮਾਡਿਊਲ ਨਰਿੰਦਰ ਮੋਦੀ ਵੱਲੋਂ ਸੰਨ 2012 ਵਿਚ ਦਿੱਤੇ ਗਏ ਉਸ ਸੁਨੇਹੇ ਨਾਲ ਸ਼ੁਰੂ ਹੁੰਦੇ ਹਨ, ਜਿਸ ਵਿਚ ਉਨ੍ਹਾਂ ਨੇ 'ਵੰਡ ਦੀ ਦਹਿਸ਼ਤ ਦਾ ਯਾਦਗਾਰੀ ਦਿਵਸ' ਮਨਾਉਣ ਦਾ ਐਲਾਨ ਕੀਤਾ ਸੀ। ਇਸ ਨਵੇਂ ਮਾਡਿਊਲ ਵਿਚ 'ਵੰਡ ਦੇ ਦੋਸ਼ੀ' ਸਿਰਲੇਖ ਹੇਠ ਦਰਜ ਭਾਗ ਵਿਚ ਕਿਹਾ ਗਿਆ ਹੈ, 'ਅੰਤ ਵਿਚ 15 ਅਗਸਤ, 1947 ਨੂੰ ਭਾਰਤ ਵੰਡਿਆ ਗਿਆ ਪਰ ਇਹ ਸਿਰਫ਼ ਇਕ ਵਿਅਕਤੀ ਦਾ ਕੰਮ ਨਹੀਂ ਸੀ। ਭਾਰਤ ਦੀ ਵੰਡ ਲਈ ਤਿੰਨ ਤੱਤ ਜ਼ਿੰਮੇਵਾਰ ਸਨ। ਜਿਨਾਹ, ਜਿਸਨੇ ਇਸਦੀ ਮੰਗ ਕੀਤੀ। ਦੂਜਾ ਕਾਂਗਰਸ ਜਿਸਨੇ ਇਸ ਨੂੰ ਸਵੀਕਾਰ ਕੀਤਾ ਤੇ ਤੀਜਾ ਮਾਊਂਟਬੈਟਨ ਜਿਸਨੇ ਇਸਨੂੰ ਲਾਗੂ ਕੀਤਾ।'

ਇਥੇ ਹੀ ਬਸ ਨਹੀਂ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2025 ਦੇ 'ਆਜ਼ਾਦੀ ਦਿਵਸ' ਮੌਕੇ ਲਾਲ ਕਿਲ੍ਹੇ ਤੋਂ ਦੇਸ਼ਵਾਸੀਆਂ ਨੂੰ ਸੰਬੋਧਨ ਕਰਦਿਆਂ ਇਤਿਹਾਸਕ ਤੱਥਾਂ ਦੇ ਬਿਲਕੁਲ ਉਲਟ ਜਾ ਕੇ ਆਰ.ਐਸ.ਐਸ. ਨੂੰ ਇਕ 'ਐਨ.ਜੀ.ਓ.' ਐਲਾਨ ਦਿੱਤਾ ਅਤੇ ਦੇਸ਼ ਦੀ ਆਜ਼ਾਦੀ ਲਈ ਇਸ ਸੰਗਠਨ ਵੱਲੋਂ ਪਾਏ ਗਏ ਯੋਗਦਾਨ ਦੇ ਭਰਪੂਰ ਸੋਹਿਲੇ ਗਾਏ। ਇਸ ਤੋਂ ਪਹਿਲਾਂ ਵੀ ਭਾਜਪਾ ਵੱਲੋਂ ਵੱਖ-ਵੱਖ ਸ਼ਹਿਰਾਂ ਅਤੇ ਸੜਕਾਂ ਦੇ ਨਾਂ ਤਬਦੀਲ ਕਰਨ ਅਤੇ ਮਸਜਿਦਾਂ ਦੇ ਵਿਹੜਿਆਂ ਦੀ ਖੁਦਾਈ ਕਰਕੇ ਉਥੇ ਕਿਸੇ ਸਮੇਂ ਮੰਦਿਰ ਬਣੇ ਹੋਣ ਸਬੰਧੀ ਦਾਅਵੇ ਕਰਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਚੁੱਕੀਆਂ ਹਨ। ਕੁਝ ਮਹੀਨੇ ਪਹਿਲਾਂ ਭਾਜਪਾ ਨੇ 'ਗੋਦੀ ਮੀਡੀਆ' ਅਤੇ ਸੋਸ਼ਲ ਮੀਡੀਆ ਰਾਹੀਂ ਬੜੇ ਜ਼ੋਰ-ਸ਼ੋਰ ਨਾਲ ਇਹ ਮੁੱਦਾ ਵੀ ਉਛਾਲਿਆ ਸੀ ਕਿ ਬਾਦਸ਼ਾਹ ਅਕਬਰ ਬਹੁਤ ਜ਼ਾਲਿਮ ਰਾਜਾ ਸੀ ਤੇ ਉਸਨੇ 40 ਹਜ਼ਾਰ ਹਿੰਦੂਆਂ ਦੇ ਕਤਲ ਕਰਵਾਏ ਸਨ, ਪਰ ਜਦੋਂ ਕਾਂਗਰਸ ਅਤੇ ਹੋਰ ਵਿਰੋਧੀ ਦਲਾਂ ਨੇ ਅਕਬਰ ਦੇ ਦਰਬਾਰ ਨਾਲ ਸਬੰਧਿਤ ਹਿੰਦੂ ਰਾਜਿਆਂ ਰਾਜਾ ਮਾਨ ਸਿੰਘ, ਬੀਰਬਲ ਅਤੇ ਹੋਰਨਾਂ ਦੁਆਰਾ ਅਕਬਰ ਦਾ ਸਮਰਥਨ ਕੀਤੇ ਜਾਣ ਦਾ ਮੁੱਦਾ ਉਠਾਇਆ ਤਾਂ ਬੈਕਫੁੱਟ 'ਤੇ ਆਈ ਭਾਜਪਾ ਨੇ ਫ਼ਟਾਫ਼ਟ ਇਹ ਮੁੱਦਾ ਹੀ ਦਬਾਅ ਦਿੱਤਾ। ਇਸ ਤਰ੍ਹਾਂ ਆਏ ਦਿਨ ਭਾਜਪਾ ਆਗੂ ਅਤੇ ਭਾਜਪਾ ਦਾ ਪ੍ਰਭਾਵਸ਼ਾਲੀ 'ਮੀਡੀਆ ਸੈੱਲ' ਦੇਸ਼ ਵਿਚ ਕਈ ਦਹਾਕਿਆਂ ਤੋਂ ਨਹੀਂ ਸਗੋਂ ਸਦੀਆਂ ਤੋਂ ਪੜ੍ਹਾਏ ਜਾ ਰਹੇ ਇਤਿਹਾਸ ਦੇ ਬਿਲਕੁਲ ਉਲਟ 'ਨਵਾਂ ਇਤਿਹਾਸ' ਲਿਆਉਣ ਅਤੇ ਪੜ੍ਹਾਉਣ ਦਾ ਯਤਨ ਕਰਦੀ ਆ ਰਹੀ ਹੈ ਤੇ ਹੁਣ ਪਹਿਲੀ ਵਾਰ ਸਿੱਧਾ ਸਕੂਲੀ ਵਿਦਿਆਰਥੀਆਂ ਨੂੰ ਹੀ ਨਿਸ਼ਾਨਾ ਬਣਾਉਂਦਿਆਂ 'ਅਸਲ ਇਤਿਹਾਸ' ਦੀ ਥਾਂ 'ਤੇ 'ਆਰ.ਐਸ.ਐਸ. ਅਤੇ ਭਾਜਪਾ ਦੇ ਚਸ਼ਮੇ' ਰਾਹੀਂ ਵਿਖਾਈ ਦੇਣ ਵਾਲਾ 'ਆਪਣੀ ਮਰਜ਼ੀ' ਦਾ ਇਤਿਹਾਸ ਪੜ੍ਹਾਏ ਜਾਣ ਸਬੰਧੀ ਪ੍ਰਕਿਰਿਆ ਸ਼ੁਰੂ ਵੀ ਕਰ ਦਿੱਤੀ ਗਈ ਹੈ। ਆਓ ਜਾਣਨ ਦੀ ਕੋਸ਼ਿਸ਼ ਕਰੀਏ ਕਿ ਆਖ਼ਿਰ ਇਸ ਸਾਰੇ ਪ੍ਰਪੰਚ ਨੂੰ ਰਚਣ ਪਿੱਛੇ ਭਾਜਪਾ ਦਾ ਅਸਲ ਉਦੇਸ਼ ਕੀ ਹੈ?

ਦਰਅਸਲ ਇਤਿਹਾਸ ਦੇ ਪੰਨਿਆਂ 'ਤੇ ਇਹ ਸਾਫ਼ ਦਰਜ ਹੈ ਕਿ ਆਜ਼ਾਦੀ ਤੋਂ ਪਹਿਲਾਂ 'ਹਿੰਦੂ ਮਹਾਂ ਸਭਾ' ਅਤੇ 'ਮੁਸਲਿਮ ਲੀਗ' ਨਾਮਕ ਸੰਗਠਨਾਂ ਨੇ 'ਟੂ ਨੇਸ਼ਨ ਥਿਊਰੀ' ਭਾਵ 'ਦੋ ਰਾਸ਼ਟਰ ਦੇ ਸਿਧਾਂਤ' ਦਾ ਸਮਰਥਨ ਕੀਤਾ ਸੀ ਜੋ ਕਿ ਹਿੰਦੂਆਂ ਲਈ ਵੱਖ ਤੇ ਮੁਸਲਮਾਨਾਂ ਲਈ ਵੱਖਰੇ ਦੇਸ਼ ਦੀ ਗੱਲ ਕਰਦਾ ਸੀ। ਇਸ ਮੰਗ ਦੇ ਇਨ੍ਹਾਂ ਦੋਵਾਂ ਭਾਈਵਾਲਾਂ ਨੇ ਗੱਠਜੋੜ ਕਰਕੇ ਪੱਛਮੀ ਬੰਗਾਲ ਅਤੇ ਕਸ਼ਮੀਰ ਵਿਚ ਸਰਕਾਰਾਂ ਵੀ ਬਣਾਈਆਂ ਸਨ। ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਹੋਰ ਕਾਂਗਰਸੀ ਆਗੂ ਇਸ ਥਿਊਰੀ ਦੇ ਵਿਰੋਧ ਵਿਚ ਸਨ। ਇਨ੍ਹਾਂ ਦੋਵਾਂ ਆਗੂਆਂ ਅਤੇ ਹੋਰ ਅਸੰਖਾਂ ਕਾਂਗਰਸੀ ਆਗੂਆਂ, ਕਾਰਜਕਰਤਾਵਾਂ ਤੇ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦਿਆਂ ਲਾਠੀਆਂ ਖਾਧੀਆਂ ਸਨ ਤੇ ਜੇਲ੍ਹਾਂ ਕੱਟੀਆਂ ਸਨ ਪਰ ਆਰ.ਐਸ.ਐਸ. ਤੇ ਭਾਜਪਾ ਨੂੰ ਜਨਮ ਦੇਣ ਵਾਲੇ ਉਸ ਵੇਲੇ ਦੇ 'ਜਨ ਸੰਘ' ਨਾਮਕ ਸੰਗਠਨ ਦੇ ਆਗੂਆਂ ਦੀ ਵਿਚਾਰਧਾਰਾ ਅਤੇ ਕਾਰਜ ਸ਼ੈਲੀ ਬਿਲਕੁਲ ਵੱਖਰੀ ਸੀ। ਜਨਸੰਘੀ ਆਗੂ ਵੀਰ ਸਾਵਰਕਰ ਬਾਰੇ ਇਤਿਹਾਸ ਦੀਆਂ ਪੁਸਤਕਾਂ ਵਿਚ ਦਰਜ ਹੈ ਕਿ 'ਕਾਲੇ ਪਾਣੀ' ਦੀ ਸਜ਼ਾ ਮਿਲਣ 'ਤੇ ਸਾਵਰਕਰ ਨੇ ਅੰਗਰੇਜ਼ ਸਰਕਾਰ ਕੋਲੋਂ ਲਿਖ਼ਤੀ ਰੂਪ ਵਿਚ ਮੁਆਫ਼ੀ ਮੰਗੀ ਸੀ ਤੇ ਨਾਲ ਹੀ ਅੰਗਰੇਜ਼ੀ ਫ਼ੌਜ ਵਿਚ ਭਾਰਤੀ ਨੌਜਵਾਨਾਂ ਨੂੰ ਭਰਤੀ ਕਰਵਾਉਣ ਦਾ ਵੀ ਭਰੋਸਾ ਦੁਆਇਆ ਸੀ।

ਇਤਿਹਾਸ ਇਹ ਵੀ ਦੱਸਦਾ ਹੈ ਕਿ ਅੰਗਰੇਜ਼ਾਂ ਨੇ ਨਾ ਕੇਵਲ ਸਾਵਰਕਰ ਦੀ ਸਜ਼ਾ ਮੁਆਫ਼ ਕਰ ਦਿੱਤੀ ਸੀ ਸਗੋਂ ਉਨ੍ਹਾਂ ਸਮਿਆਂ ਮੁਤਾਬਿਕ 'ਚੰਗੀ ਰਾਸ਼ੀ' ਵਾਲੀ ਮਹੀਨਾਵਾਰ ਪੈਨਸ਼ਨ ਵੀ ਲਗਾ ਦਿੱਤੀ ਸੀ। ਇਹ ਵੀ 'ਇਤਿਹਾਸਕ ਕੌੜਾ ਸੱਚ' ਹੈ ਕਿ ਆਰ.ਐਸ.ਐਸ. ਨੇ ਡਾ.ਬੀ.ਆਰ. ਅੰਬੇਦਕਰ ਵੱਲੋਂ ਤਿਆਰ ਕੀਤੇ ਭਾਰਤੀ ਸੰਵਿਧਾਨ ਦਾ ਵਿਰੋਧ ਕਰਦਿਆਂ ਰੋਸ ਪ੍ਰਦਰਸ਼ਨ ਵੀ ਕੀਤੇ ਸਨ ਤੇ ਸੰਵਿਧਾਨ ਦੀਆਂ ਕਾਪੀਆਂ ਵੀ ਸਾੜੀਆਂ ਸਨ। ਦੇਸ਼ ਨੂੰ ਆਜ਼ਾਦੀ ਮਿਲਣ ਦੇ 53 ਸਾਲ ਬਾਅਦ ਵੀ ਆਰ.ਐਸ.ਐਸ. ਦੇ ਹੈੱਡਕੁਆਰਟਰ 'ਤੇ ਤਿਰੰਗਾ ਨਹੀਂ ਲਹਿਰਾਇਆ ਗਿਆ ਸੀ। ਇਹ ਵੀ ਲੋਕ ਪ੍ਰਵਾਨਿਤ ਇਤਿਹਾਸਕ ਤੱਥ ਹੈ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਹੱਤਿਆ ਕਰਨ ਵਾਲਾ ਨੱਥੂ ਰਾਮ ਗੌਡਸੇ ਆਰ.ਐਸ.ਐਸ. ਵਿਚਾਰਧਾਰਾ ਪੱਖੀ ਹੀ ਸੀ ਤੇ ਅੱਜ ਵੀ ਕੋਈ ਭਾਜਪਾ ਆਗੂ ਜਾਂ ਆਰ.ਐਸ.ਐਸ. ਦਾ ਅਹੁਦੇਦਾਰ ਨੱਥੂ ਰਾਮ ਗੌਡਸੇ ਨੂੰ 'ਕਾਤਿਲ' ਜਾਂ 'ਅਤਿਵਾਦੀ' ਆਖ਼ ਕੇ ਨਹੀਂ ਪੁਕਾਰਦਾ ਹੈ।

ਅਜੋਕੇ ਸਮੇਂ ਦਾ ਕੌੜਾ ਸੱਚ ਇਹ ਹੈ ਕਿ ਉਕਤ ਸਾਰੇ ਇਤਿਹਾਸਕ ਤੱਥਾਂ ਦੀ ਪਰਦਾਪੋਸ਼ੀ ਕਰਕੇ ਸਮੁੱਚੀ ਭਾਜਪਾ ਲੀਡਰਸ਼ਿਪ ਆਰ.ਐਸ.ਐਸ. ਨੂੰ 'ਮਹਾਨ', 'ਦੇਸ਼ ਭਗਤੀ ਵਾਲਾ' ਅਤੇ 'ਦੇਸ਼ ਨੂੰ ਸਮਰਪਿਤ' ਸੰਗਠਨ ਤੇ ਸਾਵਰਕਰ ਜਿਹੇ ਵਿਅਕਤੀਆਂ ਨੂੰ 'ਵੱਡੇ ਦੇਸ਼ ਭਗਤ' ਦਰਸਾਉਣ ਦੀ ਕੋਸ਼ਿਸ਼ ਵਿਚ ਹੈ ਤੇ ਦੇਸ਼ ਦੇ ਮੀਡੀਆ ਜਗਤ ਦਾ ਇਕ ਵੱਡਾ ਵਰਗ ਭਾਜਪਾ ਦੇ ਇਸ 'ਮਿਸ਼ਨ' ਵਿਚ ਉਸਦੀ ਭਰਪੂਰ ਮਦਦ ਕਰ ਰਿਹਾ ਹੈ। ਹੁਣ ਤਾਂ ਭਾਜਪਾ ਨੇ ਵੱਡੇ ਲੋਕ ਸਮੂਹਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਹਿਤ ਭਾਰਤੀ ਸਿਨੇਮਾ ਦੀ ਵਰਤੋਂ ਵੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਦੀ ਮਿਸਾਲ ਬੀਤੇ ਦਸ ਕੁ ਵਰ੍ਹਿਆਂ ਵਿਚ ਬਣੀਆਂ ਕਈ ਸਾਰੀਆਂ ਹਿੰਦੀ ਫ਼ਿਲਮਾਂ ਹਨ ਜਿਨ੍ਹਾਂ ਵਿਚ ਤਾਜ਼ਾ ਰਿਲੀਜ਼ ਫ਼ਿਲਮ 'ਦਿੱਲੀ ਫ਼ਾਈਲਜ਼' ਜਾਂ 'ਦਿ ਬੰਗਾਲ ਫ਼ਾਈਲਜ਼' ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਦੀ ਹਸਤੀ ਵੱਲੋਂ ਇਸ ਸਮੁੱਚੀ ਪ੍ਰਚਾਰ ਮੁਹਿੰਮ ਦਾ ਹਿੱਸਾ ਬਣਨਾ ਇਹ ਅੰਦੇਸ਼ੇ ਪੈਦਾ ਕਰ ਰਿਹਾ ਹੈ ਕਿ ਜਿਸ ਤਰ੍ਹਾਂ ਨਹਿਰੂ ਅਤੇ ਗਾਂਧੀ ਦੇ ਕੱਦ ਨੂੰ ਘਟਾਉਣ ਅਤੇ ਆਰ.ਐਸ.ਐਸ. ਜਿਹੇ ਕੱਟੜ ਸੰਗਠਨ ਦਾ ਕੱਦ ਉੱਚਾ ਕਰਨ ਦੀ ਕਵਾਇਦ ਦੇਸ਼ ਭਰ ਵਿਚ ਚੱਲ ਰਹੀ ਹੈ, ਉਸ ਨਾਲ ਇਹ ਪੂਰੀ ਸੰਭਾਵਨਾ ਹੈ ਕਿ ਛੇਤੀ ਹੀ ਸਾਵਰਕਰ ਜਿਹੇ ਵਿਅਕਤੀਆਂ ਨੂੰ ਵੱਡੇ ਅਤੇ ਮਹਾਨ 'ਦੇਸ਼ ਭਗਤ' ਐਲਾਨਿਆ ਜਾ ਸਕਦਾ ਹੈ ਤੇ ਨਰਿੰਦਰ ਮੋਦੀ ਨੇ ਆਰ.ਐਸ.ਐਸ.ਨੂੰ 'ਐਨ.ਜੀ.ਓ.' ਭਾਵ 'ਸਮਾਜ ਸੇਵੀ ਸੰਗਠਨ' ਆਖ ਕੇ ਉਕਤ ਅੰਦੇਸ਼ਿਆਂ ਦੇ ਸੱਚ ਹੋਣ ਦਾ ਮੁੱਢ ਬੰਨ੍ਹ ਦਿੱਤਾ ਹੈ।

ਸਮੁੱਚੀ ਭਾਜਪਾ ਲੀਡਰਸ਼ਿਪ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਤਿਹਾਸ ਬਦਲਣ ਦੀ ਉਹ ਜਦੋਂ ਜਦੋਂ ਵੀ ਕੋਸ਼ਿਸ਼ ਕਰੇਗੀ, ਵਿਰੋਧੀ ਧਿਰਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਸੋਸ਼ਲ ਮੀਡੀਆ ਚੈਨਲ, ਤਸਵੀਰ ਦਾ ਦੂਜਾ ਪਾਸਾ ਲੋਕਾਂ ਨੂੰ ਵਿਖਾ ਦੇਣਗੇ। ਇਸ ਸਾਰੀ ਕਵਾਇਦ ਵਿਚ ਆਪਣਾ ਤੇ ਆਪਣੇ ਪਿਤਰੀ ਸੰਗਠਨ ਆਰ.ਐਸ.ਐਸ. ਦਾ 'ਇਤਿਹਾਸ' ਸੁਧਾਰਨ ਦੀ ਕੋਸ਼ਿਸ਼ ਕਰਦੀ ਭਾਜਪਾ ਕਿਧਰੇ ਆਪਣਾ ਵਰਤਮਾਨ ਅਤੇ ਭਵਿੱਖ ਹੀ ਖ਼ਰਾਬ ਨਾ ਕਰ ਲਏ ਕਿਉਂਕਿ ਹੁਣ ਆਮ ਜਨਤਾ ਨੂੰ ਇਹ ਸਮਝ ਆਉਣ ਲੱਗ ਪਈ ਹੈ ਕਿ ਬੀਤੇ 11 ਵਰ੍ਹਿਆਂ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਅਜਿਹੀਆਂ ਕੋਈ ਵੱਡੀਆਂ ਪ੍ਰਾਪਤੀਆਂ ਨਹੀਂ ਕੀਤੀਆਂ ਹਨ ਜੋ ਲੋਕਾਂ ਨੂੰ ਗਿਣਾਈਆਂ ਜਾ ਸਕਣ, ਇਸ ਲਈ ਭਾਜਪਾ ਹਰ ਵਾਰ ਦੇਸ਼ ਅਤੇ ਦੇਸ਼ ਦੇ ਨੌਜਵਾਨਾਂ ਦੇ ਵਰਤਮਾਨ ਅਤੇ ਭਵਿੱਖ ਨਾਲ ਸਬੰਧਿਤ ਮੁੱਦਿਆਂ ਦੀ ਗੱਲ ਕਰਨ ਦੀ ਥਾਂ ਇਤਿਹਾਸ ਵੱਲ ਨੂੰ ਦੌੜਦੀ ਹੈ ਤੇ ਕੁਝ ਨਾ ਕੁਝ ਸੰਵੇਦਨਸ਼ੀਲ ਮੁੱਦਾ ਲੱਭਣ ਅਤੇ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਭਾਜਪਾ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ 'ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ' ਤੇ ਜਨਤਾ ਮੂਰਖ ਨਹੀਂ ਹੈ। 'ਇਹ ਜੋ ਪਬਲਿਕ ਹੈ ਇਹ ਸਭ ਜਾਣਦੀ ਹੈ'।

# ਕਿਤਾਬਾਂ ਤੋਂ ਭੈਭੀਤ ਭਗਵਾ ਹਕੂਮਤ

***ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਵਿਚ 25 ਕਿਤਾਬਾਂ ਨੂੰ ਹਿੰਸਾ ਅਤੇ ਵੱਖਵਾਦ ਨੂੰ ਭੜਕਾਉਣ ਦਾ ਜ਼ਰੀਆ ਕਰਾਰ ਦੇ ਕੇ ਪਾਬੰਦੀ ਲਾ ਦਿੱਤੀ ਗਈ ਹੈ। ਕੀ ਇਸ ਪਾਬੰਦੀ ਦਾ ਕੋਈ ਹਕੀਕੀ, ਕਾਨੂੰਨੀ ਆਧਾਰ ਹੈ? ਜਾਂ ਇਹ ਮਹਿਜ਼ ਸੱਤਾ ਦੀ ਸਨਕ ਹੈ? ਕੀ ਕਸ਼ਮੀਰੀ ਲੋਕ ਸਰਕਾਰੀ ਬਿਰਤਾਂਤ ਨੂੰ ਅੰਤਮ ਸੱਚ ਮੰਨ ਲੈਣਗੇ? ਪਾਬੰਦੀ ਦੇ ਦੂਰਗਾਮੀ ਨਤੀਜੇ ਕੀ ਹੋਣਗੇ? ਇਨ੍ਹਾਂ ਮਹੱਤਵਪੂਰਨ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ॥***

**ਬੂਟਾ ਸਿੰਘ ਮਹਿਮੂਦਪੁਰ**


ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੇ ਗ੍ਰਹਿ ਵਿਭਾਗ ਵੱਲੋਂ 25 ਕਿਤਾਬਾਂ ਉੱਪਰ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇ ਦਿੱਤੇ ਗਏ। ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਉਸਨੇ ਪਾਬੰਦੀ ਨਹੀਂ ਲਗਾਈ। ਭਲਾ ਗ੍ਰਹਿ ਵਿਭਾਗ ਮੁੱਖ ਮੰਤਰੀ ਦੀ ਪ੍ਰਵਾਹ ਕਿਉਂ ਕਰੇਗਾ, ਉਹ ਤਾਂ ਸਿੱਧਾ ਦਿੱਲੀ ਵੱਲੋਂ ਥੋਪੇ ਗਵਰਨਰ ਮਨੋਜ ਸਿਨਹਾ ਦੇ ਕੰਟਰੋਲ ਹੇਠ ਹੈ। ਇਕ ਪਾਸੇ, ਸਿਨਹਾ ਵੱਲੋਂ ਸ੍ਰੀਨਗਰ ਵਿਚ ਡੱਲ ਝੀਲ ਦੇ ਕਿਨਾਰੇ 9 ਦਿਨ ਤੱਕ ਚੱਲਣ ਵਾਲੇ 'ਚਿਨਾਰ ਪੁਸਤਕ ਮੇਲੇ' ਦਾ ਉਦਘਾਟਨ ਕਰਨ ਅਤੇ ਦੂਜੇ ਪਾਸੇ 25 ਕਿਤਾਬਾਂ ਉੱਪਰ ਪਾਬੰਦੀ ਲਾਉਣ ਦੇ ਸਿਰਫ਼ ਇਹੀ ਮਾਇਨੇ ਬਣਦੇ ਹਨ ਕਿ ਕਸ਼ਮੀਰ ਬਾਰੇ ਇਤਿਹਾਸ ਵੀ ਉਹੀ ਪੜ੍ਹਨ ਦੀ ਇਜਾਜ਼ਤ ਦਿੱਤੀ ਜਾਵੇਗੀ ਜੋ ਸੰਘੀਆਂ ਨੂੰ ਪਸੰਦ ਹੈ। ਇਸ ਆਦੇਸ਼ ਤੋਂ ਬਾਅਦ ਪੁਲਿਸ ਵੱਲੋਂ ਪੂਰੇ ਜੰਮੂ-ਕਸ਼ਮੀਰ ਵਿਚ ਕਿਤਾਬਾਂ ਦੀਆਂ ਦੁਕਾਨਾਂ ਉੱਪਰ ਛਾਪੇ ਮਾਰ ਕੇ ਕਿਤਾਬਾਂ ਜ਼ਬਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਪੁਸਤਕ ਮੇਲੇ 'ਚ ਵੀ ਛਾਪੇ ਮਾਰੇ ਗਏ। ਇਸ ਤੋਂ ਪਹਿਲਾਂ, ਫਰਵਰੀ 2025 'ਚ, ਕਿਸੇ ਕਾਨੂੰਨੀ ਨੋਟੀਫਿਕੇਸ਼ਨ ਤੋਂ ਬਿਨਾਂ ਹੀ ਕਿਤਾਬਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰ ਕੇ ਇਸਲਾਮਿਕ ਸਾਹਿਤ ਦੀਆਂ 600 ਕਿਤਾਬਾਂ ਜ਼ਬਤ ਕਰ ਲਈਆਂ ਗਈਆਂ ਸਨ। ਗਿਆਨ ਤੇ ਬੌਧਿਕਤਾ ਨੂੰ ਕਤਲ ਕਰਨ ਦਾ ਬ੍ਰਾਹਮਣਵਾਦ ਦਾ ਬਹੁਤ ਪੁਰਾਣਾ ਇਤਿਹਾਸ ਰਿਹਾ ਹੈ। 20ਵੀਂ ਸਦੀ ਵਿਚ ਵਿਦਵਤਾ ਦੇ ਕੇਂਦਰਾਂ ਅਤੇ ਬੌਧਿਕਤਾ ਨੂੰ ਦਬਾਉਣ ਦੇ ਫਾਸ਼ੀਵਾਦੀ-ਨਾਜ਼ੀਵਾਦੀ ਤਜਰਬੇ ਵੀ ਸੰਘੀਆਂ ਦਾ ਅਜੋਕਾ ਪ੍ਰੇਰਣਾ ਸਰੋਤ ਹਨ। ਯੂਨੀਵਰਸਿਟੀਆਂ ਅਤੇ ਅਕਾਦਮਿਕ ਸਪੇਸ ਨੂੰ ਸੈਂਸਰ ਕਰਨਾ ਪੂਰੇ ਭਾਰਤ ਵਿਚ ਚੱਲ ਰਿਹਾ ਭਗਵਾ ਪ੍ਰੋਜੈਕਟ ਹੈ। ਲਿਹਾਜ਼ਾ, 2019 ਤੋਂ ਲੈ ਕੇ ਕਸ਼ਮੀਰੀ ਲੋਕਾਂ ਦੀ ਜ਼ੁਬਾਨਬੰਦੀ ਲਈ ਬੇਹੱਦ ਕਰੜੀ ਸੈਂਸਰਸ਼ਿਪ ਅਤੇ ਨਿਗਰਾਨੀ ਦੇ ਸਿਖ਼ਰਾਂ ਛੂਹਣ ਦੇ ਮੱਦੇਨਜ਼ਰ ਕਿਤਾਬਾਂ ਉੱਪਰ ਇਹ ਹਮਲਾ ਬਿਲਕੁਲ ਹੈਰਾਨੀਜਨਕ ਨਹੀਂ ਹੈ।

ਪਾਬੰਦੀਸ਼ੁਦਾ ਕਰਾਰ ਦਿੱਤੀਆਂ ਗਈਆਂ ਕਿਤਾਬਾਂ ਵਿਚ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਦੀ Azadi ਅਤੇ Kashmir: The Case of Freedom, ਰਾਜਨੀਤਕ ਵਿਦਵਾਨ ਸੁਮੰਤਰਾ ਬੋਸ ਦੀਆਂ ਕਿਤਾਬਾਂ Contested Land ਅਤੇ Kashimr At the Cross-roads, ਕਾਨੂੰਨੀ ਵਿਦਵਾਨ ਅਤੇ ਸੰਵਿਧਾਨਕ ਮਾਹਿਰ ਏ.ਜੀ. ਨੂਰਾਨੀ ਦੀ ਲਿਖੀ The Kashmir Dispute (1947–2012), ਡਾ. ਅਫਾਕ ਅਜ਼ੀਜ਼ ਦੀ 'ਤਾਰੀਖ਼-ਏ-ਸਿਆਸਤ ਕਸ਼ਮੀਰ', ਵਿਕਟੋਰੀਆ ਸਕੋਫੀਲਡ ਦੀ ਲਿਖੀ ਕਿਤਾਬ Kashmir in Conflict - India, Pakistan and the unending War, ਅਨੁਰਾਧਾ ਭਸੀਨ ਦੀ The Untold Story of Kashmir after Article 370 ਅਤੇ ਕ੍ਰਿਸਟੋਫਰ ਸਨੇਡਨ ਦੀ Independent Kashmir ਸਮੇਤ ਵਡਮੁੱਲੀਆਂ ਕਿਤਾਬਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਕਿਤਾਬਾਂ ਦਹਾਕੇ ਪਹਿਲਾਂ ਦੀਆਂ ਛਪੀਆਂ ਹੋਈਆਂ ਹਨ ਅਤੇ ਇਹ ਕੁਲ ਆਲਮ ਵਿਚ ਐਸੇ ਖੋਜ-ਕਾਰਜ ਵਜੋਂ ਮਕਬੂਲ ਹਨ ਜਿਨ੍ਹਾਂ ਉੱਪਰ ਕਸ਼ਮੀਰ ਦੇ ਇਤਿਹਾਸ ਅਤੇ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਸਮਝਣ ਲਈ ਭਰੋਸਾ ਕੀਤਾ ਜਾਂਦਾ ਹੈ।

ਬਰਤਾਨਵੀ ਲੇਖਿਕਾ ਵਿਕਟੋਰੀਆ ਸਕੋਫੀਲਡ ਇਤਿਹਾਸਕਾਰ ਅਤੇ ਸੁਤੰਤਰ ਤਬਸਰਾਕਾਰ ਹੈ ਜਿਸਦੀ ਕੌਮਾਂਤਰੀ ਮਾਮਲਿਆਂ, ਖ਼ਾਸ ਕਰਕੇ ਦੱਖਣੀ ਏਸ਼ੀਆ ਬਾਰੇ ਡੂੰਘੀ ਸਮਝ ਹੈ। ਸੁਮੰਤਰਾ ਬੋਸ ਲੰਦਨ ਸਕੂਲ ਆਫ ਇਕਨਾਮਿਕਸ ਵਿਖੇ ਕੌਮਾਂਤਰੀ ਅਤੇ ਤੁਲਨਾਤਮਕ ਰਾਜਨੀਤੀ ਦੇ ਪ੍ਰੋਫੈਸਰ ਹਨ। ਅਰੁੰਧਤੀ ਰਾਏ ਦੀ ਬੇਬਾਕ ਕਲਮ, ਖ਼ਾਸ ਕਰਕੇ ਉਸਦੀਆਂ ਕਸ਼ਮੀਰ ਬਾਰੇ ਨਿਧੜਕ ਟਿੱਪਣੀਆਂ ਕਿਸੇ ਜਾਣ-ਪਛਾਣ ਦੀਆਂ ਮੁਹਤਾਜ ਨਹੀਂ। ਹਫ਼ਸਾ ਕੰਜਵਲ ਦੀ ਕਿਤਾਬ Colonizing Kashmir, ਜਿਸਨੂੰ ਇਸ ਸਾਲ ਬਰਨਾਰਡ ਕੋਹਨ ਬੁੱਕ ਇਨਾਮ ਵੀ ਮਿਲਿਆ ਅਤੇ ਜੋ ਭਾਰਤ ਵਿਚ A Fate Written on Match-boxes ਦੇ ਨਾਂ ਨਾਲ ਛਪੀ ਸੀ, ਭਾਰਤੀ ਰਾਜ ਵੱਲੋਂ ਨਹਿਰੂ ਦੀ ਅਗਵਾਈ ਹੇਠ ਪੇਚੀਦਾ ਤਰੀਕਿਆਂ ਨਾਲ ਕਸ਼ਮੀਰ ਉੱਪਰ ਆਪਣਾ ਕੰਟਰੋਲ ਸਥਾਪਤ ਕਰਨ ਬਾਰੇ ਚਾਨਣਾ ਪਾਉਂਦੀ ਹੈ। ਉੱਘੀ ਪੱਤਰਕਾਰ ਅਤੇ 'ਕਸ਼ਮੀਰ ਟਾਈਮਜ਼' ਦੀ ਸੰਪਾਦਕ ਅਨੁਰਾਧਾ ਭਸੀਨ ਆਪਣੀ ਪੱਤਰਕਾਰੀ, ਖ਼ਾਸ ਕਰਕੇ ਧਾਰਾ 370 ਨੂੰ ਖ਼ਤਮ ਕਰਨ ਅਤੇ ਇਸ ਤੋਂ ਪਿੱਛੋਂ ਦੇ ਜੰਮੂ-ਕਸ਼ਮੀਰ ਦੇ ਦਰਦ ਨੂੰ ਬੇਬਾਕੀ ਨਾਲ ਕਲਮਬੱਧ ਕਰਨ ਕਰਕੇ ਨਿਸ਼ਾਨੇ 'ਤੇ ਹੈ। ਪਿਓਤਰ ਬਲਸਿਰੋਵਿਕਜ਼ ਅਤੇ ਐਗਨੀਏਸਜ਼ਕਾ ਕੁਸਜ਼ੇਵਸਕਾ ਦੀ ਲਿਖੀ ਕਿਤਾਬ Human Rights Violations in Kashmir ਇਸ ਵਿਸ਼ੇ ਉੱਪਰ ਬਹੁਤ ਭਰਵਾਂ ਅਧਿਐਨ ਹੈ। ਭਾਰਤੀ ਫ਼ੌਜ ਦੇ ਰਿਟਾਇਰਡ ਅਫਸਰ ਮਰੂਫ ਰਜ਼ਾ ਦੀ ਸੰਪਾਦਤ ਕੀਤੀ ਕਿਤਾਬ 'ਕਾਨਫਰੰਟਿੰਗ ਟੈਰਰਿਜ਼ਮ' ਵੀ ਪਾਬੰਦੀ ਦੀ ਮਾਰ ਹੇਠ ਆ ਗਈ ਹੈ।

ਭਾਰਤੀ ਹਾਕਮਾਂ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਉਹ ਅਧਿਐਨ ਅਤੇ ਟਿੱਪਣੀਆਂ ਹਨ ਜੋ ਕਸ਼ਮੀਰੀ ਲੋਕਾਂ ਨਾਲ ਧੱਕੇ ਤੇ ਵਿਤਕਰੇ ਦੇ ਇਤਿਹਾਸਕ ਤੱਥਾਂ ਨੂੰ ਅਤੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਵਿਆਪਕ ਘਾਣ ਦੇ ਸਵਾਲ ਨੂੰ ਦੁਨੀਆ ਅੱਗੇ ਉਠਾਉਂਦੀਆਂ ਹਨ। ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀ ਕਲਮ ਤੋਂ ਲਿਖੀਆਂ ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੂਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਛਾਪੀਆਂ ਇਹ ਕਿਤਾਬਾਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਹਨ। ਮਿਆਰੀ ਕਿਤਾਬਾਂ ਨੂੰ 'ਝੂਠੇ ਬਿਰਤਾਂਤ' ਅਤੇ 'ਵੱਖਵਾਦ' ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਗਵਾ ਹਕੂਮਤ ਦੀ ਅੰਦਰੋਂ ਬੁਰੀ ਤਰ੍ਹਾਂ ਡਰੀ ਤੇ ਬੌਖਲਾਈ ਹੋਈ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ।

ਕਿਤਾਬਾਂ ਉੱਪਰ ਪਾਬੰਦੀ ਮਜ਼ਲੂਮ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਨੀਤੀ ਦਾ ਅਨਿੱਖੜਵਾਂ ਅੰਗ ਹੈ। ਇਸ ਨੂੰ ਜਚਣਹਾਰ ਬਣਾਉਣ ਲਈ ਗ੍ਰਹਿ ਵਿਭਾਗ ਨੇ ਬਹਾਨਾ ਇਹ ਘੜਿਆ ਕਿ, 'ਜਾਂਚਾਂ ਅਤੇ ਭਰੋਸੇਯੋਗ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਹਾਸਲ ਸਬੂਤ ਸਾਫ਼-ਸਾਫ਼ ਦਰਸਾਉਂਦੇ ਹਨ ਕਿ ਹਿੰਸਾ ਅਤੇ ਦਹਿਸ਼ਤਵਾਦ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਦੇ ਪਿੱਛੇ ਮਹੱਤਵਪੂਰਨ ਕਾਰਕ ਝੂਠੇ ਬਿਰਤਾਂਤਾਂ ਅਤੇ ਵੱਖਵਾਦੀ ਸਾਹਿਤ ਦਾ ਗਿਣਿਆ-ਮਿੱਥਿਆ ਪ੍ਰਸਾਰ ਰਿਹਾ ਹੈ।' ਇਹ ਵੀ ਕਿਹਾ ਗਿਆ ਹੈ ਕਿ 'ਨੌਜਵਾਨਾਂ ਨੂੰ ਗੁਮਰਾਹ ਕਰਨ, ਦਹਿਸ਼ਤਵਾਦ ਨੂੰ ਵਡਿਆਉਣ ਅਤੇ ਭਾਰਤੀ ਰਾਜ ਵਿਰੁੱਧ ਹਿੰਸਾ ਭੜਕਾਉਣ ਵਿਚ' ਇਨ੍ਹਾਂ ਨਿਸ਼ਾਨਦੇਹੀ ਕੀਤੀਆਂ ਕਿਤਾਬਾਂ ਨੇ 'ਅਹਿਮ ਭੂਮਿਕਾ' ਨਿਭਾਈ ਹੈ।




*ਜੰਮੂ-ਕਸ਼ਮੀਰ ਵਿਚ ਪਾਬੰਦੀਸ਼ੁਦਾ ਕਰਾਰ ਦਿੱਤੀਆਂ ਗਈਆਂ ਕੁਝ ਪੁਸਤਕਾਂ ਦੇ ਸਰਵਰਕ।*

ਅਗਸਤ 2019 'ਚ ਵਿਸ਼ੇਸ਼ ਦਰਜਾ (ਧਾਰਾ 370) ਖ਼ਤਮ ਕੀਤੇ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਪੂਰੀ ਤਰ੍ਹਾਂ ਭਾਰਤ ਦੀ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ। 2016 'ਚ ਸੁਤੰਤਰ ਪ੍ਰਕਾਸ਼ਨ ਕਸ਼ਮੀਰ ਰੀਡਰ ਨੂੰ ਬੰਦ ਕਰਵਾ ਦਿੱਤਾ ਗਿਆ। 2019 'ਚ ਮਹੀਨਿਆਂ ਤੱਕ ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਬੰਦ ਰੱਖ ਕੇ ਕਸ਼ਮੀਰੀਆਂ ਦਾ ਸੰਚਾਰ ਦਾ ਹੱਕ ਵੀ ਖੋਹ ਲਿਆ ਗਿਆ। ਅਖ਼ਬਾਰ ਅਤੇ ਪੱਤਰਕਾਰ ਪੁੱਛਗਿੱਛ ਦੇ ਬਹਾਨੇ ਥਾਣਿਆਂ ਵਿਚ ਖੱਜਲ-ਖੁਆਰੀ, ਧਮਕੀਆਂ, ਝੂਠੇ ਕੇਸਾਂ, ਗ੍ਰਿਫ਼ਤਾਰੀਆਂ ਦੀ ਦਹਿਸ਼ਤ ਹੇਠ ਕੰਮ ਰਹੇ ਹਨ। ਕਿਤਾਬਾਂ ਉੱਪਰ ਪਾਬੰਦੀ ਇਸੇ ਦਿਸ਼ਾ 'ਚ ਅਗਲਾ ਕਦਮ ਹੈ ਜੋ ਚਿੰਤਾਜਨਕ ਪੈਟਰਨ ਨੂੰ ਉਜਾਗਰ ਕਰਦੀ ਹੈ। ਅਗਸਤ ਮਹੀਨੇ, ਜੰਮੂ-ਕਸ਼ਮੀਰ ਦੀ ਵਿਸ਼ੇਸ਼ ਹਸਤੀ ਮਿਟਾਏ ਜਾਣ ਅਤੇ ਇਸ ਨੂੰ ਫ਼ੌਜੀ ਤਾਕਤ ਦੇ ਜ਼ੋਰ 'ਅਖੰਡ ਭਾਰਤ' ਦਾ ਹਿੱਸਾ ਬਣਾਏ ਜਾਣ ਦੀ ਛੇਵੀਂ ਬਰਸੀ ਮੌਕੇ ਕਿਤਾਬਾਂ ਉੱਪਰ ਪਾਬੰਦੀ ਦਾ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਣਾਉਣਾ ਯਤਨ ਹੈ ਜਿਸ ਰਾਹੀਂ ਭਗਵਾ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀ ਸੱਚ ਬਣਾ ਕੇ ਸਥਾਪਤ ਕਰਨਾ ਚਾਹੁੰਦੀ ਹੈ। ਇਹ ਇਸ ਸਰਜ਼ਮੀਨ ਦੇ ਲੋਕਾਂ ਲਈ ਖ਼ਾਸ ਸੰਦੇਸ਼ ਵੀ ਹੈ ਕਿ ਉਨ੍ਹਾਂ ਨੂੰ ਇਤਿਹਾਸ ਵੀ ਹੁਣ ਭਾਰਤੀ ਰਾਜ ਦੀ ਮਰਜ਼ੀ ਅਨੁਸਾਰ ਪੜ੍ਹਨਾ ਪਵੇਗਾ।

ਕੀ ਭਗਵਾ ਹਕੂਮਤ ਨੇ ਕੋਈ ਅਧਿਐਨ ਕਰਵਾਇਆ ਹੈ, ਜਿਸ ਤੋਂ ਪਤਾ ਲੱਗਿਆ ਕਿ ਫਲਾਣੀ ਕਿਤਾਬ ਪੜ੍ਹਨ ਤੋਂ ਬਾਅਦ ਭੜਕ ਕੇ ਫਲਾਣੇ-ਫਲਾਣੇ ਕਸ਼ਮੀਰੀ ਨੌਜਵਾਨ ਹਿੰਸਾ ਦੇ ਰਾਹ ਪਏ? 'ਭਰੋਸੇਯੋਗ ਖੁਫ਼ੀਆ ਜਾਣਕਾਰੀ' ਨੂੰ ਆਧਾਰ ਬਣਾ ਕੇ ਤਾਂ ਰਾਜ ਮਸ਼ੀਨਰੀ ਕਿਸੇ ਵੀ ਖੋਜ ਕਾਰਜ ਉੱਪਰ 'ਹਿੰਸਾ ਭੜਕਾਉਣ' ਦਾ ਦੋਸ਼ ਲਾ ਸਕਦੀ ਹੈ। ਗਵਰਨਰ ਪ੍ਰਸ਼ਾਸਨ ਨੇ ਇਸਦਾ ਕੋਈ ਠੋਸ ਸਬੂਤ ਅਤੇ ਤੱਥ ਪੇਸ਼ ਨਹੀਂ ਕੀਤਾ ਕਿ ਇਹ ਕਿਤਾਬਾਂ ਹਿੰਸਾ ਨੂੰ ਕਿਵੇਂ ਭੜਕਾਉਂਦੀਆਂ ਹਨ। ਇਸ ਬੇਹੂਦਾ ਇਲਜ਼ਾਮ ਨੂੰ ਦੁਨੀਆ ਦਾ ਕਿਹੜਾ ਨਿਆਂਸ਼ਾਸਤਰ ਮੰਨ ਲਵੇਗਾ ਕਿ ਸਰਕਾਰ ਕੋਲ ਸਬੂਤ ਸਿਰਫ਼ 'ਭਰੋਸੇਯੋਗ ਖੁਫ਼ੀਆ ਜਾਣਕਾਰੀ' ਹੈ, ਇਸ ਤੋਂ ਬਿਨਾਂ ਹੋਰ ਕੋਈ ਸਬੂਤ ਨਹੀਂ ਹੈ ਕਿ ਅਕਾਦਮਿਕ ਜਾਂ ਇਤਿਹਾਸਕ ਕਿਤਾਬਾਂ ਨੇ ਕਸ਼ਮੀਰੀ ਨੌਜਵਾਨਾਂ ਨੂੰ ਹਿੰਸਾ ਵੱਲ ਧੱਕਿਆ ਹੈ। ਜੇਕਰ ਅਜਿਹਾ ਸੰਬੰਧ ਹੈ ਤਾਂ ਸਰਕਾਰ ਤੱਥਾਂ ਸਹਿਤ ਜਨਤਕ ਕਰੇ।

ਪਾਬੰਦੀ ਲਾਉਣ ਵਾਲਿਆਂ ਨੇ ਤਾਂ ਇਹ ਕਿਤਾਬਾਂ ਸ਼ਾਇਦ ਪੜ੍ਹੀਆਂ ਵੀ ਨਹੀਂ, ਸਿਰਫ਼ ਦਿੱਲੀ ਦਰਬਾਰ ਦਾ ਹੁਕਮ ਵਜਾਇਆ ਹੈ। ਇਸਦਾ ਸਬੂਤ ਹਫ਼ਸਾ ਕੰਜਵਾਲ ਦੀ ਕਿਤਾਬ Colonizing Kashmir ਨੂੰ ਪਾਬੰਦੀਸ਼ੁਦਾ ਵਿਚ ਸ਼ਾਮਲ ਕਰਨਾ ਹੈ ਜੋ ਭਾਰਤ ਵਿਚ A Fate Written on Matchboxes ਦੇ ਨਾਂ ਨਾਲ ਛਪੀ ਸੀ।

ਕਸ਼ਮੀਰ ਦੇ ਇਤਿਹਾਸਕ ਤੱਥਾਂ ਨੂੰ ਦਬਾ ਕੇ ਖ਼ਾਸ ਤਰ੍ਹਾਂ ਦੇ ਹਕੂਮਤੀ ਬਿਰਤਾਂਤ ਤੋਂ ਸਿਵਾਏ ਬਾਕੀ ਕਿਤਾਬਾਂ ਦੀ ਖੋਜ ਭਰਪੂਰ ਇਤਿਹਾਸਕਾਰੀ ਉੱਪਰ 'ਝੂਠਾ ਬਿਰਤਾਂਤ' ਦਾ ਠੱਪਾ ਲਾਉਣਾ, ਹੁਕਮਰਾਨ ਧਿਰ ਦਾ ਆਪਣਾ ਰਾਜਨੀਤਕ ਏਜੰਡਾ ਥੋਪਣ ਦਾ ਯਤਨ ਹੈ। ਜਦਕਿ ਹਕੀਕਤ ਇਹ ਹੈ ਕਿ ਕਸ਼ਮੀਰ ਘਾਟੀ ਵਿਚ ਹਿੰਸਾ ਦਾ ਪ੍ਰਮੁੱਖ ਸਰੋਤ ਭਾਰਤੀ ਹਾਕਮ ਜਮਾਤ ਦੀਆਂ ਨੀਤੀਆਂ ਹਨ। ਕਸ਼ਮੀਰੀਆਂ 'ਚ 'ਸ਼ਿਕਾਇਤਾਂ, ਪੀੜਤ ਹੋਣ ਅਤੇ ਦਹਿਸ਼ਤਵਾਦੀ ਨਾਇਕਵਾਦ ਦੀ ਸੰਸਕ੍ਰਿਤੀ' ਇਨ੍ਹਾਂ ਕਿਤਾਬਾਂ ਨੇ ਪੈਦਾ ਨਹੀਂ ਕੀਤੀ, ਇਹ ਭਾਰਤੀ ਹਾਕਮ ਜਮਾਤ ਵੱਲੋਂ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰੀ ਲੋਕਾਂ ਦੀਆਂ ਜਮਹੂਰੀ ਰੀਝਾਂ ਨੂੰ ਬਲ ਅਤੇ ਛਲ ਨਾਲ ਕੁਚਲਣ ਦੀ ਨੀਤੀ ਦਾ ਨਤੀਜਾ ਹੈ। ਕਸ਼ਮੀਰੀ ਨੌਜਵਾਨ ਕਿਸੇ ਲੇਖਕ ਦੀਆਂ ਕਿਤਾਬਾਂ ਪੜ੍ਹ ਕੇ ਗੁੰਮਰਾਹ ਨਹੀਂ ਹੋਏ, ਉਨ੍ਹਾਂ ਦੀ ਪ੍ਰੇਰਣਾ ਕਸ਼ਮੀਰ ਦੀ ਧਰਤੀ ਦਾ ਸਵੈ-ਨਿਰਣੇ ਲਈ ਸੰਘਰਸ਼ ਹੈ। ਉਹ ਜਾਣਦੇ ਹਨ ਕਿ ਭਾਰਤ ਦੇ 'ਲੋਕਤੰਤਰੀ' ਰਾਜ ਪ੍ਰਬੰਧ ਨੇ ਉਨ੍ਹਾਂ ਦੀਆਂ ਪਿਛਲੀਆਂ ਪੀੜ੍ਹੀਆਂ ਨਾਲ ਕੀ ਸਲੂਕ ਕੀਤਾ ਹੈ। ਹਕੂਮਤ ਦੀ ਟੇਕ ਸਿਰਫ਼ ਸੱਤਾਵਾਦੀ ਕੰਟਰੋਲ ਉੱਪਰ ਹੈ ਅਤੇ ਇਹ ਸਾਰੇ ਕਦਮ ਕਸ਼ਮੀਰੀ ਲੋਕਾਂ ਦੀ ਡੂੰਘੀ ਮਾਨਸਿਕ ਅਲਹਿਦਗੀ ਤੋਂ ਹਕੂਮਤ ਦੇ ਬੁਖਲਾਏ ਹੋਣ ਦੀ ਨਿਸ਼ਾਨੀ ਹੈ।

ਕਿਤਾਬਾਂ ਨੂੰ ਦਬਾਉਣ ਅਤੇ ਪਾਬੰਦੀ ਦਾ ਸਮਾਂ ਵੀ ਬਹੁਤ ਕੁਝ ਕਹਿ ਰਿਹਾ ਹੈ। ਇਹ ਧਾਰਾ 370 ਨੂੰ ਹਟਾਏ ਜਾਣ ਦੀ ਛੇਵੀਂ ਵਰ੍ਹੇਗੰਢ ਹੈ—ਇੰਤਹਾ ਜਾਬਰ ਕਾਰਾ, ਜਿਸਦੀ ਜੈ-ਜੈਕਾਰ ਭਗਵਾ ਹਕੂਮਤ 'ਸ਼ਾਂਤੀ ਅਤੇ ਵਿਕਾਸ' ਦੇ ਆਗਾਜ਼ ਦੇ ਤੌਰ 'ਤੇ ਕਰਦੀ ਹੈ। ਜੇਕਰ ਹਕੂਮਤੀ ਦਾਅਵੇ ਅਨੁਸਾਰ ਕਸ਼ਮੀਰ ਘਾਟੀ ਸੱਚਮੁੱਚ ਸਥਿਰ ਤੇ ਸ਼ਾਂਤ ਹੈ, ਤਾਂ ਏਨੀ ਸਖ਼ਤ ਸੈਂਸਰਸ਼ਿਪ ਦੀ ਲੋੜ ਕਿਉਂ ਪੈ ਰਹੀ ਹੈ?

ਸਚਾਈ ਇਹ ਹੈ ਕਿ ਫ਼ੌਜੀ ਦਾਬੇ ਹੇਠ ਕੁਚਲੇ ਕਸ਼ਮੀਰੀ ਲੋਕ ਖ਼ਾਮੋਸ਼ ਹਨ, ਪਰ ਝੁਕੇ ਨਹੀਂ ਹਨ। ਹਕੂਮਤ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਕਸ਼ਮੀਰੀ ਨੌਜਵਾਨਾਂ ਵੱਲੋਂ 'ਹਿੰਸਾ' ਦਾ ਰਾਹ ਅਖ਼ਤਿਆਰ ਕਰਨ ਦਾ ਡਰ ਹਕੂਮਤ ਵੱਲੋਂ ਇਸ ਹਕੀਕਤ ਨੂੰ ਕਬੂਲਣਾ ਵੀ ਹੈ ਕਿ ਮੋਦੀ ਸਰਕਾਰ ਦੇ 'ਨਯਾ ਕਸ਼ਮੀਰ' ਰਾਹੀਂ ਕਸ਼ਮੀਰੀਆਂ ਦੇ ਦਿਲ-ਦਿਮਾਗ ਜਿੱਤਣ ਦੇ ਦਾਅਵੇ ਕਿੰਨੇ ਝੂਠੇ ਹਨ। ਭਾਰਤ ਦੇ ਨੌਜਵਾਨਾਂ ਵਿਚ ਔਸਤ ਬੇਰੁਜ਼ਗਾਰੀ 10.2% ਹੈ ਜਦਕਿ ਜੰਮੂ-ਕਸ਼ਮੀਰ ਵਿਚ 17.4%। ਨੌਜਵਾਨਾਂ 'ਚ ਵਿਆਪਕ ਬੇਚੈਨੀ ਲਈ ਕਿਤਾਬਾਂ ਨੂੰ ਦੋਸ਼ੀ ਕਰਾਰ ਦੇ ਕੇ ਅਸਲ ਮਸਲੇ ਤੋਂ ਧਿਆਨ ਹਟਾਇਆ ਜਾ ਰਿਹਾ ਹੈ।

ਫਾਸ਼ੀਵਾਦੀ ਖੋਪੜੀਆਂ ਨੂੰ ਨਾਬਰ ਕਸ਼ਮੀਰੀਆਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਸੱਤਾਵਾਦੀ ਕੰਟਰੋਲ ਹੇਠ ਲਿਆਉਣ ਤੋਂ ਸਿਵਾਏ ਹੋਰ ਕੁਝ ਸੁਝ ਹੀ ਨਹੀਂ ਸਕਦਾ। ਪਿਛਲੇ ਛੇ ਸਾਲਾਂ ਵਿਚ ਪੱਤਰਕਾਰੀ ਦੀ ਆਜ਼ਾਦੀ ਨੂੰ ਬੁਰੀ ਤਰ੍ਹਾਂ ਕੁਚਲਿਆ ਗਿਆ ਹੈ, ਪੱਤਰਕਾਰਾਂ ਦੀ ਜ਼ਬਾਨਬੰਦੀ ਕਰਕੇ ਉਨ੍ਹਾਂ ਉੱਪਰ ਸਵੈ-ਸੈਂਸਰਸ਼ਿਪ ਥੋਪ ਦਿੱਤੀ ਗਈ ਹੈ, ਸ੍ਰੀਨਗਰ ਪ੍ਰੈੱਸ ਕਲੱਬ ਅਗਵਾ ਕਰ ਲਿਆ ਗਿਆ ਅਤੇ ਹੁਣ ਕਿਤਾਬਾਂ ਵੀ ਜ਼ਬਤ ਕੀਤੀਆਂ ਜਾ ਰਹੀਆਂ ਹਨ। ਹਿੰਸਾ ਤਾਂ ਬਹਾਨਾ ਹੈ, ਤਾਨਾਸ਼ਾਹ ਫ਼ਰਮਾਨ ਦਾ ਅਸਲ ਨਿਸ਼ਾਨਾ ਕਸ਼ਮੀਰੀਆਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਰਾਜ ਇਹ ਤੈਅ ਕਰੇਗਾ ਕਿ ਉਹ ਕੀ ਪੜ੍ਹਨਗੇ, ਕੀ ਸੋਚਣਗੇ ਅਤੇ ਕੀ ਲਿਖਣਗੇ।

ਤੁਰੰਤ ਸੈਂਸਰਸ਼ਿਪ ਤੋਂ ਇਲਾਵਾ, ਇਸ ਪਾਬੰਦੀ ਦਾ ਦੂਰਗਾਮੀ ਨਿਸ਼ਾਨਾ ਵੀ ਹੈ। ਨੌਜਵਾਨ ਖੋਜਕਰਤਾ ਡਰ ਕਾਰਨ ਵਿਵਾਦਪੂਰਨ ਵਿਸ਼ਿਆਂ 'ਤੇ ਕੰਮ ਕਰਨ ਤੋਂ ਝਿਜਕਣਗੇ। ਪ੍ਰਕਾਸ਼ਕ, ਸਰਕਾਰੀ ਕਾਰਵਾਈ ਦੇ ਡਰੋਂ ਕਸ਼ਮੀਰ ਬਾਰੇ ਕਿਤਾਬਾਂ ਛਾਪਣ ਤੋਂ ਕਤਰਾਉਣਗੇ। ਜਦੋਂ ਆਲੋਚਨਾਤਮਕ ਕਿਤਾਬਾਂ ਦਬਾ ਦਿੱਤੀਆਂ ਜਾਂਦੀਆਂ ਹਨ, ਤਾਂ ਲੋਕਾਂ ਤੋਂ ਮਸਲਿਆਂ ਬਾਰੇ ਵੰਨ-ਸੁਵੰਨੇ ਨਜ਼ਰੀਏ ਖੋਹ ਲਏ ਜਾਂਦੇ ਹਨ ਅਤੇ ਪਿੱਛੇ ਸਿਰਫ਼ ਸਰਕਾਰੀ ਪ੍ਰਚਾਰ ਰਹਿ ਜਾਂਦਾ ਹੈ। ਇਹ ਸਥਿਤੀ ਵੱਡੇ ਬੌਧਿਕ ਖੱਪੇ ਨੂੰ ਜਨਮ ਦਿੰਦੀ ਹੈ।

ਕਸ਼ਮੀਰੀ ਲੋਕਾਂ ਦੀ ਸਵੈ-ਨਿਰਣੇ ਦੇ ਹੱਕ ਦੀ ਜਮਹੂਰੀ ਰੀਝ ਨੂੰ ਦਬਾਉਣ ਲਈ ਘਾਟੀ ਵਿਚ ਹਕੂਮਤੀ ਤਾਕਤਾਂ ਦੀਆਂ ਮਨਮਾਨੀਆਂ, ਛਾਪੇਮਾਰੀਆਂ ਅਤੇ ਗ੍ਰਿਫਤਾਰੀਆਂ ਆਮ ਹਨ। ਤਾਜ਼ਾ ਪਾਬੰਦੀ ਨਾਲ ਉਨ੍ਹਾਂ ਨੂੰ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਇਕ ਹੋਰ ਬਹਾਨਾ ਮਿਲ ਗਿਆ ਹੈ। ਹੁਣ ਅਧਿਕਾਰੀ ਕਿਤਾਬਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰਿਆ ਕਰਨਗੇ, ਨਿੱਜੀ ਲਾਇਬ੍ਰੇਰੀਆਂ ਦੀ ਫਰੋਲਾ-ਫਰਾਲੀ ਕਰਨਗੇ ਅਤੇ 'ਰਾਜਧ੍ਰੋਹੀ' ਸਮੱਗਰੀ ਰੱਖਣ ਦੇ ਜੁਰਮ ਤਹਿਤ ਹੋਰ ਜ਼ਿਆਦਾ ਮੁਕੱਦਮੇ ਬਣਾਉਣਗੇ ਅਤੇ ਕਸ਼ਮੀਰੀ ਲੋਕਾਂ ਨੂੰ ਬਲੈਕਮੇਲ ਕਰਨ ਦਾ ਸਿਲਸਿਲਾ ਹੋਰ ਵਧੇਗਾ। ਪਾਬੰਦੀ ਸਿਰਫ਼ ਪਾਬੰਦੀਸ਼ੁਦਾ ਕਿਤਾਬਾਂ ਤੱਕ ਸੀਮਿਤ ਨਹੀਂ ਰਹੇਗੀ—ਕੋਈ ਵੀ ਕਿਤਾਬ ਜੋ ਹਕੂਮਤੀ ਬਿਰਤਾਂਤ ਨੂੰ ਚੁਣੌਤੀ ਦਿੰਦੀ ਹੈ, ਸ਼ੱਕੀ ਮੰਨੀ ਜਾ ਸਕਦੀ ਹੈ। ਅਸਲ ਮਕਸਦ ਸਿਰਫ਼ ਸਾਹਿਤ ਨੂੰ ਦਬਾਉਣਾ ਨਹੀਂ, ਸਗੋਂ ਨਵੇਂ ਤੋਂ ਨਵੇਂ ਬਹਾਨੇ ਘੜ ਕੇ ਖ਼ੌਫ਼ ਅਤੇ ਸਹਿਮ ਦਾ ਮਾਹੌਲ ਬਣਾਈ ਰੱਖਣਾ ਹੈ। ਸੱਤਾ ਬਹੁਤ ਵੱਡੇ ਭਰਮ 'ਚ ਹੈ। ਲੇਖਕ ਦੇ ਸ਼ਬਦ ਤਾਂ ਜੇਲ੍ਹ ਦੀਆਂ ਫੌਲਾਦੀ ਕੰਧਾਂ ਚੀਰ ਕੇ ਵੀ ਬਾਹਰ ਆ ਜਾਂਦੇ ਹਨ।

ਧੜਵੈਲ ਫ਼ੌਜੀ ਤਾਕਤ ਵਾਲਾ ਰਾਜ ਜੇਕਰ ਕਿਤਾਬਾਂ, ਵਿਚਾਰਾਂ ਤੋਂ ਭੈਅਭੀਤ ਹੈ ਤਾਂ ਲੋੜ ਇਸ ਗੱਲ ਦੀ ਹੈ ਕਿ ਵਿਚਾਰ ਪ੍ਰਗਟਾਵੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਸੱਤਾ ਕੋਲ ਸਿਰਫ਼ ਫ਼ੌਜ ਅਤੇ ਜਬਰ ਹੈ, ਲੋਕਾਂ ਅਤੇ ਲੋਕਾਂ ਦੇ ਲੇਖਕਾਂ ਕੋਲ ਦਲੀਲ ਅਤੇ ਸਚਾਈ ਦੀ ਤਾਕਤ ਹੈ। ਇਸ ਲਈ ਲੇਖਕਾਂ ਤੇ ਹੋਰ ਕਲਮਕਾਰਾਂ ਨੂੰ ਸਵੈ-ਸੈਂਸਰਸ਼ਿਪ ਦੀ ਬਜਾਏ ਸੱਤਾ ਦੇ ਜਬਰ ਅੱਗੇ ਡਟਣ ਦਾ ਰਾਹ ਅਖ਼ਤਿਆਰ ਕਰਨਾ ਹੋਵੇਗਾ। ਜਿਵੇਂ ਕਿ ਇੱਕ ਪਾਬੰਦੀਸ਼ੁਦਾ ਕਿਤਾਬ ਦੇ ਲੇਖਕ ਨੇ ਕਿਹਾ, ਅਜਿਹੀ ਸੈਂਸਰਸ਼ਿਪ ਦਾ ਜਵਾਬ ਘੱਟ ਲਿਖਣਾ ਨਹੀਂ, ਸਗੋਂ ਵਧੇਰੇ ਲਿਖਣਾ ਹੋਣਾ ਚਾਹੀਦਾ ਹੈ। ਪਾਬੰਦੀ ਨੇ ਇਨ੍ਹਾਂ ਕਿਤਾਬਾਂ ਦਾ ਮਹੱਤਵ ਸਗੋਂ ਵਧਾ ਦਿੱਤਾ ਹੈ!

ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਭਾਈਚਾਰੇ ਦੀ ਸਵੈਨਿਰਣੇ ਦੀ ਰੀਝ ਨੂੰ ਫ਼ੌਜੀ ਧੌਂਸ ਤੇ ਜਬਰ-ਜ਼ੁਲਮ ਦੇ ਜ਼ੋਰ ਵਕਤੀ ਤੌਰ 'ਤੇ ਤਾਂ ਦਬਾਇਆ ਜਾ ਸਕਦਾ ਹੈ ਪਰ ਬੀਜ-ਨਾਸ਼ ਨਹੀਂ ਕੀਤਾ ਜਾ ਸਕਦਾ। ਖ਼ੁਦ ਕਸ਼ਮੀਰੀ ਲੋਕਾਂ ਦਾ ਸਾਢੇ ਸੱਤ ਦਹਾਕਿਆਂ ਦਾ ਸੰਘਰਸ਼ ਇਸ ਇਤਿਹਾਸਕ ਸਚਾਈ ਦਾ ਗਵਾਹ ਹੈ।

ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਮੰਗ ਕਰਨੀ ਚਾਹੀਦੀ ਹੈ ਕਿ ਜੰਮੂ-ਕਸ਼ਮੀਰ ਦਾ ਗਵਰਨਰੀ ਪ੍ਰਸ਼ਾਸਨ ਇਹ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ ਕਸ਼ਮੀਰੀ ਲੋਕਾਂ ਦਾ ਸਵੈਨਿਰਣੇ ਦਾ ਹੱਕ ਤਸਲੀਮ ਕਰਦੇ ਹੋਏ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕੀਤਾ ਜਾਵੇ।

# ਖ਼ੁਦਮੁਖਤਿਆਰੀ ਗੁਆ ਰਹੀਆਂ ਪੰਚਾਇਤ ਸੰਸਥਾਵਾਂ

ਭਾਰਤ ਵਿਚ 6.65 ਲੱਖ ਪਿੰਡ ਹਨ। ਇਨ੍ਹਾਂ ਦੇ ਸਥਾਨਕ ਪ੍ਰਬੰਧ ਲਈ 2.68 ਲੱਖ ਗ੍ਰਾਮ ਪੰਚਾਇਤਾਂ, 674 ਜ਼ਿਲ੍ਹਾ ਪ੍ਰੀਸ਼ਦ ਅਤੇ 6733 ਬਲਾਕ ਸੰਮਤੀਆਂ ਹਨ। 30 ਲੱਖ ਤੋਂ ਵੱਧ ਚੁਣੇ ਹੋਏ ਪੇਂਡੂ ਨੁਮਾਇੰਦੇ ਪੂਰੇ ਦੇਸ਼ ਵਿਚ ਹਨ। ਸਥਾਨਕ ਸਰਕਾਰ ਕਹਾਉਂਦੀਆਂ ਪਿੰਡ ਪੰਚਾਇਤਾਂ, ਅਜੋਕੇ ਸਿਆਸੀ ਮਾਹੌਲ ਵਿਚ ਅਪਰਾਧੀਕਰਨ, ਬਾਹੂਬਲ, ਜਾਤੀਵਾਦ ਅਤੇ ਉਚ-ਨੀਚ ਜਿਹੀਆਂ ਕੁਰੀਤੀਆਂ ਦੀ ਜਕੜ ਵਿਚ ਹਨ ਅਤੇ ਆਪਣੀ ਅਸਲੀ ਦਿੱਖ ਗੁਆਉਂਦੀਆਂ ਜਾ ਰਹੀਆਂ ਹਨ।

ਇਹੋ ਜਿਹੇ ਹਾਲਾਤ ਵਿਚ ਕੀ ਪੰਚਾਇਤਾਂ ਆਮ ਆਦਮੀ ਦੀ ਤਾਕਤ ਬਣ ਰਹੀਆਂ ਹਨ? ਕੀ ਪੰਚਾਇਤਾਂ, ਪੇਂਡੂ ਵਿਕਾਸ ਦੀ ਚਾਲ ਤੇਜ਼ ਕਰ ਰਹੀਆਂ ਹਨ?



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਕੀ ਪੰਚਾਇਤਾਂ ਚੰਗੇਰੇ ਪ੍ਰਬੰਧ, ਪਿੰਡਾਂ ਦੀ ਖੁਸ਼ਹਾਲੀ ਦਾ ਸਾਧਨ ਬਣੀਆ ਹਨ? ਜਾਂ ਕੀ ਪੰਚਾਇਤਾਂ ਸਵਰਾਜ ਨੂੰ ਅੱਗੇ ਵਧਾਉਣ ਲਈ ਕੋਈ ਸਾਰਥਕ ਭੂਮਿਕਾ ਨਿਭਾ ਸਕੀਆਂ ਹਨ?

ਪੰਚਾਇਤ ਨੂੰ ਲੋਕਤੰਤਰਿਕ ਵਿਕੇਂਦਰੀਕਰਨ ਦਾ ਪੂਰਕ ਮੰਨਿਆ ਗਿਆ ਹੈ। ਸਮੁੱਚਾ ਪੇਂਡੂ ਭਾਈਚਾਰਕ ਵਿਕਾਸ ਇਸ ਦੀ ਨੀਂਹ ਹੈ। ਇਸੇ ਅਧਾਰ 'ਤੇ ਦੇਸ਼ ਵਿਚ ਪਿੰਡਾਂ ਦਾ ਸਮੂਹਿਕ ਵਿਕਾਸ ਅਤੇ ਭਾਈਚਾਰਕ ਢਾਂਚਾ ਮਜ਼ਬੂਤ ਕਰਨ ਦਾ ਟੀਚਾ ਮਿਥਿਆ ਗਿਆ, ਪਰ ਪਿੰਡਾਂ ਦੇ ਵਿਕਾਸ ਦੇ ਹੁਣ ਤੱਕ ਦੇ ਬਹੁਤੇ ਤਜ਼ਰਬੇ ਫੇਲ੍ਹ ਹੋਏ।

ਜਿਨ੍ਹਾਂ ਪੰਚਾਇਤਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਣ ਦੀ ਗੱਲ ਹੋਈ, ਉਹੀ ਪੰਚਾਇਤਾਂ ਸਿਆਸਤ ਦੇ ਪੰਜੇ 'ਚ ਹਨ। ਜਿਹੜੀਆਂ ਪੰਚਾਇਤਾਂ ਲੋਕ ਮਸਲਿਆਂ ਦੇ ਹੱਲ ਲਈ ਸਨ, ਇਹੋ ਪੰਚਾਇਤਾਂ ਲੋਕ ਸਮੱਸਿਆਵਾਂ ਦੇ ਵਾਧੇ ਦਾ ਕਾਰਨ ਬਣੀਆਂ ਹਨ। ਪੰਚਾਇਤਾਂ, ਜਿਨ੍ਹਾਂ ਨੇ ਲੋਕਤੰਤਰ ਨੂੰ ਮੋਢਾ ਦੇ ਕੇ ਥੰਮਿਆ ਹੋਇਆ ਸੀ, ਉਹ ਆਪ ਕਈ ਜੰਜਾਲਾਂ 'ਚ ਫਸੀਆਂ ਹਨ। ਚਾਹੇ ਇਹ ਜੰਜਾਲ ਵਿੱਤੀ ਸੰਕਟ ਹੋਵੇ ਜਾਂ ਧੜੇਬੰਦੀ, ਸਿਆਸੀ ਦਖਲਅੰਦਾਜ਼ੀ ਜਾਂ ਰੂੜ੍ਹੀਵਾਦੀ ਸੋਚ, ਅਨਪੜ੍ਹਤਾ ਜਾਂ ਜਾਤੀਵਾਦ ਦਾ ਅਸਰ ਹੋਵੇ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਵਿਚ ਪੰਚਾਇਤਾਂ ਦਾ ਹੋਰ ਕੋਈ ਬਦਲ ਵੀ ਨਹੀਂ ਹੈ।

ਇਸੇ ਕਰਕੇ ਪੰਚਾਇਤ ਪ੍ਰਬੰਧਨ ਅਤੇ ਪੇਂਡੂ ਵਿਕਾਸ ਦੀ ਗਤੀਸ਼ੀਲਤਾ ਲਈ ਦੇਸ਼ ਦੀ ਆਜ਼ਾਦੀ ਉਪਰੰਤ ਕਈ ਯਤਨ ਹੋਏ। ਨਵੀਆਂ ਨੀਤੀਆਂ ਘੜੀਆਂ ਗਈਆਂ। ਪੇਂਡੂ ਵਿਕਾਸ ਲਈ ਵੱਖਰੀਆਂ ਸਕੀਮਾਂ ਬਣਾਈਆਂ ਗਈਆਂ। ਬਲਵੰਤ ਰਾਏ ਮਹਿਤਾ ਕਮੇਟੀ ਦਾ ਗਠਨ, ਆਜ਼ਾਦੀ ਉਪਰੰਤ ਪਿੰਡਾਂ ਦੇ ਵਿਕਾਸ ਲਈ ਰੂਪ-ਰੇਖਾ ਤਿਆਰ ਕਰਨ ਦਾ ਆਰੰਭ ਸੀ। ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣ, ਪੰਚਾਇਤਾਂ ਵਿੱਤੀ ਤੌਰ 'ਤੇ ਸੰਪੰਨ ਹੋਣ, ਪਿੰਡਾਂ ਦਾ ਪ੍ਰਸ਼ਾਸਨ ਮਜ਼ਬੂਤ ਹੋਵੇ ਅਤੇ ਉਹ ਇਕ ਸਥਾਨਕ ਸਰਕਾਰ ਵਜੋਂ ਕੰਮ ਕਰ ਸਕਣ, ਇਸ ਸੋਚ ਨੂੰ ਲੈ ਕੇ ਸਮੇਂ-ਸਮੇਂ ਸਰਕਾਰਾਂ ਦੇ ਯਤਨ ਭਾਵੇਂ ਛੁਟਿਆਏ ਨਹੀਂ ਜਾ ਸਕਦੇ ਪਰ ਪੇਂਡੂ ਵਿਕਾਸ ਦੀ ਜਿਹੜੀ ਗੂੜ੍ਹੀ ਛਾਪ ਦਿਖਣੀ ਚਾਹੀਦੀ ਸੀ, ਉਹ ਕਦੇ ਵੀ ਦਿਖ ਨਹੀਂ ਸਕੀ।

ਪਰ ਇੱਕ ਗੱਲ ਸਾਫ ਹੈ ਕਿ ਪੇਂਡੂ ਸੁਚੱਜੇ ਪ੍ਰਬੰਧਨ, ਪਿੰਡਾਂ ਦੇ ਲੋਕਾਂ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਲਈ 1997 ਦਾ ਨਾਗਰਿਕ ਘੋਸ਼ਣਾ ਪੱਤਰ (ਜਿਸ ਦਾ ਉਦੇਸ਼ ਸਰਵਜਨਕ ਸੇਵਾਵਾਂ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣਾ ਸੀ), 2005 ਦਾ ਸੂਚਨਾ ਅਧਿਕਾਰ, 2006 ਦੀ ਈ-ਗਵਰਨੈਂਸ ਯੋਜਨਾ ਪੇਂਡੂ ਸੁਸ਼ਾਸਨ ਨੂੰ ਸਹੀ ਦਿਸ਼ਾ ਦੇਣ ਅਤੇ ਤਾਕਤ ਦੇਣ ਲਈ ਬਣਾਈਆਂ ਗਈਆਂ। ਇਨ੍ਹਾਂ ਦੇ ਪ੍ਰਭਾਵ ਨੇ ਪਿੰਡ ਪੰਚਾਇਤਾਂ ਦੀ ਦਿੱਖ ਸੁਧਾਰੀ ਵੀ। ਸੰਵਿਧਾਨ ਦੀ 73ਵੀਂ ਸੋਧ ਨਾਲ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣੇ ਪਾਸ ਕੀਤੇ ਗਏ। ਕੁੱਝ ਕੁ ਸੂਬਿਆਂ 'ਚ ਇਸ ਸੋਧ ਦੇ ਅਧੀਨ ਕੰਮ ਵੀ ਆਰੰਭ ਹੋਇਆ। ਇਨ੍ਹਾਂ ਦਿੱਤੇ ਅਧਿਕਾਰਾਂ 'ਚ ਸੂਬੇ ਭਰ ਦੇ 29 ਮਹਿਕਮਿਆਂ ਦੇ ਕੰਮ ਕਾਰ ਦੀ ਨਿਗਰਾਨੀ ਪੰਚਾਇਤਾਂ ਨੂੰ ਸੌਂਪੀ ਗਈ। ਪਰ ਇਸ ਸੋਧ ਨੂੰ ਅਮਲੀ ਤੌਰ 'ਤੇ ਨਾ ਸੂਬਿਆਂ ਦੇ ਉਚ ਪ੍ਰਸ਼ਾਸਨ ਨੇ ਪ੍ਰਵਾਨ ਕੀਤਾ ਅਤੇ ਨਾ ਹੀ ਸਿਆਸਤਦਾਨਾਂ ਨੇ।

ਸਿੱਟੇ ਵਜੋਂ ਜ਼ਿਲ੍ਹਿਆਂ 'ਚ ਬਣੀ ਸਥਾਨਕ ਸਰਕਾਰ ਜ਼ਿਲ੍ਹਾ ਪ੍ਰੀਸ਼ਦ, ਬਲਾਕਾਂ 'ਚ ਬਣੀ ਬਲਾਕ ਸੰਮਤੀ ਪੰਗੂ ਬਣਾ ਕੇ ਰੱਖ ਦਿੱਤੀ ਗਈ। ਕਿਉਂਕਿ ਸਾਰੀਆਂ ਕਾਰਜਕਾਰੀ ਸ਼ਕਤੀਆਂ ਸਰਕਾਰੀ ਨਿਯਮ ਬਣਾ ਕੇ, ਪ੍ਰਸ਼ਾਸਨ ਦੇ ਸਪੁਰਦ ਕਰ ਦਿੱਤੀਆਂ ਗਈਆਂ। ਇਸ ਸੋਧ ਅਧੀਨ ਪੰਚਾਇਤੀ ਸੰਸਥਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਰਾਖਵਾਂਕਰਨ ਕੀਤਾ ਗਿਆ। ਜੋ ਹੁਣ 50 ਫੀਸਦੀ ਹੈ। ਇਹ ਆਪਣੇ ਆਪ ਵਿਚ ਪਿਛਲੇ ਤਿੰਨ ਦਹਾਕਿਆਂ 'ਚ ਵੱਡਾ ਬਦਲਾਅ ਸੀ। ਇਸ ਨਾਲ ਗਿਣਾਤਮਕ ਤੌਰ 'ਤੇ ਔਰਤਾਂ ਦੀ ਹਿੱਸੇਦਾਰੀ ਵਧੀ। ਪਰ ਜ਼ਮੀਨੀ ਪੱਧਰ 'ਤੇ ਜੇਕਰ ਦੇਖਿਆ ਜਾਵੇ ਤਾਂ ਇਹ ਬਦਲਾਅ ਪੁਰਸ਼ ਪ੍ਰਧਾਨ ਸਮਾਜ 'ਚ ਉਹ ਸਿੱਟੇ ਨਹੀਂ ਕੱਢ ਸਕਿਆ ਜੋ ਇਸ ਤਬਦੀਲੀ ਨਾਲ ਪਿੰਡਾਂ 'ਚ ਹੋਣੇ ਸਨ। ਉਹ ਬਰਾਬਰੀ, ਜਿਹੜੀ ਔਰਤਾਂ ਨੂੰ ਮਿਲਣੀ ਚਾਹੀਦੀ ਹੈ, ਸਮਾਜ 'ਚ ਨਹੀਂ ਮਿਲ ਸਕੀ ਅਤੇ ਪ੍ਰਬੰਧਨ ਵਿਚ ਵੀ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਨਹੀਂ ਹੋ ਸਕੀ। ਇਸ ਦਾ ਇਕ ਕਾਰਨ ਪੇਂਡੂ ਖੇਤਰ 'ਚ ਫੈਲੀ ਅਨਪੜ੍ਹਤਾ ਵੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਦਾ ਹਰ ਚੌਥਾ ਵਿਅਕਤੀ ਅਨਪੜ੍ਹ ਹੈ। ਅਨਪੜ੍ਹ ਔਰਤਾਂ ਦੀ ਗਿਣਤੀ ਵੱਧ ਹੈ ਅਤੇ ਪੇਂਡੂ ਖੇਤਰ 'ਚ ਤਾਂ ਇਹ ਅਨਪੜ੍ਹਤਾ ਖਾਸ ਕਰਕੇ ਔਰਤਾਂ 'ਚ ਵੱਧ ਹੈ।

ਭਾਰਤ ਸਰਕਾਰ ਦੇ 2025-26 ਦੇ ਬਜਟ ਵਿਚ ਪੇਂਡੂ ਵਿਕਾਸ ਨੂੰ ਰਫ਼ਤਾਰ ਦੇਣ ਲਈ ਕੁੱਝ ਯੋਜਨਾਵਾਂ ਉਲੀਕੀਆਂ ਗਈਆਂ ਹਨ, ਜਿਨ੍ਹਾਂ ਵਿਚ 2028 ਤੱਕ ਜਲ ਜੀਵਨ ਮਿਸ਼ਨ, ਬ੍ਰਾਡਬੈਂਡ ਸੁਵਿਧਾ ਦੇਣਾ ਵਿਸ਼ੇਸ਼ ਤੌਰ 'ਤੇ ਮਿਥਿਆ ਗਿਆ ਹੈ। ਇਨ੍ਹਾਂ ਯੋਜਨਾਵਾਂ 'ਚ ਪੇਂਡੂ ਔਰਤਾਂ, ਕਿਸਾਨਾਂ, ਹਾਸ਼ੀਏ 'ਤੇ ਪਏ ਭਾਈਚਾਰਿਆਂ ਅਤੇ ਭੂਮੀਹੀਣ ਪਰਿਵਾਰਾਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਦੇਣਾ ਸ਼ਾਮਲ ਹੈ। ਫ਼ਸਲ ਬੀਮਾ ਯੋਜਨਾ, ਰਾਸ਼ਟਰੀ ਗਵਰਨੈਂਸ ਕਾਰਜ ਅਧੀਨ ਖਾਸ ਤੌਰ 'ਤੇ ਪਿੰਡਾਂ 'ਚ ਸੇਵਾਵਾਂ ਦੇਣੀਆਂ ਮਿੱਥੀਆਂ ਗਈਆਂ, ਪਰ ਅਨਪੜ੍ਹਤਾ ਅਤੇ ਹੱਕਾਂ ਪ੍ਰਤੀ ਅਗਿਆਨਤਾ ਕਾਰਨ ਇਹ ਪੇਂਡੂ ਲੋਕਾਂ ਤੱਕ ਪੁੱਜ ਨਹੀਂ ਰਹੀਆਂ।

ਪਰ ਇਸ ਸਭ ਕੁਝ ਤੋਂ ਵੀ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਪਿੰਡਾਂ ਦੇ ਲੋਕ ਆਜ਼ਾਦੀ ਉਪਰੰਤ ਡਰ ਰਹਿਤ ਹੋਏ ਹਨ? ਆਪਣੀ ਤਾਕਤ ਦੀ ਪਛਾਣ ਕਰ ਸਕੇ ਹਨ? ਕੀ ਉਨ੍ਹਾਂ ਵਿਚ ਹੌਂਸਲਾ ਪੈਦਾ ਹੋਇਆ ਜਾਂ ਵਧਿਆ ਹੈ? ਕੀ ਉਹ ਮਾਨਸਿਕ ਤੌਰ 'ਤੇ ਦੇਸ਼ ਭਾਰਤ ਦੇ ਵਸਨੀਕ ਹੁੰਦਿਆਂ ਆਪਣੇ ਹੱਕਾਂ, ਫਰਜ਼ਾਂ ਪ੍ਰਤੀ ਜਾਗਰੂਕ ਹੋਏ ਹਨ? ਜਾਂ ਕੀ ਉਹ ਸਿਰਫ਼ ਅਫ਼ਸਰਾਂ, ਸਿਆਸਤਦਾਨਾਂ ਜਾਂ ਕੰਮ ਕਰਾਉਣ ਵਾਲੇ ਵਿਚੋਲਿਆਂ 'ਤੇ ਹੀ ਨਿਰਭਰ ਹਨ? ਕਿਉਂਕਿ ਸਿਆਸੀ ਧਿਰ ਪਿੰਡਾਂ ਦੇ ਲੋਕਾਂ ਦੀਆਂ ਵੋਟਾਂ ਤਾਂ ਚਾਹੁੰਦੀ ਹੈ, ਪਰ ਉਨ੍ਹਾਂ ਨੂੰ ਸੰਵਿਧਾਨ 'ਚ ਮਿਲੇ ਅਧਿਕਾਰ ਦੇਣ ਤੋਂ ਕੰਨੀ ਕਤਰਾਉਂਦੀਆਂ ਹਨ।

ਪਿਛਲੀ ਪੌਣੀ ਸਦੀ ਇਸ ਗੱਲ ਦੀ ਗਵਾਹ ਹੈ ਕਿ ਆਜ਼ਾਦੀ ਦੇ ਬਾਅਦ, ਜੇਕਰ ਸਭ ਤੋਂ ਵੱਧ ਪੀੜਤ ਹਨ ਤਾਂ ਉਹ ਪੇਂਡੂ ਹਨ। ਜੇਕਰ ਸਭ ਤੋਂ ਵੱਧ ਦੇਸ਼ ਦੀ ਅਬਾਦੀ ਦੇ ਵੱਡੇ ਹਿੱਸੇ ਨੂੰ ਗੁੰਮਰਾਹ ਕੀਤਾ ਗਿਆ ਹੈ ਤਾਂ ਉਹ ਪੇਂਡੂ ਹਨ? ਜੇਕਰ ਸਭ ਤੋਂ ਵੱਧ ਦੇਸ਼ ਦੀ ਵੱਡੀ ਅਬਾਦੀ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਉਹ ਪੇਂਡੂ ਹਨ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦਾ ਵਿਕਾਸ ਇਸ ਗੱਲ ਦਾ ਵੱਡਾ ਸਬੂਤ ਹੈ।

ਬੁਨਿਆਦੀ ਢਾਂਚੇ ਦੀ ਉਸਾਰੀ ਜਿੰਨੀ ਸ਼ਹਿਰਾਂ 'ਚ ਹੋਈ ਪਿੰਡਾਂ 'ਚ ਨਹੀਂ ਹੋਈ। ਵੱਡੇ ਹਸਪਤਾਲ, ਦਫ਼ਤਰ, ਸਕੂਲ, ਕਾਲਜ, ਯੂਨੀਵਰਸਿਟੀਆਂ ਪਿੰਡਾਂ 'ਚ ਕਿੰਨੇ ਹਨ? ਕਿੰਨੇ ਪੇਂਡੂ ਲੋਕਾਂ ਦੀ ਵੱਡੇ ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਪਹੁੰਚ ਹੈ? ਜਾਂ ਕਿੰਨੇ ਪੇਂਡੂਆਂ ਲਈ ਇਹ ਸਹੂਲਤਾਂ ਖੁੱਲ੍ਹੀਆਂ ਹਨ?

ਬਾਵਜੂਦ ਇਸ ਦੇ ਕਿ ਦੇਸ਼ ਦੀ ਵੱਡੀ ਅਬਾਦੀ ਪੇਂਡੂ ਹੈ। ਪਿੰਡਾਂ ਵਿਚ ਜੀਵਨ ਲਈ ਲੋੜੀਂਦੀਆਂ ਘੱਟੋ-ਘੱਟ ਸਹੂਲਤਾਂ ਦੀ ਘਾਟ ਹੈ। ਸਾਫ਼ ਪਾਣੀ ਦੀ ਉਪਲੱਬਧਤਾ ਨਹੀਂ, ਆਵਾਜਾਈ ਦੇ ਸਾਧਨ ਨਹੀਂ, ਸਕੂਲਾਂ ਦੀ ਘਾਟ ਹੈ, ਸਿਹਤ ਸਹੂਲਤਾਂ ਨਾਂਹ ਦੇ ਬਰਾਬਰ ਹਨ। ਇਹੋ ਸਭੋ ਕੁਝ ਸੁਧਾਰਨ ਲਈ ਪਿੰਡਾਂ ਦੇ ਵਿਕਾਸ ਦੀ ਲੋੜ ਸੀ। ਪੇਂਡੂ ਲੋਕਾਂ



ਨੂੰ ਹੱਕ ਪ੍ਰਦਾਨ ਕਰਨ ਲਈ, ਸਥਾਨਕ ਲੋੜਾਂ ਦੇ ਪ੍ਰਬੰਧ ਲਈ ਸਥਾਨਕ ਸਰਕਾਰਾਂ, ਜਿਨ੍ਹਾਂ ਕੋਲ ਆਪਣੇ ਅਧਿਕਾਰ ਹੋਣ ਦੀ, ਅਤਿਅੰਤ ਲੋੜ ਸੀ। ਹਾਕਮਾਂ, ਸਿਆਸਤਦਾਨਾਂ ਨੇ ਇਹ ਲੋੜ ਮਹਿਸੂਸ ਵੀ ਕੀਤੀ। ਪੇਂਡੂ ਲੋਕਾਂ ਨੂੰ ਨਿੱਤ ਨਵੀਆਂ ਸਕੀਮਾਂ ਘੜ ਕੇ ਸੁਪਨੇ ਵੀ ਨਵੇਂ ਵਿਖਾਏ। ਪਰ ਅਸਲ 'ਚ ਸਥਾਨਕ ਪ੍ਰਬੰਧ ਜੋ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਦਿੱਤਾ ਜਾਣਾ ਬਣਦਾ ਸੀ, ਉਸ ਤੋਂ ਪੇਂਡੂ ਲੋਕਾਂ ਨੂੰ ਹੁਣ ਤੱਕ ਵੀ ਵਿਰਵੇ ਰੱਖਿਆ ਗਿਆ ਹੈ। ਕਹਿਣ ਨੂੰ ਤਾਂ ਪੇਂਡੂ ਸੰਸਥਾਵਾਂ ਦੀਆਂ ਚੋਣਾਂ ਹੁੰਦੀਆਂ ਹਨ, ਉਨ੍ਹਾਂ ਨੂੰ ਵਧੇਰੇ ਅਹਿਮੀਅਤ ਦੇਣ ਦੀ ਗੱਲ ਵੀ ਹੁੰਦੀ ਹੈ, ਪਰ ਇਹ ਸਿਆਸਤ ਦੀ ਭੇਟ ਚੜ੍ਹਦੀਆਂ ਹਨ।

ਭਾਰਤ ਵਿਚ ਪੰਚਾਇਤਾਂ ਦਾ ਕੰਮ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਪੰਚਾਇਤਾਂ ਦੀ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਉਨ੍ਹਾਂ ਕੋਲ ਆਪਣੀ ਕਮਾਈ ਦੇ ਸਾਧਨ ਨਹੀਂ ਹਨ। ਉਨ੍ਹਾਂ ਨੂੰ ਖੁਦਮੁਖਤਿਆਰ ਹੋਣ ਦਾ ਹੱਕ ਵੀ ਨਹੀਂ ਹੈ।

ਉਂਜ ਵੀ ਕਿਉਂਕਿ ਪੰਚਾਇਤ ਨੁਮਾਇੰਦਿਆਂ ਕੋਲ ਪ੍ਰਾਸ਼ਾਸਨਿਕ ਕੰਮ, ਬਜਟ ਪ੍ਰਬੰਧਨ, ਯੋਜਨਾਬੰਦੀ ਲਈ ਸਿਖਲਾਈ ਅਤੇ ਸਮਰੱਥਾ ਦੀ ਘਾਟ ਹੁੰਦੀ ਹੈ, ਇਸ ਕਾਰਨ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ 'ਚ ਔਖਿਆਈ ਆਉਂਦੀ ਹੈ। ਸੰਵਿਧਾਨ ਦੀ 73ਵੀਂ ਸੋਧ ਅਨੁਸਾਰ ਪਿੰਡ ਦੀ ਗ੍ਰਾਮ ਸਭਾ (ਯਾਨੀ ਪਿੰਡ ਦੇ ਵੋਟਰਾਂ ਦੀ ਸਭਾ) ਪੰਚਾਇਤੀ ਰਾਜ ਪ੍ਰਣਾਲੀ ਵਿਚ ਇੱਕ ਮਹੱਤਵਪੂਰਨ ਭੂਮਿਕਾ ਦਿੱਤੀ ਗਈ ਹੈ, ਪਰ ਅਮਲੀ ਰੂਪ ਵਿਚ ਇਸਦੀ ਭਾਗੀਦਾਰੀ ਬਹੁਤ ਘੱਟ ਹੁੰਦੀ ਹੈ। ਇਹ ਸਿਸਟਮ ਵਿਚ ਜਵਾਬਦੇਹੀ ਦੀ ਕਮੀ ਦਾ ਕਾਰਨ ਬਣਦਾ ਹੈ।

ਪਿੰਡਾਂ ਦੀਆਂ ਪੰਚਾਇਤਾਂ ਦੀ ਵਿਸ਼ੇਸ਼ ਭੂਮਿਕਾ ਲੋਕਤੰਤਰ ਨੂੰ ਸਭ ਤੋਂ ਹੇਠਲੇ ਪੱਧਰ 'ਤੇ ਮਜ਼ਬੂਤ ਕਰਨਾ ਅਤੇ ਪਿੰਡਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣਾ ਹੈ। ਪਰ ਅਸਲ ਅਰਥਾਂ ਵਿਚ ਪੰਚਾਇਤੀ ਤੰਤਰ ਨੂੰ ਸਿਆਸੀ-ਪ੍ਰਸ਼ਾਸਨਿਕ ਪ੍ਰਛਾਵੇਂ ਨੇ ਆਪਣੇ ਅਸਲ ਕੰਮ ਕਰਨੋਂ ਰੋਕ ਰੱਖਿਆ ਹੈ ਅਤੇ ਸਿਆਸਤ ਨੇ ਪੰਚਾਇਤੀ ਸੰਸਥਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਲਿਆ ਹੈ। ਜਿਸ ਨਾਲ ਦੇਸ਼ 'ਚ ਲੋਕਤੰਤਰ ਦੀ ਦੁਰਗਤ ਹੋ ਰਹੀ ਹੈ। ਦੇਸ਼ ਦੀਆਂ ਬਾਕੀ ਖੁਦਮੁਖਤਿਆਰ ਸੰਸਥਾਵਾਂ ਨੂੰ ਜਿਵੇਂ ਸ਼ਕਤੀਹੀਣ ਕੀਤਾ ਜਾ ਰਿਹਾ ਹੈ, ਉਹੋ ਕਿਸਮ ਦਾ ਹਾਲ ਹਾਕਮ ਧਿਰਾਂ ਪੰਚਾਇਤਾਂ ਦਾ ਕਰ ਰਹੀਆਂ ਹਨ। ਭਾਵ ਸ਼ਕਤੀਆਂ ਦਾ ਕੇਂਦਰੀਕਰਨ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਰੂਹ-ਹੀਣ ਕੀਤਾ ਜਾ ਰਿਹਾ ਹੈ।

ਭਾਰਤੀ ਸੰਵਿਧਾਨ ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਰਗਾ ਹੈ। ਸਥਾਨਕ ਸਰਕਾਰ ਦੀ ਆਪਣੀ ਖੁਦਮੁਖਤਿਆਰ ਹੋਂਦ ਹੈ। ਪਰ ਜਦੋਂ ਤੋਂ ਸਥਾਨਕ ਸਰਕਾਰਾਂ ਕੇਂਦਰ ਤੇ ਸੂਬਾਈ ਸਰਕਾਰਾਂ ਦੀ ਵਿੱਤੀ ਸਹਾਇਤਾ ਉਤੇ ਨਿਰਭਰ ਕਰ ਦਿੱਤੀਆਂ ਗਈਆਂ, ਇਨ੍ਹਾਂ ਦੀ ਖੁਦਮੁਖਤਿਆਰ ਸੋਚ ਤੇ ਹੋਂਦ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਕਹਿਣ ਲਈ ਤਾਂ ਪੇਂਡੂ ਵੋਟਰਾਂ ਦੀ ਸਭਾ, (ਗ੍ਰਾਮ ਸਭਾ) ਜਾਂ ਚੁਣੀਆਂ ਗਈਆਂ ਪੇਂਡੂ ਪੰਚਾਇਤਾਂ ਦੇ ਅਧਿਕਾਰ ਵੱਡੇ ਹਨ, ਪਰ ਇਹ ਅਧਿਕਾਰ ਅਮਲੀ ਤੌਰ 'ਤੇ ਪੰਛੀ ਦੇ ਖੰਭਾਂ ਵਾਂਗਰ ਨੋਚੇ ਜਾ ਚੁੱਕੇ ਹਨ। ਨਿਆਂ ਸੰਬੰਧੀ ਅਤੇ ਵਿਕਾਸ ਸੰਬੰਧੀ ਅਧਿਕਾਰ, ਚੁਣੀਆਂ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਲਈ ਬਣਾਏ ਐਕਟਾਂ 'ਚ ਐਡੇ ਵੱਡੇ ਹਨ, ਤਾਂ ਇਵੇਂ ਲੱਗਦਾ ਹੈ ਕਿ ਚੁਣੀਆਂ ਪੇਂਡੂ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ ਅਧਿਕਾਰਾਂ ਅਤੇ ਧਨ ਨਾਲ ਮਾਲਾ-ਮਾਲ ਹਨ, ਪਰ ਅਸਲ ਅਰਥਾਂ 'ਚ ਉਹ ਪੰਚਾਇਤ ਫੰਡਾਂ 'ਚੋਂ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਤੋਂ ਬਿਨਾਂ ਇੱਕ ਦੁਆਨੀ (ਪੈਸਾ) ਵੀ ਕਿਸੇ ਆਪਣੇ ਬਣਾਏ ਪ੍ਰਜੈਕਟ ਉਤੇ ਖਰਚਣ ਦਾ ਹੱਕ ਵੀ ਨਹੀਂ ਰੱਖਦੀਆਂ।

# ਜੰਗ ਜਿੱਤਣ ਮਗਰੋਂ ਵੀ ਨਹੀਂ ਖਾਣਾ ਚਾਹੀਦਾ ਦੁਸ਼ਮਣ ਦਾ ਵਸਾਹ

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਐੱਮ.ਏ. ਮਗਰੋਂ ਮੈਂ ਪਿੰਡ ਰਹਿ ਕੇ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ...ਕੁਝ ਕੁ ਅਖੌਤੀ ਰਿਸ਼ਤੇਦਾਰਾਂ ਨੂੰ ਮੇਰਾ ਇੰਝ ਕਰਨਾ ਬਿਲਕੁਲ ਵੀ ਚੰਗਾ ਨਾ ਲੱਗਾ...ਪਿਤਾ ਜੀ ਦੇ ਜਾਣ ਮਗਰੋਂ ਨਿੱਕੇ ਹੁੰਦਿਆਂ ਤੋਂ ਨਾਲ ਖੇਡਦੇ ਆਏ ਚਾਚੇ-ਤਾਇਆਂ ਦੇ ਮੁੰਡੇ ਕਦੋਂ ਸ਼ਰੀਕ ਬਣ ਗਏ ਪਤਾ ਹੀ ਨਹੀਂ ਲੱਗਾ...!

ਅਕਸਰ ਹੀ ਰਾਹਾਂ ਵਿਚ ਕਈ ਤਰ੍ਹਾਂ ਦੇ ਰੋੜੇ ਮੁਸ਼ਕਿਲਾਂ ਡਾਹੀ ਰੱਖਦੇ...ਕਦੇ ਚੱਲਦੀ ਬੰਬੀ ਦਾ ਗਰਿੱਪ ਕੱਢ ਦਿੰਦੇ...ਕਦੀ ਖਲੋਤੀ ਫ਼ਸਲ ਵਿਚ ਡੰਗਰ ਆ ਵੜਦੇ...ਕਦੀ ਪਾਣੀ ਦਾ ਨੱਕਾ ਤੋੜ ਦਿੱਤਾ ਜਾਂਦਾ...ਤੇ ਕਦੇ ਬੰਬੀ ਨੂੰ ਜਾਂਦੇ ਰਾਹ 'ਤੇ ਪਾਣੀ ਛੱਡਿਆ ਹੁੰਦਾ...!

ਜਾਣਦੇ ਸਨ ਕਿ ਬਾਪੂ ਜੀ ਸਿਰ 'ਤੇ ਹੈਨੀ...ਮਾਂ ਗੁੱਸੇ ਵਿਚ ਆ ਕੇ ਕੋਈ ਐਸੀ ਗੱਲ ਕਰੇ ਕਿ ਮੈਨੂੰ ਤਿਆਰੀ ਵਾਲੀ ਗੁਫਾ 'ਚੋਂ ਬਾਹਰ ਆਉਣਾ ਪਵੇ...!

ਪਰ ਧੰਨ ਸੀ ਮੇਰੀ ਜਨਮਦਾਤੀ...ਕਿੰਨੀਆਂ ਸਾਰੀਆਂ ਗੱਲਾਂ ਦਾ ਮੈਨੂੰ ਪਤਾ ਵੀ ਨਾ ਲੱਗਣ ਦਿੰਦੀ...ਸਿਰੜੀ ਅਤੇ ਕਰਮਾਂ ਵਾਲੀ ਸਾਰਾ ਕੁਝ ਆਪਣੇ ਵਜੂਦ ਤੇ ਸਹਿਣ ਦਾ ਮਾਦਾ ਰੱਖਦੀ...ਮਾੜੀ ਮੋਟੀ ਭਿਣਕ ਤੱਕ ਵੀ ਨਾ ਪੈਂਦੀ...!

ਇੱਕ ਦਿਨ ਗੱਲ ਹੱਥੋਪਾਈ ਮਗਰੋਂ ਪੰਚਾਇਤ ਤੱਕ ਜਾ ਅੱਪੜੀ...ਮੇਰਾ ਖੂਨ ਖੌਲ



ਉੱਠਿਆ...ਕੇਰਾਂ ਜੀ ਕੀਤਾ ਸਭ ਕੁਝ ਬੰਦ ਕਰ ਹੱਥ ਕਿਰਪਾਨ ਦੀ ਮੁੱਠ ਨੂੰ ਪਾ ਲਵਾਂ...ਪਰ ਵਾਸਤੇ ਪਾਉਂਦੀ ਆਖਣ ਲੱਗੀ ਮੇਰਿਆ ਪੁੱਤਰਾ ਉਹ ਇਹੋ ਕੁਝ ਹੀ ਤਾਂ ਚਾਹੁੰਦੇ ਨੇ ਕਿ ਤੂੰ ਇਸ ਪਾਸੇ ਨੂੰ ਤੁਰ ਪਵੇਂ...!

ਅਖੀਰ ਅਰਜੋਈਆਂ ਕਰ ਕਰ ਮੈਨੂੰ ਵਾਪਿਸ ਹੋਸਟਲ ਭੇਜ ਦਿੱਤਾ...!

ਮੈਨੂੰ ਮਰੇ ਪਿਓ ਦੀ ਸਹੁੰ ਪਵਾਈ ਤੇ ਆਖਿਆ ਕਿ ਜੇ ਚਾਹੁੰਦਾ ਕਿ ਦੂਰ ਤੁਰ ਗਏ ਦੇ ਕਾਲਜੇ ਨੂੰ ਠਾਰ ਪਵੇ ਤਾਂ ਦਿਲ ਲਾ ਕੇ ਤਿਆਰੀ ਕਰ...!

ਸ਼ਹਿਰ ਤੁਰੇ ਜਾਂਦੇ ਨੂੰ ਕਈਆਂ ਮੇਹਣੇ ਮਾਰੇ..."ਓਏ ਜੰਮਣ ਵਾਲੀ ਨੂੰ ਬਲਦੀ ਅੱਗ ਵਿਚ 'ਕੱਲਾ ਛੱਡ ਤੁਰ ਚੱਲਿਆ...ਤੇਰਾ ਖੂਨ ਨਹੀਂ ਖੌਲਦਾ...ਓਏ ਬੇਗੈਰਤਾ...!

ਅਖੀਰ ਰੋ ਪਈ ਤੇ ਆਖਣ ਲੱਗੀ ਪੁੱਤਰ ਜੇ ਹੁਣ ਨਹੀਂ ਤੇ ਫੇਰ ਕਦੀ ਨਹੀਂ...!

ਮਗਰੋਂ ਰਾਖੀ ਲਈ ਲਾਇਸੈਂਸੀ ਬੰਦੂਕ ਲੈ ਲਈ...ਮੋਢੇ 'ਤੇ ਪਾ ਕੇ ਕੱਲੀ ਪਾਣੀ ਲਾਉਣ ਜਾਇਆ ਕਰਦੀ...ਮੇਰੇ ਨਿੱਕੇ ਭਰਾਵਾਂ ਦੀ ਦੇਖਭਾਲ ਵੀ ਤਨੋਂ-ਮਨੋਂ ਕਰਿਆ ਕਰਦੀ...ਸ਼ਰੀਕਾਂ ਕਿੰਨੀਆਂ ਸਾਰੀਆਂ ਤੋਹਮਤਾਂ ਲਾਈਆਂ...ਦੂਸ਼ਣ ਵੀ ਲੱਗੇ...ਚਰਿੱਤਰ 'ਤੇ ਚਿੱਕੜ ਉਛਾਲਿਆ...ਪਰ ਮਾਂ ਦੀ ਧੀ ਨੇ ਹੌਸਲਾ ਨਾ ਹਾਰਿਆ...!

ਫੇਰ ਸਿਲੈਕਸ਼ਨ ਮਗਰੋਂ ਜਦੋਂ ਨੇੜਲੇ ਸ਼ਹਿਰ ਪਹਿਲੀ ਪੋਸਟਿੰਗ ਹੋਈ ਤਾਂ ਜੀਪ ਅਤੇ ਕਿੰਨੇ ਸਾਰੇ ਗੰਨਮੈਨ ਮਿਲ ਗਏ...ਪਿੰਡ ਗਿਆ ਤਾਂ ਸਭ ਦੇ ਲਹਿਜ਼ੇ ਬਦਲੇ ਹੋਏ ਸਨ...ਅਤੀਤ ਵਿਚ ਲੱਤਾਂ ਖਿੱਚਣ ਵਾਲੇ ਅੱਗੇ ਹੋ-ਹੋ ਵਧਾਈਆਂ ਦੇ ਰਹੇ ਸਨ...ਜਿਹੜਾ ਸਰਪੰਚ ਕਦੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ...ਹੱਥ ਬੰਨ੍ਹ ਖਲੋਤਾ ਸੀ!

ਪਰ ਮੇਰੀ ਮਾਂ ਨੇ ਵਾਰ-ਵਾਰ ਇੱਕੋ ਗੱਲ ਸਮਝਾਈ...ਪੁੱਤ ਸਿਆਣਾ ਮਨੁੱਖ ਉਹ ਜੋ ਜੰਗ ਜਿੱਤਣ ਮਗਰੋਂ ਵੀ ਦੁਸ਼ਮਣ ਦਾ ਵਸਾਹ ਨਾ ਖਾਵੇ ਤੇ ਹਮੇਸ਼ਾਂ ਆਪਣੀਆਂ ਅੱਖਾਂ ਤੇ ਕੰਨ ਖੁੱਲ੍ਹੇ ਰੱਖੇ...!

ਕਿਸੇ ਦੀ ਇਹ ਸੱਚੀ ਹੱਡ-ਬੀਤੀ ਤੁਹਾਡੇ ਨਾਲ ਸਾਂਝੀ ਕਰਨ ਦੇ ਦੋ ਮਕਸਦ ਨੇ...ਨੰਬਰ ਇੱਕ 'ਤੇ ਇਹ ਦੱਸਣਾ ਕਿ ਧੀ-ਪੁੱਤ ਨੂੰ ਜ਼ਿੰਦਗੀ ਦੇ ਔਖੇ ਸਫ਼ਰ 'ਤੇ ਕਿਸ ਲੀਹੇ ਪਾਉਣਾ ਏ...ਇਹ ਫੈਸਲਾ ਬਹੁਤ ਹੱਦ ਤੱਕ ਜੰਮਣ ਵਾਲੀ ਦੀ ਸੋਚ...ਨਿਸ਼ਚਾ ਅਤੇ ਹੌਸਲੇ 'ਤੇ ਨਿਰਭਰ ਕਰਦਾ ਏ...!

ਨੰਬਰ ਦੋ ਜੇ ਜ਼ਿੰਦਗੀ ਦੀ ਜੰਗ ਵਿਚ ਪਲਟਵਾਰ ਲਈ ਸਹੀ ਮੌਕੇ ਦੀ ਤਲਾਸ਼ ਵਿਚ ਕੁਝ ਚਿਰ ਲਈ ਦੱਬਣਾ ਅਤੇ ਪਿਛਾਂਹ ਹਟਣਾ ਵੀ ਪੈ ਜਾਵੇ ਤਾਂ ਇਹ ਬੁਜ਼ਦਿਲੀ ਨਹੀਂ ਸਗੋਂ ਯੁੱਧਨੀਤੀ ਦਾ ਹੰਢਿਆ ਵਰਤਿਆ ਸਦੀਆਂ ਪੁਰਾਣਾ ਉਹ ਗੁਰ ਮੰਤਰ ਹੈ ਜਿਹੜਾ ਸਾਡੀ ਕੌਮ ਦੇ ਕਿਰਦਾਰਾਂ ਵਿਚੋਂ ਅੱਜ-ਕਲ੍ਹ ਮਨਫ਼ੀ ਹੁੰਦਾ ਜਾ ਰਿਹਾ ਏ!

# ਕੁਦਰਤ ਦੀ ਕਰੋਪੀ ਤੇ ਮਾਨਵੀ ਅਣਗਹਿਲੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਨ੍ਹਾਂ ਦਿਨਾਂ ਵਿਚ ਬੱਦਲ ਫਟਣ ਦੇ ਹਾਦਸਿਆਂ ਨੇ ਧਰਤੀ ਦੇ ਵਸਨੀਕਾਂ ਦਾ ਤਰਾਹ ਕੱਢ ਛੱਡਿਆ ਹੈ। ਉਤਰਕਾਸ਼ੀ ਦੀਆਂ ਵਾਰਦਾਤਾਂ ਨੇ ਉਤਰਾਖੰਡ ਵਾਸੀਆਂ ਵਿਚ ਹੀ ਨਹੀਂ ਸਮੁੱਚੇ ਭਾਰਤ ਵਿਚ ਤਰਥੱਲੀ ਮਚਾ ਦਿੱਤੀ ਹੈ। ਕਦੀ ਸੋਚਿਆ ਹੀ ਨਹੀਂ ਸੀ ਕਿ ਇਕ ਨਿਕਚੂ ਜਿਹੇ ਜ਼ਿਲ੍ਹੇ ਦੀ ਭੂਮੀ ਨੂੰ ਢਾਈ ਘੰਟਿਆਂ ਵਿਚ ਤਿੰਨ ਥਾਂ ਬੱਦਲ ਫਟਣ ਦੀਆਂ ਖ਼ਬਰਾਂ ਘੇਰ ਲੈਣਗੀਆਂ। ਗੰਗੋਤਰੀ ਧਾਮ ਦੇ ਮੁੱਖ ਪੜਾਅ ਵਜੋਂ ਪ੍ਰਸਿੱਧ ਧਰਾਲੀ ਕਸਬੇ ਦਾ ਸਾਰਾ ਬਾਜ਼ਾਰ ਖੀਰ ਗੰਗਾ ਨਦੀ ਵਿਚ ਆਏ ਹੜ੍ਹ ਕਾਰਨ ਤਬਾਹ ਹੋ ਗਿਆ ਹੈ। ਅਨਿਯਮਤ ਉਸਾਰੇ ਹੋਟਲ ਹੀ ਨਹੀਂ ਘਰ, ਦੁਕਾਨਾਂ, ਰੈਣ ਬਸੇਰੇ ਤੇ ਗੈਸਟ ਹਾਊਸ ਸੁੱਕੇ ਪਤਿਆਂ ਵਾਂਗ ਤਰਦੇ ਵੇਖੇ ਗਏ ਹਨ। ਚੰਬਾ-ਪਠਾਨਕੋਟ ਰੋਡ ਢਿੱਗਾਂ ਡਿੱਗਣ ਤੇ ਗਲੇਸ਼ੀਅਰ ਪਿਘਲਣ ਕਾਰਨ ਥਾਂ-ਥਾਂ ਧਸਿਆ ਪਿਆ ਹੈ। ਸਤਲੁਜ ਤੇ ਬਿਆਸ ਨਦੀ ਦੇ ਪਾਣੀਆਂ ਨੇ ਕਪੂਰਥਲਾ ਜ਼ਿਲ੍ਹੇ ਦੇ ਬਾਰਾਂ ਪਿੰਡਾਂ ਨੂੰ ਟਾਪੂ ਬਣਾ ਛੱਡਿਆ ਹੈ। ਥਾਂ-ਥਾਂ ਉਜਾੜਾ ਪ੍ਰਧਾਨ ਹੈ ਤੇ ਚੁੱਪ ਦਾ ਵਾਰ ਪਹਿਰਾ ਹੈ। ਮਾਨਵੀ ਪ੍ਰਗਤੀ ਤੇ ਪਸਾਰਾ ਹੀ ਮਾਨਵ ਉੱਤੇ ਮੌਤ ਬਣ ਮੰਡਰਾ ਰਿਹਾ ਹੈ।

ਦਿੱਲੀ, ਦੱਖਣ ਮੁੰਬਈ ਤੇ ਮਹਾਂਰਾਸ਼ਟਰ ਦੇ ਸਮਾਚਾਰ ਹੋਰ ਵੀ ਭਿਆਨਕ ਹਨ। ਜੇ ਹਰਿਆਵਲ ਵਾਲੇ ਇਲਾਕਿਆਂ ਵਿਚ ਇਸਦਾ ਦੋਸ਼ ਕੁਦਰਤ ਨਾਲ ਕੀਤੀ ਵਧੀਕੀ ਦੇ ਸਿਰ ਮੜ੍ਹ ਦੇਈਏ ਤਾਂ ਸੰਘਣੀ ਵਸੋਂ ਵਾਲੇ ਖੇਤਰਾਂ ਵਿਚ ਦਿਨੋਂ-ਦਿਨ ਵਧ ਰਹੀ ਆਬਾਦੀ ਨੂੰ ਦੂਜਾ ਕਾਰਨ ਮੰਨਿਆ ਜਾ ਸਕਦਾ ਹੈ। ਜੇ ਕੁਦਰਤ ਦੀ ਇਸ ਕਰੋਪੀ ਵਿਚ ਮਾਨਵ ਜਾਤੀ ਦੇ ਆਪੂੰ ਸਿਰਜੇ ਹਾਦਸੇ ਵੀ ਸ਼ਾਮਲ ਕਰ ਲਈਏ ਤਾਂ ਭਵਿੱਖ ਦਾ ਨਕਸ਼ਾ ਹੋਰ ਵੀ ਭਿਆਨਕ ਹੋ ਜਾਂਦਾ ਹੈ। ਕਰੀਏ ਤਾਂ ਕੀ ਕਰੀਏ!

ਵਿਆਹ ਸ਼ਾਦੀਆਂ ਤੇ ਮੇਲੇ ਮਸਾਹਲਿਆਂ ਦਾ ਭੀੜ ਭੜੱਕਾ ਸਾਹ ਨਹੀਂ ਲੈਣ ਦਿੰਦਾ ਤੇ





ਪਾਠ-ਪੂਜਾ ਵਾਲੇ ਪਰਬਤ ਆਮ ਆਦਮੀ ਨੂੰ ਸੁਖ ਦਾ ਸਾਹ ਨਹੀਂ ਲੈਣ ਦਿੰਦੇ। ਉਨ੍ਹਾਂ ਦੀਆਂ ਅੱਖਾਂ ਉੱਤੇ ਚੜ੍ਹੇ ਮੁਕਤੀ ਪ੍ਰਾਪਤ ਕਰਨ ਦੇ ਖੋਪੇ ਉਨ੍ਹਾਂ ਦੇ ਕੰਨ ਵੀ ਬੰਦ ਕਰ ਦਿੰਦੇ ਹਨ। ਮੁਕਤੀ ਮਾਰਗ ਕਿਸੇ ਵੀ ਹਾਲਤ ਵਿਚ ਭਾਵਨਾਵਾਂ ਨੂੰ ਨੱਥ ਨਹੀਂ ਪਾਉਣ ਦਿੰਦਾ।

ਮਸਲਾ ਏਨਾ ਗੰਭੀਰ ਹੈ ਕਿ ਇਹਦੇ ਬਾਰੇ ਕਹੇ, ਸੁਣੇ ਤੇ ਲਿਖੇ ਬਿਨਾ ਨਹੀਂ ਰਿਹਾ ਜਾਂਦਾ। ਸੌ ਸਿਆਣਿਆਂ ਦੀ ਇੱਕੋ ਮੱਤ ਉਤੇ ਅਮਲ ਕਰੀਏ ਤਾਂ ਆਪਣੇ ਆਪ ਨੂੰ ਏਨਾ ਤਾਂ ਸਮਝਾ ਹੀ ਲੈਣਾ ਚਾਹੀਦਾ ਹੈ ਕਿ ਧੀਰਜ ਤੋਂ ਕੰਮ ਲਈਏ ਤੇ ਪੈਟਰੋਲ ਵਾਲੀਆਂ ਗੱਡੀਆਂ ਦੀ ਰਫਤਾਰ ਘੱਟ ਰੱਖੀਏ। ਕੁਦਰਤ ਨਾਲ ਛੇੜ ਛਾੜ ਵੀ ਘਟਾਈਏ।

### ਸੁਤੰਤਰਤਾ ਦਿਵਸ ਤੇ ਆਰ.ਐਸ.ਐਸ.

ਇਸ ਵਾਰ ਦੇ ਸੁਤੰਤਰਤਾ ਦਿਵਸ ਨਾਲ ਸਬੰਧਤ ਸਰਕਾਰੀ ਇਸ਼ਤਿਹਾਰਾਂ ਵਿਚ ਵੀਰ ਸਾਵਰਕਰ ਦੀ ਤਸਵੀਰ ਨੂੰ ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ ਤੇ ਭਗਤ ਸਿੰਘ ਤੋਂ ਉੱਤੇ ਦਿਖਾਉਣਾ ਤੇ 17 ਅਗਸਤ ਨੂੰ ਗੋਰੀ ਸਰਕਾਰ ਵਲੋਂ ਫਾਂਸੀ ਲਟਕਾਏ ਮਦਨ ਲਾਲ ਢੀਂਗਰਾ ਨੂੰ ਵਿਸਾਰਨ ਤੋਂ ਜਾਪਦਾ ਹੈ ਕਿ ਵਰਤਮਾਨ ਸਰਕਾਰ ਨੂੰ ਆਪਣੇ ਦਿਨ ਪੁਗ ਗਏ ਲਗਦੇ ਹਨ ਤੇ ਉਸਨੇ ਆਰ.ਐਸ.ਐਸ. ਨੂੰ ਖਬਰਾਂ ਵਿਚ ਲਿਆਉਣ ਦਾ ਜੂਆ ਖੇਡਿਆ ਹੈ।

ਅੱਜ ਦੇ ਦਿਨ ਅਜਿਹੇ ਸੰਗਠਨ ਨੂੰ ਵਡਿਆਉਣਾ ਜਿਸ ਨੇ ਸੁਤੰਤਰਤਾ ਸੰਗਰਾਮ ਵਿਚ ਇੱਕ ਵੀ ਸ਼ਹਾਦਤ ਨਾ ਦਿੱਤੀ ਹੋਵੇ ਤੇ ਭਾਰਤ ਛੱਡੋ ਅੰਦੋਲਨ ਸਮੇਂ ਹਰ ਤਰ੍ਹਾਂ ਦੀ ਜਾਸੂਸੀ ਕਰ ਕੇ ਧਰਮ-ਨਿਰਪੱਖ ਵਿਚਾਰਧਾਰਾ ਨੂੰ ਨਕਾਰਿਆ ਹੋਵੇ, ਸੱਚੇ ਸੰਗਰਾਮੀਆਂ ਦਾ ਅਪਮਾਨ ਨਹੀਂ ਤਾਂ ਹੋਰ ਕੀ ਹੈ। ਅਜਿਹੇ ਸੰਗਠਨ ਦੀ ਸ਼ਲਾਘਾ ਲਈ ਲਾਲ ਕਿਲ੍ਹੇ ਦੀ ਫਸੀਲ ਵਰਤਣਾ ਵੀ ਰਾਜਨੀਤਕ ਚਤੁਰਾਈ ਤੋਂ ਘੱਟ ਨਹੀਂ।

ਭਾਰਤ ਵਾਸੀਆਂ ਨੂੰ ਆਰ.ਐਸ.ਐਸ. ਵਲੋਂ 1949 ਵਿਚ ਭਾਰਤੀ ਸੰਵਿਧਾਨ ਦਾ ਵਿਰੋਧ ਵੀ ਨਹੀਂ ਭੁੱਲਿਆ ਤੇ ਰਾਸ਼ਟਰੀ ਝੰਡੇ ਦਾ ਅਪਮਾਨ ਵੀ ਨਹੀਂ। ਕੌਣ ਨਹੀਂ ਜਾਣਦਾ ਕਿ ਇਸ ਸੰਸਥਾ ਨੇ ਆਜ਼ਾਦੀ ਤੋਂ 55 ਸਾਲ ਪਿੱਛੋਂ ਤੱਕ ਆਪਣੇ ਹੈੱਡਕੁਆਰਟਰ 'ਤੇ ਤਿਰੰਗਾ ਨਹੀਂ ਸੀ ਲਹਿਰਾਇਆ। 26 ਜਨਵਰੀ 2002 ਨੂੰ ਲਹਿਰਾਉਣਾ ਵੀ ਪਿਆ ਤਾਂ ਇਹ ਉਨ੍ਹਾਂ ਦੀ ਮਜਬੂਰੀ ਸੀ। ਅਦਾਲਤੀ ਹੁਕਮ ਹੋ ਚੁੱਕੇ ਸਨ ਤੇ ਉਨ੍ਹਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਚੰਗੇ ਨਹੀਂ ਸਨ ਹੋਣੇ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸੁਭਾਸ਼ ਚੰਦਰ ਬੋਸ ਦੀ 'ਆਜ਼ਾਦ ਹਿੰਦ ਫ਼ੌਜ' ਦਾ ਵਿਰੋਧ ਕਰਨ ਲਈ ਬਰਤਾਨਵੀ ਹਾਕਮਾਂ ਦੀ ਭਰਤੀ ਮੁਹਿੰਮ ਦਾ ਗੁਣਗਾਣ ਕਰਨ ਲਈ ਸੰਘੀਆਂ ਨੇ ਹੇਠ ਲਿਖੇ ਗੀਤ ਨੂੰ ਅਪਣਾਇਆ ਤੇ ਪਰਚਾਰਿਆ:

ਭਰਤੀ ਹੋ ਜਾਣਾ
ਹੋ ਜਾਣਾ ਰਕਰੂਟ
ਏਥੇ ਮਿਲਦੀ ਟੁੱਟੀ ਹੋਈ ਜੁੱਤੀ
ਓਥੇ ਮਿਲਦੇ ਬੂਟ
ਭਰਤੀ ਹੋ ਜਾਣਾ...
ਏਥੇ ਮਿਲਦੇ ਪਾਏ ਹੋਏ ਕਪੜੇ
ਓਥੇ ਮਿਲਦੇ ਸੂਟ
ਭਰਤੀ ਹੋ ਜਾਣਾ...

ਇਹ ਵੀ ਜੱਗ ਜ਼ਾਹਰ ਹੈ ਕਿ ਮਹਾਤਮਾ ਗਾਂਧੀ ਦਾ ਕਾਤਲ ਨੱਥੂਰਾਮ ਗੋਡਸੇ ਹਿੰਦੂ ਮਹਾਸਭਾ ਤੇ ਆਰ.ਐਸ.ਐਸ. ਦਾ ਮੈਂਬਰ ਸੀ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਦਾ ਸਬੰਧਤ ਭਾਸ਼ਣ ਲਿਖਣ ਵਾਲਾ ਵੀ ਕੋਈ ਸੰਘੀ ਕਾਰਕੁਨ ਹੀ ਹੈ। ਉਂਝ ਆਰ.ਐਸ.ਐਸ. ਦੇ ਵਿਰੋਧੀਆਂ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਸੰਘ ਦੀ ਅਣਉਚਿੱਤ ਪ੍ਰਸ਼ੰਸਾ ਨੇ ਲੋਕ ਮਨਾਂ ਵਿਚ ਸਦੀਆਂ ਪੁਰਾਣੀਆਂ ਯਾਦਾਂ ਸੁਰਜੀਤ ਕਰ ਦਿੱਤੀਆਂ ਹਨ। ਇਸ ਸਮੁੱਚੇ ਵਰਤਾਰੇ ਦਾ ਭਵਿੱਖ ਦੀ ਰਾਜਨੀਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ, ਸਮਾਂ ਹੀ ਦੱਸੇਗਾ।

**ਅੰਤਿਕਾ**

ਸ਼ਮਸ਼ੇਰ ਸੰਧੂ॥
ਤੂੰ ਨਹੀਂ ਬੋਲਦੀ, ਰਕਾਨੇ!
ਤੂੰ ਨਹੀਂ ਬੋਲਦੀ
ਤੇਰੇ 'ਚ ਤੇਰਾ ਯਾਰ ਬੋਲਦਾ।

# ਵਹਿਣ ਮੋੜਨਾ ਸੌਖਾ ਨਹੀਂ, ਚੰਨਾ ਹੜ੍ਹ ਦੇ ਪਾਣੀ ਦਾ!



ਸੁਰਜੀਤ ਸੁਮਨ
ਫੋਨ: 98144-30874

ਅਸਮਾਨੀ ਬਿਜਲੀ ਦਾ ਕੜਕਣਾ ਤੇ ਬੱਦਲ਼ਾਂ ਦੀ ਗੜ੍ਹਗੜਾਹਟ, ਜਾਨ ਕੱਢ ਰਹੀ ਸੀ। ਗਾੜ੍ਹੇ ਬੱਦਲਾਂ ਨੇ ਸਿਖਰ ਦੁਪਹਿਰ ਹਨ੍ਹੇਰੇ ਦੀ ਚਾਦਰ ਓੜ ਲਈ। 'ਵੇ ਦੇਖ ਜ਼ਰਾ ਕੋਠੇ ਦਾ ਮੋਘਾ ਢਕਿਆ ਹੋਇਐ?' ਚੇਤੇ ਵਿਚੋਂ ਮਾਂ ਦੇ ਬੋਲ ਉੱਭਰੇ। ਮੈਂ ਬਹੁਤ ਪਿਛਾਂਹ ਚਲਾ ਗਿਆ। ਮਾਂ ਦੀ ਆਵਾਜ਼ ਵਿਚ ਕੰਬਣੀ ਸੀ। ਸਤਲੁਜ ਵਿਚ ਆਏ ਹੜ੍ਹ ਦੀ ਚਰਚਾ ਨੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿਚ ਸਹਿਮ ਸਿਰਜ ਦਿੱਤਾ ਸੀ। ਇਸ ਕੰਬਣੀ ਦਾ ਹੋਰ ਕਾਰਨ ਸਾਡੇ ਗੁਆਂਢੀ ਬੁੱਧ ਸਿੰਘ ਦੇ ਕੱਚੇ ਕੋਠੇ ਦਾ, ਰਾਤੀਂ ਧੜੰਮ ਕਰਕੇ ਗਿਰ ਜਾਣਾ ਵੀ ਸੀ। ਸਾਰੰਗਪੁਰ ਦੇ ਲੋਕ ਆਪਣੇ ਭਰੇ-ਭਰਾਏ ਘਰ ਛੱਡਣ ਲਈ ਮਜ਼ਬੂਰ ਸਨ। ਸੂਏ ਦੇ ਬੰਨ੍ਹ ਤੋਂ ਅੱਗੇ ਸਤਲੁਜ ਦਰਿਆ ਦੇ ਬੰਨ੍ਹ ਤੱਕ ਕਈ ਕਈ ਫੁੱਟ ਪਾਣੀ, ਖੇਤਾਂ ਵਿਚ ਵਹਿ ਰਿਹਾ ਸੀ। ਗੰਨੇ ਦੀ ਫਸਲ ਤੋਂ ਇਲਾਵਾ ਹੋਰ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਬੇਲੇ ਤੋਂ ਅਗਲੇਰੇ ਪਿੰਡਾਂ ਦੇ ਬਹੁਤੇ ਲੋਕ ਪੱਛਮ ਵੱਲ ਤੁਰਦੇ ਇਸ ਸੂਏ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਡਟੇ ਹੋਏ ਸਨ। ਦਰਅਸਲ ਇਹ ਸੂਆ ਚਮਕੌਰ ਸਾਹਿਬ ਦੀ ਕੱਚੀ ਨਹਿਰ ਵਿਚੋਂ ਕੱਢਿਆ ਹੋਇਆ ਹੈ। ਇੱਕਾ-ਦੁੱਕਾ ਵਿਭਾਗੀ ਮੇਟ ਵੀ ਇੱਧਰ-ਉੱਧਰ ਚੱਕਰ ਲਗਾ ਰਹੇ ਸਨ। ਕੀ ਪਤਾ ਬੰਨ੍ਹ ਦੀਆਂ ਕਮਜ਼ੋਰ ਥਾਵਾਂ ਕਦੋਂ ਪਾੜ ਨੂੰ ਸੱਦਾ ਦੇ ਦੇਵਣ?

ਹੁਣ ਜਦੋਂ ਕਦੀ ਵੀ ਬੇਮੁਹਾਰਾ ਮੀਂਹ ਵਰ੍ਹਦਾ ਹੈ, ਦਿਲ ਕੰਬ ਜਾਂਦਾ ਹੈ। ਸੁਫਨੇ ਵਿਚ ਵੀ ਕਈ ਵਾਰੀ ਬਿਫਰਿਆ ਸਤਲੁਜ ਤਬਾਹੀ ਮਚਾਉਂਦਾ ਨਜ਼ਰੀਂ ਪੈਂਦਾ ਹੈ। ਇਨ੍ਹੀਂ ਦਿਨੀਂ ਵੀ ਪਹਾੜੀ ਖੇਤਰਾਂ ਵਿਚ ਪੈਂਦੀ ਮੋਹ਼ਲੇਧਾਰ ਵਰਖਾ, ਬੱਦਲਾਂ ਦੇ ਫਟਣ ਦੀ ਗੜਗੜਾਹਟ ਅਤੇ ਪਹਾੜਾਂ ਦੇ ਟੁੱਟਣ ਦੀ ਪ੍ਰਕ੍ਰਿਆ ਦਰਮਿਆਨ ਜਨ-ਜੀਵਨ ਦਾ ਅਸਤ-ਵਿਅਸਤ ਹੋਣਾ ਕੁਦਰਤੀ ਹੈ। ਮਾਲੀ ਤੇ ਜਾਨੀ ਨੁਕਸਾਨ ਨੇ ਦਿਲ ਦਹਿਲਾ ਦਿੱਤੇ ਹਨ। ਸਾਡੇ ਡੈਮਾਂ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਉਤਾਂਹ ਜਾਣ ਕਰਕੇ ਫਲੱਡ ਗੇਟਾਂ ਦਾ ਖੁੱਲ੍ਹਣਾ ਵੀ ਮਜਬੂਰੀ ਹੈ। ਪਹਾੜੀ ਖੇਤਰਾਂ ਵਿਚ ਪੈਂਦੀ ਬਾਰਿਸ਼ ਨੇ ਮੈਦਾਨੀ ਖੇਤਰਾਂ ਨੂੰ ਜਲ-ਥਲ ਕਰ ਦਿੱਤਾ ਹੈ। ਵੇਖਿਆ ਜਾਵੇ ਤਾਂ ਇਹ ਕੁਦਰਤੀ ਪ੍ਰਕ੍ਰਿਆ ਸਦੀਆਂ ਤੋਂ ਦੁਹਰਾਈ ਜਾਂਦੀ ਹੈ, ਪਰ ਸਾਡੀਆਂ ਸਰਕਾਰਾਂ ਦੇ ਪ੍ਰਬੰਧਕੀ ਢਾਂਚੇ ਦੇ ਜ਼ਿਹਨ ਨੂੰ ਅਜਿਹੀਆਂ ਚਿਰ ਸਥਾਈ ਸਕੀਮਾਂ ਕਿਉਂ ਨਹੀਂ ਅਹੁੜਦੀਆਂ, ਜਿਨ੍ਹਾਂ ਨਾਲ ਹੜ੍ਹ ਦੇ ਇਸ ਬੇਮੁਹਾਰੇ ਪਾਣੀ ਦਾ ਇਸਤੇਮਾਲ ਔੜ ਦੇ ਦਿਨਾਂ ਲਈ ਕਰ ਲਿਆ ਜਾਵੇ। ਦੁਨੀਆਂ ਦੇ ਬਹੁਤੇ ਦੇਸ਼, ਜਿਨ੍ਹਾਂ ਵਿਚ ਚੀਨ ਵੀ ਸ਼ਾਮਿਲ ਹੈ, ਆਪਣੀਆਂ ਭਵਿੱਖੀ ਯੋਜਨਾਵਾਂ ਕਰਕੇ ਹੀ ਅਗੇਰੇ ਹੈ।

ਇਨ੍ਹੀਂ ਦਿਨੀਂ ਚੰਡੀਗੜ੍ਹ ਦੀ ਪੂਰਬੀ ਗੁੱਠੋਂ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਪਏ ਜ਼ੋਰਦਾਰ ਮੀਂਹ ਨੇ ਅੱਧੇ ਚੰਡੀਗੜ੍ਹ ਨੂੰ ਹੜ੍ਹ ਦੀ ਮਾਰ ਹੇਠ ਲੈ ਆਂਦਾ। ਕਾਂਸਲ ਪਿੰਡ ਦੇ ਖੇਤਾਂ ਵਿਚੋਂ ਵਗਦਾ ਪਾਣੀ ਸਕੱਤਰੇਤ ਦੀ ਉੱਤਰੀ ਗੁੱਠੋਂ ਨਿਕ਼ਲਦੇ ਬਰਸਾਤੀ ਨਾਲੇ ਵਿਚ ਫੂੰਕਾਰੇ ਮਾਰਦਾ ਰੋਜ਼ ਗਾਰਡਨ ਨੂੰ ਗਾਹੁੰਦਾ ਹੋਇਆ ਅਗਾਂਹ ਨਿਕ਼ਲਦਾ ਹੈ। ਇਸੇ ਤਰ੍ਹਾਂ ਸੁਖਨਾ ਦੇ ਫਲੱਡ ਗੇਟ ਖੁੱਲ੍ਹਣ ਨਾਲ ਪਿੰਡ ਕਿਸ਼ਨ ਗੜ੍ਹ ਕੋਲੋਂ ਲੰਘਦੇ ਬਰਸਾਤੀ ਨਾਲੇ ਦੇ ਪੁਲ ਉੱਤੋਂ ਵਹਿੰਦਾ ਰਿਹਾ। ਸ਼ੁਕਰ ਇਸ ਗੱਲ ਦਾ ਕਿ ਚੰਡੀਗੜ੍ਹ ਦੇ ਦੂਰਅੰਦੇਸ਼ ਉਸਰੱਈਆਂ ਨੇ ਬਰਸਾਤੀ ਪਾਣੀ ਦੇ ਕੁਦਰਤੀ ਵਹਾਅ ਨਾਲ ਛੇੜ-ਛਾੜ ਨਾ ਹੋਣ ਦੇਣ ਕਾਰਨ ਹੀ ਕੁਝ ਘੰਟਿਆਂ ਵਿਚ ਇਹ ਪਾਣੀ ਆਪਣੇ ਰਾਹੇ ਪੈਂਦਾ ਰਿਹਾ। ਫਿਰ ਵੀ ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਇਹ ਪਾਣੀ ਸਕੱਤਰੇਤ, ਹਾਈ ਕੋਰਟ ਅਤੇ ਮਿੰਨ੍ਹੀ ਸਕੱਤਰੇਤ ਦੀਆਂ ਅਹਿਮ ਇਮਾਰਤਾਂ ਦੇ ਪੈਰੀਂ ਧੜੱਲੇ ਨਾਲ ਵਗਦਾ ਰਿਹਾ। ਇਸੇ ਵੇਲ਼ੇ ਮੇਰੇ ਚੇਤੇ ਵਿਚ 1978 ਦੇ ਹੜ੍ਹਾਂ ਵਿਚ ਦਰਿਆ-ਬੁਰਦ ਹੋਇਆ ਮੇਰਾ ਨਾਨਕਾ ਪਿੰਡ 'ਮਾਲੇਵਾਲ਼' ਪ੍ਰਗਟ ਹੋਇਆ ਤੇ ਬੇਚਰਾਗ ਦਿਸਿਆ। ਉਨ੍ਹੀਂ-ਦਿਨੀਂ ਵੀ ਇੰਝ ਹੀ ਬਰਸਾਤ ਨੇ ਤਬਾਹੀ ਮਚਾਈ ਸੀ। ਡੈਮ ਉੱਛਲਣ ਲੱਗੇ ਸਨ ਤੇ ਸਤਲੁਜ ਦੀਆਂ ਛੱਲਾਂ ਕੰਢੇ ਖੋਰਨ ਲੱਗੀਆਂ। ਮੇਰਾ ਨਾਨਕਾ ਪਿੰਡ ਬਿਲਕੁਲ ਸਤਲੁਜ ਦੇ ਕਿਨਾਰੇ ਵਸਿਆ ਹੋਇਆ ਸੀ। ਨਾਨਕਿਆਂ ਦਾ ਵਿਹੜਾ ਬੰਨ੍ਹ ਨੂੰ ਜਾ ਲਗਦਾ। ਵਿਹੜੇ ਵਿਚ ਲੱਗੇ ਅੰਬ, ਸੰਤਰੇ, ਅਮਰੂਦ ਝੂਮਦੇ ਸਨ। ਕਰੇਲਿਆਂ ਦੀਆਂ ਵੇਲਾਂ, ਭਿੰਡੀਆਂ, ਬੈਂਗਣੀ ਨਾਲ ਲੱਦੇ ਬੂਟੇ, ਫੁੱਲਾਂ 'ਤੇ ਝੂਮਰ ਪਾਉਂਦੀਆਂ ਰੰਗ-ਬਰੰਗੀਆਂ




ਤਿੱਤਲੀਆਂ, ਇੱਕ ਨਿਵੇਕ਼ਲਾ ਜਿਹਾ ਮਾਹੌਲ ਸਿਰਜ ਰਹੀਆਂ ਸਨ। ਸਤਲੁਜ ਵਿਚ ਅਚਾਨਕ ਛੱਡੇ ਪਾਣੀ ਦੇ ਤੇਜ਼ ਵਹਾਅ ਨੇ ਪਿੰਡ ਦੀਆਂ ਹੱਦਾਂ ਨੂੰ ਖੋਰਨਾ ਸ਼ੁਰੂ ਕਰ ਦਿੱਤਾ ਸੀ। ਪਾੜ ਪੈਂਦਾ, ਧਰਤੀ ਪਾਟ ਜਾਂਦੀ ਤੇ ਧੜੱਮ ਕਰਕੇ ਢਿੱਗਾਂ ਦਰਿਆ ਵਿਚ ਸਮਾ ਜਾਂਦੀਆਂ। ਦੋ ਤਿੰਨ ਦਿਨਾਂ ਵਿਚ ਹੀ ਪਿੰਡ ਦੀ ਅੱਧ ਤੋਂ ਜ਼ਿਆਦਾ ਜ਼ਮੀਨ ਦਰਿਆ ਨੇ ਹੜੱਪ ਲਈ। ਹੁਣ ਤੇਜ਼ ਮੁਹਾਣ ਪਿੰਡ ਵੱਲ ਵਧ ਰਿਹਾ ਸੀ। ਪ੍ਰਸ਼ਾਸਨ ਨੇ ਵਾਸੀਆਂ ਨੂੰ ਪਿੰਡ ਛੱਡ ਜਾਣ ਦੇ ਹੁਕਮ ਸੁਣਾ ਦਿੱਤੇ ਸਨ। ਸਿਆਣਿਆਂ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਘਰੇਲੂ ਸਮਾਨ ਸੰਭਾਲਦਿਆਂ ਲਾਗਲੇ ਪਿੰਡਾਂ ਵਿਚ ਆਪਣੇ ਰਿਸ਼ਤੇਦਾਰਾਂ ਜਾਂ ਸਨੇਹੀਆਂ ਘਰੀਂ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ। ਮੱਕੋਆਲ਼ ਤੋਂ ਮੇਰੇ ਮਸੇਰ ਤੇ ਹੋਰ ਰਿਸ਼ਤੇਦਾਰ ਸਾਡੇ ਨਾਨਕੇ ਘਰ ਪਹੁੰਚੇ ਹੋਏ ਸਨ। ਨਾਨਕਿਆਂ ਦਾ ਬਹੁਤਾ ਸਮਾਨ, ਉਹ ਆਪਣੇ ਪਿੰਡ ਲੈ ਆਏ ਸਨ। ਮੇਰੀ ਮਾਂ, ਮਾਸੀ, ਨਾਨੀ, ਮਾਮਾ-ਮਾਮੀ ਸਾਰੇ ਆਪਣੇ ਘਰ ਨੂੰ ਦਰਿਆ-ਬੁਰਦ ਹੁੰਦਿਆਂ ਦੇਖ ਧਾਹਾਂ ਮਾਰ ਕੇ ਰੋ ਰਹੇ ਸਨ। ਹੌ਼ਲੀ ਹੌ਼ਲੀ ਪਿੰਡ ਦਾ ਖੂਹ, ਪੀਰ ਬੁੱਧੂ ਸ਼ਾਹ ਦੀ ਮਜ਼ਾਰ, ਮਸੀਤ ਵਿਚ ਬਣੇ ਗੁਰਦੁਆਰੇ ਦੀ ਇਮਾਰਤ ਹੜ੍ਹ ਨੇ ਨਿਗ਼ਲ ਲਏ ਸਨ। ਹੁਣ ਉੱਥੇ ਚਿੱਕੜ ਭਰੇ ਪਾਣੀ ਦੀਆਂ ਛੱਲਾਂ ਸਨ। ਪ੍ਰਸ਼ਾਸਨ ਨੇ ਇਸ ਪਿੰਡ ਦੇ ਵਸਨੀਕਾਂ ਦੀ ਠਹਿਰ ਲਈ ਸ੍ਰੀ ਚਮਕੌਰ ਸਾਹਿਬ ਤੰਬੂ ਲਗਾ ਦਿੱਤੇ। ਇਸ ਥਾਂ ਅੱਜ ਕੱਲ੍ਹ ਸਟੇਡੀਅਮ ਬਣਿਆ ਹੋਇਆ ਹੈ। ਮਰਦੇ ਦਮ ਤੱਕ ਮੇਰੀ ਮਾਂ ਇਸ ਮੰਜ਼ਰ ਨੂੰ ਭੁੱਲਾ ਨਾ ਸਕੀ। ਅੱਜ ਸਵੇਰੇ ਸੈਰ ਕਰ ਰਹੇ ਪਿਆਰਾ ਸਿੰਘ ਦੇ ਪ੍ਰਵਚਨ ਨੂੰ ਵੀ ਮੈਂ ਮਨ ਲਾ ਕੇ ਸੁਣਦਾ ਹਾਂ, 'ਮਿੱਤਰਾ ਪਹਾੜ ਟੁੱਟ ਟੁੱਟ ਕੇ ਡਿੱਗਣ ਨਾ ਤਾਂ ਹੋਰ ਕੀ ਕਰਨ? ਭਾਈ ਅਸੀਂ ਅੰਧਾ-ਧੁੰਦ ਵਿਕਾਸ ਦੀ ਮੁਹਿੰਮ ਚਲਾ ਕੇ ਸਦੀਆਂ ਤੋਂ ਸਾਡੀ ਢਾਲ਼ ਬਣ ਕੇ ਖੜ੍ਹੇ ਇਨ੍ਹਾਂ ਪਹਾੜਾਂ ਨੂੰ ਡਾਈਨਾਮਾਈਟਾਂ ਨਾਲ ਤੋੜਦਿਆਂ ਜ਼ਰਾ ਤਰਸ ਨਹੀਂ ਕੀਤਾ। ਹੁਣ ਇਹ ਪਹਾੜ ਛ਼ਲਣੀ-ਛ਼ਲਣੀ ਹਨ। ਜਿੱਥੋਂ ਕਮਜ਼ੋਰ ਹੁੰਦੇ ਹਨ, ਮਨੁੱਖੀ ਰਿਸ਼ਤਿਆਂ ਵਾਂਗ ਟੁੱਟ ਕੇ ਝੜ ਜਾਂਦੇ ਹਨ। ਇਹ ਵੀ ਉਵੇਂ ਹੀ ਨੁਕਸਾਨ ਕਰਦੇ ਹਨ, ਜਿਵੇਂ ਅੱਜ ਕੱਲ੍ਹ ਅਹਿਮ ਨਾਲ ਲੱਦੇ ਭੁਰ ਰਹੇ, ਜ਼ਰਜ਼ਰ ਹੋਏ ਤੇ ਟੁੱਟ ਰਹੇ ਮਨੁੱਖੀ ਰਿਸ਼ਤੇ ਕਰਦੇ ਹਨ।' ਇਨ੍ਹਾਂ ਰਿਸ਼ਤਿਆਂ ਦੀ ਜੇਕਰ ਸਮੇਂ-ਸਿਰ ਸਾਂਭ-ਸੰਭਾਲ ਜਾਂ ਮੱਲ੍ਹਮ-ਪੱਟੀ ਨਾ ਹੋਵੇ ਤਾਂ ਇਹ ਵੀ ਇਨ੍ਹਾਂ ਹੜ੍ਹਾਂ ਵਾਂਗ ਤਬਾਹੀ ਮਚਾਉਂਦੇ ਰਹਿੰਦੇ ਹਨ। ਕਿਸੇ ਵੇ਼ਲੇ ਪਿੰਡਾਂ ਦੇ ਪਿੰਡ ਅਕਾਲੀ ਹੁੰਦੇ ਸਨ। ਪਿੰਡ ਦੇ ਕਿਸੇ ਬਜ਼ੁਰਗ ਨੂੰ ਜੇ ਕਿਸੇ ਨੇ ਅਕਾਲੀ ਲੀਡਰ ਦੇ ਵਿਰੁੱਧ ਕੁਸ਼ ਕਹਿਣਾ ਤਾਂ ਉਸ ਉੱਖੜੇ ਕੁਹਾੜੇ ਵਾਂਗ ਪੈਣਾ। ਅੱਜ ਦੇਖ ਲੈ। ਤੈਨੂੰ ਦੱਸਾਂ ਮੈਂ, ਇਹ ਭਾਣਾ ਕਿਵੇਂ ਵਾਪਰਿਆ? ਇਨ੍ਹਾਂ ਮੋਹਰੀ ਬਜ਼ੁਰਗ ਅਕਾਲੀਆਂ ਦੀ ਔਲਾਦ ਜਦੋਂ ਬਾਦਲਾਂ ਦੀ ਅਗਲੀ ਪੀੜ੍ਹੀ ਕੋਲ ਆਪਣੇ ਕੰਮੀਂ ਜਾਂਦੀ ਤਾਂ ਉਨ੍ਹਾਂ ਪਛਾਣਨਾ ਈ ਬੰਦ ਕਰ ਦਿੱਤਾ। ਊਂ ਬਹੁਤੇ ਰਾਜਨੀਤੀਵਾਨ ਜਿੱਤ ਕੇ ਕਦੋਂ ਪਛਾਣਦੇ ਨੇ? ਹੋਰ ਤਾਂ ਹੋਰ ਗੁਰੂ ਦੀ ਬੇਅਦਬੀ ਕੌਣ ਸਹਿ ਲਊ? ਅਗਲਿਆਂ ਹੁਣ ਇਨ੍ਹਾਂ ਨੂੰ ਪਛਾਣਨਾ ਈ ਬੰਦ ਕਰ'ਤਾ। ਨਵੇਂ ਬਣੇ ਅਕਾਲੀ ਦਲ ਦਾ ਦੇਖੋ ਕੀ ਬਣਦੈ? ਵੈਸੇ ਕਿਸੇ ਵੀ ਪਾਰਟੀ ਸੰਗਠਨ ਨੂੰ ਚਲਾਉਣਾ ਆਸਾਨ ਨਹੀਂ। ਇਹ ਸੰਗਠਨ ਪੈਸੇ ਨਾਲ ਚੱਲਦੇ ਨੇ, ਜਿਹੜਾ ਖਰਚੂ ਉਹੀ ਖੱਟੂ।' ਪਿਆਰਾ ਸਿੰਘ ਅੱਗੇ ਨਿਕ਼ਲ ਗਏ ਤੇ ਮੈਂ ਵੀਰ ਦਲੇਰ ਸਿੰਘ ਦਾ ਫੋਨ ਅਟੈਂਡ ਕਰਨ ਲਈ ਬੈਂਚ 'ਤੇ ਬੈਠ ਗਿਆ। ਉਸ ਉਪ਼ਲ ਫਾਰਮ ਵਾ਼ਲੀ ਕੁੜੀ ਦੀ ਗੱਲ ਛੇੜ ਲਈ। 'ਛੋਟੇ ਭਾਈ ਦੁਨੀਆਂ ਦਾ ਤਗ ਟੁੱਟ ਗਿਆ ਸਮਝ। ਸਾਡਾ ਸਮਾਜ ਬੇਮੁਹਾਰਾ ਹੋਇਆ ਪਿਐ, ਖਾਸ ਕਰ ਨੌਜਵਾਨੀ। ਕਾਮ ਇਨ੍ਹਾਂ ਦੇ ਸਿਰ ਚੜ੍ਹ ਬੋਲ ਰਿਹੈ। ਮੁੰਡੇ-ਕੁੜੀਆਂ ਹੱਦ ਕਰੀ ਜਾ ਰਹੇ ਨੇ? ਊਂ ਘੱਟ ਤਾਂ ਕੋਈ ਵੀ ਨਹੀਂ। ਕੱਲੇ-ਕੱਲੇ ਧੀਆਂ-ਪੁੱਤਾਂ ਨੂੰ ਜਿਹੜੇ ਮਾਪੇ ਖੁੱਲ੍ਹ ਦਿੰਦੇ ਨੇ, ਉਹ ਇਹਦਾ ਨਾਜਾਇਜ਼ ਫਾਇਦਾ ਉਠਾਉਂਦੇ ਨੇ। ਟੀਨੇਜ਼ਰ ਕਿੰਨੇ-ਕਿੰਨੇ ਰਿਸ਼ਤੇ ਪਾ਼ਲੀ ਬੈਠੇ ਹਨ। ਵੱਡੇ ਵੀ ਰਿਸ਼ਤਿਆਂ ਪ੍ਰਤੀ ਵਫਾਦਾਰ ਨਹੀਂ ਰਹੇ। ਕੁੜੀਆਂ-ਔਰਤਾਂ ਦਾ ਪਹਿਰਾਵਾ...ਉਫ। ਅਚਾਨਕ ਮੇਰੇ ਫੋਨ ਦੀ ਬੈਟਰੀ ਡੈੱਡ ਹੋ ਗਈ। ਮੇਰੇ ਜ਼ਿਹਨ ਵਿਚ ਮੇਰੇ ਗੀਤ ਦਾ ਅੰਤਰਾ ਆ ਬੈਠਾ,

ਭਲਾਂ ਜੋੜ ਸਕੂਗਾ ਕਿਹੜਾ ਟਾਹਣੀਓਂ ਟੁੱਟਿਆਂ ਪੱਤਿਆਂ ਨੂੰ
ਹਾੜਾ! ਕੋਈ ਮੋੜ ਲਿਆਵੇ! ਸਾਡੇ ਚੇਤਰ, ਕੱਤਿਆਂ ਨੂੰ
ਪਰ ਵਹਿਣ ਮੋੜਨਾ ਸੌਖਾ ਨਹੀਂ ਚੰਨਾ ਹੜ੍ਹ ਦੇ ਪਾਣੀ ਦਾ
ਪੰਨਾ ਫਿਰ ਖੁੱਲ੍ਹ ਜਾਣਾ, ਓਸੇ ਦਰਦ ਕਹਾਣੀ ਦਾ ...।

# ਦੂਸ਼ਿਤ ਹਵਾ-ਪਾਣੀ ਤੇ ਕਮਿਊਨਿਸਟ ਇਨਕਲਾਬੀ

ਹਵਾ-ਪਾਣੀ ਦੇ ਦੂਸ਼ਿਤ ਹੋਣ, ਧਰਤੀ ਦੇ ਬੰਜਰ ਹੋਣ ਅਤੇ ਸਮੁੱਚੇ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦਾ ਚਰਚਾ ਇੱਕ ਕੌੜੀ ਸਚਾਈ ਸੀ। ਇਹ ਵੀ ਕੌੜਾ ਸੱਚ ਹੈ ਕਿ ਜੋ ਸ਼ੁੱਧ ਵਾਤਾਵਰਣ ਅਤੇ ਕੁਦਰਤ ਨੂੰ ਪਿਆਰ ਨਹੀਂ ਕਰਦਾ ਅਤੇ ਇਸਦੀ ਸ਼ੁੱਧਤਾ ਲਈ ਲੜਾਈ ਨਹੀਂ ਲੜਦਾ ਉਹ ਕਮਿਊਨਿਸਟ ਇਨਕਲਾਬੀ ਨਹੀਂ ਹੋ ਸਕਦਾ। ਕੀ ਪੰਜਾਬ ਦੇ ਕਮਿਊਨਿਸਟ ਇਨਕਲਾਬੀ, ਅਮਲ 'ਚ ਇਹ ਸ਼ਰਤ ਪੂਰੀ ਕਰਦੇ ਹਨ? ਇਹ ਵੱਡਾ ਸਵਾਲ ਹੈ।



ਹਵਾ-ਪਾਣੀ ਦੇ ਦੂਸ਼ਿਤ ਹੋਣ ਤੇ ਕਾਰਣਾਂ ਅਤੇ ਮਨੁੱਖਤਾ ਲਈ ਇਸਦੇ ਨੁਕਸਾਨਾਂ ਦੀ ਬਰੀਕੀ ਨਾਲ ਸੂਚੀ ਤਿਆਰ ਕਰਨੀ ਹੋਵੇ ਤਾਂ ਇਹ ਲਿਸਟ ਲੰਬੀ ਹੋ ਸਕਦੀ ਹੈ!

**ਪਰਮਜੀਤ ਰੋਡੇ**
**ਫੋਨ: 737 274 2370**

ਵਿਗਿਆਨਕ ਹਲਕੇ ਜਾਣਦੇ ਹਨ ਕਿ ਦੂਸ਼ਿਤ ਹਵਾ: ਫੇਫੜਿਆਂ ਅਤੇ ਦਿਲ ਦੀਆਂ ਬਿਮਾਰੀਆਂ, ਤੰਤੂ ਵਿਗਾੜ ਅਤੇ ਗਲੋਬਲ ਤਪਸ਼ (ਜੋ ਰੁੱਤਾਂ ਪੈਟਰਨ ਅਤੇ ਕੁਦਰਤ ਦਾ ਸੰਤੁਲਨ ਵਿਗਾੜਦੀ ਹੈ) ਦਾ ਕਾਰਨ ਬਣਦੀ ਹੈ। ਇਸੇ ਤਰ੍ਹਾਂ ਦੂਸ਼ਿਤ ਪਾਣੀ: ਮਨੁੱਖੀ ਸਿਹਤ ਲਈ ਤਾਂ ਘਾਤਕ ਹੈ ਈ (ਕਿਉਂਕਿ ਇਹ ਹੈਜ਼ਾ, ਟਾਈਫਾਈਡ, ਕੈਂਸਰ ਅਤੇ ਤੰਤੂ ਵਿਗਾੜ ਵਰਗੀਆਂ ਬੀਮਾਰੀਆਂ ਨੂੰ ਜਨਮ ਦਿੰਦਾ ਹੈ) ਇਹ ਪਾਣੀ-ਆਧਾਰਤ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਅਤੇ ਜੈਵ-ਵਿਭਿੰਨਤਾ (ਭੌਦਿਵਿਰਸਟਿ) ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ! ਜੇ ਸਮੁੱਚਤਾ 'ਚ ਗੱਲ ਕਰੀਏ ਤਾਂ ਦੂਸ਼ਿਤ ਹਵਾ ਇਕ ਪਾਸੇ ਮੌਤ ਦਰ ਵਧਾਉਂਦੀ ਹੈ ਅਤੇ ਦੂਜੇ ਪਾਸੇ ਨਿਪੁੰਸਕਾ ਨੂੰ ਵੀ ਵਧਾਉਂਦੀ ਹੈ!

ਇਹ ਠੀਕ ਹੈ ਕਿ ਸਮੁੱਚੇ ਤੌਰ 'ਤੇ ਪ੍ਰਦੂਸ਼ਣ ਖਿਲਾਫ਼ ਲੜਾਈ ਲੰਬੀ ਹੈ ਅਤੇ ਇਹ ਸਮੁੱਚੇ ਇਨਕਲਾਬੀ ਪ੍ਰੋਗਰਾਮ ਦਾ ਅੰਗ ਬਣਾ ਕੇ ਹੀ ਲੜੀ ਜਾਣੀ ਹੈ! ਪਰ ਮਸਲੇ ਦੇ ਅੰਸ਼ਕ ਪੱਖ 'ਤੇ, ਅੰਸ਼ਕ ਰੂਪ 'ਚ ਘੋਲ ਵੀ ਤਾਂ ਸਮੇਂ-ਸਮੇਂ ਚੱਲਣੇ ਹੀ ਚਾਹੀਦੇ ਹਨ।

ਸਭ ਜਾਣਦੇ ਹਨ ਕਿ ਜਦੋਂ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦੇ ਹਨ ਤਾਂ ਮਹੀਨਾ-ਭਰ ਹਵਾ ਕਿੰਨੀ ਪ੍ਰਦੂਸ਼ਿਤ ਹੁੰਦੀ ਹੈ। ਇਹ ਵੀ ਸਭ ਜਾਣਦੇ ਹਨ ਕਿ ਦੂਸ਼ਿਤ ਹਵਾ ਨਾਲ ਹੋਣ ਵਾਲੇ ਨੁਕਸਾਨ ਤੋਂ ਇਲਾਵਾ, ਸਮਾਜ ਨੂੰ ਇਸ ਨਾਲ ਜੁੜੀਆਂ ਹੋਰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ! ਜਦੋਂ ਪ੍ਰਸ਼ਾਸਨ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਦਾ ਅਤੇ ਸਜ਼ਾਵਾਂ ਦੇਣ ਦੀ ਗੱਲ ਕਰਦਾ ਹੈ ਤਾਂ ਕਿਸਾਨ ਜਥੇਬੰਦੀਆਂ ਦੇ 'ਇਨਕਲਾਬੀ' ਆਗੂ, ਕਿਸਾਨਾਂ ਦੇ ਕੋਲ ਖੜ੍ਹ ਕੇ ਉਨ੍ਹਾਂ ਤੋਂ ਪਰਾਲੀ ਨੂੰ ਅੱਗ ਲੁਆਉਂਦੇ ਹਨ ਅਤੇ ਪ੍ਰਸ਼ਾਸਨ ਨੂੰ ਚੈਲੰਜ ਵੀ ਕਰਦੇ ਹਨ ਕਿ ਜੇ ਹਿੰਮਤ ਹੈ ਤਾਂ ਰੋਕ ਕੇ ਦਿਖਾਵੇ! ਜੇ ਤੁਸੀਂ ਉਨ੍ਹਾਂ ਨਾਲ ਗੱਲ ਕਰੋ ਉਹ ਇਸ ਕਾਰਵਾਈ ਦੇ ਹੱਕ 'ਚ ਅਜੀਬੋ-ਗਰੀਬ ਦਲੀਲਾਂ ਦਿੰਦੇ ਹਨ; 1) ਪ੍ਰਦੂਸ਼ਣ ਕਿਹੜਾ 'ਕੱਲੀ ਪਰਾਲੀ ਸਾੜਨ ਨਾਲ ਹੀ ਹੁੰਦਾ ਹੈ? 2) ਜੇ ਸਰਕਾਰ ਪਰਾਲੀ ਸਾਂਭਣ ਦਾ ਕੋਈ ਪ੍ਰਬੰਧ ਨਹੀਂ ਕਰਦੀ ਤਾਂ ਵਿਚਾਰੇ ਕਿਸਾਨ ਪਰਾਲੀ ਨਾ ਸਾੜਨ ਤਾਂ ਹੋਰ ਕੀ ਕਰਨ? ਅਸਲ ਗੱਲ ਇਹ ਹੈ ਕਿ ਇਹ ਕਿਸਾਨ ਆਗੂ, ਨਹੀਂ ਚਾਹੁੰਦੇ ਕਿ ਕਿਸਾਨਾਂ ਦਾ ਭੋਰਾ-ਭਰ ਵੀ ਆਰਥਿਕ ਨੁਕਸਾਨ ਹੋਵੇ! ਹੋਰ ਜੋ ਮਰਜ਼ੀ ਹੋਈ ਜਾਵੇ, ਇਸਦੀ ਉਹ ਪਰਵਾਹ ਨਹੀਂ ਕਰ ਰਹੇ! ਵਾਹ! ਲੋਕਾਂ ਦੀ ਸਿਆਸੀ ਚੇਤਨਾ ਉੱਪਰ ਚੁੱਕਣ ਦਾ ਇਹ ਕਿਆ ਕਰਾਮਾਤੀ ਢੰਗ ਹੈ?



ਪੰਜਾਬ ਦਾ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋਣ ਕਰਕੇ ਪੀਣ ਵਾਲੇ ਪਾਣੀ ਦੀ ਸਮੱਸਿਆ ਖੜ੍ਹੀ ਹੋ ਗਈ ਹੈ। ਇਹਦੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਤਾਂ ਕਾਰਖਾਨਿਆਂ ਵੱਲੋਂ ਛੱਡਿਆ ਜਾਂਦਾ ਅਸ਼ੁੱਧ, ਰਸਾਇਣਕ ਤੇ ਜ਼ਹਿਰੀਲਾ ਪਾਣੀ ਹੈ ਪਰ ਇਹਦੇ 'ਚ ਕਿਸਾਨਾਂ ਵੱਲੋਂ ਬੇ-ਰੋਕ ਵਰਤੀ ਜਾਂਦੀ ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈਆਂ ਦਾ ਵੀ ਹਿੱਸਾ ਹੈ। ਪਰ ਪਾਣੀ ਦੀ ਇਸ ਤੋਂ ਵੀ ਵੱਡੀ ਇਕ ਹੋਰ ਸਮੱਸਿਆ ਵੀ ਹੈ। ਉਹ ਹੈ ਮੁੱਕ ਰਿਹਾ ਧਰਤੀ ਹੇਠਲਾ ਪਾਣੀ ਅਤੇ ਛੇਤੀ ਹੀ ਧਰਤੀ ਦੇ ਬੰਜਰ ਹੋਣ ਦਾ ਹਕੀਕੀ ਖ਼ਤਰਾ! ਇਹਦੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ ਸਰਕਾਰੀ ਨੀਤੀਆਂ ਅਤੇ ਕਿਸਾਨਾਂ ਵੱਲੋਂ ਬੀਜੀ ਜਾਂਦੀ ਝੋਨੇ ਦੀ ਫ਼ਸਲ!

ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਦਾ ਸਿੱਕੇਬੰਦ ਹੱਲ ਤਾਂ ਪੰਜਾਬ ਸਰਕਾਰ ਵੱਲੋਂ ਫੌਰੀ ਤੌਰ 'ਤੇ, ਸੀਮਤ ਸਮੇਂ ਲਈ ਝੋਨੇ ਦੀ ਪੈਦਾਵਾਰ 'ਤੇ ਪਾਬੰਦੀ ਲਗਾਉਣ ਅਤੇ ਵਿਕਲਪੀ ਫ਼ਸਲਾਂ ਦੀ ਪੈਦਾਵਾਰ ਲਈ ਲਾਹੇਵੰਦ ਭਾਅ ਦਾ ਐਲਾਨ ਕਰਨ 'ਚ ਹੈ। ਜੇ ਸਰਕਾਰ ਇਹ ਨਹੀਂ ਕਰਦੀ ਤਾਂ ਸਰਕਾਰ 'ਤੇ ਦਬਾਅ ਬਣਾਉਣ ਲਈ, ਕਿਸਾਨ ਜਥੇਬੰਦੀਆਂ ਵੱਲੋਂ ਇਸ ਮੁੱਦੇ 'ਤੇ ਲੜਾਈ ਵੀ ਲੜਨੀ ਬਣਦੀ ਹੈ! ਪਰ ਮੁੱਦਾ ਇਹ ਵੀ ਹੈ ਕਿ ਜੇ ਸਰਕਾਰ ਫਿਰ ਵੀ ਨਹੀਂ ਮੰਨਦੀ ਤਾਂ ਕਿਸਾਨ ਜਥੇਬੰਦੀਆਂ ਫਿਰ ਕੀ ਕਰਨ?


ਮੇਰੀ ਸਮਝ ਤਾਂ ਇਹੀ ਹੈ ਕਿ ਜਥੇਬੰਦੀਆਂ ਵੱਲੋਂ ਕਿਸਾਨਾਂ ਨੂੰ ਸਮਝਾਉਣਾ ਤੇ ਤਿਆਰ ਕਰਨਾ ਚਾਹੀਦਾ ਹੈ ਕਿ ਬਦਲਵੀਆਂ ਫ਼ਸਲਾਂ ਲਈ ਲਾਹੇਵੰਦ ਭਾਅ ਲੈਣ ਦੀ ਲੜਾਈ ਤਾਂ ਚੱਲਦੀ ਹੀ ਰਹੇਗੀ ਪਰ ਝੋਨੇ ਦੀ ਫ਼ਸਲ ਦੀ ਪੈਦਾਵਾਰ ਵੀ ਫੌਰੀ ਤੌਰ 'ਤੇ ਬੰਦ ਹੋਵੇ! ਭਾਵ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਦੇ ਵਡੇਰੇ ਹਿਤ ਲਈ, ਜੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ ਤਾਂ ਇਹ ਝੱਲ ਲੈਣਾ ਚਾਹੀਦਾ ਹੈ! ਪਰ ਕੀ ਇਹ ਸੰਭਵ ਹੈ?

ਸੰਭਵ ਹੋਣਾ ਤਾਂ ਅਗਲੀ ਗੱਲ ਹੈ, ਪਹਿਲਾਂ ਤਾਂ ਇਨਕਲਾਬੀ ਕਿਸਾਨ ਜਥੇਬੰਦੀਆਂ ਨੂੰ ਉਸ ਗਲਤ ਟਰੈਕ ਤੋਂ ਹੇਠਾਂ ਉਤਰਨਾ ਪੈਣਾ ਹੈ ਜਿਸ 'ਤੇ ਉਹ ਦੌੜ ਰਹੀਆਂ ਹਨ। ਇਹ ਠੀਕ ਹੈ ਕਿ ਜੇ ਜਥੇਬੰਦੀਆਂ ਵੱਖ-ਵੱਖ ਹਨ ਤਾਂ ਵੱਖ ਸਮਿਆਂ 'ਤੇ ਉਨ੍ਹਾਂ 'ਚ ਮੁਕਾਬਲੇਬਾਜ਼ੀ ਵੀ ਸੁਭਾਵਿਕ ਹੈ! ਪਰ ਕਿਹੋ ਜਿਹੀ? ਪਰਾਲੀ ਸਾੜਨ ਦੇ ਮਾਮਲੇ 'ਚ ਨੋਟ ਹੋਇਆ ਹੈ ਕਿ ਜੇ ਇਕ ਜਥੇਬੰਦੀ ਦੇ ਆਗੂਆਂ ਨੇ ਕਿਸਾਨਾਂ ਦੇ ਬਰਾਬਰ ਖੜ੍ਹ ਕੇ ਪਰਾਲੀ ਨੂੰ ਅੱਗ ਲਵਾਉਣੀ ਸ਼ੁਰੂ ਕਰ ਦਿੱਤੀ ਤਾਂ ਦੂਜੀ ਕਿਸਾਨ ਜਥੇਬੰਦੀ ਨੂੰ ਲੱਗਿਆ ਕਿ ਉਹ ਤਾਂ ਇਸ ਕੰਮ 'ਚ ਪਛੜ ਹੀ ਗਏ! ਤਾਂ ਫਿਰ ਉਸ ਜਥੇਬੰਦੀ ਦੇ ਆਗੂਆਂ ਨੇ ਵੀ ਉਹੀ ਧੰਦਾ ਸ਼ੁਰੂ ਕਰ ਲਿਆ! ਇਹ ਜਥੇਬੰਦੀਆਂ, ਇਹ ਆਗੂ ਇਸ ਗਲਤ ਮੁਕਾਬਲੇ 'ਚ ਤਾਂ ਪੈ ਗਏ ਪਰ ਜਿੱਥੇ ਮੁਕਾਬਲੇ ਦੀ ਲੋੜ ਹੈ ਉੱਥੇ ਇਹ ਹਿੰਮਤ ਨਹੀਂ ਦਿਖਾ ਰਹੇ!

ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਲਈ, ਜੇ ਇਕ ਕਿਸਾਨ ਜਥੇਬੰਦੀ ਵੀ ਸਪੱਸ਼ਟਤਾ ਨਾਲ ਕਿਸਾਨਾਂ ਨੂੰ ਇਹ ਸਮਝਾਉਣ ਲਈ ਤਿਆਰ ਹੋ ਜਾਵੇ ਕਿ ਬਦਲਵੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਲੈਣ ਲਈ ਲੜਾਈ ਦੇ ਨਾਲ-ਨਾਲ, ਸਾਨੂੰ ਆਰਥਿਕ ਹਰਜਾ ਝੱਲ ਕੇ ਵੀ ਝੋਨੇ ਦੀ ਪੈਦਾਵਾਰ ਬੰਦ ਕਰਨੀ ਚਾਹੀਦੀ ਹੈ! ਤਾਂ ਲਾਜ਼ਮੀ ਹੀ ਹੋਰ ਜਥੇਬੰਦੀਆਂ ਵੀ ਇਹੀ ਸਟੈਂਡ ਲੈ ਲੈਣਗੀਆਂ! ਪਰ ਕੋਈ ਜਥੇਬੰਦੀ ਅਜਿਹੀ ਮੁਕਾਬਲੇਬਾਜ਼ੀ ਲਈ ਇਕ ਵਾਰ ਅੱਗੇ ਤਾਂ ਆਏ! ਅਜਿਹਾ ਕਰਨ ਨਾਲ ਉਸ ਜਥੇਬੰਦੀ ਦੀ, ਸਮਾਜ ਦੇ ਬਾਕੀ ਵਰਗਾਂ 'ਚ ਕਿੰਨੀ ਬੱਲੇ-ਬੱਲੇ ਹੋਵੇਗੀ? ਇਹ ਇੱਕ ਵੱਖਰਾ ਨੁਕਤਾ ਹੈ!

ਕਿਸੇ ਵੀ ਵਰਗ ਦੇ ਸਿਰਫ਼ ਅਤੇ ਸਿਰਫ਼ ਆਰਥਿਕ ਹਿਤਾਂ ਅਤੇ ਖਾਹਸ਼ਾਂ ਨੂੰ ਧਿਆਨ 'ਚ ਰੱਖ ਕੇ ਫ਼ੈਸਲੇ ਲੈਣੇ ਤੇ ਘੋਲ ਵਿੱਢਣੇ, ਇਨਕਲਾਬੀ ਸਿਆਸਤ/ ਵਿਚਾਰਧਾਰਾ ਦੇ ਪ੍ਰਸੰਗ 'ਚ ਸ਼ੁੱਧ ਆਰਥਿਕਵਾਦ ਤਾਂ ਹੈ ਹੀ, ਇਹ ਪੂਛਲਵਾਦ ਵੀ ਹੈ!!

## ਕਾਵਿ-ਕਿਆਰੀ



### ਅਮਰੀਕ ਸਿੰਘ ਸ਼ਿਕਾਗੋ

ਹਿਜਰ ਤੇਰੇ ਦੇ ਤੀਰ
ਤੂੰ ਤੇ ਭੁੱਲ ਗਈ ਮੈਂ ਨਹੀ ਭੁੱਲਿਆ
ਸੁੱਕੇ ਗਏ ਅੱਖੀਓਂ ਨੀਰ।
ਸੀਨੇ ਖ਼ੰਜਰ ਬਣ ਬਣ ਲੱਗਦੇ
ਹਿਜਰ ਤੇਰੇ ਦੇ ਤੀਰ।

ਝਲਕ ਤੇਰੀ ਇੱਕ ਪਾਉਣ ਲਈ ਝੱਲੀਏ
ਹੱਥ ਵਿਚ ਕਾਸਾ ਦਰ ਦਰ ਘੁੰਮਦਾ
ਬਣ ਕੇ ਇਹ ਫ਼ਕੀਰ।
ਸੀਨੇ ਖ਼ੰਜਰ ਬਣ ਬਣ ਲੱਗਦੇ
ਹਿਜਰ ਤੇਰੇ ਦੇ ਤੀਰ।

ਤੇਰੇ ਹਿੱਸੇ ਪੈਸਾ ਆਇਆ।
ਸਾਡੇ ਹਿੱਸੇ ਕਾਗਜ਼ ਦੇ ਟੁਕੜੇ
ਜਾਂ ਤੇਰੀ ਅੱਧ ਪਾਟੀ ਤਸਵੀਰ।
ਸੀਨੇ ਖ਼ੰਜਰ ਬਣ ਬਣ ਲੱਗਦੇ
ਹਿਜਰ ਤੇਰੇ ਦੇ ਤੀਰ।

ਰਾਹ ਵਸਲ ਦੇ ਮੁੱਕ ਗਏ ਸਾਰੇ
ਤੁਰ ਚੁੱਲੇ ਅਸੀ ਕਰਮਾਂ ਮਾਰੇ
'ਅਮਰ' ਆਇਆ ਵਕਤ ਅਖੀਰ
ਤੂੰ ਤੇ ਭੁੱਲ ਗਈ ਮੈਂ ਨਹੀ ਭੁੱਲਿਆ
ਸੁੱਕ ਗਏ ਅੱਖੀਓਂ ਨੀਰ।
ਸੀਨੇ ਖ਼ੰਜਰ ਬਣ ਬਣ ਲੱਗਦੇ
ਹਿਜਰ ਤੇਰੇ ਦੇ ਤੀਰ।

---

### ਸ਼ਿਕਾਰੋਂ ਬਣੇ ਸ਼ਿਕਾਰੀਆ

ਓ ਸ਼ਿਕਾਰੋਂ ਬਣੇ ਸ਼ਿਕਾਰੀਆ, ਕੁੱਝ ਤੇ ਸੋਚ ਵਿਚਾਰ।
ਹੰਢਾਈ ਜੋ ਤਨ ਆਪਣੇ, ਕਿਉਂ ਦਿੱਤੀ ਮਨੋਂ ਵਿਸਾਰ।

ਪੀੜਤ ਸੀ ਤੂੰ ਜ਼ੁਲਮ ਦਾ, ਜ਼ਾਲਮ ਬਣ ਗਿਐਂ ਆਪ।
ਪਾਤਰ ਸੀ ਤੂੰ ਤਰਸ ਦਾ, ਹੁਣ ਬਣ ਬੈਠੈਂ ਖ਼ੂੰਖਾਰ।
ਹਿਟਲਰ ਦਾ ਸਤਾਇਆ, ਬਣ ਗਿਐਂ ਹਿਟਲਰ ਆਪ।

ਘਰੋਂ ਬੇਘਰ ਸੀ ਹੋਇਆ, ਬਚਿਆ ਬੀਜ ਹੋਣ ਤੋਂ ਨਾਸ।

ਕਰ ਸ਼ੁਕਰ ਦਾਨੇ-ਸਿਆਣਿਆਂ, ਮਿਲਿਆ ਰਹਿਣ ਨੂੰ ਦੇਸ਼।
ਲੱਗੈਂ ਕੱਢਣ ਹਮਸਾਇਆਂ, ਭੁੱਲ ਕੇ ਆਪਣਾ ਪਰਵਾਸ।

ਓ ਮੌਤਾਂ ਵੰਡਣ ਵਾਲਿਆ, ਨੇ ਤੇਰੇ ਬਰੂਦ ਦੇ ਭਰੇ ਭੰਡਾਰ।
ਖ਼ੂਨੀ ਜ਼ਾਲਮ ਹੰਕਾਰੀਆ, ਲੱਖ ਨਿਰਦੋਸ਼ ਤੂੰ ਦਿੱਤੇ ਮਾਰ।

ਬੇਮੁਹਾਰੇ ਅਤਿ ਲੋਭੀਆ, ਰਤਾ 'ਤਨਖ' ਨੂੰ ਵੇਖ ਫਰੋਲ।
ਮਾਂਵਾਂ ਲੱਖਾਂ ਬੱਚੇ ਵਿਲਕਦੇ, ਅਤਿ ਭੁੱਖ ਤੂੰ ਦਿੱਤੀ ਪਸਾਰ।

ਭਰਮ ਛੱਡ ਆਪ ਹੁਦਰਿਆ, ਸਿੱਖ, ਇਤਿਹਾਸ ਤੋਂ ਲੈ।
ਕਫ਼ਨ ਬੰਨ੍ਹ ਜੋ ਨਿਕਲਦੇ, ਨਾ ਸੋਚਣ, ਕੀ ਹੋਊ ਕੀ ਹੈ।

ਫ਼ਿਦਾ ਹੋਣ ਕੌਮ ਧਰਤ ਤੋਂ, ਮੌਤ ਨਾਲ ਕਰਨ ਮਖ਼ੌਲ।
ਮਾਰਨ ਵਾਲੇ ਮਿਟ ਜਾਂਵਦੇ, ਮਰ ਗਏ ਅਮਰਾਂ ਦੀ ਜੈ।

ਨਕਾਬ ਅਮਨ ਦਾ ਪਹਿਨ ਕੇ, ਜੋ ਲੜਨ ਅਸਿੱਧੀ ਜੰਗ।
ਇਕ ਹੱਥ ਝੰਡਾ ਅਮਨ ਦਾ, ਦੂਜਾ, ਰੰਗਣ ਲਹੂ ਦੇ ਰੰਗ।

ਵਿਚ ਚੌਧਰ ਭੀ ਪੈਰ ਰੱਖਦੇ, ਬੰਦ ਹੋਣ ਵੀ ਦੇਣ ਨਾ ਜੰਗ।
ਉੱਤੋਂ ਕੂਟਨੀਤੀ ਇਸ ਆਖਦੇ, ਜੱਗ ਦੇਖ ਰਹਿ ਜਾਵੇ ਦੰਗ।

ਹਥਿਆਰਾਂ ਦੇ ਵਣਜਾਰਿਓ, ਨਾ ਬੀਜੋ ਨਫ਼ਰਤ ਦੇ ਬੀਜ।
ਹੋਰ ਹੀਰੋਸ਼ੀਮਾ ਨਾ ਵਾਪਰੇ, ਛੱਡੋ ਨਾਗਾਸਾਕੀ ਦੀ ਰੀਝ।

ਤਿਆਗੋ ਸਵਾਰਥ ਆਪਣੇ, ਦਿਓ ਜੀਣ ਦਾ ਸਭਨੂੰ ਹੱਕ।
ਭਲਾ ਇੰਜ ਹੀ ਸੰਸਾਰ ਦਾ, ਲਾ ਰੱਖੋ ਨਾ ਜੰਗ 'ਤੇ ਨੀਝ।

***-ਗੁਰਬਖ਼ਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

### ਸੱਚ ਤੇ ਝੂਠ

ਕਈ ਮੁੱਦਤਾਂ ਤੋਂ ਬਾਅਦ ਕਦੇ ਪੈਦਾ ਸੁਕਰਾਤ ਹੁੰਦਾ,
ਪਿਲਾ ਕੇ ਜ਼ਹਿਰ ਦਾ ਪਿਆਲਾ ਹੈ ਸੱਚ ਢੇਰ ਹੁੰਦਾ।

ਅਵਾਜ਼ ਸੱਚ ਦੀ ਹਾਕਮਾਂ ਨੂੰ ਕਦੇ ਨਾ ਰਾਸ ਆਈ,
ਸ਼ਾਂਤੀ ਦਾ ਦੂਤ ਈਸਾ ਵੀ ਹੈ ਸੂਲ਼ੀ ਲਈ ਘੇਰ ਹੁੰਦਾ।
ਅਨ-ਅੱਲ-ਹੱਕ ਦਾ ਨਾਅਰਾ, ਕਦੇ ਮਨਸੂਰ ਲਾਉਂਦੈ,
ਪੱਥਰ ਪੈਂਦੇ ਪਹਿਲੇ ਸੂਲ਼ੀ 'ਤੇ ਹੈ ਟੰਗਿਆ ਫੇਰ ਹੁੰਦਾ।
ਸੱਚ ਤੇ ਝੂਠ ਦਾ ਜੰਗ ਹੈ ਸਦੀਆਂ ਤੋਂ ਹੁੰਦਾ ਆਇਆ,
ਕਦੇ ਚਾਨਣ ਜਿੱਤਦਾ ਹੈ ਕਦੇ ਸਾਈਂ ਦਾ ਹਨ੍ਹੇਰ ਹੁੰਦਾ।

ਮੁੱਢ ਕਦੀਮ ਤੋਂ ਭੇੜ ਜੱਗ 'ਤੇ ਹੈ ਚੱਲਦਾ ਆਇਆ,
ਝੂਠ ਦਾ ਬੋਲਬਾਲ਼ਾ ਹੈ ਚੁਫ਼ੇਰੇ ਪਰ ਸੱਚ ਦੇਰ ਹੁੰਦਾ।

***-ਸੇਵਾ ਸਿੰਘ 'ਨੂਰਪੁਰੀ'***

---

### ਜਸਵਿੰਦਰ ਭੱਲਾ ਜੀ ਦੇ ਨਾਮ

ਚਾਰ ਦਿਨਾਂ ਦਾ ਮੇਲਾ ਇੱਥੋਂ ਸਭ ਨੇ ਹੈ ਤੁਰ ਜਾਣਾ
ਛੱਡ ਆਹਲਣੇ ਖਾਲੀ ਮਿੱਤਰਾ ਸਭ ਨੇ ਉੜ ਜਾਣਾ।

ਮਿੱਤਰਾ ਜਿੰਦ ਪ੍ਰਾਹੁਣੀ ਬਰਫ਼ਾਂ ਵਾਂਗੂੰ ਖੁਰ ਜਾਣਾ
ਇਹ ਰੇਤੇ ਦੀ ਕੰਧ ਹਾਣੀਓਂ ਇੱਕ ਦਿਨ ਭੁਰ ਜਾਣਾ।

ਤੁਰ ਗਿਆ ਅੱਜ ਰਵਾ ਕੇ ਜਿਹੜਾ ਨਿੱਤ ਹਸਾਉਂਦਾ ਸੀ
ਦਿਲ ਵਿਚ ਪਾ ਗਿਆ ਪੀੜਾਂ ਜਿਹੜਾ ਢਿੱਡ 'ਚ ਪਾਉਂਦਾ ਸੀ।

ਟਿੱਚਰ ਉਹਦੀ ਯਾਦ ਰਹੂਗੀ ਕੱਲੇ ਕੱਲੇ ਨੂੰ
ਦੁਨੀਆ ਚੇਤੇ ਰੱਖੂਗੀ ਜਸਵਿੰਦਰ ਭੱਲੇ ਨੂੰ

ਯਾਦ ਰਹਿਣੀਆਂ ਗੱਲਾਂ ਉਹਦੇ ਕਾਲੇ ਕੋਟ ਦੀਆਂ
ਸਦਾ ਰੌਸ਼ਨੀਆਂ ਰਹਿਣਗੀਆਂ ਉਸ ਬੁਝ ਗਈ ਜੋਤ ਦੀਆਂ

ਛਣ-ਛਣ ਹੁੰਦੀ ਰਹਿਣੀ ਆ ਉਹਦੇ ਛਣਕਾਟੇ ਦੀ
ਯਾਦ ਹਮੇਸ਼ਾਂ ਆਊਗੀ ਉਸ ਹਸਮੁੱਖ ਚਾਚੇ ਦੀ

ਆਪੇ ਥੱਲੇ ਸਿੱਟ ਲੈਨਾ ਤੂੰ ਚਾਹੜ ਜਹਾਜ਼ਾਂ ਨੂੰ
ਉਡਦੀਆਂ ਚਿੜੀਆਂ ਫੜ ਲੈਨਾ ਤੂੰ ਭੇਜ ਕੇ ਬਾਜਾਂ ਨੂੰ

ਇਹੋ ਸਵਾਲ ਨੇ ਸਦੀਆਂ ਤੋਂ ਜੋ ਸਮਝ ਨਾ ਆਏ ਬੰਦਿਆਂ ਨੂੰ
ਕਹਿੰਦੇ ਚੱਕ ਲੈ ਮਾੜਿਆਂ ਨੂੰ ਕਿਉਂ ਸੱਦ ਲੈਨਾ ਏਂ ਚੰਗਿਆਂ ਨੂੰ

ਜੋ ਦਿੱਤਾ ਹੈ ਰੱਬ ਨੇ ਉਹਦਾ ਸ਼ੁਕਰ ਮਨਾਇਆ ਕਰ
ਐਵੇਂ ਅੱਗ ਦੀਆਂ ਲਪਟਾਂ ਨੂੰ ਨਾ ਜੱਫੇ ਪਾਇਆ ਕਰ

ਸਭ ਕੁਝ ਪੱਲੇ ਹੁੰਦਿਆਂ ਵੀ ਕਿਉਂ ਹਾਏ-ਹਾਏ ਕਰਦਾ ਏਂ
ਦੇਖ ਦੂਜੇ ਦੇ ਮਹਿਲਾਂ ਨੂੰ ਕਿਉਂ ਹਉਕੇ ਭਰਦਾ ਏਂ

ਛੱਡ ਸਟੇਸ਼ਨ ਤੁਰ ਜਾਣਾ ਜ਼ਿੰਦਗੀ ਦੀਆਂ ਰੇਲਾਂ ਨੇ
ਨਾ ਸ਼ਿਕਵੇ ਕਰ 'ਕੁਲਵੀਰ ਸਿਆਂ' ਸਭ ਉਹਦੀਆਂ ਖੇਲਾਂ ਨੇ
ਪੱਕਿਓ ਫਲ ਉਹ ਤੋੜ ਲੈਂਦਾ ਸਭ ਓਹਦੀਆਂ ਵੇਲਾਂ ਨੇ
'ਡਾਣਸੀਵਾਲੀਆ' ਨਾ ਕਰ ਸ਼ਿਕਵੇ ਸਭ ਉਹਦੀਆਂ ਖੇਲਾਂ ਨੇ
ਛੱਡ ਸਟੇਸ਼ਨ ਤੁਰ ਜਾਣਾ ਜ਼ਿੰਦਗੀ ਦੀਆਂ ਰੇਲਾਂ ਨੇ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778-863-2472***

---

### ਕਸੂਰ

ਹੋਇਆ ਕੀ ਕਸੂਰ, ਦਿਲ ਹੋਇਆ ਚੂਰ ਚੂਰ ਮੇਰਾ,
ਸੋਹਣਿਆਂ ਤੂੰ ਕਾਹਤੋਂ ਲਾਈਆਂ ਅੱਖੀਆਂ ਨੇ ਫੇਰ ਵੇ!
ਦਿਲ ਹੈ ਉਦਾਸ, ਅੱਜ ਬੜਾ ਹੀ ਨਿਰਾਸ਼ ਹੋਇਆ,
ਲੱਗਦੈ ਕਿ ਚਾਰੇ ਪਾਸੇ ਪੈ ਗਿਆ ਹਨੇਰ ਵੇ!

ਨਿੱਕੀ ਜੇਹੀ ਗੱਲ ਉੱਤੇ ਵੱਟ ਲਿਆ ਮੂੰਹ ਉਹਨੇ,
ਆਉਂਦੀ ਹੈ ਭੁਆਂਟਣੀ ਤੇ ਚੜ੍ਹਦੀ ਹੈ ਘੇਰ ਵੇ!
ਛੱਡ ਰੋਸਾ, ਹੱਥ ਜੋੜਾਂ, ਮਿੰਨਤਾਂ ਮੈਂ ਕਰਦੀ ਹਾਂ,
ਲਿਖ 'ਤਾ ਮੁਆਫ਼ੀਨਾਮਾ, ਲਾਈ ਕਾਹਤੋਂ ਦੇਰ ਵੇ!

ਐਡਾ ਕੀ ਪਹਾੜ ਟੁੱਟਾ, ਗੁੱਸਾ ਮੇਰੇ ਉੱਤੇ ਫੁੱਟਾ,
ਪਾਵੇਂ ਵਖਰੇਵੇਂ ਕਹਿ ਕੇ ਐਵੇਂ ਮੇਰ-ਤੇਰ ਵੇ!
ਚੰਗੀ ਨਹੀਂ ਜ਼ਿਦ, ਹੋਈ ਛੋਟੀ ਜਿਹੀ ਗਲਤੀ ਜੇ,
ਥੁੱਕ ਦੇ ਤੂੰ ਗੁੱਸਾ, ਹੁਣ ਬੁੱਲ੍ਹੀਆਂ ਨਾ ਟੇਰ ਵੇ!

ਭਰਦੀ ਹਾਂ ਹੌਕੇ, ਦਿਲੋਂ ਉਠਦੀ ਹੈ ਹੂਕ ਮੇਰੇ,
ਰਗੜਾਂ ਮੈਂ ਮੱਥਾ, ਅੱਖੋਂ ਹੰਝੂ ਰਹੀ ਕੇਰ ਵੇ!
ਚੈਨ ਆਵੇ ਦਿਲ ਨੂੰ, ਜੇ ਕਰ ਦੇਵੇਂ ਮਾਫ਼ ਮੈਨੂੰ,
ਹੱਸ ਕੇ ਜੇ ਬੋਲੇਂ, ਨਾਲ਼ ਮੇਰੇ ਇੱਕ ਵੇਰ ਵੇ!

ਦੁਖੀ ਵੇਖ ਮੈਨੂੰ, ਚੜ੍ਹੇ ਖੁਸ਼ੀ ਏਦਾਂ ਤੈਨੂੰ,
ਜਿਵੇਂ ਕੀਤਾ ਹੋਵੇ ਫੌਤ, ਕੋਈ ਤਿੱਤਰ-ਬਟੇਰ ਵੇ!
ਸੀਨਾ ਹੋਇਆ ਤਾਰ-ਤਾਰ, ਕਾਹਤੋਂ ਪਾਵੇਂ ਫਿਟਕਾਰ,
ਸਿੱਧੀ ਗੱਲ ਕਰ ਮੂੰਹੋਂ, ਛੱਡ ਵਾਧੂ ਹੇਰ-ਫੇਰ ਵੇ!

ਮੱਥੇ ਵੱਟ ਪਾਉਣੇ ਛੱਡ, ਦਿਲ 'ਚੋਂ ਕਰੋਧ ਕੱਢ,
ਫੇਰ ਹੀ ਕਰਾਂਗੇ ਗੱਲਾਂ, 'ਕੱਠੇ ਹੋ ਕੇ ਢੇਰ ਵੇ!
ਹਿੱਕ ਨਾਲ ਲਾ ਕੇ, ਗਲਵੱਕੜੀ ਜੇ ਘੁੱਟ ਪਾਵੇਂ,
ਮੇਰੇ ਲਈ ਆਉਣੀ, ਉਦੋਂ ਸੱਜਰੀ-ਸਵੇਰ ਵੇ!

***-ਪ੍ਰੋ. ਨਵ ਸੰਗੀਤ ਸਿੰਘ***
***ਫੋਨ: 94176-92015***

# ਜੀਵਨ-ਰਾਹਾਂ ਦੀ ਨਿਸ਼ਾਨਦੇਹੀ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜੀਵਨ ਇਕ ਯਾਤਰਾ। ਵੱਖ ਵੱਖ ਪੜਾਅ। ਹਰੇਕ ਪੜਾਅ ਦੀ ਆਪਣੀ ਕਹਾਣੀ, ਆਪਣੀ ਰਵਾਨੀ ਅਤੇ ਆਪਣੀ ਤਰਜਮਾਨੀ। ਹਰ ਪੜਾਅ ਦੇ ਵੱਖ-ਵੱਖ ਰੰਗ-ਢੰਗ ਤੇ ਤਰੰਗ। ਪੜਾਵਾਂ ਵਿਚੋਂ ਗੁਜ਼ਰਦਿਆਂ ਹੀ ਬੰਦਾ ਜ਼ਿੰਦਗੀ ਦੀਆਂ ਉਨ੍ਹਾਂ ਪਰਤਾਂ ਥੀਂ ਗੁਜ਼ਰਦਾ ਜਿਨ੍ਹਾਂ ਦਾ ਕਦੇ ਚਿੱਤ-ਚੇਤਾ ਵੀ ਨਹੀਂ ਹੁੰਦਾ।

ਜੀਵਨ ਦੇ ਪੜਾਵਾਂ ਦੀਆਂ ਭਾਵਨਾਵਾਂ, ਤਮੰਨਾਵਾਂ ਅਤੇ ਤਰਜੀਹਾਂ ਵੀ ਵਿਭਿੰਨ। ਇਨ੍ਹਾਂ ਦੇ ਸੁਪਨੇ, ਸੰਵੇਦਨਾ, ਸੁਚੇਨਤਾ ਅਤੇ ਸੰਜੀਦਗੀ ਵੀ ਵੱਖਰੀ। ਇਨ੍ਹਾਂ ਵਿਚੋਂ ਹੀ ਬੰਦੇ ਦੀ ਮਾਨਸਿਕਤਾ ਨੂੰ ਪੜ੍ਹਦਿਆਂ, ਉਸਦੇ ਵਿਅਕਤੀਤਵ ਵਿਕਾਸ ਨੂੰ ਚਿਤਵਦੇ। ਇਹ ਵਿਕਾਸ ਉਤਪਤੀ ਵੱਲ ਨੂੰ ਜਾਂਦਾ ਜਾਂ ਵਿਨਾਸ਼ ਵੱਲ ਨੂੰ ਤਿਲਕਦਾ, ਇਹ ਬੰਦੇ ਦੀ ਚੇਤਨਾ ਅਤੇ ਚਿੰਤਾ ਵਿਚੋਂ ਜੱਗ-ਜ਼ਾਹਰ ਹੁੰਦਾ।

ਕਿਸੇ ਵਿਅਕਤੀ ਦੇ ਆਰ-ਪਾਰ ਦੇਖਣ ਲਈ ਉਸਦੀ ਮਾਨਸਿਕਤਾ ਨੂੰ ਪੜ੍ਹਨਾ ਪੈਂਦਾ। ਉਸਦੀ ਬੋਲ-ਬਾਣੀ, ਪੈੜ-ਚਾਲ, ਵਰਤਾਰਾ ਅਤੇ ਉਸਦੀ ਹਰ ਕਿਰਿਆ ਵਿਚਲੀ ਤਰਕੀਬ ਤੇ ਤਹਿਜ਼ੀਬ, ਉਸਦੀ ਤਕਦੀਰ ਦੀ ਨਿਸ਼ਾਨਦੇਹੀ ਕਰਦੀ।



ਜੀਵਨ ਯਾਤਰਾ ਦੇ ਵੱਖ-ਵੱਖ ਪੜਾਵਾਂ ਦੌਰਾਨ ਕਿਸੇ ਦਾ ਰਹਿਣ-ਸਹਿਣ, ਵਰਤੋਂ-ਵਿਹਾਰ ਅਤੇ ਸਰੋਕਾਰਾਂ ਵਿਚਲਾ ਸੰਤੁਲਨ ਹੀ ਮਨੁੱਖੀ ਬਿਰਤੀਆਂ ਦਾ ਲੇਖਾ-ਜੋਖਾ ਕਰਦਾ। ਅਕਸਰ ਹੀ ਅਸੀਂ ਬੰਦੇ ਨੂੰ ਉਸ ਦੀਆਂ ਆਰਥਿਕ ਕਾਮਯਾਬੀਆਂ ਵਿਚੋਂ ਦੇਖਦੇ। ਪਰ ਇਹ ਕਾਮਯਾਬੀ ਕਿਵੇਂ ਮਿਲੀ, ਕਿੰਨਾ ਕਪਟ-ਫਰੇਬ ਕੀਤਾ, ਕਿੰਨਿਆਂ ਦੇ ਹੱਕਾਂ 'ਤੇ ਡਾਕਾ ਮਾਰਿਆ, ਕਿੰਨਿਆਂ ਦੇ ਸੁਪਨਿਆਂ ਦਾ ਸਿਵਾ ਸੇਕਿਆ, ਕਿੰਨਿਆਂ ਦੀਆਂ ਆਸਾਂ 'ਤੇ ਪਾਣੀ ਫੇਰਿਆ, ਕਿੰਨੇ ਮਾਪਿਆਂ ਦੇ ਨੈਣਾਂ ਵਿਚ ਅੱਥਰੂਆਂ ਦੇ ਸੈਲਾਬ ਉਗਾਏ, ਕਿੰਨੀਆਂ ਰੂਹਾਂ ਨੂੰ ਤੜਫਾਇਆ, ਕਿੰਨਿਆਂ ਦੇ ਰਾਹਾਂ ਵਿਚ ਕੰਢੇ ਉਗਾਏ ਜਾਂ ਕਿੰਨੀਆਂ ਦੀ ਪੱਤ ਚੌਰਾਹੇ ਵਿਚ ਰੋਲੀ? ਜਾਂ ਇਸ ਕਾਮਯਾਬੀ ਲਈ ਕਿੰਨੇ ਸਾਲ ਤਪੱਸਿਆ ਕੀਤੀ, ਕਿੰਨੀ ਘਾਲਣਾ ਅਤੇ ਸਿਰੜ ਸਾਧਨਾ ਛੁਪੀ ਹੋਈ ਹੈ। ਕਿੰਨੀਆਂ ਰਾਤਾਂ ਹੰਘਾਲੀਆਂ, ਪਸੀਨਾ ਵਹਾਇਆ, ਕਿੰਨੇ ਜ਼ਫ਼ਰ ਜਾਲੇ ਅਤੇ ਕਿੰਨੀਆਂ ਅਸਫ਼ਲਤਾਵਾਂ ਦੀ ਦਲਦਲ ਵਿਚੋਂ ਲੰਘ ਕੇ ਸਫ਼ਲਤਾ ਦਾ ਸਿਰਨਾਵਾਂ ਬਣੇ?

ਦਰਅਸਲ ਕਾਮਯਾਬੀ ਨੂੰ ਇਕਹਿਰੀ ਅੱਖ ਨਾਲ ਦੇਖਣਾ ਬਹੁਤ ਵੱਡਾ ਫਰੇਬ। ਮਨ ਦਾ ਫਰੇਮ ਅਜੇਹਾ ਹੋਣਾ ਚਾਹੀਦੈ ਕਿ ਅਸੀਂ ਇਸ ਵਤੀਰੇ ਵਿਚ ਅਣਦੱਸੇ, ਅਣਦੇਖੇ ਤੇ ਅਣਐਲਾਨੇ ਭੇਤਾਂ ਦੀ ਜਾਣਕਾਰੀ ਹਾਸਲ ਕਰਕੇ, ਇਸ ਕਾਮਯਾਬੀ ਦਾ ਸਹੀ ਮੁਲਾਂਕਣ ਕਰ ਸਕੀਏ।

ਇਹ ਵੀ ਯਾਦ ਰੱਖਣਾ ਚਾਹੀਦਾ ਕਿ ਜੀਵਨ ਵਿਚਲੀ ਕਾਮਯਾਬੀ ਇਹ ਨਹੀਂ ਕਿ ਅਸੀਂ ਕਿੰਨੀਆਂ ਮਿਲਖਾਂ ਅਤੇ ਜਾਗੀਰਾਂ ਦੇ ਮਾਲਕ ਬਣੇ। ਮਹਾਂ ਧਨ-ਕੁਬੇਰਾਂ ਵਿਚ ਖੁਦ ਨੂੰ ਸ਼ਾਮਲ ਕੀਤਾ। ਸਾਡੇ ਸ਼ਾਹੀ ਫੁਰਮਾਨਾਂ ਦੀ ਕਦੇ ਅਵੱਗਿਆ ਨਹੀਂ ਹੋਈ ਅਤੇ ਅਸੀਂ ਨਾਦਰਸ਼ਾਹੀ ਹੁਕਮਾਂ ਨਾਲ ਹਰ ਮਨੁੱਖ ਨੂੰ ਰੋਲਿਆ ਅਤੇ ਉਨ੍ਹਾਂ ਦੀਆਂ ਤਾਜ਼ੀਆਂ ਕਬਰਾਂ 'ਤੇ ਆਪਣੀ ਕਾਮਯਾਬੀ ਦਾ ਝੰਡਾ ਗੱਡਿਆ।

ਕਾਮਯਾਬੀ ਤਾਂ ਇਹ ਹੁੰਦੀ ਕਿ ਤੁਸੀਂ ਸਮਾਜ ਵਿਚ ਵਿਚਰਦਿਆਂ ਕਿੰਨੇ ਕੁ ਮਨੁੱਖ ਸੀ? ਤੁਹਾਡੀ ਦਰਿਆ-ਦਿਲੀ ਦੀਆਂ ਕਿਹੜੀਆਂ ਕਥਾਵਾਂ ਲੋਕ-ਚੇਤਿਆਂ ਵਿਚ ਵੱਸੀਆਂ ਨੇ? ਤੁਹਾਡੀ ਰਹਿਮ-ਦਿਲੀ ਅਤੇ ਫ਼ਰਾਖ-ਦਿਲੀ ਦੇ ਕਿੰਨੇ ਚਰਚੇ ਨੇ? ਤੁਸੀਂ ਕਦੇ ਲੋੜਵੰਦ ਦੀ ਮਦਦ ਕਰਦਿਆਂ ਵਿਤਕਰਾ ਨਹੀਂ ਕੀਤਾ? ਤੁਹਾਡੀ ਮਦਦ ਦਾ ਆਲਮ ਅਜਿਹਾ ਕਿ ਸੱਜੇ ਹੱਥ ਨਾਲ ਕੀਤੇ ਦਾਨ ਦਾ ਖੱਬੇ ਹੱਥ ਨੂੰ ਪਤਾ ਨਹੀਂ ਹੁੰਦਾ।

ਜੀਵਨੀ ਸਫ਼ਰ ਦੇ ਹਰ ਪੜਾਅ ਨੂੰ ਜ਼ਿਕਰਯੋਗ ਤੇ ਯਾਦਗਾਰੀ ਬਣਾਉਣ ਲਈ ਖੁਦ ਨੂੰ ਪਤਾ ਹੋਵੇ ਕਿ ਸਾਧਨਾ ਨਾਲ ਤਰਜੀਹਾਂ ਅਤੇ ਤਸ਼ਬੀਹਾਂ ਨੂੰ ਕਿਸ ਰੰਗ ਅਤੇ ਰੂਪ ਵਿਚ ਪ੍ਰਗਟ ਕਰਨਾ। ਦਰਅਸਲ ਕਈ ਵਾਰ ਅਸੀਂ ਉਹ ਹੁੰਦੇ ਨਹੀਂ ਜੋ ਸਮਾਜ ਨੂੰ ਨਜ਼ਰ ਆਉਂਦੇ ਹਾਂ ਅਤੇ ਜੋ ਕੁਝ ਅਸਲ ਵਿਚ ਹੁੰਦੇ, ਉਹ ਸਮਾਜ ਨੂੰ ਨਜ਼ਰ ਹੀ ਨਹੀਂ ਆਉਂਦਾ। ਅਸੀਂ ਬਹੁ-ਰੂਪਾਂ ਵਿਚ ਜਿਊਣ ਦੇ ਆਦੀ ਅਤੇ ਮੋਢੇ 'ਤੇ ਲਟਕਦੇ ਝੋਲੇ ਵਿਚ ਪਏ ਮਖੌਟਿਆਂ ਨੂੰ ਮੌਕਿਆਂ ਮੁਤਾਬਕ ਵਰਤ ਲੈਂਦੇ।

ਜੀਵਨ ਇਕ ਸਾਧਨਾ। ਖ਼ੁਦ ਨੂੰ ਖ਼ੁਦ ਦੇ ਰੂਬਰੂ ਕਰਨਾ। ਖ਼ੁਦ ਵਿਚੋਂ ਖ਼ੁਦਦਾਰੀ ਨੂੰ ਦੂਰ ਕਰ ਕੇ ਖ਼ੁਦਾਈ ਨੂੰ ਆਪਣਾ ਹਮਸਫ਼ਰ ਬਣਾਉਣਾ ਅਤੇ ਆਪਣੇ ਆਪੇ 'ਤੇ ਫ਼ਕੀਰਾਨਾ ਰੂਪ ਚੜ੍ਹਾਉਣਾ।

ਜੀਵਨ ਦੇ ਖ਼ੂਬਸੂਰਤ ਰਾਹਾਂ 'ਤੇ ਚੱਲਦਿਆਂ ਕਦੇ ਵੀ ਮੰਜ਼ਲ ਦਾ ਸਿਰਨਾਵਾਂ ਨਹੀਂ ਪੁੱਛੀਦਾ। ਖ਼ੂਬਸੂਰਤ ਰਾਹਾਂ ਹੀ ਹੁਸੀਨ ਪੈੜਾਂ ਸਿਰਜਦੀਆਂ ਜਿਹੜੀਆਂ ਜੀਵਨ ਨੂੰ ਯਾਦਗਾਰੀ ਪਲਾਂ ਨਾਲ ਨਿਵਾਜਦੀਆਂ।

ਜੀਵਨ-ਰਾਹਾਂ 'ਤੇ ਕਦੇ ਖੱਡੇ ਤੇ ਖਾਈਆਂ, ਕਦੇ ਘੱਟਾ-ਮਿੱਟੀ, ਕਦੇ ਚਿੱਕੜ, ਪਰ ਕਦੇ-ਕਦੇ ਤੁਹਾਡੇ ਰਾਹਾਂ ਵਿਚ ਫੁੱਲ ਪੱਤੀਆਂ ਵੀ ਵਿਛਦੀਆਂ। ਤੁਸੀਂ ਸਭ ਕੁਝ ਭੁਲਾ ਕੇ ਸਿਰਫ਼ ਫੁੱਲ-ਪੱਤੀਆਂ 'ਤੇ ਪੋਲੇ ਪੱਬੀਂ ਕੀਤਾ ਸਫਰ ਹੀ ਯਾਦ ਰੱਖਦੇ।

ਬਾਹਾਂ 'ਚ ਬਾਹਾਂ ਪਾ, ਕਦਮ ਮਿਲਾ, ਪਿਆਰੇ ਦੇ ਨਾਲ-ਨਾਲ ਤੁਰਦਿਆਂ ਜੀਵਨ-ਰਾਹਾਂ ਦਾ ਸਫ਼ਰ ਸਭ ਤੋਂ ਸੁਹਾਵਣਾ ਅਤੇ ਯਾਦਗਾਰੀ। ਕਦੇ ਇਸ ਸਫ਼ਰ 'ਤੇ ਜ਼ਰੂਰ ਤੁਰਨਾ। ਇਹੀ ਤੁਹਾਡੀ ਜੀਵਨ-ਪੂੰਜੀ ਬਣ ਜਾਵੇਗਾ।

ਜੀਵਨ-ਰਾਹਾਂ ਨੂੰ ਆਪਣੇ ਦਿਮਾਗ ਨਾਲ ਨਾ ਮਿੱਥੋ ਸਗੋਂ ਦਿਲ ਨਾਲ ਮਿੱਥਣਾ। ਦੇਖਣਾ! ਰੂਹਦਾਰ ਨਾਲ ਰੂਹਦਾਰੀ ਵਾਲਾ ਸਫ਼ਰ ਹੁਸੀਨ ਅਤੇ ਰੰਗੀਨ ਸਫ਼ਰ ਦਾ ਸਿਖਰ ਹੁੰਦਾ।

ਜੀਵਨ ਨੂੰ ਸੁੰਦਰ, ਸੰਤੁਲਤ, ਸਮਰਪਿਤ ਅਤੇ ਸੁਚਾਰੂ ਬਣਾਉਣ ਲਈ ਜ਼ਰੂਰੀ ਹੈ ਕਿ ਸਾਡੇ ਮਨ ਵਿਚ ਕੁਝ ਚੰਗੇਰਾ, ਵਡੇਰਾ ਅਤੇ ਸੁਚਿਆਰਾ ਕਰਨ ਦਾ ਵਿਚਾਰ ਪੈਦਾ ਹੋਵੇ। ਇਸ ਵਿਚੋਂ ਕੁਝ ਅਜੇਹੀਆਂ ਧਾਰਨਾਵਾਂ ਨੂੰ ਆਪਣੀ ਸੋਚ-ਸਾਧਨਾ ਵਿਚ ਪ੍ਰਗਟ ਕਰ ਸਕੀਏ ਕਿ ਉਹ ਸਾਡੀ ਜੀਵਨ-ਸ਼ੈਲੀ ਦਾ ਆਧਾਰ ਬਣ ਜਾਣ।

ਜਿਊਣ ਲਈ ਸਿਰਫ਼ ਸਾਹ ਲੈਣਾ ਅਤੇ ਭੁੱਖ ਦੀ ਤ੍ਰਿਪਤੀ ਹੀ ਅਹਿਮ ਨਹੀਂ। ਮਹੱਤਵਪੂਰਨ ਹੁੰਦਾ ਹੈ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਧਾਰਨ ਕਰਨਾ, ਜੀਵਨ ਦੇ ਸੁੱਚਮ ਦੀ ਬਰਕਰਾਰੀ ਅਤੇ ਇਸ ਦੀਆਂ ਨਿਆਮਤਾਂ ਦੀ ਸ਼ੁਕਰਗੁਜ਼ਾਰੀ ਵਿਚੋਂ ਆਪਣੀਆਂ ਪਹਿਲਾਂ ਨੂੰ ਨਿਰਧਾਰਤ ਕਰਨਾ।

ਦਰਅਸਲ ਜੀਵਨ ਯਾਤਰਾ ਨੂੰ ਮਨੁੱਖ ਦੋ ਪ੍ਰਮੁੱਖ ਤਰੀਕਿਆਂ ਰਾਹੀਂ ਪੂਰਾ ਕਰ, ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣ, ਨਿੱਜੀ ਛਾਪ ਵਾਲੀ ਜੀਵਨ-ਜਾਚ ਦਾ ਕਰਮਦਾਤਾ ਬਣ ਸਕਦਾ ਹੈ। ਪਰ ਇਸ ਦਿਸ਼ਾ ਵੱਲ ਪਹਿਲ ਤਾਂ ਮਨ ਵਿਚ ਪੈਦਾ ਹੋਈ ਚਾਹਨਾ ਹੁੰਦੀ ਹੈ।

ਬੰਦਾ ਜੀਵਨ-ਯਾਤਰਾ ਦੌਰਾਨ ਵੱਖ-ਵੱਖ ਪਾਤਰਾਂ ਦਾ ਰੋਲ ਨਿਭਾਉਂਦਾ, ਖੁਦ ਨੂੰ ਸਰਬ ਕਲਾ ਸਮਰੱਥ ਬਣਨ ਦਾ ਭਰਮ ਪੈਦਾ ਕਰਦਾ। ਤਾਂ ਹੀ ਕਲਮ ਨੂੰ ਕਹਿਣਾ ਪਿਆ;

ਐ ਬੰਦੇ! ਤੂੰ...
ਕਦੇ ਧੁੱਪ ਬਣ ਜਾਵੇਂ, ਕਦੇ ਛਾਂ ਹੁੰਦਾ।
ਕਦੇ ਬਾਪ ਬਣ ਜਾਵੇਂ, ਕਦੇ ਮਾਂ ਹੁੰਦਾ।
ਕਦੇ ਪੂਰਬ ਤੋਂ ਝਰਦਾ ਸਵੇਰਾ ਹੁੰਦਾ।
ਕਦੇ ਚਾਨਣ 'ਚ ਭਿਜਿਆ ਬਨੇਰਾ ਹੁੰਦਾ।
ਕਦੇ ਫ਼ਿਜ਼ਾ 'ਚ ਮਹਿਕ ਦਾ ਅੰਦਾਜ਼ ਹੁੰਦਾ।
ਕਦੇ ਪੌਣਾਂ ਵਿਚ ਪੱਤਿਆਂ ਦਾ ਸਾਜ਼ ਹੁੰਦਾ।
ਕਦੇ ਰੂਹ 'ਚੋਂ ਕਸ਼ੀਦ ਕੀਤੀ ਲੋਅ ਹੁੰਦਾ।
ਕਦੇ ਦਿਲ ਵਿਚ ਪੈਂਦੀ ਹੋਈ ਖੋਹ ਹੁੰਦਾ।
ਕਦੇ ਤਾਰਿਆਂ ਦੀ ਮਹਿਫ਼ਲ ਦਾ ਅੰਗ ਹੁੰਦਾ।
ਕਦੇ ਮੁੱਖ ਉਤੇ ਛਾਈ ਹੋਈ ਸੰਗ ਹੁੰਦਾ।
ਕਦੇ ਚੰਨ ਨਾਲ ਮਾਣੇ ਹੋਏ ਪਲ ਹੁੰਦਾ।
ਕਦੇ ਸਰੋਵਰ ਦਾ ਠਹਿਰਿਆ ਜਲ ਹੁੰਦਾ।
ਕਦੇ ਕਦਮਾਂ 'ਚ ਸਫ਼ਰ-ਆਗਾਜ਼ ਹੁੰਦਾ।
ਕਦੇ ਬਾਜ਼ ਦੀ ਭਰੀ ਪਰਵਾਜ਼ ਹੁੰਦਾ।
ਕਦੇ ਨੈਣਾਂ 'ਚ ਮਿਲਣੇ ਦਾ ਸੱਚ ਹੁੰਦਾ।
ਕਦੇ ਹੇਰਵੇ 'ਚ ਭਰਿਆ ਗੱਚ ਹੁੰਦਾ।
ਕਦੇ ਸੰਦਲੀ ਸੁਪਨੇ ਦੀ ਅੱਖ ਹੁੰਦਾ।
ਕਦੇ ਅੱਖ ਵਿਚ ਪਿਆ ਕੱਖ ਹੁੰਦਾ।
ਕਦੇ ਹੋਠਾਂ 'ਤੇ ਜੰਮੀ ਚੀਸ ਹੁੰਦਾ।
ਕਦੇ ਬੋਲਾਂ 'ਚ ਸਹਿਮੀ ਟੀਸ ਹੁੰਦਾ।
ਕਦੇ ਚੁੱਪ 'ਚ ਡਰੀ ਹੋਈ ਵਾਜ਼ ਹੁੰਦਾ।
ਕਦੇ ਖ਼ੁਦ ਤੋਂ ਛੁਪਾਉਂਦਾ ਰਾਜ਼ ਹੁੰਦਾ।
ਕਦੇ ਛੰਨਾਂ ਤੇ ਕੁਲੀਆਂ ਦੀ ਸ਼ਾਨ ਹੁੰਦਾ।
ਕਦੇ ਆਪੇ ਹੱਥੋਂ ਹੋਇਆ ਅਪਮਾਨ ਹੁੰਦਾ।
ਕਦੇ ਪੱਤੀਆਂ ਦੇ ਸੂਹੇ ਸੂਹੇ ਰੰਗ ਹੁੰਦਾ।
ਕਦੇ ਫੱਕਰ ਫ਼ਕੀਰ ਤੇ ਮਲੰਗ ਹੁੰਦਾ।
ਕਦੇ ਆਪੇ ਤੋਂ ਹੋਇਆ ਦਿਲਗੀਰ ਹੁੰਦਾ।
ਕਦੇ ਹੰਝੂਆਂ ਬੰਨਾਈ ਹੋਈ ਧੀਰ ਹੁੰਦਾ।
ਕਦੇ ਅੱਖਰਾਂ 'ਚੋਂ ਪੈਦਾ ਹੋਈ ਲੋਅ ਹੁੰਦਾ।
ਕਦੇ ਸਫ਼ਿਆਂ 'ਤੇ ਅਰਥਾਂ ਦੀ ਸੋਅ ਹੁੰਦਾ।
ਕਦੇ ਦੂਰ-ਦੂਰ ਜਾਂਦਾ ਪਰਛਾਂਵਾਂ ਹੁੰਦਾ।
ਕਦੇ ਚੇਤਿਆਂ 'ਚ ਤਾਜ਼ਾ ਸਿਰਨਾਵਾਂ ਹੁੰਦਾ।
ਕਦੇ ਕੋਚਰੀ ਦੀ ਡੂੰਘੀ ਰਾਤੇ ਹੂਕ ਹੁੰਦਾ।
ਕਦੇ ਅੰਬ 'ਤੇ ਬੈਠੀ ਕੋਇਲੀ ਕੂਕ ਹੁੰਦਾ।
ਕਦੇ ਸਫ਼ਰਾਂ 'ਤੇ ਜਾਂਦਾ ਪੁੱਤ ਹੁੰਦਾ।
ਕਦੇ ਦਰਾਂ 'ਤੇ ਉਡੀਕਦਾ ਬੁੱਤ ਹੁੰਦਾ।
ਕਦੇ ਮਾਂ ਦੀਆਂ ਦਿੱਤੀਆਂ ਦੁਆਵਾਂ ਹੁੰਦਾ।
ਕਦੇ ਅੱਧੀਆਂ ਅਧੂਰੀਆਂ ਇਛਾਵਾਂ ਹੁੰਦਾ।
ਕਦੇ ਬਾਪ ਦੇ ਪਰਨੇ ਦੀ ਛਾਂ ਹੁੰਦਾ।
ਕਦੇ ਗੋਦ 'ਚ ਖਿਡਾਉਂਦਾ ਗਰਾਂ ਹੁੰਦਾ।
ਕਦੇ ਦਰਦਾਂ ਦੀ ਉਲਝੀ ਤਾਣੀ ਹੁੰਦਾ।
ਕਦੇ ਫ਼ਿਜ਼ਾ ਵਿਚ ਘੁਲੀ ਬਾਣੀ ਹੁੰਦਾ।
ਕਦੇ ਪਿੰਡ ਅਤੇ ਕਦੇ ਸ਼ਹਿਰ ਹੁੰਦਾ।
ਕਦੇ ਖੜ੍ਹਾ ਪਾਣੀ, ਕਦੇ ਲਹਿਰ ਹੁੰਦਾ।
ਕਦੇ ਬਾਪ ਦੀਆਂ ਸੱਧਰਾਂ ਦਾ ਰਾਗ ਹੁੰਦਾ
ਕਦੇ ਮਾਂ ਦੀਆਂ ਆਸਾਂ ਦਾ ਚਿਰਾਗ ਹੁੰਦਾ
ਕਦੇ ਧਰਤੀ ਦੀ ਜ਼ਰਖ਼ੇਜ਼ ਹਿੱਕ ਹੁੰਦਾ।
ਕਦੇ ਬੀਜ 'ਚ ਪੁੰਗਰਨ ਦੀ ਸਿੱਕ ਹੁੰਦਾ।
ਕਦੇ ਪਾਣੀਆਂ 'ਚ ਘੁਲੀ ਪਿਆਸ ਹੁੰਦਾ।
ਕਦੇ ਬੋਲਾਂ ਨਾਲ ਲਿਪਟੀ ਮਿਠਾਸ ਹੁੰਦਾ।
ਕਦੇ ਤੱਕਣੀ 'ਚ ਨੈਣਾਂ ਦਾ ਸਰੂਰ ਹੁੰਦਾ।
ਕਦੇ ਦਿੱਖ ਵਿਚ ਖ਼ੁਦ ਦਾ ਗਰੂਰ ਹੁੰਦਾ।
ਕਦੇ ਹੰਭਿਆਂ ਨੂੰ ਦਿੱਤੀ ਦਿਲਜੋਈ ਹੁੰਦਾ।
ਕਦੇ ਵਕਤਾਂ ਨੂੰ ਵੰਡੀ ਖੁਸ਼ਬੋਈ ਹੁੰਦਾ।
ਕਦੇ ਹਾਰ ਕੇ ਜਿੱਤ ਦਾ ਨਿਸ਼ਾਨ ਹੁੰਦਾ।
ਕਦੇ ਜਿੱਤ ਕੇ ਵੀ ਹੋਇਆ ਅਪਮਾਨ ਹੁੰਦਾ।
ਕਦੇ ਵੇਦਨਾ ਨੂੰ ਮਿਲੀ ਹੋਈ ਢੋਈ ਹੁੰਦਾ।
ਕਦੇ ਪਿੰਡੇ ਉਤੇ ਫ਼ਿਕਰਾਂ ਦੀ ਲੋਈ ਹੁੰਦਾ।
ਕਦੇ ਸਰਘੀ ਦੀ ਧੁੱਪ-ਬਰਸਾਤ ਹੁੰਦਾ।
ਕਦੇ ਤਾਰਿਆਂ ਨਾਲ ਸਜੀ ਰਾਤ ਹੁੰਦਾ।
ਕਦੇ ਫ਼ਕਰਾਂ ਦੀ ਗਲੀ ਵਿਚ ਹੇਕ ਹੁੰਦਾ।
ਕਦੇ ਚਾਅ ਪਿਘਲਾਉਂਦਾ ਸੇਕ ਹੁੰਦਾ।
ਕਦੇ ਕਮਰੇ 'ਚ ਪਸਰੀ ਉਦਾਸੀ ਹੁੰਦਾ।
ਕਦੇ ਵਿਹੜੇ ਵਿਚ ਖਿੜੀ ਹਾਸੀ ਹੁੰਦਾ।
ਕਦੇ ਘਰ ਵਿਚ ਘਰ ਦਾ ਨਸੀਬ ਹੁੰਦਾ।
ਕਦੇ ਘਰ ਦਾ ਹੀ ਬਣਿਆ ਰਕੀਬ ਹੁੰਦਾ।
ਕਦੇ ਦਰਾਂ ਵਿਚ ਸਿੰਮ ਆਇਆ ਰੋਣ ਹੁੰਦਾ।
ਕਦੇ ਆਪਣੇ ਹੀ ਘਰ ਵਿਚ 'ਕੌਣ' ਹੁੰਦਾ।
ਕਦੇ ਕੰਧਾਂ 'ਤੇ ਬਨੇਰਿਆਂ 'ਚ ਖੋੜ੍ਹ ਹੁੰਦਾ।
ਕਦੇ ਘਰ ਨੂੰ ਹੀ ਘਰਦਿਆਂ ਦੀ ਥੋੜ੍ਹ ਹੁੰਦਾ।
ਕਦੇ ਖੇਤੀਂ ਉਗੀ ਕਬਰ ਦਾ ਨਾਮ ਹੁੰਦਾ।
ਕਦੇ ਆੜ ਵੱਗੇ ਜਿਊਣ ਦਾ ਪੈਗਾਮ ਹੁੰਦਾ।
ਕਦੇ ਮਨ ਦੀਆਂ ਮੰਨਤਾਂ ਦੀ ਲੋਰ ਹੁੰਦਾ।
ਕਦੇ ਅੰਦਰ 'ਚ ਬੈਠਾ ਹੋਇਆ ਸ਼ੋਰ ਹੁੰਦਾ।
ਕਦੇ ਉਜੜਿਆ ਹੋਇਆਂ ਵੀ ਅਬਾਦ ਹੁੰਦਾ।
ਕਦੇ ਚਿੱਤ ਨੂੰ ਲੁਭਾਉਣਾ ਸੂਹੀ ਰਾਗ ਹੁੰਦਾ।
ਕਦੇ ਪੈਰਾਂ ਵਿਚ ਅਟਕੀ ਖੜੌਤ ਹੁੰਦਾ।
ਕਦੇ ਹੰਝੂਆਂ ਦਾ ਵਗਦਾ ਸਰੋਤ ਹੁੰਦਾ।
ਕਦੇ ਭਾਵਾਂ 'ਚ ਪੈਦਾ ਹੋਇਆ ਰੋਹ ਹੁੰਦਾ।
ਕਦੇ ਗੈਰਾਂ ਲਈ ਮਨ ਵਿਚ ਮੋਹ ਹੁੰਦਾ।
ਕਦੇ ਖ਼ੁਦ ਨੂੰ ਹੀ ਮਿਲਣ ਦਾ ਚਾਅ ਹੁੰਦਾ।
ਕਦੇ ਆਪਣੇ ਲਈ ਖ਼ੁਦ ਲੱਭੀ ਰਾਹ ਹੁੰਦਾ।

ਪਰ ਬਹੁਤ ਅਹਿਮ ਹੁੰਦਾ ਏ ਇਹ ਸਾਰੇ ਰੂਪ ਹੰਢਾਉਂਦਿਆਂ, ਜੀਵਨ ਦੇ ਦੋ ਪੈਂਡਿਆਂ ਨੂੰ ਬਾਖ਼ੂਬੀ ਪੂਰਾ ਕਰ, ਸਾਹਾਂ ਨੂੰ ਸਕਾਰਥ ਕਰਨਾ।

ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਵਿਅਕਤੀ ਆਪਣੀ ਅੰਦਰਲੀ ਯਾਤਰਾ 'ਤੇ ਤੁਰਨ ਦਾ ਆਹਰ ਕਰੇ। ਉਸਦੇ ਮਨ ਵਿਚ ਤੀਬਰਤਾ ਹੋਵੇ ਕਿ ਉਸਨੇ ਆਪਣੇ ਆਪੇ ਦੀ ਪਛਾਣ ਕਰਨੀ। ਆਪਣੀਆਂ ਕਮੀਆਂ, ਕਮੀਨਗੀਆਂ ਤੇ ਕੁਤਾਹੀਆਂ ਨੂੰ ਚਿਤਾਰਨਾ। ਆਪਣੇ ਕੋਹਜਾਂ, ਕਪਟਾਂ ਤੇ ਕਰਤੂਤਾਂ 'ਤੇ ਉਂਗਲ ਧਰਨੀ। ਅੰਤਰੀਵ ਵਿਚ ਪਨਪੇ ਝੂਠ, ਫਰੇਬ, ਠੱਗੀ, ਈਰਖਾ, ਘ੍ਰਿਣਾ ਅਤੇ ਨਫ਼ਰਤ ਦਾ ਪਤਾ ਲਗਾਉਣਾ। ਇਹ ਵੀ ਅਹਿਸਾਸ ਕਰਨਾ ਕਿ ਕਾਲਖੀ ਪਰਤਾਂ ਵਿਚ ਜਿਉਂਦਿਆਂ, ਉਸਦਾ ਅੰਦਰਲਾ ਮਨੁੱਖ ਚਾਨਣ ਨੂੰ ਤਰਸਦਾ। ਤਾਂ ਹੀ ਰੌਸ਼ਨੀ ਦੀ ਕਾਤਰ ਭਾਲਣ ਦੇ ਮਾਰਗ 'ਤੇ ਤੁਰਨ ਦੀ ਚਾਹਨਾ ਉਸਦੇ ਮਨ ਵਿਚ ਪੈਦਾ ਹੋਵੇਗੀ। ਜਦ ਕੋਈ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਅੰਤਰੀਵ ਨੂੰ ਪੂਰਨ ਰੂਪ ਵਿਚ ਪਛਾਣ ਲੈਂਦਾ, ਹਨੇਰੇ ਖੂੰਝਿਆਂ ਦੀ ਨਿਸ਼ਾਨਦੇਹੀ ਕਰ ਲੈਂਦਾ ਤਾਂ ਇਹ ਮਨੁੱਖ ਦੀ ਬਾਹਰ ਤੋਂ ਅੰਦਰ ਨੂੰ ਕੀਤੀ ਯਾਤਰਾ ਦਾ ਸਭ ਤੋਂ ਸਫ਼ਲ ਸਫ਼ਰ ਹੁੰਦਾ। ਬਹੁਤ ਘੱਟ ਲੋਕ ਇਸ ਯਾਤਰਾ 'ਤੇ ਤੁਰਨ ਦਾ ਹੌਂਸਲਾ ਕਰਦੇ ਕਿਉਂਕਿ ਬੰਦੇ ਦੀ ਫਿਤਰਤ ਹੈ ਕਿ ਉਹ ਪਰਦਾਦਾਰੀ ਕਰਕੇ ਆਪਣਾ ਉਹ ਰੂਪ ਨਹੀਂ ਦਿਖਾਉਣਾ ਚਾਹੁੰਦਾ ਜਿਹੜਾ ਉਸਦਾ ਸੱਚ ਹੁੰਦਾ।


ਜਦ ਬੰਦੇ ਨੂੰ ਖੁਦ ਦਾ ਗਿਆਨ ਹੋ ਜਾਵੇ। ਉਹ ਆਪਣੇ ਆਪ ਦੇ ਰੂਬਰੂ ਹੋ, ਖ਼ੁਦ ਸ਼ਰਮਿੰਦਾ ਨਾ ਹੋਵੇ ਤਾਂ ਉਸਦੀ ਰੂਹ ਪਾਕੀਜ਼ ਹੋ ਜਾਂਦੀ, ਚਾਨਣ 'ਚ ਦੁੱਧ ਚਿੱਟੀ ਹੋ ਜਾਂਦੀ। ਇਹੀ ਚਾਨਣ ਫਿਰ ਅੰਦਰ ਤੋਂ ਬਾਹਰ ਦੇ ਸਫ਼ਰ 'ਤੇ ਨਿਕਲਦਾ ਤਾਂ ਚਾਨਣ ਨਾਲ ਧੋਤੀਆਂ ਜਾਂਦੀਆਂ ਰਾਹਾਂ, ਫ਼ਿਜ਼ਾਵਾਂ ਅਤੇ ਥਾਵਾਂ। ਚਾਨਣ ਦਾ ਵਣਜਾਰਾ ਚਾਨਣ ਵੰਡਦਾ, ਹਰ ਗਲੀ ਨੁੱਕਰ ਜਾਂ ਵਿਹੜੇ ਵਿਚ ਧੁੱਪਾਂ ਦਾਨ ਦਿੰਦਾ। ਹਰੇਕ ਦੀਆਂ ਰਾਹਾਂ ਰੁਸ਼ਨਾਉਂਦਾ ਤਾਂ ਕਿ ਹਰ ਕੋਈ ਨਵੀਆਂ ਅਤੇ ਨਿਵੇਕਲੀਆਂ ਪੈੜਾਂ ਵਾਲਾ ਰਾਹਗੀਰ ਬਣ ਜਾਵੇ।

ਚਾਨਣ 'ਚ ਰੱਤੇ ਫਕੀਰ ਦਾ ਇਹੀ ਕਰਮ ਹੁੰਦਾ ਕਿ ਉਹ ਬਹਿਰੇ ਕੰਨਾਂ, ਗੂੰਗੇ ਬੋਲਾਂ ਅਤੇ ਅੱਖਾਂ ਹੁੰਦਿਆਂ ਨੇਤਰਹੀਣ ਬਣਿਆਂ ਦੀਆਂ ਝੋਲੀਆਂ ਨੂੰ ਆਪਣੀਆਂ ਨਿਆਮਤਾਂ ਨਾਲ ਨਿਵਾਜਦਾ, ਜੀਵਨ ਨੂੰ ਜਿਊਣ-ਜੋਗਾ ਕਰ ਜਾਂਦਾ।

ਜੋ ਵੀ ਸ਼ਖਸ ਜ਼ਿੰਦਗੀ ਦੀਆਂ ਇਨ੍ਹਾਂ ਦੋਵਾਂ ਰਾਹਾਂ ਦਾ ਰਾਹੀ ਬਣ ਕੇ ਇਨ੍ਹਾਂ ਨੂੰ ਆਪਣੀਆਂ ਸੁਖਨਵਰ ਪੈੜਾਂ ਨਾਲ ਨਿਵਾਜਦਾ ਅਤੇ ਆਪਣੇ ਨਕਸ਼ ਉਕਰਦਾ, ਉਹ ਰੌਸ਼ਨ ਚਿਰਾਗ ਬਣ ਕੇ ਸਮਾਜ, ਪਰਿਵਾਰ ਅਤੇ ਕੁਦਰਤ ਦਾ ਸਭ ਤੋਂ ਲਾਡਲਾ ਅਤੇ ਅਨਮੋਲ ਪੁੱਤ ਬਣਦਾ। ਸਭ ਦੀ ਖਿਦਮਤ ਨਾਲ ਸਰਬੱਤ ਦੇ ਭਲੇ ਦਾ ਗੁਣਗਾਣ ਆਪਣੇ ਹੋਠਾਂ ਦੇ ਨਾਮ ਲਾਉਂਦਾ ਅਤੇ ਜੀਵਨ ਯਾਤਰਾ ਨੂੰ ਸਫ਼ਲਾ ਬਣਾਉਂਦਾ।

ਕਦੇ ਖੁਦ ਦੀ ਤਲਾਸ਼ ਵਿਚ ਨਿਕਲਿਆ ਕਰ,
ਮਨਾਂ ਐਵੇਂ ਕਾਹਤੋਂ ਉਦਾਸ ਏਂ।
ਤੂੰ 'ਕੇਰਾਂ ਚੱਲ ਤਾਂ ਸਹੀ ਵਕਤ ਨੂੰ ਵੀ
ਤੇਰੇ ਵਰਗਿਆ ਤੋਂ ਹੀ ਕੁਝ ਆਸ ਏ।

# ਹਿੰਡ



ਹਰਦੀਪ ਸਿੰਘ ਸੋਢੀ
ਫੋਨ: 480-794-0325

ਪਹਿਲੀ ਗੱਲ ਤਾਂ ਸਰਕਾਰਾਂ ਚੰਗਾ ਕੰਮ ਕਰਦੀਆਂ ਹੀ ਘੱਟ ਹਨ, ਜੇ ਭੁੱਲ-ਭੁਲੇਖੇ ਕਰ ਵੀ ਦੇਣ ਤਾਂ ਸਾਨੂੰ ਹਜ਼ਮ ਨਹੀਂ ਹੁੰਦਾ। ਪਿਛਲੇ ਤੀਹ ਸਾਲ ਦਾ ਲੇਖਾ-ਜੋਖਾ ਕਰੀਏ ਤਾਂ ਮੁੱਖ ਤੌਰ 'ਤੇ ਚਾਰ ਕੰਮ ਚੱਜ ਦੇ ਹੋਏ ਹਨ ਬਾਕੀ ਤਾਂ ਘਪਲੇ ਅਤੇ ਪਾਰਟੀਬਾਜ਼ੀ ਕਾਰਨ ਬਦਲਾਖੋਰੀ ਦਾ ਡੰਕਾ ਹੀ ਵੱਜਿਆ ਹੈ। ਜਿਹੜੇ ਚਾਰ ਕੰਮ ਹੋਏ ਹਨ, ਇਨ੍ਹਾਂ ਵਿਚੋਂ ਇਕ ਦਾ ਬੇੜਾ ਤਾਂ ਬਾਦਲ ਸਰਕਾਰ ਨੇ ਗਰਕ ਕੀਤਾ ਜਦ ਕਿ ਬਾਕੀਆਂ ਦਾ ਅਸੀਂ ਆਮ ਲੋਕਾਂ ਨੇ ਕੀਤਾ ਹੈ। ਵੇਰਵੇ ਅਨੁਸਾਰ 1995 ਵਿਚ ਸਾਬਕਾ ਮੁੱਖ ਮੰਤਰੀ ਪੰਜਾਬ ਸ. ਬੇਅੰਤ ਸਿੰਘ ਦੀ ਮੌਤ ਉਪਰੰਤ ਬਣੇ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਪੰਜਾਬ ਵਿਚ ਚਲਦੇ ਸਾਰੇ ਘੜੁੱਕੇ (ਪੀਟਰ ਰੇਹੜੇ) ਬੰਦ ਕਰਵਾ ਦਿੱਤੇ ਤਾਂ ਲੋਕਾਂ ਨੇ ਸ਼ੁਕਰ ਮਨਾਇਆ, ਪਰ 1997 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਨੇ ਆਉਂਦੇ ਸਾਰ ਉਹ ਘੜੁੱਕੇ ਦੁਬਾਰਾ ਚਲਵਾ ਕੇ ਸੜਕਾਂ 'ਤੇ ਫਿਰ ਚਲਦੀ-ਫਿਰਦੀ ਮੌਤ ਨੂੰ ਬੁਲਾਵਾ ਦਿੱਤਾ।


ਦੂਜੇ ਨੰਬਰ 'ਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਸੜਕਾਂ ਉੱਪਰ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਵਾਸਤੇ ਦੋਸ਼ੀ ਡਰਾਈਵਰਾਂ ਨੂੰ ਸਜ਼ਾਵਾਂ ਵਧਾਉਣ ਦਾ ਕਾਨੂੰਨ ਲਿਆਂਦਾ, ਜੋ ਲੋਕਾਂ ਨੇ ਡਰਾਈਵਰਾਂ ਦੇ ਨਾਲ ਹੋ ਕੇ ਧਰਨੇ ਲਾ-ਲਾ ਕੇ ਰੱਦ ਕਰਵਾ ਦਿੱਤਾ। ਤੀਜਾ ਕਾਨੂੰਨ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਨੇ ਆਉਂਦੇ ਸਾਰ ਬਣਾਇਆ ਕਿ ਮੋਟਰਸਾਈਕਲ ਨੂੰ ਖੋਲ੍ਹ ਕੇ ਬਣਾਈਆਂ ਜੁਗਾੜੂ ਰੇਹੜੀਆਂ ਬੰਦ ਕਰਵਾ ਦਿੱਤੀਆਂ, ਜਿਸ ਨਾਲ ਆਮ ਲੋਕਾਂ ਅਤੇ ਛੋਟੇ ਟਰਾਂਸਪੋਰਟਰਾਂ ਨੇ ਸੁਖ ਦਾ ਸਾਹ ਲਿਆ ਸੀ ਪਰ ਲੋਕਾਂ ਨੇ ਰੇਹੜੀਆਂ ਵਾਲਿਆਂ ਦੀ ਹਮਦਰਦੀ ਖੱਟਣ ਲਈ ਜਾਂ ਉਨ੍ਹਾਂ ਕੋਲੋਂ ਕੋਈ ਨਿੱਜੀ ਲਾਭ ਲੈਣ ਵਾਸਤੇ ਸਰਕਾਰ ਕੋਲੋਂ ਇਹ ਕਾਨੂੰਨ ਵੀ ਵਾਪਸ ਕਰਵਾ ਦਿੱਤਾ। ਚੌਥਾ ਕਾਨੂੰਨ ਹੁਣ ਲੱਖਾਂ ਬੰਦੇ ਮਰਨ ਤੋਂ ਬਾਅਦ ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਨੂੰ ਸ਼ੈਲਟਰ ਹੋਮ ਭੇਜਣ ਸਬੰਧੀ ਲਿਆਂਦਾ ਹੈ, ਜਿਸ ਖਿਲਾਫ਼ ਵੀ ਸਮਾਜ ਸੇਵੀ ਮੋਮਬੱਤੀਆਂ ਜਗਾ ਕੇ ਸੜਕਾਂ 'ਤੇ ਫਿਰਦੇ ਵੇਖੇ ਗਏ। ਇਨ੍ਹਾਂ ਵਿਚੋਂ ਕੁਝ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਮਾਂ-ਬਾਪ, ਸੱਸ-ਸਹੁਰੇ ਜਾਂ ਵੱਡੇ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿਚ ਭੇਜਿਆ ਹੋਇਆ ਹੈ ਪਰ ਕੁੱਤਿਆਂ ਵਾਸਤੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਰੱਦ ਕਰਵਾ ਕੇ ਬਹੁਤ ਕੱਛਾਂ ਵਜਾਈਆਂ ਤੇ ਬਹੁਤ ਬਹਾਦਰੀ ਖੱਟੀ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਹਰ ਸਾਲ ਇੱਕ ਲੱਖ ਲੋਕ ਅਵਾਰਾ ਕੁੱਤਿਆਂ ਕਾਰਨ ਮੌਤ ਦੇ ਮੂੰਹ ਵਿਚ ਜਾਂਦੇ ਹਨ। ਯਾਦ ਰਹੇ ਕਿ ਪਿਛਲੇ ਸਾਲ ਭਾਰਤ ਦੇ ਪਹਿਲੇ ਸੌ ਵੱਡੇ ਕਾਰੋਬਾਰੀਆਂ ਵਿਚੋਂ ਇੱਕ, ਜੋ ਬਾਘ ਬੱਕਰੀ ਚਾਹ ਦਾ ਨਿਰਮਾਤਾ ਸੀ, ਵੀ ਅਵਾਰਾ ਕੁੱਤੇ ਕਾਰਨ ਹੀ ਮੌਤ ਦੇ ਮੂੰਹ ਵਿਚ ਜਾ ਪਿਆ ਸੀ। ਹੁਣ ਘੱਟੋ-ਘੱਟ ਵੀਹ ਸਾਲ ਕਿਸੇ ਸਰਕਾਰ ਨੇ ਲੋਕ ਭਲਾਈ ਦਾ ਕੰਮ ਨਹੀਂ ਕਰਨਾ ਕਿਉਂਕਿ ਸਭ ਨੇ ਵੇਖ ਲਿਆ ਹੈ ਕਿ ਲੋਕਾਂ ਨੂੰ ਆਪਣਾ ਭਲਾ ਨਹੀਂ ਚਾਹੀਦਾ ਸਿਰਫ ਇਨ੍ਹਾਂ ਦੀ 'ਹਿੰਡ' ਪੁੱਗਣੀ ਚਾਹੀਦੀ ਹੈ।

# ਪੰਜਾਬ ਦੀ ਵੰਡ ਦੇ ਅਸਲ ਜ਼ਿੰਮੇਵਾਰ ਕੌਣ?

***ਪੰਜਾਬ ਦੇ 1947 ਵਾਲੇ ਉਜਾੜੇ ਨੂੰ 70 ਵਰ੍ਹੇ ਹੋ ਗਏ ਹਨ, ਪਰ ਇਹ ਦਰਦ ਅਜੇ ਤੱਕ ਥੰਮ੍ਹਣ ਦਾ ਨਾਂ ਨਹੀਂ ਲੈ ਰਿਹਾ। ਇਹ ਪੀੜ੍ਹੀ-ਦਰ-ਪੀੜ੍ਹੀ ਦਿਲਾਂ ਵਿਚ ਖੌਰੂ ਪਾ ਰਿਹਾ ਹੈ। ਇਸ ਬਾਰੇ ਸਾਹਿਤਕਾਰਾਂ, ਕਲਾਕਾਰਾਂ ਨੇ ਦਰਦ ਦੇ ਹੰਝੂ ਰੋਏ ਹਨ। ਚਿੱਤਰਕਾਰਾਂ ਨੇ ਵੀ ਆਪਣੀ ਕਲਾ ਕਿਰਤਾਂ ਵਿਚ ਇਸ ਦਰਦ ਨੂੰ ਬਿਆਨ ਕੀਤਾ ਹੈ। ਇਸ ਲੇਖ ਵਿਚ ਡਾ. ਗੁਲਾਮ ਮੁਸਤਫਾ ਡੋਗਰ ਨੇ 1947 ਵਿਚ ਹੋਈ ਪੰਜਾਬ ਦੀ ਵੰਡ, ਅਤੇ ਪੰਜਾਬੀਆਂ ਦੇ ਵੱਡੇ ਕਤੋਗਾਰਤ ਦੇ ਅਸਲ ਜ਼ਿੰਮੇਵਾਰਾਂ ਬਾਰੇ ਜਾਣਕਾਰੀ ਦਿੱਤੀ ਹੈ।***

**ਡਾ. ਗੁਲਾਮ ਮੁਸਤਫਾ ਡੋਗਰ**
**ਫੋਨ: 00447878132209**
**09417043564**

ਸੰਤਾਲੀ ਦੀ ਵੰਡ ਵੇਲੇ ਬਹੁਤ ਕੁਝ ਵੰਡਿਆ ਗਿਆ। ਹਿੰਦੁਸਤਾਨ ਦੇ ਕੁਝ ਸੂਬੇ ਇਸ ਤਰ੍ਹਾਂ ਵੰਡੇ ਗਏ ਕਿ ਇਨ੍ਹਾਂ ਦੇ ਕੁਝ ਹਿੱਸੇ ਪਾਕਿਸਤਾਨ ਤੇ ਕੁਝ ਭਾਰਤ ਚਲੇ ਗਏ। ਸਿੰਧ ਵੰਡਿਆ ਗਿਆ ਤੇ ਕਸ਼ਮੀਰ ਵੀ ਵੰਡਿਆ ਗਿਆ। ਪਰ ਪੰਜਾਬ ਤੇ ਬੰਗਾਲ ਦੀ ਵੰਡ ਵਿਚ ਬਹੁਤ ਕਤਲੋਗਾਰਤ ਹੋਈ। ਬੰਗਾਲ ਵਿਚ ਬੰਗਾਲੀ ਤੇ ਬਿਹਾਰੀ ਕਤਲ ਹੋਏ। ਪੰਜਾਬ ਵਿਚ ਇੰਨੇ ਪੰਜਾਬੀ ਕਤਲ ਹੋਏ ਕਿ ਅੱਜ ਦੀ ਤਾਰੀਖ ਵਿਚ ਇਸ ਦੀ ਮਿਸਾਲ ਨਹੀਂ ਮਿਲਦੀ। ਕਸ਼ਮੀਰ ਵਿਚ ਵੀ ਕਤਲੇਆਮ ਹੋਇਆ, ਪਰ ਵੱਡੇ ਪੱਧਰ 'ਤੇ ਕਤਲੇਆਮ ਜੰਮੂ ਦੇ ਆਸ-ਪਾਸ ਦੇ ਇਲਾਕਿਆਂ ਵਿਚ ਹੋਇਆ। ਪੰਜਾਬੀਆਂ ਨੇ ਤਾਂ ਜਥੇ ਬਣਾ-ਬਣਾ ਕੇ ਇਕ ਦੂਜੇ ਨੂੰ ਰੇਲ ਗੱਡੀਆਂ 'ਚੋਂ ਵੱਢ-ਵੱਢ ਕੇ ਤੇ ਕਾਫ਼ਲੇ ਲੁੱਟ-ਲੁੱਟ ਕੇ ਕੁੜੀਆਂ ਚੁੱਕ-ਚੁੱਕ ਕੇ ਤੇ ਛੋਟੇ ਬਾਲਾਂ ਨੂੰ ਵੀ ਅਗਵਾ ਕਰ ਕੇ ਇਕ ਦੂਜੇ ਦੀ ਤਬਾਹੀ ਕੀਤੀ। ਹਿੰਦੁਸਤਾਨ ਦੀ ਤਕਸੀਮ ਦਾ ਜ਼ਿੰਮੇਵਾਰ ਭਾਰਤ ਵਿਚ ਮੁਸਲਮਾਨਾਂ ਨੂੰ ਆਖਿਆ ਜਾਂਦਾ ਹੈ। ਪਰ ਪਾਕਿਸਤਾਨ ਵਿਚ ਕਾਂਗਰਸ ਨੂੰ ਇਹਦਾ ਦੋਸ਼ੀ ਠਹਿਰਾਇਆ ਜਾਂਦਾ ਹੈ। ਸਹੀ ਇਤਿਹਾਸ ਨੂੰ ਦੋਵਾਂ ਪਾਸੇ ਹੀ ਛੁਪਾਇਆ ਗਿਆ ਹੈ। ਪੰਜਾਬ ਤੇ ਬੰਗਾਲ ਦੀ ਤਕਸੀਮ ਪਿੱਛੇ ਮੁਸਲਮਾਨਾਂ ਦਾ ਕੋਈ ਕਸੂਰ ਨਹੀਂ ਸੀ। ਇਨ੍ਹਾਂ ਦੋਹਾਂ ਸੂਬਿਆਂ ਦੀ ਵੰਡ ਕਾਂਗਰਸ ਨੇ ਜ਼ੋਰ ਦੇ ਕੇ ਕਰਵਾਈ। ਜਦਕਿ ਮੁਸਲਿਮ ਲੀਗ ਇਨ੍ਹਾਂ ਦੋਵਾਂ ਸੂਬਿਆਂ ਨੂੰ ਹਰ ਸੂਰਤ ਵਿਚ ਇਕੱਠਾ ਰੱਖਣਾ ਚਾਹੁੰਦੀ ਸੀ। ਇਹਦੀ ਵਜਾਹ ਸਿਆਸੀ ਸੀ ਇਨਸਾਨੀ ਨਹੀਂ। 15 ਅਗਸਤ ਤੋਂ ਤਕਰੀਬਨ ਸਾਢੇ 3 ਮਹੀਨੇ ਪਹਿਲੇ 3 ਮਈ, 1947 ਨੂੰ ਮੁਹੰਮਦ ਜਿਨਾਹ, ਬੰਗਾਲ ਦੀ ਮੁਸਲਿਮ ਲੀਗ ਦੇ ਲੀਡਰ ਹੁਸੈਨ ਸ਼ਹੀਦ ਸੋਹਰਵਰਦੀ ਨੂੰ ਕਲਕੱਤੇ ਘਲਿਆ। ਤਾਂ ਜੋ ਉਹ ਉੱਥੇ ਜਾ ਕੇ ਕਾਂਗਰਸ ਦੇ ਲੀਡਰਾਂ ਨਾਲ ਗੱਲ ਕਰਕੇ ਬੰਗਾਲ ਨੂੰ ਇੱਕ ਅਣਵੰਡਿਆ ਮੁਲਕ ਰੱਖ ਕੇ ਹਕੂਮਤ ਬਣਾਈ ਜਾਵੇ ਜਿੱਥੇ ਮੁਸਲਮਾਨ ਅਤੇ ਹਿੰਦੂ ਦੋਵੇਂ ਹੋਣ। ਪਰ ਕਾਂਗਰਸ ਨੇ ਇਹ ਗੱਲ ਨਾ ਮੰਨੀ। ਉਹ ਹਰ ਸੂਰਤ ਵਿਚ ਬੰਗਾਲ ਦੀ ਵੰਡ ਚਾਹੁੰਦੇ ਸਨ। ਪੰਜਾਬ ਨੂੰ 'ਕੱਠਿਆਂ ਰੱਖਣ ਦੇ ਮੁਸਲਿਮ ਲੀਗ ਨੇ ਬਹੁਤ ਯਤਨ ਕੀਤੇ ਖਾਸ ਤੌਰ 'ਤੇ ਸਿੱਖਾਂ ਨੂੰ ਨਾਲ ਮਿਲਾਣ ਦੀ ਅਣਥੱਕ ਕੋਸ਼ਿਸ਼ ਕੀਤੀ। ਕਈ ਪੱਧਰਾਂ 'ਤੇ ਕਈ ਵਕਤਾਂ ਵਿਚ ਕਈ ਮੁਸਲਿਮ ਲੀਡਰ ਇਸ ਬਾਰੇ ਕੋਸ਼ਿਸ਼ ਕਰਦੇ ਰਹੇ। ਖ਼ੁਦ ਮਿਸਟਰ ਜਿਨਾਹ ਨੇ ਵੀ ਮਾਸਟਰ ਤਾਰਾ ਸਿੰਘ ਤੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨਾਲ ਕਈ ਮੁਲਾਕਾਤਾਂ ਕੀਤੀਆਂ। ਪਰ ਅਕਾਲੀ ਦਲ ਦੇ ਲੀਡਰ ਮਾਸਟਰ ਤਾਰਾ ਸਿੰਘ ਨਹੀਂ ਮੰਨੇ। ਮੇਜਰ ਸ਼ਾਰਟ ਤੇ ਪੈਨਡਰਲ ਮੂਨ ਬ੍ਰਿਟਿਸ਼ ਫ਼ੌਜ ਦੇ ਅਫ਼ਸਰ ਸਨ ਤੇ ਸਿੱਖਾਂ ਨਾਲ ਬੜੀ ਹਮਦਰਦੀ ਰੱਖਦੇ ਸਨ। ਉਨ੍ਹਾਂ ਸਿੱਖਾਂ ਨੂੰ ਬਹੁਤ ਵਾਰ ਸਮਝਾਇਆ ਕਿ ਉਹ ਪੰਜਾਬ ਨੂੰ ਇਕੱਠਾ ਰੱਖਣ ਲਈ ਮੁਸਲਮਾਨ ਲੀਗ ਦੇ ਨਾਲ ਗੱਲ-ਬਾਤ ਕਰਨ। ਪਰ ਬਲਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਇਸ ਪਾਸੇ ਨਹੀਂ ਆਏ। ਸਿੱਖ ਲੀਡਰ ਜ਼ਿਹਨੀ ਤੌਰ 'ਤੇ ਭੰਬਲ-ਭੂਸੇ ਵਿਚ ਪਏ ਰਹੇ। ਇਸ ਤੋਂ ਇਲਾਵਾ ਇਨ੍ਹਾਂ ਕੋਲ ਇਕ ਕੌਮ ਦੇ ਭਵਿੱਖ ਵਾਸਤੇ ਕੋਈ ਅਮਲੀ ਮਨਸੂਬਾ ਵੀ ਸਿਰੇ ਤੋਂ ਨਹੀਂ ਸੀ। ਇਹ ਲੀਡਰ ਨਾ ਨਨਕਾਣਾ ਸਾਹਿਬ ਛੱਡਣਾ ਚਾਹੁੰਦੇ ਸਨ ਤੇ ਨਾ ਹੀ ਲਾਹੌਰ, ਪੰਜਾ ਸਾਹਿਬ ਨੂੰ ਵੀ ਆਪਣੇ ਕੋਲ ਰੱਖਣਾ ਚਾਹੁੰਦੇ ਸਨ ਤੇ ਅੰਮ੍ਰਿਤਸਰ ਨੂੰ ਵੀ। ਪਾਕਿਸਤਾਨ ਬਣਿਆ ਤੇ 70 ਲੱਖ ਤੋਂ ਜ਼ਿਆਦਾ ਮੁਸਲਮਾਨ ਆਪਣੇ ਘਰ-ਬਾਰ ਛੱਡ ਕੇ ਚੜ੍ਹਦੇ ਪੰਜਾਬ ਤੋਂ ਲਹਿੰਦੇ ਪੰਜਾਬ ਆ ਗਏ। ਸਿੱਖਾਂ ਨਾਲ ਵੀ ਇੰਝ ਹੀ ਹੋਇਆ। 17 ਲੱਖ ਸਿੱਖ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਆ ਗਏ, ਜੋ ਸਿੱਖਾਂ ਦੀ ਕੁਲ ਆਬਾਦੀ ਦਾ 30% ਸੀ। ਪਰ ਇਨ੍ਹਾਂ ਦੋਹਾਂ ਦੇ ਮਕਸਦ ਨੂੰ ਹਾਸਲ ਕਰਨ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਸੀ। 8 ਮਈ, 1947 ਨੂੰ ਜਦੋਂ ਪੰਜਾਬ ਦੀ ਤਕਸੀਮ ਸਿਰ 'ਤੇ ਆ ਪਹੁੰਚੀ, ਮਹਾਰਾਜਾ ਪਟਿਆਲਾ ਤੇ ਬਲਦੇਵ ਸਿੰਘ ਇੱਕ ਫਿੱਕਾ ਜਿਹਾ ਮਨਸੂਬਾ ਮਾਊਂਟਬੈਟਨ ਕੋਲ ਲੈ ਕੇ ਗਏ। ਉਸ ਨੂੰ ਕਹਿਣ ਲੱਗੇ ਕਿ ਪੰਜਾਬ ਦੀ ਵੰਡ ਸਿੱਖਾਂ ਦੇ ਧਰਮ ਸਥਾਨ ਤੇ ਜ਼ਮੀਨ ਦੀ ਮਲਕੀਅਤ ਉੱਤੇ ਹੋਣੀ ਚਾਹੀਦੀ ਹੈ। ਮਾਊਂਟਬੈਟਨ ਨੇ ਇਹ ਗੱਲ ਸਮਝਾਈ ਕਿ ਸਿੱਖ ਲਹਿੰਦੇ ਪੰਜਾਬ ਵਿਚ ਸਿਰਫ਼ 8% ਨੇ। ਉੱਥੇ ਵੱਡੀ ਗਿਣਤੀ ਮੁਸਲਮਾਨਾਂ ਦੀ ਹੋਣ ਕਾਰਨ ਹਕੂਮਤ ਨਹੀਂ ਦਿੱਤੀ ਜਾ ਸਕਦੀ। ਅਸਲ ਵਿਚ ਇੰਝ ਹੀ ਹੈ ਕਿ ਸਿੱਖ ਪੂਰੇ ਪੰਜਾਬ ਵਿਚ ਸਿਵਾਏ ਰਿਆਸਤ ਫ਼ਰੀਦਕੋਟ ਦੇ ਹੋਰ ਕਿਸੇ ਵੀ ਜ਼ਿਲ੍ਹੇ ਵਿਚ ਇਨ੍ਹਾਂ ਦੀ ਬਹੁਗਿਣਤੀ ਨਹੀਂ ਸੀ। ਇਹ 50% ਤੋਂ ਉੱਪਰ ਨਹੀਂ ਸਨ। ਸਿਰਫ਼ ਫ਼ਰੀਦਕੋਟ ਵਿਚ ਇਹ 57% ਸਨ। ਪੂਰੇ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਕੁਲ ਪੰਜਾਬ ਦੀ ਆਬਾਦੀ ਦਾ 14% ਸੀ। ਲਾਹੌਰ, ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਨੂੰ ਉਹ ਛੱਡਣਾ ਨਹੀਂ ਸਨ ਚਾਹੁੰਦੇ। ਪੰਜਾ ਸਾਹਿਬ ਰਾਵਲ ਪਿੰਡੀ ਜ਼ਿਲ੍ਹੇ ਵਿਚ ਸੀ, ਜਿੱਥੇ ਸਿੱਖ ਆਬਾਦੀ ਸਿਰਫ਼ 8% ਸੀ। ਇਸਦੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਸਿੱਖਾਂ ਦੀ ਆਬਾਦੀ ਹੋਰ ਵੀ ਘੱਟ ਸੀ। ਜਿਵੇਂ ਜ਼ਿਲ੍ਹਾ ਅਟਕ ਵਿਚ 3%, ਜੇਹਲਮ 4%, ਮੀਆਂਵਾਲੀ 1%, ਗੁਜਰਾਤ 6%, ਸਰਗੋਧਾ 5%, ਝੰਗ ਵਿਚ 1%। ਜਿੱਥੇ ਨਨਕਾਣਾ ਸਾਹਿਬ ਸੀ, ਯਾਨੀ ਜ਼ਿਲ੍ਹਾ ਸ਼ੇਖ਼ੂਪੁਰਾ, ਉੱਥੇ ਸਿੱਖ ਸਿਰਫ਼ 18.86% ਹੀ ਸਨ। ਲਾਹੌਰ ਨੂੰ ਰਣਜੀਤ ਸਿੰਘ ਦੀ ਹਕੂਮਤ ਦੇ ਕਾਰਨ ਇਹ ਛੱਡਣਾ ਨਹੀਂ ਚਾਹੁੰਦੇ ਸਨ। ਪਰ ਉੱਥੇ ਵੀ ਸਿੱਖਾਂ ਦੀ ਆਬਾਦੀ ਸਿਰਫ਼ 18.32% ਸੀ। 11%। ਸਿਆਲਕੋਟ ਵਿਚ ਮੁਸਲਮਾਨ ਲੋਕ ਅੱਡ ਮੁਲਕ ਮੰਗਦੇ ਸਨ। ਪਰ ਉਨ੍ਹਾਂ ਇਹ ਨਹੀਂ ਕਿਹਾ ਕਿ ਉਹ ਨਾ ਦਿੱਲੀ ਛੱਡਣਾ ਚਾਹੁੰਦੇ ਨੇ, ਨਾ ਸਰਹੰਦ ਸ਼ਰੀਫ਼ ਤੇ ਨਾ ਅਜਮੇਰ। ਉਨ੍ਹਾਂ ਸਭ ਕੁਝ ਛੱਡਿਆ ਤੇ ਇੱਕ ਪਾਸੇ ਹੋ ਕੇ ਅੱਡ ਮੁਲਕ ਲੈ ਲਿਆ। ਸਿੱਖ ਲੀਡਰ ਜ਼ਮੀਨ ਦੀਆਂ ਹਕੀਕਤਾਂ ਤੋਂ ਵਾਕਿਫ ਨਹੀਂ ਸਨ। ਉਹ ਅੱਖਾਂ ਬੰਦ ਕਰਕੇ ਬੈਠੇ ਰਹੇ। ਮੁਸਲਮਾਨਾਂ ਨੇ ਕਪੂਰਥਲਾ ਰਿਆਸਤ ਵੀ ਛੱਡੀ ਜਿੱਥੇ ਉਹ ਬਹੁਗਿਣਤੀ ਵਿਚ ਸਨ, ਯਾਨੀ 57%, ਸਿੱਖ ਤੇ ਉੱਥੇ ਸਿਰਫ਼ 23% ਹੀ ਸਨ। ਮੁਸਲਮਾਨਾਂ ਗੁਰਦਾਸਪੁਰ ਵੀ ਛੱਡਿਆ ਜਿੱਥੇ ਇਹ 51.14% ਸਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਮੁਸਲਮਾਨ 47%, ਜਲੰਧਰ ਵਿਚ 45%, ਫ਼ਿਰੋਜ਼ਪੁਰ ਵਿਚ 45%, ਮਲੇਰਕੋਟਲਾ ਵਿਚ 39%, ਲੁਧਿਆਣੇ ਵਿਚ 37%, ਹੁਸ਼ਿਆਰਪੁਰ ਵਿਚ 33%, ਦਿੱਲੀ ਵਿਚ 33%, ਫ਼ਰੀਦਕੋਟ ਵਿਚ 31% ਤੇ ਕਰਨਾਲ ਵਿਚ 31% ਸਨ। ਸਿੱਖ ਲੀਡਰਸ਼ਿਪ ਕੋਈ ਕੌੜਾ ਘੁੱਟ ਪੀਣ ਨੂੰ ਤਿਆਰ ਨਹੀਂ ਸੀ ਤੇ ਨਾ ਹੀ ਇਨ੍ਹਾਂ ਆਪਣੀ ਕੌਮ ਨੂੰ ਇਸ ਗੱਲ ਵਾਸਤੇ ਤਿਆਰ ਕੀਤਾ। ਇਨ੍ਹਾਂ ਆਪਣੇ ਆਪ ਨੂੰ ਖਿਲਾਰ ਕੇ ਰੱਖਿਆ ਤੇ ਕੱਠੇ ਹੋਣ ਦੀ ਕੋਸ਼ਿਸ਼ ਨਹੀਂ ਕੀਤੀ ਜਿਵੇਂ ਮੁਸਲਮਾਨਾਂ ਨੇ ਕੀਤੀ ਸੀ। ਨਤੀਜਾ ਤੁਹਾਡੇ ਸਾਹਮਣੇ ਹੀ ਹੈ। ਮੁਸਲਮਾਨ ਪੂਰੇ ਪੰਜਾਬ ਵਿਚ 53% ਸਨ ਤੇ ਹਿੰਦੂ 30%, ਸਿੱਖ 14% ਆਬਾਦੀ ਦੇ ਨਾਲ ਤੀਜੀ ਧਿਰ ਸਨ। ਬਾਕੀ ਛੋਟੇ ਧਰਮ 2% ਦੇ ਕਰੀਬ ਸਨ। ਲਹਿੰਦੇ ਪੰਜਾਬ ਵਿਚ ਸਿੱਖ ਸਿਰਫ਼ ਸ਼ੇਖੂਪੂਰਾ ਜ਼ਿਲ੍ਹੇ ਵਿਚ ਹੀ 18.85% ਦੇ ਨਾਲ ਵੱਡੀ ਗਿਣਤੀ ਵਿਚ ਸਨ। ਉਹ ਵੀ ਵਿਰਕ ਸਿੱਖਾਂ ਦੀ ਆਬਾਦੀ ਤੇ ਨਨਕਾਣਾ ਸਾਹਿਬ ਦੀ ਵਜ੍ਹਾ ਨਾਲ। ਇਸ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ ਸਿੱਖਾਂ ਦੀ ਆਬਾਦੀ ਜ਼ਿਆਦਾ ਨਹੀਂ ਸੀ। ਮੁਸਲਮਾਨਾਂ ਤੇ ਸਿੱਖਾਂ ਦੋਵਾਂ ਕੌਮਾਂ ਨੇ ਇੱਕ ਝੂਠਾ ਖੁਆਬ ਆਪਣੇ ਦਿਮਾਗ ਵਿਚ ਬਿਠਾਇਆ ਹੋਇਆ ਸੀ। ਸਿੱਖ ਪੱਕੇ ਪੈਰੀਂ ਦਾਅਵਾ ਕਰਦੇ ਸਨ ਕਿ ਪੰਜਾਬ ਦੀ ਹਕੂਮਤ ਅੰਗਰੇਜ਼ਾਂ ਨੇ ਸਿੱਖਾਂ ਕੋਲੋਂ ਲਈ ਸੀ। ਇਸ ਵਾਸਤੇ ਪੰਜਾਬ ਛੱਡਣ ਤੋਂ ਬਾਅਦ ਵਾਪਿਸ ਪੰਜਾਬ ਦੀ ਹਕੂਮਤ ਸਿੱਖਾਂ ਨੂੰ ਹੀ ਮਿਲਣੀ ਚਾਹੀਦੀ ਹੈ। ਆਮ ਸਿੱਖ ਆਵਾਮ ਇਹ ਗੱਲ ਆਪਸ ਵਿਚ ਜ਼ਰੂਰ ਕਰਦੀ ਸੀ। ਦੂਜੇ ਪਾਸੇ ਮੁਸਲਮਾਨਾਂ ਦਾ ਖਿਆਲ ਸੀ ਕਿ ਹਿੰਦੁਸਤਾਨ ਦੀ ਹਕੂਮਤ ਅੰਗਰੇਜ਼ਾਂ ਨੇ ਮੁਸਲਮਾਨਾਂ ਕੋਲੋਂ ਖੋਹੀ ਸੀ। ਇਸ ਵਾਸਤੇ ਇਹ ਵਾਪਿਸ ਉਨ੍ਹਾਂ ਨੂੰ ਹੀ ਮਿਲਣੀ ਚਾਹੀਦੀ ਹੈ। ਇਹ ਦਰਿਆਵਾਂ ਵਿਚ ਵਗੇ ਹੋਏ ਪਾਣੀ ਨੂੰ ਵਾਪਿਸ ਲਿਆਉਣ ਵਾਲੀ ਗੱਲ ਸੀ। ਦੁਨੀਆਂ ਵਿਚ ਇਹ ਕੰਮ ਕਦੇ ਨਹੀਂ ਹੁੰਦਾ। ਉਸ ਵਕਤ ਦੇ ਹਾਲਾਤ ਵਿਚ ਇੱਕ ਨਵਾਂ ਸਿਆਸੀ ਨਿਜ਼ਾਮ ਆ ਚੁੱਕਿਆ ਸੀ ਜਿਸ ਨੂੰ ਲੋਕਤੰਤਰ ਕਹਿੰਦੇ ਸੀ। ਇਸ ਵਿਚ ਰਾਜ ਬਹੁਗਿਣਤੀਆਂ ਨੂੰ ਹੀ ਮਿਲਦਾ ਸੀ ਤੇ ਭਾਰਤ ਵਿਚ ਬਹੁਗਿਣਤੀ ਸਿਰਫ਼ ਹਿੰਦੂ ਧਰਮ ਵਾਲਿਆਂ ਦੀ ਸੀ ਜੋ ਕੋਈ 80% ਦੇ ਕਰੀਬ ਸੀ। ਮੁਸਲਮਾਨਾਂ ਨੂੰ ਇਸ ਗੱਲ ਦੀ ਛੇਤੀ ਸਮਝ ਆ ਗਈ ਕਿਉਂਕਿ ਉਨ੍ਹਾਂ ਦੇ ਸਾਰੇ ਲੀਡਰ ਵਲਾਇਤ ਦੇ ਪੜ੍ਹੇ-ਲਿਖੇ ਸਨ। ਉਹ ਭਾਵੇਂ ਮੁਹੰਮਦ ਜਿਨਾਹ ਹੋਵੇ ਜਾਂ ਲਿਆਕਤ ਅਲੀ ਖਾਂ ਤੇ ਯਾਂ ਮਸ਼ਹੂਰ ਸ਼ਾਇਰ ਡਾ. ਇਕਬਾਲ ਜੋ ਕਿ ਬ੍ਰਾਹਮਣ ਖਾਨਦਾਨ ਨਾਲ ਤੁਅੱਲਕ ਰੱਖਦਾ ਸੀ। ਇਸ ਵਾਸਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਅੰਗਰੇਜ਼ਾਂ ਦੇ ਹੁੰਦਿਆਂ ਜੋ ਕੁਝ ਲੱਭਦਾ ਹੈ, ਲੈ ਲਉ। ਜਿਨਾਹ ਵੈਸੇ ਵੀ ਟੀ.ਬੀ. ਦਾ ਸ਼ਿਕਾਰ ਹੋ ਗਿਆ ਸੀ, ਜਿਸਦਾ ਉਸ ਸਮੇਂ ਕੋਈ ਇਲਾਜ ਨਹੀਂ ਸੀ। ਪਾਕਿਸਤਾਨ ਬਣਨ ਤੋਂ ਇਕ ਸਾਲ ਬਾਅਦ ਹੀ ਉਹ ਇਸ ਦੁਨੀਆਂ ਤੋਂ ਚਲਾ ਗਿਆ। ਦੂਜੇ ਪਾਸੇ ਸਿੱਖਾਂ ਦੀ ਲੀਡਰਸ਼ਿਪ ਇਕ ਮਾਸਟਰ ਸਾਹਿਬ ਕੋਲ ਸੀ ਦੂਜੇ ਬਲਦੇਵ ਸਿੰਘ ਸਨ।




*ਮੁਹੰਮਦ ਅਲੀ ਜਿਨਾਹ, ਮਾਸਟਰ ਤਾਰਾ ਸਿਘ ਅਤੇ ਬਲਦੇਵ ਸਿੰਘ।*

ਸਿੱਖ ਲੀਡਰਸ਼ਿਪ ਕੋਈ ਫ਼ੈਸਲਾ ਨਾ ਕਰ ਸਕੀ ਅਤੇ ਬਾਕੀ ਸਿੱਖ ਕੌਮ ਵੀ ਇਸੇ ਭੁਲੇਖੇ ਵਿਚ ਰਹੀ। ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪਣੇ ਦਰਬਾਰ ਵਿਚ ਮਹਿੰਦਰਗੜ੍ਹ ਦਾ ਇਕ ਜਿਉਤਸ਼ੀ ਮੁਲਾਜ਼ਮ ਰੱਖਿਆ ਹੋਇਆ ਸੀ ਜਿਸ ਨੇ ਰਾਜੇ ਨੂੰ ਭੁਲੇਖੇ ਵਿਚ ਪਾਇਆ ਸੀ ਕਿ ਪੁਰਾਣੀਆਂ ਕਿਤਾਬਾਂ ਅਨੁਸਾਰ ਇੱਕ ਸਿੱਖ ਲੀਡਰ ਆਉਣ ਵਾਲਾ ਹੈ, ਜਿਹੜਾ ਸਿੱਖਾਂ ਨੂੰ ਦੁਬਾਰਾ ਇਕੱਠਾ ਕਰਕੇ ਇਨ੍ਹਾਂ 'ਤੇ ਹਕੂਮਤ ਕਰੇਗਾ। ਮਹਾਰਾਜਾ ਯਾਦਵਿੰਦਰ ਸਿੰਘ ਨੇ ਇਹ ਗੱਲ ਆਪਣੇ ਜ਼ਿਹਨ ਵਿਚ ਰੱਖ ਲਈ। ਉਹ ਇਹ ਸਮਝਦਾ ਰਿਹਾ ਇੱਕ ਸਿੱਖ ਮੁਲਕ ਬਣਨਾ ਹੈ ਜਿਸਦਾ ਉਹ ਹੁਕਮਰਾਨ ਹੋਏਗਾ। ਇਤਿਹਾਸ ਵਿਚ ਮਿਸਟਰ ਜਿਨਾਹ ਤੇ ਲਿਆਕਤ ਅਲੀ ਖਾਨ ਦੀਆਂ ਕੁਝ ਮੁਲਾਕਾਤਾਂ ਦਾ ਵੇਰਵਾ ਮਿਲਦਾ ਹੈ, ਜੋ ਸਿੱਖ ਲੀਡਰਸ਼ੀਪ ਨਾਲ ਹੋਈਆਂ। ਮਾਸਟਰ ਤਾਰਾ ਸਿੰਘ, ਮਹਾਰਾਜਾ ਪਟਿਆਲਾ, ਬਲਦੇਵ ਸਿੰਘ ਤੇ ਪਟਿਆਲਾ ਰਿਆਸਤ ਦੇ ਪ੍ਰਧਾਨ ਹਰਦਿਤ ਮਲਿਕ ਨਾਲ ਮੁਹੰਮਦ ਜਿਨਾਹ ਦੀਆਂ ਕੁਝ ਮੀਟਿੰਗਾਂ ਹੋਈਆਂ। ਪਹਿਲੀ ਮੀਟਿੰਗ 2 ਅਪ੍ਰੈਲ, 1946 ਨੂੰ ਦਿੱਲੀ ਵਿਚ ਹੋਈ। ਦੂਜੀ 5 ਅਪ੍ਰੈਲ, 1946 ਨੂੰ ਮਹਾਰਾਜਾ ਪਟਿਆਲਾ ਨਾਲ, ਜਿਸ ਵਿਚ ਮੁਹੰਮਦ ਜਿਨਾਹ ਨਾਲ ਲਿਆਕਤ ਅਲੀ ਖਾਂ ਵੀ ਸਨ। ਮਿਸਟਰ ਐਸ.ਐਸ. ਬੱਲ ਦਾ ਖਿਆਲ ਹੈ ਕਿ 5 ਅਪ੍ਰੈਲ, 1946 ਨੂੰ ਜੋ ਮੀਟਿੰਗ ਇਨ੍ਹਾਂ ਲੀਡਰਾਂ ਨਾਲ ਹੋਈ ਉਹ ਹਰਦਿਤ ਮਲਿਕ ਜੋ ਕਿ ਪਰਾਈਮ ਮਨਿਸਟਰ ਸੀ ਪਟਿਆਲਾ ਰਿਆਸਤ ਦਾ, ਉਸਦੇ ਭਰਾ ਹਰਜੀਤ ਮਲਿਕ ਦੇ ਘਰ ਹੋਈ ਜੋ ਇੱਕ ਇੰਜੀਨੀਅਰ ਸੀ। ਜਿਨਾਹ ਨੇ ਸਿੱਖ ਲੀਡਰਾਂ ਨੂੰ ਆਫ਼ਰ ਦਿੱਤੀ ਕਿ ਉਹ ਸਿੱਖ ਕੌਮ ਦੀਆਂ ਮੰਗਾਂ ਇਕ ਕਾਗਜ਼ 'ਤੇ ਲਿਖ ਲਿਆਉਣ, ਜਿਸ 'ਤੇ ਉਹ ਖ਼ੁਦ ਦਸਤਖ਼ਤ ਕਰੇਗਾ। ਉਨ੍ਹਾਂ ਨੇ ਮਿਸਰ ਦੇ ਜਗਲੂਲਪਾਸ਼ਾ ਐਗਰੀਮੈਂਟ ਦਾ ਹਵਾਲਾ ਦਿੱਤਾ ਜੋ ਉਨ੍ਹਾਂ ਮਿਸਰ ਦੇ ਇਸਾਈਆਂ ਨਾਲ ਕੀਤਾ ਸੀ। ਮਿਸਰ ਦੇ ਇਸਾਈਆਂ ਨੂੰ ਵੀ ਉਨ੍ਹਾਂ ਇਹੀ ਕਿਹਾ ਕਿ ਆਪਣੀਆਂ ਮੰਗਾਂ ਕਾਗਜ਼ 'ਤੇ ਲਿਖ ਲਿਆਉ ਮੈਂ ਉਨ੍ਹਾਂ 'ਤੇ ਦਸਤਖ਼ਤ ਕਰ ਦੇਵਾਂਗਾ। ਸਿੱਖ ਲੀਡਰਸ਼ਿਪ ਨੇ ਕਿਹਾ ਕਿ ਤੁਹਾਡੇ ਤੋਂ ਬਾਅਦ ਸਾਡੀ ਗੱਲ ਜੇ ਕਿਸੇ ਨਾ ਮੰਨੀ ਤਾਂ ਜਿਨਾਹ ਨੇ ਕਿਹਾ ਕਿ ਮੁਸਲਮਾਨ ਮੈਨੂੰ ਪੈਗੰਬਰ ਤੇ ਨਬੀ ਵਾਂਗੂ ਮੰਨਦੇ ਨੇ ਤੇ ਉਹ ਇਸ ਗੱਲ ਨੂੰ ਇਨਕਾਰ ਨਹੀਂ ਕਰਨਗੇ। ਮਈ, 1947 ਵਿਚ ਇੱਕ ਹੋਰ ਮੀਟਿੰਗ ਮਹਾਰਾਜਾ ਪਟਿਆਲਾ ਨਾਲ ਹੋਈ। ਉਹਦੇ ਵਿਚ ਮਹਾਰਾਜਾ ਨੇ ਸਿੱਖਾਂ ਵਾਸਤੇ ਅਲੱਗ ਮੁਲਕ ਦੀ ਮੰਗ ਕੀਤੀ। ਜਿਨਾਹ ਨੇ ਕਿਹਾ ਕਿ ਸਿੱਖ ਪੰਜਾਬ ਦਾ ਹਿੱਸਾ ਬਣ ਕੇ ਪਾਕਿਸਤਾਨ ਦੇ ਨਾਲ ਰਹਿਣ। ਮਾਊਂਟਬੈਟਨ ਨੇ ਵੀ ਮੁਸਲਿਮ ਲੀਗ ਤੇ ਸਿੱਖ ਲੀਡਰਾਂ ਦੀ ਆਪਸ ਵਿਚ ਮੁਲਾਕਾਤ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਮਿਸਟਰ ਏਰਿਕ ਮਿਊਲ ਦੀ ਇਸ ਕੰਮ ਵਾਸਤੇ ਡਿਊਟੀ ਵੀ ਲਾਈ। ਮਹਾਰਾਜਾ ਪਟਿਆਲਾ ਨੇ ਮਿਸਟਰ ਜਿਨਾਹ ਦੀ ਪੇਸ਼ਕਸ਼ ਨੂੰ ਸਾਫ਼ ਠੁਕਰਾ ਦਿੱਤਾ।

ਪਰ ਇਸ ਗੱਲ ਨੂੰ ਅਸੀਂ ਇੱਥੇ ਹੀ ਛੱਡ ਦਿੰਦੇ ਹਾਂ ਕਿਉਂਕਿ ਅਸੀਂ ਸਿਰਫ਼ ਇਹ ਵੇਖਣਾ ਹੈ ਕਿ ਅਸਲ ਵਿਚ ਹੋਇਆ ਕੀ ਸੀ। ਪੰਜਾਬ ਦੀ ਵੰਡ ਦੇ ਜ਼ਿੰਮੇਵਾਰ ਕੌਣ ਸਨ, ਨਵੀਂ ਨਸਲ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ। ਜਦੋਂ ਪੰਜਾਬ ਨੂੰ ਇਕੱਠਾ ਰੱਖਣ ਦੀ ਕੋਈ ਕੋਸ਼ਿਸ਼ ਕਾਮਯਾਬ ਨਾ ਹੋਈ ਤਾਂ ਗਵਰਨਰ ਪੰਜਾਬ ਈ.ਐਮ. ਜੈਨਕੀਨਸ ਨੇ ਪੰਜਾਬ ਦੇ ਅਸੈਂਬਲੀ ਮੈਂਬਰਾਂ ਨੂੰ ਕਿਹਾ ਕਿ ਤੁਸੀਂ ਖ਼ੁਦ ਇਕੱਠੇ ਹੋ ਕੇ ਫ਼ੈਸਲਾ ਕਰ ਲਵੋ ਕਿ ਤੁਸੀਂ ਪੰਜਾਬ ਨੂੰ ਇਕੱਠਾ ਰੱਖਣਾ ਹੈ ਜਾਂ ਵੰਡਣਾ ਹੈ। ਇਹ ਫ਼ੈਸਲਾ ਪੰਜਾਬ ਅਸੈਂਬਲੀ ਦੇ ਹਿੰਦੂ, ਸਿੱਖ ਤੇ ਮੁਸਲਮਾਨ ਮੈਂਬਰਾਂ ਨੇ ਕਰਨਾ ਸੀ। ਜੇ ਤਾਂ ਸਿੱਧੇ-ਸਿੱਧੇ ਵੋਟ ਪੈਂਦੇ ਤੇ ਫ਼ੈਸਲਾ ਬੜਾ ਆਸਾਨ ਸੀ। ਕੁੱਲ 175 ਮੈਂਬਰ ਸਨ ਜਿਨ੍ਹਾਂ ਵਿਚ 73 ਮੁਸਲਮਾਨ ਸਨ। 51 ਹਿੰਦੂ ਸਨ ਤੇ 22 ਅਕਾਲੀ ਦਲ ਦੇ। 19 ਮੈਂਬਰ ਯੂਨਿਸ ਪਾਰਟੀ ਦੇ ਸਨ ਜਿਨ੍ਹਾਂ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਸ਼ਾਮਿਲ ਸਨ। 11 ਆਜ਼ਾਦ ਮੈਂਬਰ ਸਨ ਜਿਨ੍ਹਾਂ ਵਿਚ ਮੁਸਲਮਾਨ, ਸਿੱਖ ਤੇ ਹਿੰਦੂ ਤਿੰਨੋਂ ਸਨ। ਮੁਸਲਿਮ ਲੀਗ ਵਾਲੇ ਪੰਜਾਬ ਨੂੰ ਇਕੱਠਾ ਰੱਖਣਾ ਚਾਹੁੰਦੇ ਸਨ। ਯੂਨਿਸ ਪਾਰਟੀ ਦੀ ਪਹਿਲਾਂ ਹੀ ਪੰਜਾਬ ਨੂੰ ਇਕੱਠਾ ਰੱਖਣ ਦੀ ਖਾਹਿਸ਼ ਸੀ। ਇਸ ਵਾਸਤੇ 73 ਮੁਸਲਿਮ ਲੀਗ ਅਤੇ 9 ਮੈਂਬਰ ਮੁਸਲਮਾਨ ਯੂਨਿਸ ਪਾਰਟੀ ਦੇ, 2 ਆਜ਼ਾਦ ਮੁਸਲਿਮ ਮੈਂਬਰ ਤੇ 5 ਮੁਸਲਿਮ ਮੈਂਬਰ ਸਪੈਸ਼ਲ ਸੀਟਾਂ ਵਾਲੇ। ਇੱਕ ਮੁਸਲਮਾਨ ਕਾਂਗਰਸ ਦਾ ਮੈਂਬਰ ਸੀ। ਪੰਜਾਬ ਵਿਚ ਦੋ ਇਸਾਈ ਮੈਂਬਰ ਵੀ ਸਨ। ਕੁੱਲ 92 ਮੈਂਬਰ।

92 ਮੈਂਬਰ ਪੰਜਾਬ ਦੀ ਅਸੈਂਬਲੀ ਵਿਚ 50% ਤੋਂ ਜ਼ਿਆਦਾ ਵੋਟ ਰੱਖਦੇ ਸਨ। ਇਸ ਲਈ ਜੇ ਸਿੱਧੇ ਤੌਰ 'ਤੇ ਵੋਟ ਪੈਂਦੇ ਤਾਂ ਪੰਜਾਬ ਇਕੱਠਾ ਰਹਿ ਸਕਦਾ ਸੀ। ਪਰ ਅੰਗਰੇਜ਼ਾਂ ਨੇ ਹੁਸ਼ਿਆਰੀ ਤੇ ਚਲਾਕੀ ਕੀਤੀ ਤੇ ਉਨ੍ਹਾਂ ਜਮਾਤਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਜਿਹੜੀਆਂ ਪੰਜਾਬ ਨੂੰ ਇਕੱਠਾ ਨਹੀਂ ਸੀ ਦੇਖਣਾ ਚਾਹੁੰਦੀਆਂ। ਉਨ੍ਹਾਂ ਨੇ ਇੱਕ ਚਾਲ ਚੱਲ ਕੇ ਇੱਕ ਤਰੀਕਾ ਸਾਹਮਣੇ ਲਿਆਂਦਾ ਜੋ 3 ਜੂਨ 1947 ਨੂੰ ਗਵਰਨਰ ਪੰਜਾਬ ਈ.ਐਮ. ਜੈਨਕੀਨਸ ਦੇ ਇੱਕ ਬਿਆਨ ਨੇ ਸਪਸ਼ਟ ਕੀਤਾ। ਜਿਸ ਤਹਿਤ ਇੱਕ ਇਜਲਾਸ 23 ਜੂਨ ਤੇ ਦੂਜਾ 4 ਜੁਲਾਈ, 1947 ਨੂੰ ਹੋਇਆ। ਪੰਜਾਬ ਅਸੈਂਬਲੀ ਦੇ ਮੁਸਲਮਾਨ ਮੈਂਬਰ ਚਾਹੇ ਉਹ ਮੁਸਲਿਮ ਲੀਗ ਨਾਲ ਸੰਬੰਧ ਰੱਖਦੇ ਸਨ ਜਾਂ ਯੂਨਿਸ ਪਾਰਟੀ ਨਾਲ ਤੇ ਜਾਂ ਆਜ਼ਾਦ, ਸਾਰੇ ਪੰਜਾਬ ਨੂੰ ਇਕੱਠਾ ਰੱਖਣਾ ਚਾਹੁੰਦੇ ਸਨ। ਪਰ ਦੂਸਰੇ ਪਾਸੇ ਕਾਂਗਰਸ ਤੇ ਅਕਾਲੀ ਦਲ ਦੇ ਮੈਂਬਰ ਹਰ ਕੀਮਤ 'ਤੇ ਪੰਜਾਬ ਨੂੰ ਵੰਡਣਾ ਚਾਹੁੰਦੇ ਸਨ। ਗਵਰਨਰ ਨੇ ਹੁਕਮ ਦਿੱਤਾ ਕਿ ਪੰਜਾਬ ਅਸੈਂਬਲੀ ਦੇ ਮੈਂਬਰਾਂ ਨੂੰ ਦੋ ਹਿੱਸਿਆਂ ਵਿਚ ਤਕਸੀਮ ਕਰ ਦਿੱਤਾ ਜਾਵੇ। ਇੱਕ ਹਿੱਸੇ ਵਿਚ ਚੜ੍ਹਦੇ ਪੰਜਾਬ ਦੇ ਮੈਂਬਰ ਇਕੱਠੇ ਕੀਤੇ ਜਾਣ ਜਿਸ ਵਿਚ ਅੱਜ ਦੇ ਹਿਮਾਚਲ ਪ੍ਰਦੇਸ਼, ਹਰਿਆਣਾ, ਗੁਰਦਾਸਪੁਰ ਤੋਂ ਫ਼ਿਰੋਜ਼ਪੁਰ ਦੀ ਹੱਦ ਤੱਕ। ਦੂਸਰੇ ਹਿੱਸੇ ਵਿਚ ਲਹਿੰਦੇ ਪੰਜਾਬ ਦੇ ਮੈਂਬਰ ਇਕੱਠੇ ਕੀਤੇ ਜਾਣ ਜੋ ਗੁਰਦਾਸਪੁਰ ਤੋਂ ਲਹਿੰਦੇ ਵਾਲੇ ਪਾਸੇ ਅਟਕ ਤੱਕ ਤੇ ਦੱਖਣ ਵਾਲੇ ਪਾਸੇ ਮੁਲਤਾਨ ਤੇ ਡੇਰਾ ਗਾਜ਼ੀਖਾਨ ਤੱਕ। ਦੋਵਾਂ ਹਿੱਸਿਆਂ ਦੇ ਮੈਂਬਰਾਂ ਦੇ ਅਲਿਹਦਾ-ਅਲਿਹਦਾ ਵੋਟ ਪਵਾਏ ਜਾਣ। ਜੇ ਪੰਜਾਬ ਅਸੈਂਬਲੀ ਦੇ ਦੋਵੇਂ ਹਿੱਸਿਆਂ ਦੇ ਮੈਂਬਰ ਅਲਿਹਦਾ-ਅਲਿਹਦਾ ਵੋਟ ਪਵਾ ਕੇ ਕਹਿਣ ਕਿ ਪੰਜਾਬ ਵੰਡਿਆ ਨਹੀਂ ਜਾਣਾ ਚਾਹੀਦਾ ਤਾਂ ਪੰਜਾਬ ਇਕੱਠਾ ਹੀ ਰਹੇਗਾ। ਪਰ ਜੇ ਦੋਵੇਂ ਹਿੱਸਿਆਂ ਵਿਚੋਂ ਇੱਕ ਹਿੱਸੇ ਦੇ 20 ਮੈਂਬਰਾਂ ਨੇ ਜ਼ਿਆਦਾ ਵੋਟਾਂ ਨਾਲ ਇਹ ਕਹਿ ਦਿੱਤਾ ਕਿ ਪੰਜਾਬ ਵੰਡਿਆ ਜਾਣਾ ਹੈ ਤਾਂ ਪੰਜਾਬ ਵੰਡਿਆ ਹੀ ਜਾਵੇਗਾ। ਉਹ 23 ਜੂਨ, 1947 ਸੋਮਵਾਰ ਦਾ ਮੰਦਭਾਗਾ ਦਿਨ ਸੀ ਜਦੋਂ ਸਾਢੇ ਤਿੰਨ ਕਰੋੜ ਪੰਜਾਬੀਆਂ ਦਾ ਫ਼ੈਸਲਾ ਪੰਜਾਬ ਦੀਆਂ ਤਿੰਨ ਵੱਡੀਆਂ ਸਿਆਸੀ ਜਮਾਤਾਂ ਦੇ 175 ਮੈਂਬਰਾਂ ਨੇ ਕਰਨਾ ਸੀ। ਪੰਜਾਬ ਅਸੈਂਬਲੀ ਦੇ ਸਪੀਕਰ ਦੀਵਾਨ ਬਹਾਦਰ ਐਸ.ਪੀ. ਸਿੰਘਾ ਜੋ ਕਿ ਇਸਾਈ ਸਨ, ਦੀ ਅਗਵਾਈ ਹੇਠ ਲਹਿੰਦੇ ਪੰਜਾਬ ਦੀ ਮੀਟਿੰਗ ਪੰਜਾਬ ਅਸੈਂਬਲੀ ਦੇ ਟੀ-ਰੂਮ ਵਿਚ ਰੱਖੀ ਗਈ। ਦੂਸਰੇ ਪਾਸੇ ਡਿਪਟੀ ਸਪੀਕਰ ਸਰਦਾਰ ਕਪੂਰ ਸਿੰਘ ਨੇ ਪੰਜਾਬ ਅਸੈਂਬਲੀ ਦੇ ਕੈਬਨਿਟ ਰੂਮ ਵਿਚ ਚੜ੍ਹਦੇ ਪੰਜਾਬ ਦੇ ਮੈਂਬਰਾਂ ਦੀ ਮੀਟਿੰਗ ਰੱਖੀ। ਦੋਵੇਂ ਇਜਲਾਸ ਅਲਿਹਦਾ-ਅਲਿਹਦਾ 23 ਜੂਨ, 1947 ਨੂੰ ਸਵੇਰੇ ਦਸ ਵਜੇ ਹੋਏ।

**(ਪੰਜਾਬ ਅਸੈਂਬਲੀ, ਲਾਹੌਰ)**

ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਰਿਜ਼ਲਟ ਅਨੁਸਾਰ ਲਹਿੰਦੇ ਪੰਜਾਬ ਦੇ ਮੁਸਲਮਾਨ ਮੈਂਬਰ, ਜਿਨ੍ਹਾਂ ਦੀ ਗਿਣਤੀ 69 ਸੀ, ਨੇ ਵੋਟ ਪਾਏ ਕਿ ਪੰਜਾਬ ਕਿਸੇ ਕੀਮਤ 'ਤੇ ਵੀ ਵੰਡਿਆ ਨਹੀਂ ਜਾਣਾ ਚਾਹੀਦਾ। ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਸਾਰੇ ਸਿੱਖ ਤੇ ਹਿੰਦੂ ਮੈਂਬਰਾਂ ਨੇ ਵੋਟ ਪਾਏ ਕਿ ਪੰਜਾਬ ਹਰ ਸੂਰਤ ਵਿਚ ਵੰਡਿਆ ਜਾਣਾ ਚਾਹੀਦਾ ਹੈ। ਇਨ੍ਹਾਂ ਮੈਂਬਰਾਂ ਦੀ ਗਿਣਤੀ 27 ਸੀ। ਇਸ ਤਰ੍ਹਾਂ ਲਹਿੰਦੇ ਪੰਜਾਬ ਨੇ ਪੰਜਾਬ ਨੂੰ ਨਾ ਵੰਡਣ ਦੇ ਪੱਖ ਵਿਚ ਫ਼ੈਸਲਾ ਦੇ ਦਿੱਤਾ। ਲਹਿੰਦੇ ਪੰਜਾਬ ਦੇ ਜਿਨ੍ਹਾਂ ਮੈਂਬਰਾਂ ਨੇ ਪੰਜਾਬ ਦੀ ਵੰਡ ਕਰਨ ਦੇ ਪੱਖ ਵਿਚ ਵੋਟ ਪਾਇਆ ਉਨ੍ਹਾਂ ਵਿਚ 8 ਮੈਂਬਰ ਅਕਾਲੀ ਦਲ ਦੇ ਸਨ- ਸਰਦਾਰ ਅਜੀਤ ਸਿੰਘ ਲਾਇਲਪੁਰ ਦੱਖਣ ਪਾਸੇ ਤੋਂ ਸਨ, ਦਲੀਪ ਸਿੰਘ ਕਾਂਗ ਲਾਇਲਪੁਰ ਤੋਂ, ਸ. ਜਸਵੰਤ ਸਿੰਘ ਦੁੱਗਲ ਲਹਿੰਦਾ ਦੱਖਣੀ ਪੰਜਾਬ, ਜੁਗਿੰਦਰ ਸਿੰਘ ਮਾਨ ਗੁੱਜਰਾਂਵਾਲਾ, ਅਜਲ ਸਿੰਘ ਸ਼ਹਿਰੀ ਸੀਟ, ਨਰਿੰਦਰ ਸਿੰਘ ਮਿੰਟਗੁਮਰੀ, ਵਰਿਆਮ ਸਿੰਘ, ਕਰਤਾਰ ਸਿੰਘ, ਗੁਰਬਚਨ ਸਿੰਘ ਬਾਜਵਾ ਆਜਾਦ, ਸੱਜਨ ਸਿੰਘ ਕਸੂਰ, ਸਰਦਾਰ ਸਿੰਘ ਲਾਹੌਰ, ਸ਼ਿਵ ਸਿੰਘ ਕਾਂਗਰਸ, ਸੁੰਦਰ ਸਿੰਘ ਸਿਆਲਕੋਟ ਤੇ ਬਾਕੀ 14 ਮੈਂਬਰ ਕਾਂਗਰਸ ਦੇ ਸਨ। ਇਸ ਤਰ੍ਹਾਂ ਲਹਿੰਦੇ ਪੰਜਾਬ ਦੇ ਮੁਸਲਮਾਨ ਮੈਂਬਰਾਂ ਨੇ ਇਹ ਫ਼ੈਸਲਾ ਕਰ ਦਿੱਤਾ ਕਿ ਪੰਜਾਬ ਵੰਡਿਆ ਨਹੀਂ ਜਾਣਾ ਚਾਹੀਦਾ।

ਦੂਜੇ ਪਾਸੇ ਕੈਬਨਿਟ ਰੂਮ ਵਿਚ ਚੜ੍ਹਦੇ ਪੰਜਾਬ ਦੇ ਅਸੈਂਬਲੀ ਮੈਂਬਰਾਂ ਦੀ ਬੈਠਕ ਹੋਈ ਤੇ ਚੜ੍ਹਦੇ ਪੰਜਾਬ ਨਾਲ ਤੁਅੱਲਕ ਰੱਖਣ ਵਾਲੇ 22 ਮੁਸਲਮਾਨ ਮੈਂਬਰਾਂ ਨੇ ਪੈਰ ਬੰਨ੍ਹ ਕੇ ਵੋਟ ਪਾਏ ਕਿ ਪੰਜਾਬ ਨਹੀਂ ਵੰਡਿਆ ਜਾਣਾ ਚਾਹੀਦਾ। ਜਦੋਂ ਕਿ ਦੂਜੇ ਪਾਸੇ 50 ਸਿੱਖ ਤੇ ਹਿੰਦੂ ਮੈਂਬਰਾਂ ਨੇ ਵੋਟ ਪਾਏ ਕਿ ਪੰਜਾਬ ਹਰ ਸੂਰਤ ਵਿਚ ਵੰਡਿਆ ਜਾਣਾ ਚਾਹੀਦਾ ਹੈ। ਅਸਲ ਵਿਚ ਪੰਜਾਬ ਦੇ ਵੰਡਣ ਤੇ ਨਾ ਵੰਡਣ ਦੀ ਸਾਰੀ ਖੇਡ ਅਕਾਲੀ ਦਲ ਦੇ 22 ਮੈਂਬਰਾਂ ਦੀਆਂ ਵੋਟਾਂ 'ਤੇ ਟਿਕੀ ਹੋਈ ਸੀ। ਅਕਾਲੀ ਦਲ ਦੇ ਇਹ ਵੋਟ ਜਿਸ ਪਾਸੇ ਜਾਂਦੇ, ਉਹ ਪਾਸਾ ਜਿੱਤ ਜਾਣਾ ਸੀ। ਗਵਰਨਰ ਪੰਜਾਬ ਦੀ ਸਕੀਮ ਮੁਤਾਬਿਕ ਪੰਜਾਬ ਅਸੈਂਬਲੀ ਦੇ ਮੈਂਬਰਾਂ ਦਾ ਇੱਕ ਹਿੱਸਾ ਲਹਿੰਦਾ ਜਾਂ ਚੜ੍ਹਦਾ ਪੰਜਾਬ ਦੀ ਵੰਡ ਦੇ ਹੱਕ ਵਿਚ ਵੋਟ ਪਾਏਗਾ ਤਾਂ ਪੰਜਾਬ ਲਾਜ਼ਮੀ ਹੀ ਵੰਡਿਆ ਜਾਣਾ ਹੈ। ਪੰਜਾਬ ਉਸੇ ਸੂਰਤ ਵਿਚ ਇੱਕ ਰਹਿ ਸਕਦਾ ਸੀ ਜਦੋਂ ਪੰਜਾਬ ਦੇ ਦੋਵੇਂ ਹਿੱਸਿਆਂ ਦੇ ਮੈਂਬਰ ਵਾਧੂ ਗਿਣਤੀ ਨਾਲ ਪੰਜਾਬ ਨਾ ਵੰਡਣ ਦੇ ਹੱਕ ਵਿਚ ਵੋਟ ਪਾਉਂਦੇ। ਚੜ੍ਹਦੇ ਪੰਜਾਬ ਦੇ ਮੈਂਬਰਾਂ ਦੀ ਵੱਧ ਗਿਣਤੀ ਨੇ ਪੰਜਾਬ ਵੰਡਣ ਦੇ ਹੱਕ ਵਿਚ ਵੋਟਾਂ ਪਾਈਆਂ ਜਿਸ ਨਾਲ ਪੰਜਾਬ ਨੂੰ ਵੰਡਣ ਦੇ ਫ਼ੈਸਲੇ 'ਤੇ ਹਮੇਸ਼ਾਂ ਵਾਸਤੇ ਮੋਹਰ ਵੀ ਲੱਗ ਗਈ ਅਤੇ ਇੱਕ ਕਰੋੜ ਪੰਜਾਬੀਆਂ ਦੀ ਤਬਾਹੀ ਤੇ ਘਰੋਂ-ਬੇਘਰ ਹੋਣ ਦਾ ਰਾਹ ਵੀ ਸਿੱਧਾ ਹੋ ਗਿਆ। ਜਿਨ੍ਹਾਂ ਦਸ ਲੱਖ ਪੰਜਾਬੀਆਂ ਨੇ ਇੱਕ ਮਹੀਨੇ ਤੋਂ ਬਾਅਦ ਕਤਲ ਹੋਣਾ ਸੀ ਤੇ ਹਜ਼ਾਰਾਂ ਕੁੜੀਆਂ ਜਿਨ੍ਹਾਂ ਨੇ ਬੇਪਤ ਹੋਣਾ ਸੀ ਉਨ੍ਹਾਂ ਦਾ ਫ਼ੈਸਲਾ ਵੀ 23 ਜੂਨ, 1947 ਨੂੰ ਹੋ ਗਿਆ ਸੀ। ਉਨ੍ਹਾਂ ਵਿਚਾਰੀਆਂ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਸੀ ਕਿ ਲਾਹੌਰ ਦੀ ਅਸੈਂਬਲੀ ਵਿਚ ਉਨ੍ਹਾਂ ਦੀ ਮੌਤ ਦਾ ਪਰਵਾਨਾ ਜਾਰੀ ਹੋ ਗਿਆ ਹੈ। ਪੰਜਾਬ ਦੀ ਤਕਸੀਮ ਦਾ ਇਹ ਫ਼ੈਸਲਾ ਰੁਕ ਸਕਦਾ ਸੀ। ਲਹਿੰਦੇ ਪੰਜਾਬ ਵਿਚ ਮੁਸਲਮਾਨ ਮੈਂਬਰ ਬਹੁਤ ਜ਼ਿਆਦਾ ਸਨ। ਇਸ ਵਾਸਤੇ ਅਕਾਲੀ ਦਲ ਦੇ 8 ਤੇ 4 ਸਿੱਖ ਆਜ਼ਾਦ ਤੇ ਕਾਂਗਰਸ ਦੇ ਮੈਂਬਰਾਂ ਨਾਲ ਫ਼ਰਕ ਨਹੀਂ ਪਿਆ ਸੀ। ਫਰਕ 42 ਵੋਟਾਂ ਦਾ ਸੀ, ਜੋ ਬਹੁਤ ਵੱਡਾ ਸੀ। ਕੁੱਲ 96 ਵੋਟਾਂ ਵਿਚੋਂ 69 ਯਾਨੀ 72% ਪੰਜਾਬ ਨੂੰ ਨਾ ਵੰਡਣ ਵਾਸਤੇ ਪਏ। ਸਿਰਫ਼ 27

**(ਬਾਕੀ ਅਗਲੇ ਸਫੇ ਤੇ)**

# ਇਜ਼ਰਾਈਲ ਸਰਕਾਰ ਦੀ 'ਗਾਜ਼ਾ ਸਿਟੀ ਯੋਜਨਾ'

**ਪਿਛਲੇ ਦਿਨੀਂ ਇਜ਼ਰਾਈਲ ਦੀ ਸੁਰੱਖਿਆ ਕੈਬਨਿਟ ਵੱਲੋਂ 'ਗਾਜ਼ਾ ਸਿਟੀ ਯੋਜਨਾ' ਨੂੰ ਮਨਜ਼ੂਰੀ ਦਿੱਤੇ ਜਾਣ ਨੇ ਪੂਰੀ ਦੁਨੀਆ ਦੀ ਚਿੰਤਾ ਵਧਾ ਦਿੱਤੀ ਹੈ। ਇਹ ਯੋਜਨਾ ਕੀ ਹੈ, ਅਤੇ ਇਸ ਨੂੰ ਦੁਨੀਆ ਦੇ ਫ਼ੈਸਲਾਕੁਨ ਸਟੇਟ, ਮਨੁੱਖੀ ਅਧਿਕਾਰ ਸਮੂਹ ਅਤੇ ਹੋਰ ਤਾਕਤਾਂ ਕਿਵੇਂ ਦੇਖ ਰਹੀਆਂ ਹਨ, ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮ-ਨਵੀਸ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ॥**

ਕੀ ਇਜ਼ਰਾਈਲ ਦੀ ਸੁਰੱਖਿਆ ਕੈਬਨਿਟ ਵੱਲੋਂ 8 ਅਗਸਤ ਨੂੰ ਮਨਜ਼ੂਰ ਕੀਤੀ 'ਗਾਜ਼ਾ ਸਿਟੀ ਯੋਜਨਾ' ਦਾ ਸੰਬੰਧ ਸੁਰੱਖਿਆ ਨਾਲ ਹੈ, ਜਿਵੇਂ ਇਜ਼ਰਾਈਲੀ ਹਕੂਮਤ ਦਾਅਵਾ ਕਰ ਰਹੀ ਹੈ, ਜਾਂ ਇਹ ਅਮਰੀਕੀ-ਇਜ਼ਰਾਈਲੀ ਧਾੜਵੀ ਮਨਸ਼ਿਆਂ ਦੀ ਇੰਤਹਾ ਹੈ? ਯੋਜਨਾ ਇਹ ਹੈ ਕਿ ਫ਼ਲਸਤੀਨੀ ਖੇਤਰ ਦੇ ਸੰਘਣੀ ਆਬਾਦੀ ਵਾਲੇ ਕੇਂਦਰ ਗਾਜ਼ਾ ਸ਼ਹਿਰ, ਜੋ ਕਿ ਪ੍ਰਸ਼ਾਸਨਿਕ ਧੁਰਾ ਵੀ ਹੈ, ਦੇ ਦਸ ਲੱਖ ਦੇ ਕਰੀਬ ਲੋਕਾਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਉਜਾੜ ਕੇ ਦੱਖਣ ਵੱਲ ਧੱਕ ਦਿੱਤਾ ਜਾਵੇਗਾ, ਫਿਰ ਫ਼ਲਸਤੀਨੀਆਂ ਦੇ ਘਰ-ਬਾਰ ਢਾਹ ਦਿੱਤੇ ਜਾਣਗੇ ਤੇ ਹਮਾਸ ਦੇ ਕਥਿਤ ਗੜ੍ਹ ਨੂੰ ਪੂਰੀ ਤਰ੍ਹਾਂ ਇਜ਼ਰਾਈਲੀ ਕਬਜ਼ੇ ਹੇਠ ਲੈ ਲਿਆ ਜਾਵੇਗਾ।

**ਬੂਟਾ ਸਿੰਘ ਮਹਿਮੂਦਪੁਰ**

ਸਤੰਬਰ ਦੇ ਸ਼ੁਰੂ 'ਚ 60000 ਰਿਜ਼ਰਵ ਫ਼ੌਜ ਨੂੰ ਇਸ ਧਾਵੇ ਲਈ ਸੱਦਿਆ ਜਾਣਾ ਹੈ। ਨੇਤਨਯਾਹੂ ਵੱਲੋਂ ਅੰਤਮ ਮਨਜ਼ੂਰੀ ਦਿੱਤੇ ਜਾਣ ਨਾਲ ਵਿਆਪਕ ਵਿਨਾਸ਼ਕਾਰੀ ਕਾਰਵਾਈ ਦਾ ਰਾਹ ਪੱਧਰਾ ਹੋ ਜਾਵੇਗਾ।

ਇਸ ਸਮੇਂ ਜੋ ਇਜ਼ਰਾਈਲੀ ਫ਼ੌਜ ਉੱਥੇ ਤਾਇਨਾਤ ਹੈ ਉਸਨੇ ਯੋਜਨਾ ਦੇ ਮੁੱਢਲੇ ਪੜਾਅ ਵਜੋਂ ਹਮਲੇ ਪਹਿਲਾਂ ਹੀ ਤੇਜ਼ ਕਰ ਦਿੱਤੇ ਹਨ। ਇਜ਼ਰਾਈਲੀ ਟੈਂਕ ਗਾਜ਼ਾ ਸ਼ਹਿਰ ਦੇ ਹੋਰ ਨੇੜੇ ਪਹੁੰਚ ਗਏ ਹਨ, ਫ਼ੌਜ ਨੇ ਅੰਦਰ ਤੱਕ ਘੁਸਣਾ ਸ਼ੁਰੂ ਕਰ ਦਿੱਤਾ ਹੈ ਅਤੇ ਹਜ਼ਾਰਾਂ ਫ਼ਲਸਤੀਨੀ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋ ਗਏ ਹਨ। ਸਥਾਨਕ ਸੂਤਰਾਂ ਅਨੁਸਾਰ ਇਹ ਐਲਾਨ ਹੁੰਦੇ ਹੀ ਸਾਰੀ ਰਾਤ ਅਲ-ਜ਼ੈਤੂਨ, ਸਾਬਰਾ, ਜਬਾਲੀਆ ਅਤੇ ਜਬਾਲੀਆ ਅਲ-ਨਾਜ਼ਲਾ ਇਲਾਕਿਆਂ ਉੱਪਰ ਸਾਰੀ ਰਾਤ ਕੁਆਡਕਾਪਟਰਾਂ, ਟੈਂਕਾਂ, ਅਪਾਚੇ ਹੈਲੀਕਾਪਟਰਾਂ ਨਾਲ ਲਗਾਤਾਰ ਗੋਲਾਬਾਰੀ ਹੁੰਦੀ ਰਹੀ ਅਤੇ ਰੋਬੋਟਾਂ ਨਾਲ ਬੂਬੀ-ਟਰੈਪ ਧਮਾਕੇ ਹੁੰਦੇ ਰਹੇ। ਪਹਿਲਾਂ ਹੀ ਤਾਬੜ-ਤੋੜ ਇਜ਼ਰਾਈਲੀ ਹਮਲਿਆਂ ਅਤੇ ਅਕਾਲ ਦੀ ਭਿਆਨਕ ਹਾਲਤ ਦਾ ਸਾਹਮਣਾ ਕਰ ਰਹੇ ਗਾਜ਼ਾ ਦੇ ਲੋਕ ਇਸ ਵਿਰਾਟ ਫ਼ੌਜੀ ਧਾਵੇ ਤੋਂ ਬਚ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਉਨ੍ਹਾਂ 'ਚੋਂ ਬਹੁਤ ਸਾਰੇ ਭੁੱਖਮਰੀ ਕਾਰਨ ਐਨੇ ਕਮਜ਼ੋਰ ਹੋ ਚੁੱਕੇ ਹਨ ਕਿ ਉਨ੍ਹਾਂ 'ਚ ਇਕ ਥਾਂ ਤੋਂ ਉੱਠ ਕੇ ਦੂਜੀ ਥਾਂ ਚਲੇ ਜਾਣ ਦੀ ਤਾਕਤ ਨਹੀਂ ਬਚੀ ਹੈ।

ਘੋਰ ਸੱਜੇਪੱਖੀ ਵਿੱਤ ਮੰਤਰੀ ਨੇ ਫ਼ੌਜ ਦੇ ਮੁਖੀ ਨੂੰ ਗਾਜ਼ਾ ਸ਼ਹਿਰ ਨੂੰ ਘੇਰਾ ਪਾ ਲੈਣ ਦਾ ਆਦੇਸ਼ ਦਿੰਦੇ ਹੋਏ ਸਾਫ਼ ਕਿਹਾ ਹੈ ਕਿ ਉਨ੍ਹਾਂ ਨੂੰ ਘੇਰਾ ਪਾ ਲਓ, ਜੋ ਨਹੀਂ ਨਿਕਲਣਾ ਚਾਹੁੰਦੇ ਉਨ੍ਹਾਂ ਨੂੰ ਨਿਕਲਣ ਨਾ ਦਿਓ; ਉਹ ਜਾਂ ਤਾਂ ਆਤਮ-ਸਮਰਪਣ ਕਰ ਦੇਣ ਜਾਂ ਫਿਰ ਬਿਨਾਂ ਪਾਣੀ, ਬਿਨਾਂ ਬਿਜਲੀ ਭੁੱਖ ਨਾਲ ਮਰਨ ਲਈ ਤਿਆਰ ਰਹਿਣ। ਇਸ ਤੋਂ ਪਹਿਲਾਂ ਰੱਖਿਆ ਮੰਤਰੀ ਇਜ਼ਰਾਈਲ ਕੈਟਜ਼ ਵੀ ਕਹਿ ਚੁੱਕਾ ਹੈ ਕਿ ਜੇਕਰ ਹਮਾਸ ਇਜ਼ਰਾਈਲ ਦੀਆਂ ਸ਼ਰਤਾਂ ਮੰਨ ਕੇ ਸਾਰੇ ਬੰਧਕਾਂ ਨੂੰ ਰਿਹਾ ਨਹੀਂ ਕਰਦਾ ਅਤੇ ਹਥਿਆਰ ਨਹੀਂ ਸੁੱਟਦਾ ਤਾਂ 'ਛੇਤੀ ਹੀ ਨਰਕ ਦੇ ਦਰਵਾਜ਼ੇ ਖੁੱਲ੍ਹਣਗੇ' ਅਤੇ 'ਹਮਾਸ ਦੀ ਰਾਜਧਾਨੀ ਗਾਜ਼ਾ ਸ਼ਹਿਰ ਨੂੰ ਵੀ ਰਫ਼ਾ ਅਤੇ ਬੇਤ ਹਨੂਨ ਬਣਾ ਦਿੱਤਾ ਜਾਵੇਗਾ।'

ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 63000 ਗਾਜ਼ਾ ਵਾਸੀ ਇਜ਼ਰਾਈਲੀ ਫ਼ੌਜਾਂ ਦੇ ਹਮਲਿਆਂ ਵਿਚ ਮਾਰੇ ਗਏ ਹਨ ਜਦਕਿ ਬੇਸ਼ੁਮਾਰ ਲੋਕ ਮਲਬੇ ਹੇਠ ਦੱਬੇ ਪਏ ਹਨ। 'ਦ ਗਾਰਡੀਅਨ' ਅਨੁਸਾਰ ਇਜ਼ਰਾਈਲੀ ਫ਼ੌਜੀ ਖ਼ੁਫ਼ੀਆ ਵਿਭਾਗ ਦੇ ਡੇਟਾਬੇਸ ਤੋਂ ਪਤਾ ਲੱਗਦਾ ਹੈ ਕਿ ਗਾਜ਼ਾ ਵਿਚ ਇਜ਼ਰਾਈਲੀ ਫੋਰਸਾਂ ਵੱਲੋਂ ਮਾਰੇ ਗਏ ਛੇ ਫ਼ਲਸਤੀਨੀਆਂ ਪਿੱਛੇ ਪੰਜ ਆਮ ਨਾਗਰਿਕ ਹਨ। ਫ਼ਲਸਤੀਨੀਆਂ ਵਾਸਤੇ ਸੰਯੁਕਤ ਰਾਸ਼ਟਰ ਏਜੰਸੀ (ਯੂਐੱਨਆਰਡਬਲਯੂਏ) ਦਾ ਅੰਦਾਜ਼ਾ ਹੈ ਕਿ ਗਾਜ਼ਾ ਦੀ 90% ਆਬਾਦੀ ਪਹਿਲਾਂ ਹੀ ਉਜਾੜੀ ਜਾ ਚੁੱਕੀ ਹੈ। ਸ਼ਰਨਾਰਥੀ ਕੈਂਪਾਂ ਦੀ ਹਾਲਤ ਪਹਿਲਾਂ ਹੀ ਰਹਿਣ ਦੇ ਯੋਗ ਨਹੀਂ ਹੈ ਅਤੇ ਹੋਰ ਉਜਾੜੇ ਨਾਲ ਪਰਲੋ ਵਰਗੀ ਹਾਲਤ ਬਣ ਜਾਵੇਗੀ। ਗਾਜ਼ਾ ਪੱਟੀ ਦੇ ਜ਼ਿਆਦਾਤਰ ਹਿੱਸੇ ਪਹਿਲਾਂ ਹੀ ਖੰਡਰ ਬਣ ਚੁੱਕੇ ਹਨ ਅਤੇ ਹੁਣ ਇਜ਼ਰਾਈਲੀ ਹਕੂਮਤ ਬਾਕੀ ਬਚਦੀ ਵਸੋਂ ਨੂੰ ਉਜਾੜ ਕੇ ਗਾਜ਼ਾ ਦੀ ਪੁਰਾਤਨ ਮਨੁੱਖੀ ਤਹਿਜ਼ੀਬ ਦਾ ਪੂਰੀ ਤਰ੍ਹਾਂ ਨਾਮੋ-ਨਿਸ਼ਾਨ ਮਿਟਾ ਦੇਣਾ ਚਾਹੁੰਦੀ ਹੈ।

ਇਹ ਗ਼ੌਰਤਲਬ ਹੈ ਕਿ ਸਾਰੇ ਇਜ਼ਰਾਈਲੀ ਲੋਕ ਨੇਤਨਯਾਹੂ ਗੈਂਗ ਵੱਲੋਂ ਗਾਜ਼ਾ ਉੱਪਰ ਥੋਪੀ ਨਸਲਕੁਸ਼ੀ ਦੀ ਹਮਾਇਤ ਨਹੀਂ ਕਰ ਰਹੇ। ਜਿਹੜੇ ਇਜ਼ਰਾਈਲੀ ਪਹਿਲਾਂ ਜ਼ਿਓਨਵਾਦੀ ਨਸਲਵਾਦ ਦੇ ਜ਼ਹਿਰੀਲੇ ਪ੍ਰਭਾਵ ਹੇਠ ਨੇਤਨਯਾਹੂ ਸਰਕਾਰ ਦੀ ਹਮਾਇਤ ਕਰ ਰਹੇ ਸਨ ਉਨ੍ਹਾਂ ਨੇ ਵੀ ਜੰਗ ਦੇ ਭਿਆਨਕ ਸਿੱਟਿਆਂ ਨੂੰ ਦੇਖਦਿਆਂ ਸਵਾਲ ਕਰਨੇ ਸ਼ੁਰੂ ਕਰ ਦਿੱਤੇ ਹਨ। 'ਗਾਜ਼ਾ ਸਿਟੀ ਯੋਜਨਾ' ਬਹੁਤ ਸਾਰੇ ਇਜ਼ਰਾਈਲੀਆਂ ਦੇ ਹਲਕ 'ਚੋਂ ਨਹੀਂ ਲੰਘ ਰਹੀ। ਉਨ੍ਹਾਂ ਦਾ ਮੰਨਣਾ ਹੈ ਕਿ ਇਸਦਾ ਨਤੀਜਾ ਉਨ੍ਹਾਂ 20 ਬੰਧਕਾਂ ਦੀ ਮੌਤ ਦੇ ਰੂਪ 'ਚ ਨਿੱਕਲੇਗਾ ਜੋ ਅਜੇ ਹਮਾਸ ਦੇ ਕਬਜ਼ੇ 'ਚ ਜ਼ਿੰਦਾ ਹਨ। ਇਕ ਵੱਡਾ ਕਾਰਨ ਇਹ ਵੀ ਹੈ ਕਿ ਨੇਤਨਯਾਹੂ ਵੱਲੋਂ ਗਾਜ਼ਾ ਜੰਗ ਵਿੱਚ ਕੇ ਇਜ਼ਰਾਈਲੀ ਲੋਕਾਂ ਨੂੰ ਦਿਖਾਏ 'ਮੁਕੰਮਲ ਜਿੱਤ' ਦੇ ਸੁਪਨਿਆਂ ਨੂੰ ਬੂਰ ਨਹੀਂ ਪਿਆ। ਜ਼ਿਆਦਾਤਰ ਲੋਕ ਜੰਗ ਤੋਂ ਅੱਕ ਚੁੱਕੇ ਹਨ। ਇੱਥੋਂ ਤੱਕ ਕਿ ਫ਼ੌਜੀਆਂ ਵੱਲੋਂ ਖ਼ੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਵੀ ਹਨ। ਇਨ੍ਹਾਂ 22 ਮਹੀਨਿਆਂ 'ਚ ਗਾਜ਼ਾ ਵਿਰੁੱਧ ਜੰਗ ਨੇ ਇਜ਼ਰਾਈਲ ਦੀ ਆਰਥਿਕਤਾ ਨਿਚੋੜ ਦਿੱਤੀ ਹੈ। 2024 ਦੇ ਅੰਤ ਤੱਕ ਜੰਗ ਉੱਪਰ 6757 ਕਰੋੜ ਡਾਲਰ ਖ਼ਰਚੇ ਜਾ ਚੁੱਕੇ ਸਨ। ਇਜ਼ਰਾਈਲੀ ਲੋਕ ਇਹ ਵੀ ਦੇਖ ਰਹੇ ਹਨ ਕਿ ਜਿਸ ਯੁੱਧਬੰਦੀ ਸਮਝੌਤੇ ਉੱਪਰ ਹਮਾਸ ਨੇ ਸਹਿਮਤੀ ਪ੍ਰਗਟਾਈ ਹੈ, ਉਹ ਮੂਲ ਰੂਪ 'ਚ ਉਹੀ ਹੈ ਜਿਸ ਉੱਪਰ ਥੋੜ੍ਹੇ ਹਫ਼ਤੇ ਪਹਿਲਾਂ ਹੀ ਨੇਤਨਯਾਹੂ ਸਰਕਾਰ ਨੇ ਸਹਿਮਤੀ ਦਾ ਸੰਕੇਤ ਦਿੱਤਾ ਸੀ। ਯੁੱਧਬੰਦੀ ਸਮਝੌਤੇ ਦੀ ਇਸ ਸੰਭਾਵਨਾ ਨੂੰ ਹਕੀਕਤ 'ਚ ਬਦਲਣ ਵੱਲ ਤੁਰਨ ਦੀ ਬਜਾਏ ਨੇਤਨਯਾਹੂ ਸਰਕਾਰ ਤਾਂ ਸਗੋਂ ਮੁਕੰਮਲ ਕਬਜ਼ਾ ਕਰਨ ਲਈ ਰਿਜ਼ਰਵ ਫ਼ੌਜ ਨੂੰ ਵੀ ਜੰਗ ਵਿਚ ਝੋਕਣ ਦੇ ਰਾਹ ਪੈ ਤੁਰੀ ਹੈ। ਪਿਛਲੇ ਦਿਨੀਂ ਇਜ਼ਰਾਈਲ ਦੇ 600 ਰਿਟਾਇਰਡ ਸੁਰੱਖਿਆ ਅਧਿਕਾਰੀਆਂ ਨੇ ਟਰੰਪ ਨੂੰ ਚਿੱਠੀ ਲਿਖੀ ਹੈ ਕਿ ਹਮਾਸ 'ਹੁਣ ਇਜ਼ਰਾਈਲ ਲਈ ਕੋਈ ਸੁਰੱਖਿਆ ਖ਼ਤਰਾ ਨਹੀਂ ਹੈ।' ਹੁਣ ਅਮਰੀਕਾ ਅਤੇ ਪੱਛਮੀ ਸਾਮਰਾਜੀ ਹਕੂਮਤਾਂ ਦੱਸਣ ਕਿ ਖੇਤਰ ਦੀ ਪੂਰੀ ਦੀ ਪੂਰੀ ਵਸੋਂ ਨੂੰ ਉਜਾੜ ਕੇ ਅਤੇ ਉਨ੍ਹਾਂ ਦੇ ਘਰ ਢਾਹ ਕੇ ਉੱਥੇ ਕਬਜ਼ਾ ਕਰਨਾ



ਇਜ਼ਰਾਈਲ ਦੀ 'ਸਵੈ-ਰੱਖਿਆ ਦੀ ਜੰਗ' ਕਿਸ ਤਰ੍ਹਾਂ ਹੈ।

ਪਿਛਲੇ ਸਮੇਂ ਤੋਂ ਕੁਝ ਖਾੜੀ ਮੁਲਕਾਂ ਦੇ ਹਾਕਮ ਯੁੱਧਬੰਦੀ ਕਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਿਛਲੇ ਹਫ਼ਤੇ ਹਮਾਸ ਨੇ ਯੁੱਧਬੰਦੀ ਲਈ ਵਿਚੋਲਗਿਰੀ ਕਰ ਰਹੇ ਕਤਰ ਅਤੇ ਮਿਸਰ ਦੇ ਹਾਕਮਾਂ ਵੱਲੋਂ ਪੇਸ਼ ਕੀਤੀ ਦੋ ਮਹੀਨੇ ਦੀ ਯੁੱਧਬੰਦੀ ਦੀ ਤਜਵੀਜ਼ ਨਾਲ ਸਹਿਮਤੀ ਪ੍ਰਗਟਾ ਦਿੱਤੀ ਸੀ। ਜਿਸ ਦੇ ਤਹਿਤ ਗਾਜ਼ਾ ਵਿਚ ਬਚੇ ਬੰਧਕਾਂ ਵਿਚੋਂ ਅੱਧਿਆਂ ਨੂੰ ਰਿਹਾ ਕੀਤਾ ਜਾਣਾ ਸੀ। ਪਰ ਨੇਤਨਯਾਹੂ ਨੇ ਪੇਸ਼ਕਸ਼ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਗੱਲਬਾਤ ਸਿਰਫ਼ ਸਾਰੇ ਬੰਧਕਾਂ ਦੀ ਰਿਹਾਈ ਹੋਣ 'ਤੇ ਹੀ ਸ਼ੁਰੂ ਹੋਵੇਗੀ ਅਤੇ ਜੰਗ ਸਿਰਫ਼ 'ਇਜ਼ਰਾਈਲ ਨੂੰ ਮਨਜ਼ੂਰ' ਸ਼ਰਤਾਂ ਮੰਨ ਕੇ ਹੀ ਖ਼ਤਮ ਹੋਵੇਗੀ। ਜਿਵੇਂ ਅਮਰੀਕਾ ਅਤੇ ਹੋਰ ਪੱਛਮੀ ਸਾਮਰਾਜੀ ਤਾਕਤਾਂ ਦੀ ਮਦਦ ਨਾਲ ਇਜ਼ਰਾਈਲ ਯੁੱਧਬੰਦੀ ਦੀ ਹਰ ਤਜਵੀਜ਼ ਨੂੰ ਠੁਕਰਾ ਕੇ ਗਾਜ਼ਾ ਨੂੰ ਵੱਧ ਤੋਂ ਵੱਧ ਤਬਾਹ ਕਰ ਰਿਹਾ ਹੈ, ਇਹ ਇਜ਼ਰਾਈਲੀ ਪਸਾਰਵਾਦੀ ਪ੍ਰੋਜੈਕਟ ਦਾ ਮੂੰਹ ਬੋਲਦਾ ਸਬੂਤ ਹੈ। ਸੁਰੱਖਿਆ ਕੈਬਨਿਟ ਵੱਲੋਂ ਪਾਸ ਕੀਤੀ 'ਗਾਜ਼ਾ ਸਿਟੀ ਯੋਜਨਾ' ਉਸੇ ਪ੍ਰੋਜੈਕਟ ਦਾ ਵਧੇਰੇ ਕਰੂਰ ਚਿਹਰਾ ਹੈ। ਫ਼ੌਜ ਨਾਲ ਗੱਲਬਾਤ ਕਰਦੇ ਹੋਏ ਨੇਤਨਯਾਹੂ ਨੇ ਖੁੱਲ੍ਹੇਆਮ ਐਲਾਨ ਕੀਤਾ ਕਿ ਗੱਲਬਾਤ ਚਲਦੀ ਰਹਿਣ ਦੇ ਬਾਵਜੂਦ ਉਹ ਗਾਜ਼ਾ ਸ਼ਹਿਰ ਉੱਪਰ ਕਬਜ਼ੇ ਨੂੰ ਅੰਤਮ ਮਨਜ਼ੂਰੀ ਦੇਵੇਗਾ।

ਨੇਤਨਯਾਹੂ ਸਰਕਾਰ ਦੇ ਜਾਬਰ ਕਾਰਿਆਂ ਦਾ ਅੰਤਰਰਾਸ਼ਟਰੀ ਵਿਰੋਧ ਤਿੱਖਾ ਹੋ ਰਿਹਾ ਹੈ ਅਤੇ ਹਮਾਇਤ ਘਟ ਰਹੀ ਹੈ। ਪਿਊ ਰਿਸਰਚ ਸੈਂਟਰ ਦੇ ਤਾਜ਼ਾ ਸਰਵੇਖਣ 'ਚ ਸਾਹਮਣੇ ਆਇਆ ਕਿ ਅਮਰੀਕਾ, ਯੂਰਪ ਜਾਂ ਏਸ਼ੀਆ ਦੇ ਕਿਸੇ ਵੀ ਮੁਲਕ 'ਚ ਇਜ਼ਰਾਈਲ ਪ੍ਰਤੀ ਬਹੁਮੱਤ ਦੀ ਰਾਇ ਹਾਂ-ਪੱਖੀ ਨਹੀਂ ਹੈ। ਸਰਵੇਖਣ ਨੇ ਖ਼ੁਲਾਸਾ ਕੀਤਾ ਹੈ ਕਿ 53% ਬਾਲਗ ਅਮਰੀਕੀ ਇਜ਼ਰਾਈਲ ਦੇ ਖ਼ਿਲਾਫ਼ ਰਾਇ ਰੱਖਦੇ ਹਨ। ਇੱਥੋਂ ਤੱਕ ਕਿ 50% ਰਿਪਬਲਿਕਨਾਂ ਦੀ ਰਾਇ ਵੀ ਇਜ਼ਰਾਈਲ ਦੇ ਖ਼ਿਲਾਫ਼ ਹੈ। 2022 ਤੋਂ ਲੈ ਕੇ ਇਹ ਵਾਧਾ 15% ਹੈ। ਇਕ ਹੋਰ ਪੋਲ ਸਰਵੇਖਣ ਅਨੁਸਾਰ 63% ਡੈਮੋਕਰੇਟਾਂ ਦੀ ਰਾਇ ਇਹ ਹੈ ਕਿ ਅਮਰੀਕਾ ਵੱਲੋਂ ਇਜ਼ਰਾਈਲ ਦੀ ਹੱਦੋਂ ਵੱਧ ਮਦਦ ਕੀਤੀ ਜਾ ਰਹੀ ਹੈ। ਕਾਰਨ ਚਾਹੇ ਕੋਈ ਵੀ ਹੋਣ, ਪੱਛਮੀ ਸਾਮਰਾਜੀ ਹਮਾਇਤੀ ਰਾਜਾਂ ਦੇ ਅੰਦਰੋਂ ਬੁੜ-ਬੁੜ ਸ਼ੁਰੂ ਹੋਣ ਦੇ ਸਪਸ਼ਟ ਸੰਕੇਤ ਹਨ। ਅਗਲੇ ਮਹੀਨੇ ਇਹ ਵੀ ਸਾਹਮਣੇ ਆ ਜਾਵੇਗਾ ਕਿ ਯੂ.ਕੇ., ਫਰਾਂਸ, ਕੈਨੇਡਾ, ਪੁਰਤਗਾਲ ਅਤੇ ਆਸਟ੍ਰੇਲੀਆ ਸੰਯੁਕਤ ਰਾਸ਼ਟਰ ਵਿਚ ਫ਼ਲਸਤੀਨੀ ਰਾਜ ਨੂੰ ਮਾਨਤਾ ਦੇਣ ਦੇ ਸਵਾਲ ਉੱਪਰ ਕੀ ਸਟੈਂਡ ਲੈਂਦੇ ਹਨ। ਜਰਮਨੀ ਦੀ ਸਰਕਾਰ ਨੇ, ਜੋ ਕਿ ਇਜ਼ਰਾਈਲੀ ਹਕੂਮਤ ਦੀ ਪੱਕੀ ਹਮਾਇਤੀ ਹੈ, 'ਗਾਜ਼ਾ ਸਿਟੀ ਯੋਜਨਾ' ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਜ਼ਰਾਈਲ ਨੂੰ ਹਥਿਆਰਾਂ ਦਾ ਨਿਰਯਾਤ ਰੋਕਣ ਦਾ ਐਲਾਨ ਕੀਤਾ ਹੈ। ਕੁਝ ਹੋਰ ਪੱਛਮੀ ਸਰਕਾਰਾਂ ਨੇ ਵੀ ਇਜ਼ਰਾਈਲੀ ਯੋਜਨਾ ਦੀ ਨਿਖੇਧੀ ਕੀਤੀ ਹੈ। ਪਰ ਉਨ੍ਹਾਂ ਦੀ ਸਾਮਰਾਜੀ ਖ਼ਸਲਤ ਇਜ਼ਰਾਈਲ ਵੱਲੋਂ ਥੋਪੀ ਖ਼ੂਨੀ ਜੰਗ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਦੀ ਇਜਾਜ਼ਤ ਨਹੀਂ ਦਿੰਦੀ। ਭਾਰਤ ਅੰਦਰ ਹਿੰਦੂਤਵ ਦੀ ਚੜ੍ਹਤ ਅਤੇ ਹਕੂਮਤੀ ਜਬਰ ਕਾਰਨ ਇਜ਼ਰਾਈਲ ਵਿਰੁੱਧ ਲੋਕ-ਰਾਇ ਸਪਸ਼ਟ ਨਹੀਂ ਉੱਭਰ ਨਹੀਂ ਰਹੀ।

ਸੰਯੁਕਤ ਰਾਸ਼ਟਰ ਦੀ ਮਦਦ ਨਾਲ ਕੰਮ ਕਰਨ ਵਾਲੀ ਸੰਸਥਾ ਆਈਪੀਸੀ (ਇੰਟਿਗਰੇਟਿਡ ਫੂਡ ਫੇਜ਼ ਕਲਾਸੀਫਿਕੇਸ਼ਨ) ਅਕਾਲ ਰੀਵਿਊ ਕਮੇਟੀ ਵੱਲੋਂ ਪਹਿਲੀ ਵਾਰ ਗਾਜ਼ਾ ਵਿਚ ਅਕਾਲ ਪੈਣ ਵਰਗੀ ਹਾਲਤ ਬਣਨ ਦੀ ਚੇਤਾਵਨੀ ਦਿੱਤੇ ਜਾਣ ਨੇ ਇਸ ਹਕੀਕਤ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਜ਼ਰਾਈਲ ਵੱਲੋਂ ਭੁੱਖਮਰੀ ਨੂੰ ਜੰਗ ਦਾ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। ਪੰਜ ਲੱਖ ਚੌਦਾਂ ਹਜ਼ਾਰ ਗਾਜ਼ਾ ਵਾਸੀ, ਭਾਵ ਗਾਜ਼ਾ ਦੀ ਵਸੋਂ ਦਾ ਚੌਥਾ ਹਿੱਸਾ, ਵਿਨਾਸ਼ਕਾਰੀ ਹਾਲਾਤ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਗਿਣਤੀ ਛੇਤੀ ਸਾਢੇ ਛੇ ਲੱਖ ਤੱਕ ਪਹੁੰਚ ਜਾਣ ਦਾ ਡਰ ਹੈ। ਸੰਸਥਾ ਦੇ ਪੈਮਾਨੇ ਅਨੁਸਾਰ ਇਹ ਪੰਜਵਾਂ ਪੜਾਅ ਭੋਜਨ ਦੀ ਅਤਿਅੰਤ ਅਸੁਰੱਖਿਆ ਦਾ ਉੱਚਤਮ ਪੜਾਅ ਹੁੰਦਾ ਹੈ ਜਦੋਂ ਵਸੋਂ ਦਾ ਘੱਟੋ-ਘੱਟ 20% ਪਰਿਵਾਰ ਭੋਜਨ ਦੀ ਅਤਿਅੰਤ ਘਾਟ ਦਾ ਸਾਹਮਣਾ ਕਰ ਰਹੇ ਹੁੰਦੇ ਹਨ; ਜਦੋਂ ਘੱਟੋ-ਘੱਟ 30% ਬੱਚੇ ਤੀਬਰ ਕੁਪੋਸ਼ਣ ਤੋਂ ਪੀੜਤ ਹੁੰਦੇ ਹਨ; ਅਤੇ ਹਰ 10000 ਪਿੱਛੇ ਦੋ ਲੋਕ ਪੂਰੀ ਤਰ੍ਹਾਂ ਭੁੱਖਮਰੀ ਜਾਂ ਕੁਪੋਸ਼ਣ ਅਤੇ ਬੀਮਾਰੀਆਂ ਦੇ ਆਦਾਨ-ਪ੍ਰਦਾਨ ਨਾਲ ਮਰ ਰਹੇ ਹੁੰਦੇ ਹਨ। ਗਾਜ਼ਾ ਸ਼ਹਿਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ 'ਚ ਬੱਚੇ ਭੁੱਖ ਨਾਲ ਤੜਫ-ਤੜਫ ਕੇ ਮਰ ਰਹੇ ਹਨ, ਜਦੋਂ ਕਿ ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਨ ਵਾਲੀ ਟਰਾਂਸਪੋਰਟ ਦੇ ਕਾਫ਼ਲੇ ਇਜ਼ਰਾਈਲੀ ਫ਼ੌਜ ਵੱਲੋਂ ਕੁਝ ਹੀ ਮੀਲ ਦੂਰ ਸਰਹੱਦਾਂ 'ਤੇ ਰੋਕੇ ਹੋਏ ਹਨ। ਗਾਜ਼ਾ ਵਿਚ ਅਕਾਲ ਦੇ ਹਾਲਾਤ ਇਜ਼ਰਾਈਲੀ ਸਰਕਾਰ ਦੀਆਂ ਕਾਰਵਾਈਆਂ ਦਾ ਸਿੱਧਾ ਨਤੀਜਾ ਹੈ। ਇਹ ਹਾਲਾਤ ਇਜ਼ਰਾਈਲ ਵੱਲੋਂ ਜਾਣ-ਬੁੱਝ ਕੇ ਬਣਾਏ ਗਏ ਹਨ ਅਤੇ ਇਹ ਮਾਨਵਤਾ ਵਿਰੁੱਧ ਜੁਰਮ ਹਨ। ਐਮਨੈਸਟੀ ਇੰਟਰਨੈਸ਼ਨਲ, ਰੈੱਡ ਕ੍ਰਾਸ ਅਤੇ ਆਕਸਫਾਮ ਤੋਂ ਇਲਾਵਾ ਬਹੁਤ ਸਾਰੇ ਕੌਮਾਂਤਰੀ ਸਮੂਹ ਇਹ ਰਾਇ ਰੱਖਦੇ ਹਨ ਕਿ ਇਹ ਮਨੁੱਖਤਾ ਦੀ ਨਾਕਾਮੀ ਨਹੀਂ ਹੈ; ਇਹ ਜੰਗੀ ਜੁਰਮ ਹੈ।

ਫ਼ਲਸਤੀਨੀ ਪ੍ਰਸ਼ਾਸਨ ਅਤੇ ਲੋਕ ਬਹੁਤ ਸਮਾਂ ਪਹਿਲਾਂ ਤੋਂ ਇਹ ਕਹਿ ਰਹੇ ਸਨ ਕਿ ਇਜ਼ਰਾਈਲ ਯੋਜਨਾਬੱਧ ਤਰੀਕੇ ਨਾਲ ਖਾਣ-ਪੀਣ, ਬਾਲਣ ਅਤੇ ਦਵਾਈਆਂ ਦੀ ਸਪਲਾਈ ਰੋਕ ਰਿਹਾ ਹੈ। ਹੁਣ ਤਾਂ ਇਸਦੇ ਸਬੂਤ ਬਹੁਤ ਹੀ ਸਪਸ਼ਟ ਹਨ। ਸੰਯੁਕਤ ਰਾਸ਼ਟਰ ਦੇ ਗੋਦਾਮ ਭਰੇ ਪਏ ਹਨ, ਟਰੱਕ ਸਰਹੱਦ 'ਤੇ ਖੜ੍ਹੇ ਹਨ, ਪਰ ਇਜ਼ਰਾਈਲੀ ਫ਼ੌਜ ਨੇ ਨਾਕੇ ਲਾ ਕੇ ਗਾਜ਼ਾ ਦੇ ਸਾਰੇ ਐਂਟਰੀ ਪੁਆਇੰਟ ਸਖ਼ਤ ਨਾਕਾਬੰਦੀ ਕਰਕੇ ਰੋਕੇ ਹੋਏ ਹਨ ਅਤੇ ਕੋਈ ਵੀ ਮਦਦ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਰਾਹਤ ਸੇਵਾਵਾਂ ਨੂੰ ਰੋਕ ਕੇ ਸਗੋਂ ਗਾਜ਼ਾ ਉੱਪਰ ਜ਼ਮੀਨੀ ਤੇ ਹਵਾਈ ਹਮਲੇ ਤੇਜ਼ ਕੀਤੇ ਜਾ ਰਹੇ ਹਨ। ਇਨ੍ਹਾਂ ਸਾਰੇ ਤੱਥਾਂ ਦੇ ਮੱਦੇਨਜ਼ਰ, ਹੁਣ ਤਾਂ ਕਿਸੇ ਨੂੰ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਇਜ਼ਰਾਈਲ ਭੁੱਖਮਰੀ ਨੂੰ ਜੰਗ ਦਾ ਹਥਿਆਰ ਬਣਾ ਕੇ ਵਰਤ ਰਿਹਾ ਹੈ ਤਾਂ ਜੋ ਫ਼ਲਸਤੀਨੀ ਲੋਕਾਂ ਨੂੰ ਜਿਸਮਾਨੀ ਤੌਰ 'ਤੇ ਨਿਤਾਣੇ ਬਣਾ ਕੇ ਉਨ੍ਹਾਂ ਦਾ ਮਨੋਬਲ ਤੋੜਿਆ ਜਾ ਸਕੇ ਅਤੇ ਬੱਚਿਆਂ ਨੂੰ ਭੁੱਖ ਤੇ ਕੁਪੋਸ਼ਣ ਨਾਲ ਮਾਰ ਕੇ ਅਗਲੀ ਪੀੜ੍ਹੀ ਨੂੰ ਖ਼ਤਮ ਕੀਤਾ ਜਾ ਸਕੇ।

ਹਰ ਮੁਲਕ ਦੇ ਇਨਸਾਫ਼ਪਸੰਦ ਲੋਕਾਂ ਨੂੰ ਆਪਣੀਆਂ ਸਰਕਾਰਾਂ ਉੱਪਰ ਗਾਜ਼ਾ ਦੀ ਨਸਲਕੁਸ਼ੀ ਵਿਰੁੱਧ ਸਟੈਂਡ ਲੈਣ ਲਈ ਦਬਾਅ ਵਧਾਉਣਾ ਚਾਹੀਦਾ ਹੈ। ਇਕ ਪੂਰੇ ਸਮਾਜ ਦੀ ਹੋਂਦ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਮਿਟਦੇ ਵੇਖਦੇ ਰਹਿਣ ਨੂੰ ਇਤਿਹਾਸ ਮਾਫ਼ ਨਹੀਂ ਕਰੇਗਾ।

## ਪੰਜਾਬ ਦੀ ਵੰਡ

*(ਪਿਛਲੇ ਸਫੇ ਦਾ ਬਾਕੀ)*

ਵੋਟ ਯਾਨੀ 28% ਪੰਜਾਬ ਦੀ ਵੰਡ ਵਾਸਤੇ ਪਏ। ਪੰਜਾਬ ਨੂੰ ਵੰਡਣ ਦਾ ਫ਼ੈਸਲਾ ਚੜ੍ਹਦੇ ਪੰਜਾਬ ਨੇ ਕੀਤਾ। ਇਸ ਵਿਚ ਅਕਾਲੀ ਦਲ ਦੀਆਂ 14 ਵੋਟਾਂ ਦਾ ਬਹੁਤ ਵੱਡਾ ਹੱਥ ਸੀ - ਗੁਰਬਚਨ ਸਿੰਘ ਫ਼ਿਰੋਜ਼ਪੁਰ, ਇੰਦਰ ਸਿੰਘ ਸ਼ਹਿਰੀ ਸੀਟ, ਈਸ਼ਰ ਸਿੰਘ ਮਝੈਲ ਅੰਮ੍ਰਿਤਸਰ, ਜਗਜੀਤ ਸਿੰਘ ਮਾਨ ਸਪੈਸ਼ਲ ਸੀਟ ਸੈਂਟਰਲ ਪੰਜਾਬ, ਕਪੂਰ ਸਿੰਘ ਲੁਧਿਆਣਾ, ਨਰਵਟਨ ਸਿੰਘ ਦੱਖਣ ਚੜ੍ਹਦਾ ਪੰਜਾਬ, ਪਿਆਰਾ ਸਿੰਘ ਹੁਸ਼ਿਆਰਪੁਰ, ਰਤਨ ਸਿੰਘ ਮੋਗਾ, ਸਵਰਨ ਸਿੰਘ ਜਲੰਧਰ, ਤਾਰਾ ਸਿੰਘ ਫ਼ਿਰੋਜ਼ਪੁਰ, ਊਧਮ ਸਿੰਘ ਅੰਮ੍ਰਿਤਸਰ, ਬਲਦੇਵ ਸਿੰਘ ਅੰਬਾਲਾ, ਸ਼ਿਵਸਰਨ ਸਿੰਘ ਹੁਸ਼ਿਆਰਪੁਰ, ਵਰਿਆਮ ਸਿੰਘ ਪਟਿਆਲਾ। ਜੇ ਅਕਾਲੀ ਦਲ ਦੇ ਚੜ੍ਹਦੇ ਪੰਜਾਬ ਦੇ 14 ਵੋਟ ਪੰਜਾਬ ਦੀ ਵੰਡ ਵਾਸਤੇ ਨਾ ਪੈਂਦੇ ਬਾਕੀ 36 ਵੋਟਾਂ ਰਹਿ ਜਾਣੀਆਂ ਸਨ। ਦੂਜੇ ਪਾਸੇ ਜੇ ਅਕਾਲੀ ਦਲ ਦੇ ਇਹੀ 14 ਵੋਟ ਪੰਜਾਬ ਦੇ ਇਕੱਠੇ ਰਹਿਣ ਵਾਲੇ ਪਾਸੇ ਰਹਿੰਦੇ ਤਾਂ 22+14=36 ਵੋਟ ਹੋ ਜਾਣੇ ਸਨ। ਇਸ ਤਰ੍ਹਾਂ ਇਹ ਵੰਡ ਰੁਕ ਜਾਣੀ ਸੀ।

ਪੰਜਾਬ ਅਸੈਂਬਲੀ ਦੇ ਕੁੱਲ ਮੈਂਬਰ 175 ਸਨ। ਪਰ ਇਨ੍ਹਾਂ ਵਿਚੋਂ ਕੁਝ ਯੂਰੋਪੀਅਨ ਮੈਂਬਰ ਵੀ ਸਨ। ਜਿਹੜੇ ਵੋਟ ਪਏ ਉਹ 168 ਸਨ। ਇਸ ਦਾ ਮਤਲਬ ਕੁੱਲ ਵਿਚੋਂ 7 ਵੋਟ ਨਹੀਂ ਪਏ। ਹੋ ਸਕਦਾ ਹੈ ਕੋਈ ਮੈਂਬਰ ਬਿਮਾਰ ਹੋਵੇ ਜਾਂ ਕਿਸੇ ਯੂਰੋਪੀਅਨ ਮੈਂਬਰ ਨੇ ਵੋਟ ਨਾ ਪਾਏ ਹੋਣ। ਵੰਡ ਦੇ ਹੱਕ ਵਿਚ ਲਹਿੰਦੇ ਪੰਜਾਬ 'ਚੋਂ ਹਿੰਦੂਆਂ ਤੇ ਸਿੱਖਾਂ ਦੇ 27 ਵੋਟ ਤੇ ਚੜ੍ਹਦੇ ਪੰਜਾਬ 'ਚੋਂ ਹਿੰਦੂਆਂ ਤੇ ਸਿੱਖਾਂ ਦੇ 50 ਵੋਟ ਕੁਲ 77 ਵੋਟ ਪੰਜਾਬ ਨੂੰ ਵੰਡਣ ਵਾਸਤੇ ਪਏ। ਜਦੋਂ ਕਿ ਪੰਜਾਬ ਨੂੰ ਨਾ ਵੰਡਣ ਵਾਸਤੇ ਲਹਿੰਦੇ ਪੰਜਾਬ 'ਚੋਂ ਮੁਸਲਮਾਨਾਂ ਦੇ 69 ਵੋਟ ਤੇ ਚੜ੍ਹਦੇ ਪੰਜਾਬ 'ਚੋਂ 22 ਕੁੱਲ 91 ਵੋਟ ਪਏ। 77 ਨਾਲੋਂ 91 ਵੋਟਾਂ ਜ਼ਿਆਦਾ ਸਨ ਕਿਉਂਕਿ ਇਨ੍ਹਾਂ ਨੂੰ ਦੋ ਹਿੱਸਿਆਂ 'ਚ ਤਕਸੀਮ ਕੀਤਾ ਗਿਆ ਸੀ ਤੇ ਨੀਯਤ ਵੀ ਭੈੜੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਚੜ੍ਹਦੇ ਪੰਜਾਬ 'ਚ ਹਿੰਦੂ ਸਿੱਖ ਜ਼ਿਆਦਾ ਨੇ। ਉੱਥੇ ਇਹ ਗੱਲ ਨਹੀਂ ਮੰਨੀ ਜਾਣੀ। ਇਸ ਵਾਸਤੇ ਪੰਜਾਬ ਵੰਡਿਆ ਹੀ ਜਾਣਾ ਸੀ ਤੇ ਅਖੀਰ ਪੰਜਾਬ ਵੰਡਿਆ ਹੀ ਗਿਆ।

ਯੂਨਿਸ ਪਾਰਟੀ ਪੰਜਾਬ ਦੇ ਮੈਂਬਰ ਪੰਜਾਬ ਦੇ ਇਕੱਠ ਦੇ ਹਾਮੀ ਸਨ। ਇਸ ਦੇ ਵੀ ਕੁਝ ਮੈਂਬਰ ਚੜ੍ਹਦੇ ਪੰਜਾਬ 'ਚ ਮੌਜੂਦ ਸਨ, ਜਿਵੇਂ ਹਾਂਸੀ ਤੋਂ ਸੂਰਜ ਮੱਲ, ਗੁੜਗਾਓਂ ਤੋਂ ਮਨੋਹਰ ਸਿੰਘ ਤੇ ਪ੍ਰੇਮ ਸਿੰਘ, ਹੁਸ਼ਿਆਰਪੁਰ ਤੋਂ ਮੰਗੂ ਰਾਮ, ਜਲੰਧਰ ਤੋਂ ਸੰਤ ਰਾਮ। ਸਿੱਖ ਪੰਥ ਦੇ ਸੱਤ ਹੋਰ ਮੈਂਬਰ ਵੀ ਸਨ ਜੋ ਕਾਂਗਰਸ ਵਿਚ ਸ਼ਾਮਿਲ ਸਨ। ਇਨ੍ਹਾਂ ਵਿਚੋਂ ਬਚਨ ਸਿੰਘ ਲੁਧਿਆਣੇ ਤੋਂ, ਕਿਰਪ ਸਿੰਘ ਜਗਰਾਓਂ ਤੋਂ, ਕਾਬਲ ਸਿੰਘ ਜਲੰਧਰ ਤੋਂ, ਰੁੜ ਸਿੰਘ ਫ਼ਿਰੋਜ਼ਪੁਰ ਤੋਂ, ਪ੍ਰਤਾਪ ਸਿੰਘ ਕੈਰੋਂ ਅੰਮ੍ਰਿਤਸਰ ਤੋਂ, ਸ਼ਿਵ ਸਿੰਘ ਗੁਰਦਾਸਪੁਰ ਤੋਂ, ਗੁਰਬੰਤਾ ਸਿੰਘ ਜਲੰਧਰ ਤੋਂ। ਇਨ੍ਹਾਂ ਵਿਚ ਕੁਝ ਆਜ਼ਾਦ ਮੈਂਬਰ ਵੀ ਸਨ। ਜੇ ਚੜ੍ਹਦੇ ਪੰਜਾਬ ਵਿਚ ਅਕਾਲੀ ਦਲ ਦੇ ਵੋਟ ਪੰਜਾਬ ਨੂੰ ਇਕੱਠੇ ਰੱਖਣ ਲਈ ਪੈਂਦੇ ਤੇ ਨਾਲ ਯੂਨੀਸ ਮੈਂਬਰਾਂ ਦੇ ਵੀ ਵੋਟ ਇਸ ਪਾਸੇ ਪੈਂਦੇ ਤੇ ਕਾਂਗਰਸ ਪਾਰਟੀ ਵਿਚ ਜਿਹੜੇ 7 ਸਿੱਖ ਵੋਟ ਸੀ ਉਹ ਵੀ ਇਸ ਪਾਸੇ ਪੈਂਦੇ ਤਾਂ ਇਸ ਤਰ੍ਹਾਂ ਪੰਜਾਬ ਨੂੰ ਇਕੱਠਾ ਰੱਖਿਆ ਜਾ ਸਕਦਾ ਸੀ। ਚੜ੍ਹਦੇ ਪੰਜਾਬ ਵਿਚ ਮੁਸਲਮਾਨਾਂ ਦੇ ਕੁੱਲ ਵੋਟ 22, ਅਕਾਲੀ ਦਲ ਦੇ 14, ਕਾਂਗਰਸ ਵਿਚ ਜੋ ਸਿੱਖ ਮੈਂਬਰ ਸਨ ਉਨ੍ਹਾਂ ਦੇ 7 ਵੋਟ ਸੀ ਤੇ ਯੂਨਿਸ ਪਾਰਟੀ ਦੇ ਵੋਟ 5 ਸਨ। ਇਹ ਸਾਰੀਆਂ ਵੋਟਾਂ ਕੁੱਲ 45 ਸਨ। ਇਸ ਤਰ੍ਹਾਂ ਪੰਜਾਬ ਦੀ ਵੰਡ ਵਾਸਤੇ 24 ਵੋਟ ਰਹਿ ਜਾਣੇ ਸਨ ਤੇ ਵੰਡ ਰੁਕ ਸਕਦੀ ਸੀ।

1947 ਵਿਚ ਅਕਾਲੀ ਦਲ ਦਾ ਕਿਰਦਾਰ ਪੰਜਾਬ ਨੂੰ ਵੰਡਣ ਜਾਂ ਇਕੱਠਿਆਂ ਰੱਖਣ ਵਿਚ ਬਹੁਤ ਵੱਡਾ ਸੀ ਭਾਵੇਂ ਇਹਦੇ ਮੈਂਬਰ ਘੱਟ ਸਨ। ਅਕਾਲੀ ਦਲ ਤੇ ਸਿੱਖ ਇਸ ਪੱਖੋਂ ਇੰਨੇ ਮਜ਼ਬੂਤ ਸਨ ਕਿ ਉਹ ਜੋ ਚਾਹੁੰਦੇ ਕਾਂਗਰਸ ਜਾਂ ਮੁਸਲਿਮ ਲੀਗ ਕੋਲੋਂ ਮਨਵਾ ਸਕਦੇ ਸੀ। ਇਹ ਦੋਵੇਂ ਜਮਾਤਾਂ ਬਹੁਤ ਮਜ਼ਬੂਤ ਸਨ ਕਿਉਂਕਿ ਇਨ੍ਹਾਂ ਨੇ ਜਿਸ ਪਾਸੇ ਜਾਣਾ ਸੀ ਉਸ ਪਾਸੇ ਪੂਰਾ ਪੰਜਾਬ ਹੀ ਜਾ ਸਕਦਾ ਸੀ। ਘੱਟ ਤੋਂ ਘੱਟ ਅੱਧਾ ਪੰਜਾਬ ਤਾਂ ਚਲਾ ਹੀ ਜਾਣਾ ਸੀ। ਸਿੱਖਾਂ ਦੀ ਉਸ ਵਕਤ ਇੰਨੀ ਅਹਿਮੀਅਤ ਸੀ ਕਿ ਜੇਕਰ ਇਹ ਸੌਦੇਬਾਜ਼ੀ ਕਰਦੇ ਦੋਵੇਂ ਜਮਾਤਾਂ ਨਾਲ ਤਾਂ ਆਪਣੀ ਆਬਾਦੀ ਜੋ 14-15% ਸੀ ਉਸ ਤੋਂ ਕਿਤੇ ਜ਼ਿਆਦਾ ਮਫ਼ਾਦਾਤ ਕਾਂਗਰਸ ਜਾਂ ਮੁਸਲਿਮ ਲੀਗ ਕੋਲੋਂ ਹਾਸਿਲ ਕਰ ਸਕਦੇ ਸੀ। ਪਰ ਇਨ੍ਹਾਂ ਨੇ ਸੌਦੇਬਾਜ਼ੀ ਨਹੀਂ ਕੀਤੀ। ਸਿੱਖ ਵੋਟਾਂ ਦੀ ਤਾਕਤ ਇੰਨੀ ਸੀ ਕਿ ਇਹ ਦੋਵੇਂ ਮੁਲਕਾਂ ਦੀ ਸੀਮਾ ਨੂੰ ਤਕਰੀਬਨ 400-450 ਮੀਲ ਲਹਿੰਦੇ ਜਾਂ ਚੜ੍ਹਦੇ ਵਾਲੇ ਪਾਸੇ ਸੁੱਟ ਸਕਦੇ ਸਨ। ਇਨ੍ਹਾਂ ਕੋਲ ਦੋ ਆਪਸ਼ਨਾਂ ਸੀ। ਜੇ ਸਿੱਖ ਮੁਸਲਿਮ ਲੀਗ ਨਾਲ ਜਾਂਦੇ ਤਾਂ ਇਨ੍ਹਾਂ ਦੀ ਸਰਹੱਦ ਰੋਹਤਕ ਤੱਕ ਚਲੀ ਜਾਣੀ ਸੀ ਅਤੇ ਪੰਜਾਬ ਦੀ ਸੀਮਾ ਦਿੱਲੀ ਤੱਕ ਪੁੱਜ ਜਾਣੀ ਸੀ। ਜੇ ਸਿੱਖ ਕਾਂਗਰਸ ਵੱਲ ਜਾਂਦੇ ਤਾਂ ਉਹੀ ਹੋਣਾ ਸੀ ਜੋ ਇਸ ਵੇਲੇ ਹੈ।

ਅਖੀਰ ਵਿਚ ਇਹ ਗੱਲ ਕਰਨੀ ਬਣਦੀ ਹੈ ਕਿ ਇਤਿਹਾਸ ਨੂੰ ਬਦਲਿਆ ਨਹੀਂ ਜਾ ਸਕਦਾ। ਇਤਿਹਾਸ ਚੰਗਾ ਯਾਂ ਮਾੜਾ ਨਹੀਂ ਹੁੰਦਾ। ਇਤਿਹਾਸ ਸਿਰਫ਼ ਗੁਜ਼ਰੇ ਹੋਏ ਵਕਤ ਦੀ ਕਹਾਣੀ ਹੈ। ਇਸ ਦਾ ਨਤੀਜਾ ਸਬਕ ਹੁੰਦਾ ਹੈ। ਜੇ ਕੋਈ ਇਸ ਸਬਕ ਨੂੰ ਆਪਣੇ ਭਵਿੱਖ ਵਾਸਤੇ ਸਿੱਖੇ। ਪਰ ਹਕੀਕਤ ਇਹ ਹੈ ਕਿ ਇਨਸਾਨ ਇਤਿਹਾਸ ਤੋਂ ਕਦੇ ਵੀ ਸਬਕ ਨਹੀਂ ਸਿੱਖਦਾ ਤੇ ਉਸਦਾ ਨੁਕਸਾਨ ਹੀ ਉਠਾਉਂਦਾ ਹੈ।

# ਇਕ ਸੀ ਮਨਪ੍ਰੀਤ ਅਖ਼ਤਰ...

ਅੰਗਰੇਜ ਸਿੰਘ ਵਿਰਦੀ

ਬਾਬੂ ਸਿੰਘ ਮਾਨ ਦੇ ਲਿਖੇ ਟੱਪੇ ਲੋਕ ਗਾਇਕਾ ਮਨਪ੍ਰੀਤ ਅਖ਼ਤਰ ਦੀ ਆਵਾਜ਼ ਤੇ ਸੰਗੀਤ ਦੇ ਸੁਮੇਲ ਨਾਲ ਜਦੋਂ ਹਵਾ 'ਚ ਗੂੰਜਦੇ ਹਨ ਤਾਂ ਸਮਾਂ ਜਿਵੇਂ ਰੁੱਕ ਜਾਂਦਾ ਹੈ।

"ਧੀ ਦਾ ਆਪਣੇ ਬਾਬਲ ਨੂੰ ਕਹਿਣਾ ਕਿ ਉਹ ਬੇਪਰਵਾਹ ਹੋ ਕੇ ਕਿਉਂ ਸੁੱਤਾ ਹੈ ਓਧਰ ਮੇਰੀ ਜੰਝ ਦਰਿਆ ਦੇ ਪੱਤਣ ਤੇ ਆ ਖਲੋਤੀ ਹੈ, ਤੂੰ ਛੇਤੀ ਜਾ ਤੇ ਜਾ ਕੇ ਦਰਿਆ ਵਿੱਚ ਬੇੜੀਆਂ ਪਾ ਕੇ ਉਹਨਾਂ ਨੂੰ ਉਰਲੇ ਪਾਰ ਲੈ ਆ, ਹੇ ਬਾਬਲ! ਹੁਣ ਤੂੰ ਆਪਣੀ ਧੀ ਦਾ ਕਾਜ ਰਚਾਇਆ ਏ"

ਧੀ ਦੇ ਧੁਰ ਅੰਦਰੋਂ ਨਿਕਲੀ ਹੂਕ ਨੂੰ ਬਿਆਨ ਕਰਦੇ ਇਹ ਟੱਪੇ ਜਦੋਂ ਮਨਪ੍ਰੀਤ ਆਪਣੇ ਮਧੁਰ ਸੁਰਾਂ ਨਾਲ ਗਾਉਂਦੀ ਹੈ ਤਾਂ ਸੁਣਨ ਵਾਲੇ ਅਸ਼ ਅਸ਼ ਕਰ ਉੱਠਦੇ, ਉਹਨਾਂ ਦੇ ਨੈਣਾਂ ਵਿੱਚੋ ਆਪ ਮੁਹਾਰੇ ਹੰਝੂ ਵਗਣ ਲੱਗ ਪੈਂਦੇ। ਲੋਕ ਗਾਇਕਾ ਮਨਪ੍ਰੀਤ ਅਖ਼ਤਰ ਪੰਜਾਬੀ ਸੰਗੀਤ ਦਾ ਇੱਕ ਐਸਾ ਨਾਯਾਬ ਹੀਰਾ ਸਨ, ਜਿਸ ਦੀ ਚਮਕ ਨਾਲ ਪੰਜਾਬੀ ਸੰਗੀਤ ਰੁਸ਼ਨਾ ਗਿਆ ਸੀ। ਉਸ ਦੀ ਆਵਾਜ਼ 'ਚ ਰਵਾਨਗੀ ਸੀ, ਸੁਰ 'ਚ ਪਾਕੀਜ਼ਗੀ ਸੀ। ਰੱਬ ਦੀ ਉਹਨਾਂ ਤੇ ਪੂਰੀ ਮਿਹਰ ਸੀ, ਸੰਗੀਤ ਉਹਨਾਂ ਲਈ





ਸਾਧਨਾ ਸੀ, ਉਹਨਾਂ ਨੇ ਜੋ ਵੀ ਗਾਇਆ ਮਿਆਰੀ ਗਾਇਆ ਤੇ ਉਹਨਾਂ ਦੇ ਗਾਏ ਗੀਤਾਂ ਨੂੰ ਸਰੋਤਿਆ ਦਾ ਭਰਭੂਰ ਪਿਆਰ ਮਿਲਿਆ।

ਪੰਜਾਬੀ ਸੰਗੀਤ ਦੀਆਂ ਅਮੀਰ ਪਰੰਪਰਾਵਾਂ ਨੂੰ ਜਿਨ੍ਹਾਂ ਲੋਕ ਗਾਇਕਾਵਾਂ ਨੇ ਜਿੰਦਾ ਰੱਖਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਉਹਨਾਂ ਗਾਇਕਾਵਾਂ ਦਾ ਨਾਂ ਪੰਜਾਬੀ ਸੰਗੀਤ ਜਗਤ 'ਚ ਬੜੇ ਅਦਬ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਪੰਜਾਬੀ ਲੋਕ ਗਾਇਕਾ ਮਨਪ੍ਰੀਤ ਅਖ਼ਤਰ ਦਾ ਸ਼ੁਮਾਰ ਵੀ ਉਹਨਾਂ ਲੋਕ



ਗਾਇਕਾਵਾਂ 'ਚ ਕੀਤਾ ਜਾਂਦਾ ਹੈ ਜਿਨ੍ਹਾਂ ਪੰਜਾਬੀ ਸੰਗੀਤ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਿਆ।

**ਜਨਮ ਤੇ ਪਿਛੋਕੜ**–ਮਨਪ੍ਰੀਤ ਅਖ਼ਤਰ ਦਾ ਜਨਮ 24 ਜਨਵਰੀ 1965 'ਚ ਪੰਜਾਬ ਦੇ ਮਸ਼ਹੂਰ ਸ਼ਹਿਰ ਮੁਕਤਸਰ ਵਿਖੇ ਉਸਤਾਦ ਕੀੜੇ ਖਾਂ ਸ਼ੌਕੀਨ ਤੇ ਨਸੀਬ ਬੀਬੀ ਦੇ ਘਰ ਹੋਇਆ। ਮਨਪ੍ਰੀਤ ਹੋਣੀ ਚਾਰ ਭੈਣ ਭਰਾ ਹਨ। ਮਨਪ੍ਰੀਤ ਦੇ ਪਿਤਾ ਜੀ ਉਸਤਾਦ ਕੀੜੇ ਖਾਂ ਸ਼ੌਕੀਨ ਦਾ ਪੰਜਾਬੀ ਲੋਕ ਗਾਇਕੀ ਵਿੱਚ ਬਹੁਤ ਵੱਡਾ ਨਾਂ ਸੀ ਜੋ ਲੋਕ ਗਾਇਕੀ ਦੇ ਨਾਲ ਨਾਲ ਕਲਾਸੀਕਲ ਗਾਇਕੀ ਵਿੱਚ ਵੀ ਉੱਚਾ ਮੁਕਾਮ ਰੱਖਦੇ ਸਨ। ਸੋ ਘਰ ਵਿੱਚ ਸੰਗੀਤਕ ਮਹੌਲ ਹੋਣ ਕਾਰਣ ਮਨਪ੍ਰੀਤ ਅਖ਼ਤਰ ਬਚਪਨ ਤੋਂ ਹੀ ਸੰਗੀਤ ਪ੍ਰਤੀ ਲਗਾਵ ਰੱਖਣ ਲੱਗੇ। ਮਨਪ੍ਰੀਤ ਦਾ 'ਛੋਟਾ ਭਰਾ ਦਿਲਸ਼ਾਦ ਅਖ਼ਤਰ ਪੰਜਾਬੀ ਗਾਇਕੀ ਵਿੱਚ ਬਹੁਤ ਵੱਡਾ ਨਾਂ ਸੀ। ਪਰ ਇੱਕ ਵਿਆਹ ਦੇ ਪ੍ਰੋਗਰਾਮ ਦੌਰਾਨ ਕਿਸੇ ਗੀਤ ਦੀ ਫ਼ਰਮਾਇਸ ਲਈ ਹੋਈ ਬਹਿਸ ਕਾਰਨ ਸ਼ਰਾਬੀ ਪੁਲਿਸ ਅਫ਼ਸਰ ਨੇ ਤੈਸ਼ ਵਿੱਚ ਆ ਕੇ ਉਸ ਨੂੰ ਗੋਲੀ ਮਾਰ ਦਿੱਤੀ।'

**ਮੁੱਢਲੀ ਸਿੱਖਿਆ**–ਅਜੇ ਉਹਨਾਂ ਦੀ ਉਮਰ ਦੋ ਤਿੰਨ ਸਾਲ ਹੀ ਸੀ ਜਦੋ ਉਹ ਘਰ 'ਚ ਆਪਣੇ ਪਿਤਾ ਜੀ ਨੂੰ ਰਿਆਜ਼ ਕਰਦਿਆਂ ਸੁਣਦੀ ਤੇ ਫਿਰ ਉਹਨਾਂ ਵੱਲੋਂ ਗਾਏ ਜਾਂਦੇ ਗੀਤਾਂ ਤੇ ਬੰਦਸ਼ਾਂ ਨੂੰ ਦੁਹਰਾਉਂਦੀ ਉਹਨਾਂ ਨੂੰ ਯਾਦ ਕਰ ਗੁਣਗੁਣਾਉਂਦੀ। ਇਸ ਤਰ੍ਹਾਂ ਬਚਪਨ 'ਚ ਹੀ ਉਹਨਾਂ ਨੇ ਆਪਣੇ ਪਿਤਾ ਜੀ ਤੋਂ ਸੁਰ ਦਾ ਗਿਆਨ ਹਾਸਿਲ ਕਰਨਾ ਸ਼ੁਰੂ ਕਰ ਦਿੱਤਾ ਸੀ।

**ਸੰਗੀਤ ਦੀ ਤਾਲੀਮ**–ਸੰਗੀਤਕ ਘਰਾਣਾ ਹੋਣ ਦੇ ਬਾਵਜੂਦ ਮਨਪ੍ਰੀਤ ਦੇ ਖ਼ਾਨਦਾਨ ਵਿੱਚ ਕੁੜੀਆਂ ਦਾ ਗਾਉਣਾ ਤੇ ਉਸ ਨੂੰ ਇੱਕ ਕਿੱਤੇ ਵਜੋਂ ਅਪਣਾਉਣਾ ਪਸੰਦ ਨਹੀ ਕੀਤਾ ਜਾਂਦਾ ਸੀ ਜਿਸ ਕਰਕੇ ਗਾਇਕੀ ਵਿੱਚ ਮੁਹਾਰਤ ਹਾਸਿਲ ਕਰਨ ਦੇ ਬਾਵਜੂਦ ਉਹਨਾਂ ਨੇ ਸੰਗੀਤ ਦੀ ਦੁਨੀਆ ਵਿੱਚ ਕਦਮ ਰੱਖਣਾ ਮੁਨਾਸਿਬ ਨਾ ਸਮਝਿਆ। ਪਰ ਵਿਆਹ ਉਪਰੰਤ ਮਨਪ੍ਰੀਤ ਦੇ ਪਤੀ ਨੇ ਉਹਨਾਂ ਨੂੰ ਗਾਇਕੀ ਦੇ ਖੇਤਰ ਵਿੱਚ ਕਦਮ ਰੱਖਣ ਲਈ ਉਤਸ਼ਾਹਿਤ ਕੀਤਾ ਅਤੇ ਨਾਲ ਹੀ ਉਹਨਾਂ ਨੂੰ ਸੰਗੀਤ ਵਿੱਚ ਅੱਗੇ ਵਧਣ ਤੇ ਹੋਰ ਬਿਹਤਰ ਕਰਨ ਲਈ ਹਮੇਸ਼ਾ ਉਹਨਾਂ- ਦੀ ਹੌਸਲਾ ਅਫ਼ਜਾਈ ਕਰਦੇ ਰਹੇ।

**ਬਤੌਰ ਗਾਇਕਾ ਬਾਲੀਵੁੱਡ 'ਚ ਐਂਟਰੀ**–1996 ਦੀ ਹੀ ਗੱਲ ਹੈ ਜਦੋਂ ਮਨਪ੍ਰੀਤ ਦੀ ਚੋਣ ਸੰਗੀਤਕ ਪ੍ਰਤਿਭਾ ਖੋਜ ਮੁਕਾਬਲੇ ਦੇ ਸ਼ੋਅ 'ਮੇਰੀ ਆਵਾਜ਼ ਸੁਣੋ' ਲਈ ਹੋ ਗਈ। ਇਸ ਸ਼ੋਅ ਦੇ ਮੈਗਾ ਫਾਈਨਲ ਤੱਕ ਪਹੁੰਚਣ ਵਾਲੀ,.ਮਨਪ੍ਰੀਤ ਦੀ ਆਵਾਜ਼ ਨੂੰ ਸੰਗੀਤ ਦੀਆਂ ਕਈ ਮਸ਼ਹੂਰ ਹਸਤੀਆਂ ਨੇ ਸੁਣਿਆ ਜਿਨ੍ਹਾਂ ਵਿੱਚੋਂ ਲਤਾ ਮੰਗੇਸ਼ਕਰ, ਹਰੀਹਰਨ ਤੇ ਪ੍ਰਵੀਨ ਸੁਲਤਾਨਾ ਪ੍ਰਮੁੱਖ ਸਨ, ਜਿਨ੍ਹਾਂ ਮਨਪ੍ਰੀਤ ਦੀ ਗਾਇਕੀ ਨੂੰ ਬੇਹੱਦ ਸਲਾਹਿਆ। ਇਸੇ ਪ੍ਰੋਗਰਾਮ ਦੀ ਬਦੌਲਤ ਯਸ਼ ਚੋਪੜਾ ਦੀ ਪਤਨੀ ਪਾਮੇਲਾ ਚੋਪੜਾ ਰਾਹੀ ਮਨਪ੍ਰੀਤ ਨੂੰ ਕਰਨ ਜੌਹਰ ਦੀ ਪਹਿਲੀ ਹਿੰਦੀ ਫ਼ਿਲਮ 'ਕੁਛ ਕੁਛ ਹੋਤਾ ਹੈ' ਵਿੱਚ ਗੀਤ ਗਾਉਣ ਦਾ ਮੌਕਾ ਮਿਲਿਆ। ਇਸ ਗੀਤ ਦੇ ਬੋਲ ਸਨ 'ਤੁਝੇ ਯਾਦ ਨਾ ਮੇਰੀ ਆਈ ਕਿਸੀ ਸੇ ਅਬ ਕਿਆ ਕਹਿਨਾ।' ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਇਸ ਸੁਪਰਹਿੱਟ ਗੀਤ ਨੇ ਮਨਪ੍ਰੀਤ ਨੂੰ ਪ੍ਰਸਿੱਧੀ ਦੀਆਂ ਸਿਖਰਾਂ ਤੇ ਪਹੁੰਚਾ ਦਿੱਤਾ।

ਬਾਲੀਵੁੱਡ ਤੋਂ ਇਲਾਵਾ ਮਨਪ੍ਰੀਤ ਦੀ ਆਵਾਜ਼ ਪਾਲੀਵੁੱਡ ਵਿਚ ਵੀ ਗੂੰਜੀ। ਸੁਪਰਹਿੱਟ ਪੰਜਾਬੀ ਫ਼ਿਲਮ 'ਜੀ ਆਇਆ ਨੂੰ' ਵਿੱਚ ਮਨਪ੍ਰੀਤ ਦਾ ਗਾਇਆ ਗੀਤ 'ਮੈਂ ਵਾਰੀ ਮੈਂ ਵਾਰੀ ਮੇਰੀ ਸੰਮੀਏ, ਸੰਮੀ ਮੇਰੀ ਵਾਰ' ਐਸਾ ਗੀਤ ਹੈ ਜਿਸ ਨੂੰ ਅੱਜ ਵੀ ਵਿਆਹ ਸ਼ਾਦੀਆਂ ਦੇ ਪ੍ਰੋਗਰਾਮਾਂ ਵਿੱਚ, ਸਕੂਲਾਂ ਕਾਲਜਾਂ ਦੇ ਸਾਲਾਨਾ ਪ੍ਰੋਗਰਾਮਾਂ ਵਿੱਚ ਪੂਰੀ ਸ਼ਾਨ ਨਾਲ ਵਜਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਪੰਜਾਬੀ ਫ਼ਿਲਮਾਂ 'ਟਰੱਕ ਡਰਾਇਵਰ', 'ਸਿਕੰਦਰਾ' (1997), 'ਬਦਲਾ ਦ ਰਿਵੈਂਜ' (2005). ਤੇ 'ਪੰਜਾਬ ਬੋਲਦਾ', 'ਹਾਣੀ' (2013) 'ਚ ਮਨਪ੍ਰੀਤ ਨੇ ਪਿੱਠਵਰਤੀ ਗਾਇਕਾ ਵਜੋਂ ਗੀਤ ਗਾਏ। ਬੇਸ਼ੱਕ ਮਨਪ੍ਰੀਤ ਨੇ ਪੰਜਾਬੀ ਫ਼ਿਲਮਾਂ ਵਿੱਚ ਕਈ ਹਿੱਟ ਗੀਤ ਗਾਏ ਪਰ ਉਹਨਾਂ ਨੂੰ ਉਦੋਂ ਬਹੁਤ ਬੁਰਾ ਲੱਗਿਆ ਅਤੇ ਬੇਹੱਦ ਦੁੱਖ ਮਹਿਸੂਸ ਹੋਇਆ ਜਦੋ ਕੁੱਝ ਪੰਜਾਬੀ ਫ਼ਿਲਮ ਸੰਗੀਤਕਾਰਾਂ ਨੇ ਆਪਣੀਆਂ ਫਿਲਮਾਂ ਲਈ ਉਨ੍ਹਾਂ ਕੋਲੋ ਗੀਤ ਤਾਂ ਗਵਾ ਲਏ ਤੇ ਰਿਕਾਰਡ ਵੀ ਕਰ ਲਿਆ ਪਰ ਗੀਤਾਂ ਨੂੰ ਪੰਜਾਬੀ ਫ਼ਿਲਮਾਂ 'ਚ ਸ਼ਾਮਿਲ ਨਾ ਕੀਤਾ।

**ਦੁਨੀਆ ਤੋਂ ਰੁਖ਼ਸਤੀ**–17 ਜਨਵਰੀ 2016 ਨੂੰ ਦਿਲ ਦੀ ਧੜਕਣ ਰੁਕ ਜਾਣ ਕਾਰਣ ਮਨਪ੍ਰੀਤ ਅਖ਼ਤਰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

**ਹਿੱਟ ਗੀਤ**–ਆਪਣੀ ਗਾਇਕੀ ਦੇ ਸਫ਼ਰ ਦੌਰਾਨ ਪਟਿਆਲਾ ਸੰਗੀਤ ਘਰਾਣੇ ਨਾਲ ਤਾਅਲੁਕ ਰੱਖਦੀ ਮਨਪ੍ਰੀਤ ਅਖ਼ਤਰ ਨੇ

## ਕਲਾ ਪਰਿਕਰਮਾ

ਅਣਗਿਣਤ ਹਿੱਟ ਗੀਤ ਗਾਏ। ਜਿੱਥੇ ਉਹਨਾਂ ਪੰਜਾਬੀ ਲੋਕ ਗੀਤ ਆਪਣੇ ਖ਼ਾਸ ਅੰਦਾਜ਼ ਵਿਚ ਗਾਏ ਉੱਥੇ ਉਹਨਾਂ ਐਸੇ ਗੀਤ ਵੀ ਗਾਏ ਜਿਨ੍ਹਾਂ ਵਿੱਚ ਉਹਨਾਂ ਦੀ ਆਵਾਜ਼ ਵਿੱਚਲਾ ਦਰਦ ਉਸ ਗੀਤ ਨੂੰ ਸੁਨਣ ਵਾਲੇ ਦੀ ਰੂਹ ਤੱਕ ਨੂੰ ਝੰਜੋੜ ਜਾਂਦਾ ਸੀ।

### ਦੋਗਾਣੇ ਗੀਤ

-ਝਾਂਜਰ ਦਾ ਛਣਕਾਰਾ, -ਬੇਰੀਏ ਨੀ ਤੈਨੂੰ ਬੇਰ, -ਪ੍ਰਦੇਸੀ ਵਸਦਿਆ ਲਾਲ ਵੇਂ, -ਸੁਪਨੇ, -ਮਹਿਬੂਬ, -ਜੱਟੀ ਨਿਕਲੀ ਸ਼ੌਕੀਨ, -ਚੰਨ ਮਾਹੀਆਂ, -ਤੈਨੂੰ ਕੀਲ ਕੇ ਪਿਟਾਰੀ ਵਿੱਚੋਂ।

### ਏਕਲ ਗੀਤ

-ਠੰਢੀ ਠੰਢੀ ਵਾਅ ਚੰਨਾ ਪੈਂਦੀਆਂ ਫੁਆਰਾਂ, -ਕਾਵਾਂ, -ਸੁਣ ਸੁਣ ਮੈਂ ਥੱਕ ਗਈ, -ਨਿੱਤ ਹਾਣ ਦੀਆਂ ਕੁੜੀਆਂ ਦੇ ਤਾਅਨੇਂ, -



ਇੱਕ ਗੇੜਾ ਅੱਡੀਆਂ, -ਕੱਲਿਆਂ ਬੈਠ ਕੇ ਰੋਣਾ, -ਛਮ ਛਮ ਸਾਵਨ ਬਰਸੇ, -ਮੁਟਿਆਰ ਚੱਲੀ।

**ਗਿੱਧੇ ਵਾਲੇ ਗੀਤ** – -ਸੱਗੀ ਗਿੱਧੇ ਦੀ ਧਮਾਲ, -ਲੰਮੀ ਹੇਕ ਵਾਲੇ ਗੀਤ, -ਵਣਜਾਰਿਆ, -ਮਿਰਜ਼ਾ, -ਹੀਰ, -ਲੋਕ ਦਾਸਤਾਨਾ, -ਸੁਹਾਗ ਨਿੱਕੜੀ ਸੂਈ ਵਟਵਾਂ ਧਾਗਾਂ, -ਬਾਬਲਾ ਪਵਾ ਦੇ ਬੇੜੀਆਂ ਆਦਿ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਸਤੰਬਰ 2025 ਹੈ। –ਸੰਪਾਦਕ*

## ਕੈਪਸ਼ਨ ਮੁਕਾਬਲਾ–706



*ਕਦੇ ਡੋਬੇ ਨੇ ਮਾਰੇ ਤੇ ਕਦੇ ਸੋਕੇ ਨੇ ਮਾਰੇ,*
*ਬਚਾਉਣੇ ਪੈਂਦੇ ਨੇ ਡੁੱਬਦੇ ਜਾਨੋਂ ਪਿਆਰੇ।*
*ਨਹੀਂ ਸ਼ੈਅ ਹੈ ਜੱਗ 'ਤੇ ਮਾਂ ਤੋਂ ਪਿਆਰੀ,*
*ਸਰਵਣ ਪੁੱਤ ਲੱਦੀ ਪਿੱਠ 'ਤੇ ਦੁਖਿਆਰੀ।*

## ਕੈਪਸ਼ਨ ਮੁਕਾਬਲਾ–704



ਵਾਹ ਮੁਸੱਵਰਾ ਸਦਕੇ ਜਾਵਾਂ,
ਜੀਅ ਕਰੇ ਬਲਿਹਾਰੇ ਜਾਵਾਂ,
ਤੇਰੀ ਅੱਖ ਕਮਾਲ ਦੀ ਅੱਖ,
ਦਿਲ ਕਰਦਾ ਹੈ ਦੇਖੀ ਜਾਵਾਂ।
ਨੋਕ ਬੁਰਸ਼ ਦੀ ਚੱਲੀ ਜਾਵੇ,
ਰੰਗਾਂ ਦੀ ਜੋ ਬਸਾਤ ਵਿਛਾਵੇ,
ਲਵੇਂ ਜੋ ਦਿਨ ਰਾਤ ਖ਼ੁਆਬ,
ਹਰ ਸੁਫ਼ਨਾ ਰੰਗੀਨ ਬਣਾਵੇਂ।
ਸੇਵਾ ਸਿੰਘ "ਨੂਰਪੁਰੀ "
ਕਲਾਕਾਰ ਦੀ ਸੋਚ ਉਡਾਰੀ
ਵਿਚ ਕੁਦਰਤ ਜਦ ਖੋ ਜਾਵੇ।
ਰੌਸ਼ਨ ਹੋਈ ਕਾਇਨਾਤ ਫਿਰ
ਵਿਚ ਤਸਵੀਰ ਸਮੋਅ ਜਾਵੇ।

***– ਜਗਮੀਤ ਸਿੰਘ ਪੰਧੇਰ***
***ਫੋਨ: +1 403-439-20008***

---

ਧਰਤ ਸੰਦਾ ਰੂਪ-ਰੰਗ,
ਬੰਦਾ ਵਿਗਾੜਦਾ।
ਆਪੇ ਆਪਣੀ ਜਾਨ,
ਦੁੱਖਾਂ ਵਿਚ ਤਾੜਦਾ।
ਮਾਂ ਆਪਣੀ ਨੂੰ ਵੀ,
ਭਲਾ ਕੋਈ ਮਾਰਦਾ?
ਆਪਣੇ ਪੈਰ ਕੁਹਾੜਾ,
ਕੀ ਕੋਈ ਮਾਰਦਾ?
ਬਣਿਆ ਪਾਣੀ ਜ਼ਹਿਰ,
ਦੋਹੀ ਸਭ ਜਗਾਹ।
ਸਾਹ ਲੈਣੋਂ ਆਵਾਜਾਰ,
ਗੰਧਲਾ ਗਈ ਹਵਾ।
ਪਸ਼ੂ-ਪੰਛੀ ਜੀਵ-ਜੰਤ,
ਬਿਰਖ ਮੁਰਝਾ ਗਏ।
ਜੰਗਲ ਬੀਆਬਾਨ,
ਸ਼ਹਿਰ ਸਭ ਖਾ ਗਏ।
ਹੋਏ ਪਹਾੜ ਰੋਡ-ਭੋਡ,
ਢਹਿ-ਢਹਿ ਜਾਂਵਦੇ।
ਬੱਦਲ ਫਟਣ ਅਚਿੰਤ,
ਕਹਿਰ ਹੜ੍ਹ ਢਾਂਵਦੇ।
ਰੁੱਤਾਂ ਬਦਲੀ ਚਾਲ,
ਬੰਦਾ ਕਮਲਾ ਗਿਆ।
ਦੋਸ਼ ਨਾ ਉੱਪਰ ਰੱਬ,
ਜੁ ਕੀਤਾ ਪਾ ਲਿਆ।
ਬਦਲੇ ਨਾ ਜੀਅ-ਜੰਤ,
ਕੁਦਰਤੀ ਹੀ ਰਹੇ।
ਮਾਣਸ ਏ ਬੁੱਧੀਮਾਨ,
'ਨਾਕਾਮ' ਕੀ ਕਹੇ।

***–ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਕਲਾਕਾਰ ਤਾਂ ਖਿੱਚ ਦਿੱਤੀ ਤਸਵੀਰ
ਸਾਇੰਸ ਦੀ ਕਸੌਟੀ 'ਤੇ
ਪਰਖਣਾ ਸਾਡਾ ਕੰਮ
ਲੋਕਾਂ ਨੂੰ ਬਣਾ ਬੁੱਧੂ ਕਿੰਝ
ਕਲਪਿਤ ਸ਼ਕਤੀ ਦਾ ਹਊਆ ਖੜ੍ਹਾ ਕਰ
ਮਾਰੇ ਗਏ ਲੁੱਟੇ ਗਏ
ਧਰਤੀ ਝੁਲਸ ਗਈ
ਅਤਿਕਥਨੀ ਕੰਮ ਨਹੀਂ ਕਰਦੀ ਹੁਣ
ਕੁਦਰਤ ਦੀ ਹਰ ਚੀਜ਼ 'ਚ
ਆਪਣੀ ਸ਼ਕਤੀ ਹੈ
ਜੋ ਹਰ ਮੌਸਮ ਮੁਤਾਬਿਕ
ਬਦਲਦੀ ਹੈ।

***–ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਕਲਮ ਦੀ ਮੈਰਾਥਨ ਦਾ ਦੌੜਾਕ ਪ੍ਰਿੰ. ਸਰਵਣ ਸਿੰਘ

**ਪੂਰਨ ਸਿੰਘ ਪਾਂਧੀ**

ਪ੍ਰਿੰ. ਸਰਵਣ ਸਿੰਘ ਪੰਜਾਬੀ ਖੇਡ-ਸਾਹਿਤ ਦਾ ਮੋਢੀ ਲੇਖਕ ਹੈ। ਕੋਈ ਉਸ ਨੂੰ ਪੰਜਾਬੀ ਖੇਡ ਪੱਤਰਕਾਰੀ ਦਾ ਕੌਮਾਂਤਰੀ ਪੱਤਰਕਾਰ ਕਹਿੰਦਾ ਹੈ ਤੇ ਕੋਈ ਖੇਡ ਸਾਹਿਤ ਦਾ ਬਾਬਾ ਬੋਹੜ। ਜਸਵੰਤ ਸਿੰਘ ਕੰਵਲ ਨੇ ਉਸ ਨੂੰ 'ਖੇਡਾਂ ਦਾ ਵਣਜਾਰਾ' ਕਹਿੰਦਿਆਂ ਲਿਖਿਆ ਸੀ: ਬੁਨਿਆਦੀ ਪੱਖੋਂ ਉਸ ਨੇ ਖੇਡ ਸਾਹਿਤ ਦਾ ਪਿੜ ਬੰਨ੍ਹ ਦਿੱਤਾ ਹੈ। ਖਿਡਾਰੀਆਂ ਦੇ ਉਤਸ਼ਾਹ ਨੂੰ ਜ਼ਰਬਾਂ ਦਿੱਤੀਆਂ ਹਨ। ਨਵੇਂ ਪੋਚ ਦੇ ਲਹੂ ਵਿਚ ਅੰਗੜਾਈਆਂ ਛੇੜੀਆਂ ਹਨ ਅਤੇ ਸੈਂਕੜੇ ਹਜ਼ਾਰਾਂ ਪਾਠਕਾਂ ਨੂੰ ਖੇਡਾਂ ਵੱਲ ਮੋੜਿਆ ਹੈ। ਡਾ. ਹਰਿਭਜਨ ਸਿੰਘ ਨੇ ਲਿਖਿਆ: ਸਰਵਣ ਸਿੰਘ 'ਸ਼ਬਦਾਂ ਦਾ ਓਲੰਪੀਅਨ' ਹੈ। ਵੇਖਣ ਨੂੰ ਉਹਦੀ ਲਿਖਤ ਸਿਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਝਾਉਲਾ ਪੈਂਦਾ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ!

ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਵਿਚ ਲਿਖਿਆ: ਸਰਵਣ ਸਿੰਘ ਦੀਆਂ ਲਿਖਤਾਂ ਵਿਚ ਵੱਖਰਾ ਹੀ ਜਨੂੰਨ ਹੈ। ਪਾਠਕ ਉਸ ਦੀਆਂ ਰਚਨਾਵਾਂ ਦੀ ਟਿਕ-ਟਿਕੀ ਲਾ ਕੇ ਉਡੀਕ ਕਰਦੇ ਹਨ। ਉਸ ਦੀਆਂ ਰਚਨਾਵਾਂ ਨੇ ਪਾਠਕਾਂ ਅੰਦਰਲਾ ਖਿਡਾਰੀ ਜੋ ਅਲੋਪ ਹੋ ਚੁੱਕਾ ਸੀ ਉਸ ਨੂੰ ਮੁੜ ਕੇ ਸੁਰਜੀਤ ਕਰ ਦਿੱਤਾ ਹੈ। ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ ਐਵਰੈੱਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਕਵੀ ਗੁਰਚਰਨ ਰਾਮਪੁਰੀ ਨੇ ਉਹਦਾ 'ਤੁਰੋ ਤੇ ਤੰਦਰੁਸਤ ਰਹੋ' ਲੇਖ ਪੜ੍ਹ ਕੇ ਚਿੱਠੀ ਲਿਖੀ: ਅਜਿਹੀ ਸੋਹਣੀ ਵਾਰਤਕ ਪੜ੍ਹ ਕੇ ਪੰਜਾਬੀ ਬੋਲੀ ਦੀ ਸਮਰੱਥਾ ਉਤੇ ਮੇਰਾ ਭਰੋਸਾ ਹੋਰ ਪੱਕਾ ਹੋ ਗਿਆ। ਤੁਹਾਡੀ ਵਾਰਤਕ ਅਜਿਹੀ ਸੰਜਮ ਭਰੀ ਹੁੰਦੀ ਹੈ ਕਿ ਤੁਹਾਡੇ ਉਤੇ ਰਸ਼ਕ ਆਉਂਦਾ ਹੈ। ਨਾਟਕਕਾਰ ਆਤਮਜੀਤ ਦੇ ਲਿਖਣ ਅਨੁਸਾਰ: ਸਰਵਣ ਸਿੰਘ ਦੀ ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਪੜ੍ਹਨ ਤੋਂ ਬਾਅਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਹ ਪੰਜਾਬੀ ਵਿਚ ਸਰਵੋਤਮ ਵਾਰਤਕ ਰਚ ਰਹੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੇਖਕਾਂ ਵਿਚੋਂ ਇੱਕ ਹੈ।

ਕੋਈ ਕਲਮਕਾਰ ਉਸ ਨੂੰ ਪੰਜਾਬੀ ਦਾ ਇੰਟਰਨੈਸ਼ਨਲ ਖੇਡ ਲੇਖਕ ਕਹਿੰਦਾ ਹੈ, ਕੋਈ ਪੰਜਾਬੀ ਖੇਡ ਸਭਿਆਚਾਰ ਦਾ ਖੇਡ ਰਤਨ ਤੇ ਕੋਈ ਗਿਆਨੀ ਗੁਰਦਿੱਤ ਸਿੰਘ ਵਰਗਾ ਪੇਂਡੂ ਰਹਿਤਲ ਦਾ ਦਿਲਚਸਪ ਲੇਖਕ। ਵਰਿਆਮ ਸਿੰਘ ਸੰਧੂ ਨੇ ਇਹ ਵੀ ਲਿਖਿਆ: ਪਿਛਲੇ ਪੰਜਾਹ-ਸੱਠਾਂ ਸਾਲਾਂ ਵਿਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸ ਦੀ ਸਭ ਤੋਂ ਵੱਡੀ ਯਾਦ-ਜੋਗ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਨ੍ਹਾਂ ਲਿਖਤਾਂ ਵਿਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਸ ਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉੱਚਾ ਨਹੀਂ ਤਾਂ ਨੀਵਾਂ ਤਾਂ ਕਿਸੇ ਸੂਰਤ ਵਿਚ ਵੀ ਨਹੀਂ।

ਗੁਰਬਚਨ ਸਿੰਘ ਭੁੱਲਰ ਨੇ ਲਿਖਿਆ: ਯੂਨੀਵਰਸਿਟੀਆਂ ਬੇਸ਼ਕ ਅੱਖਾਂ ਬੰਦ ਕਰੀ ਰੱਖਣ, ਜਿਥੋਂ ਤੱਕ ਪੰਜਾਬੀ ਖੇਡ-ਸਾਹਿਤ ਨੂੰ ਪਿਆਰ ਕਰਨ ਵਾਲਿਆਂ ਦਾ ਤੇ ਉਸ ਵਿਚ ਪਾਏ ਸਰਵਣ ਸਿੰਘ ਦੇ ਹਿੱਸੇ ਦੇ ਕਦਰਦਾਨਾਂ ਦਾ ਸੰਬੰਧ ਹੈ, ਉਹ ਪੰਜਾਬੀ ਖੇਡ-ਸਾਹਿਤ ਦਾ ਪੀਐੱਚ. ਡਾਕਟਰ ਹੀ ਨਹੀਂ, ਡੀ.ਲਿਟ ਹੈ! ਸਗੋਂ ਮੇਰੀ ਚਾਹ ਅਤੇ ਕਲਪਨਾ ਤਾਂ ਇਸ ਤੋਂ ਵੀ ਅੱਗੇ ਜਾਂਦੀ ਹੈ। ਪੰਜਾਬ ਦੀ ਕੋਈ ਦੂਰਦਰਸ਼ੀ ਸਰਕਾਰ ਹੋਵੇ ਤੇ ਖੇਡ-ਯੂਨੀਵਰਸਿਟੀ ਕਾਇਮ ਕਰ ਕੇ ਸਾਰੀਆਂ ਖੇਡਾਂ ਦੇ ਕਣ-ਕਣ ਦੇ ਗਿਆਤਾ ਸਰਵਣ ਸਿੰਘ ਨੂੰ ਉਹਦਾ ਵਾਈਸ-ਚਾਂਸਲਰ ਬਣਾਵੇ। ਸਰਕਾਰ ਬਣਾਵੇ, ਨਾ ਬਣਾਵੇ, ਸਰਵਣ ਸਿੰਘ ਖੇਡ-ਸਾਹਿਤ ਦੇ ਵਿਕਾਸ ਦਾ ਨਿਰਵਿਵਾਦ ਵਾਈਸ-ਚਾਂਸਲਰ ਹੈ।

ਸੱਠ-ਪੈਂਟ੍ਹ ਸਾਲਾਂ ਤੋਂ ਉਸ ਦੀ ਕਲਮ ਲਗਾਤਾਰ ਚੱਲ ਰਹੀ ਹੈ। ਪੱਚੀ ਛੱਬੀ ਕਿਤਾਬਾਂ ਤਾਂ ਉਸ ਨੇ ਖੇਡਾਂ ਖਿਡਾਰੀਆਂ ਬਾਰੇ ਹੀ ਲਿਖ ਧਰੀਆਂ ਹਨ ਤੇ ਪੱਚੀ ਤੀਹ ਹੋਰਨਾਂ ਸਾਹਿਤ ਵਿਧਾਵਾਂ ਵਿਚ ਲਿਖੀਆਂ ਹਨ। ਨਾਵਲ ਤੇ ਨਾਟਕ ਤੋਂ ਬਿਨਾਂ ਸ਼ਾਇਦ ਹੀ ਕੋਈ ਸਾਹਿਤ ਦਾ ਰੂਪ ਹੋਵੇ ਜਿਸ ਵਿਚ ਉਸ ਨੇ ਨਾ ਲਿਖਿਆ ਹੋਵੇ। ਨਾਲੇ ਅਜੇ ਕਿਹੜਾ ਬੱਸ ਹੈ! ਅੱਜ ਕੱਲ੍ਹ ਬਾਬਾ ਫੌਜਾ ਸਿੰਘ ਦੀ ਜੀਵਨੀ ਲਿਖ ਰਿਹੈ ਤੇ ਨਾਲ ਹੀ ਦੋਹਾਂ ਦਾਰਿਆਂ ਦੀ ਦਾਸਤਾਨ। ਉਹਦੀ ਕਲਮ ਦੀ ਮੈਰਾਥਨ ਅਜੇ ਜਾਰੀ ਹੈ। ਵੇਖਦੇ ਹਾਂ ਕਦੋਂ ਬੱਸ ਕਰਦੈ?

ਉਸ ਨੇ ਨਾਮੀ ਖਿਡਾਰੀਆਂ ਦੀ ਲਗਨ, ਮਿਹਨਤ, ਸਿਦਕ ਤੇ ਸਿਰੜ, ਉਨ੍ਹਾਂ ਦੀ ਖਾਧ-ਖੁਰਾਕ ਤੇ ਉਨ੍ਹਾਂ ਦੀਆਂ ਖੇਡਾਂ ਨੂੰ ਬਹੁਤ ਬਰੀਕੀ ਨਾਲ਼ ਦੇਖਿਆ ਤੇ ਆਪਣੀ ਵਿਲੱਖਣ ਲਿਖਣ-ਸ਼ੈਲੀ 'ਚ ਉਨ੍ਹਾਂ ਦਾ ਵਰਨਣ ਕੀਤਾ ਹੈ। ਕੇਵਲ ਅਜੋਕੇ ਸਮੇ ਦੀਆਂ ਖੇਡਾਂ ਬਾਰੇ ਹੀ ਨਹੀਂ; ਸਗੋਂ ਬਹੁਤ ਸਾਰੀਆਂ ਅਲੋਪ ਹੋ ਰਹੀਆਂ ਖੇਡਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਕਲਮ ਦੀ ਰਫਤਾਰ ਅਜੇ ਵੀ ਮੈਰਾਥਨ ਦੀ ਚਾਲ ਚੱਲ ਰਹੀ ਹੈ। ਹਰ ਸਾਲ ਇੱਕ ਦੋ ਕਿਤਾਬਾਂ ਛਪੀ ਜਾ ਰਹੀਆਂ ਹਨ।

ਸਰਵਣ ਸਿੰਘ ਦਾ ਜਨਮ ਸ. ਬਾਬੂ ਸਿੰਘ ਸੰਧੂ ਦੇ ਘਰ ਮਾਤਾ ਕਰਤਾਰ ਕੌਰ ਦੀ ਕੁਖੋਂ 8 ਜੁਲਾਈ 1940 ਨੂੰ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਮੁੱਢਲੀ ਪੜ੍ਹਾਈ ਚਕਰ, ਹਾਈ ਸਕੂਲ ਮੱਲ੍ਹਾ, ਕਾਲਜ ਦੀ ਫਾਜ਼ਿਲਕਾ, ਬੀ.ਐੱਡ ਮੁਕਤਸਰ ਤੇ ਐਮ.ਏ. ਦੀ ਦਿੱਲੀ ਯੂਨੀਵਰਸਿਟੀ ਤੋਂ ਕਰ ਕੇ 1965 'ਚ ਦਿੱਲੀ ਦੇ ਖਾਲਸਾ ਕਾਲਜ ਵਿਚ ਲੈਕਚਰਾਰ ਲੱਗ ਗਿਆ ਸੀ। 1967 ਵਿਚ ਢੁੱਡੀਕੇ ਕਾਲਜ ਬਣਿਆ ਤਾਂ ਜਸਵੰਤ ਸਿੰਘ ਕੰਵਲ ਨੇ ਦਿੱਲੀ ਤੋਂ ਪੁੱਟ ਕੇ ਢੁੱਡੀਕੇ ਲੈ ਆਂਦਾ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੇਂਡੂ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਖਿਡਾਇਆ। ਪੜ੍ਹਾਈ ਨਾਲ ਖੇਡਾਂ ਵਿਚ ਵੀ ਯੂਨੀਵਰਸਿਟੀ ਦੀਆਂ ਟਰਾਫੀਆਂ ਜਿੱਤੀਆਂ ਜਿਸ ਨਾਲ ਢੁੱਡੀਕੇ ਕਾਲਜ ਦੀ ਬੱਲੇ-ਬੱਲੇ ਹੋਈ।

1996 ਤੋਂ 2000 ਤਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਬਣ ਕੇ ਖੇਡ ਟਰਾਫੀਆਂ ਉਸ ਕਾਲਜ ਨੂੰ ਵੀ ਜਿੱਤਵਾਈਆਂ ਤੇ ਪੇਂਡੂ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਸਵਾ ਤਿੰਨ ਸੌ ਤੋਂ ਸਾਢੇ ਗਿਆਰਾਂ ਸੌ ਤਕ ਪੁਚਾਈ। ਉਹ ਕਾਲਜ ਸ. ਗੁਰਚਰਨ ਸਿੰਘ ਸ਼ੇਰਗਿੱਲ ਨੇ ਆਪਣੇ ਇਕਲੌਤੇ ਪੁੱਤਰ ਅਮਰਦੀਪ ਦੀ ਯਾਦ ਵਿਚ ਸਥਾਪਿਤ ਕੀਤਾ ਸੀ। ਡਾ. ਸਰਦਾਰਾ ਸਿੰਘ ਜੌਹਲ ਜੋ ਮੁਕੰਦਪੁਰ ਵਿਆਹੇ ਸਨ, ਉਨ੍ਹਾਂ ਨੂੰ ਉਮਰ ਭਰ ਲਈ ਕਾਲਜ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ। ਜੌਹਲ ਸਾਹਿਬ ਹੀ ਕੰਵਲ ਸਾਹਿਬ ਦੀ ਸਲਾਹ ਨਾਲ ਪ੍ਰੋ. ਸਰਵਣ ਸਿੰਘ ਨੂੰ ਢੁੱਡੀਕੇ ਦੇ ਪੇਂਡੂ ਕਾਲਜ ਤੋਂ ਮੁਕੰਦਪੁਰ ਦੇ ਪੇਂਡੂ ਕਾਲਜ ਵਿਚ ਲੈ ਗਏ ਸਨ।

ਮੈਂ ਆਪਣੀ ਕਿਤਾਬ 'ਮੇਰੇ ਸਜਣ ਮੀਤ ਮੁਰਾਰੇ ਜੀਓ' ਵਿਚ ਇਨ੍ਹਾਂ ਦੇ ਸ਼ਬਦ ਚਿੱਤਰ ਦਾ ਸਿਰਲੇਖ ਦਿੱਤਾ ਸੀ: 'ਸੁਰੀਲੀਆਂ ਸੁਰਾਂ ਦਾ ਸੰਗੀਤ ਸਰਵਣ ਸਿੰਘ'। ਕਾਵਿਕ ਸੰਸਾਰ ਅਨੁਸਾਰ ਜੇ ਕਿਸੇ ਵਾਕ ਜਾਂ ਸਤਰ ਵਿਚ, ਇੱਕ ਤੋਂ ਵਧੇਰੇ ਅੱਖਰ ਜਾਂ ਸ਼ਬਦ ਵਾਰ-ਵਾਰ ਆਉਣ ਅਤੇ ਲੈਅ ਪੈਦਾ ਕਰਨ ਉਸ ਅਲੰਕਾਰ ਨੂੰ ਅਨੁਪ੍ਰਾਸ ਅਲੰਕਾਰ ਆਖਿਆ ਜਾਂਦੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਅਲੰਕਾਰ ਦੀਆਂ ਬਹੁਤ ਖੂਬਸੂਰਤ ਮਿਸਾਲਾਂ ਹਨ।

ਪ੍ਰਿੰ. ਸਰਵਣ ਸਿੰਘ ਦੀ ਵਾਰਤਕ-ਸ਼ੈਲੀ ਕਿਸੇ ਹੋਰ ਦੀ ਨਕਲ ਨਹੀਂ, ਉਸ ਨੇ ਕਿਸੇ ਦੀ ਵੱਟ 'ਤੇ ਖਲੋਅ ਕੇ ਹਾਕਾਂ ਨਹੀਂ ਮਾਰੀਆਂ, ਆਪਣੇ ਆਪ ਸਿੱਧੇ ਬਨੇਰਿਆਂ ਨੂੰ ਹੱਥ ਪਾਏ ਹਨ ਅਤੇ ਮਮਟੀਆਂ 'ਤੇ ਚੜ੍ਹ ਕੇ ਆਪਣੀ ਚਮਕ ਬਿਖੇਰੀ ਹੈ। ਆਪਣੇ ਨਗਮੇ ਦੀ ਸਰਗਮ ਉਸ ਨੇ ਆਪ ਤਿਆਰ ਕੀਤੀ ਹੈ। ਇਹ ਉਸ ਦਾ ਮੌਲਕ ਨਗਮਾ ਹੈ। ਉਸ ਦੀ ਵਾਰਤਕ ਨਾਲ਼ ਖੇਡਾਂ ਬਾਰੇ ਇੱਕ ਨਵੀਂ ਤੇ ਨਿਵੇਕਲੀ ਖੇਡ-ਸ਼ੈਲੀ ਹੋਂਦ ਵਿਚ ਆਈ ਹੈ। ਖੇਡ ਖੇਤਰ ਵਿਚ ਸਾਦੇ ਤੇ ਸੌਖੇ ਸ਼ਬਦ ਅਤੇ ਚੁਸਤ ਛੋਟੀ ਵਾਕ ਬਣਤਰ ਦਾ ਹੋਣਾ ਜ਼ਰੂਰੀ ਹੈ। ਇਸੇ ਗੁਣ ਕਰਕੇ ਉਸ ਦੀ ਵਾਰਤਕ ਲੰਮੇ, ਭਾਰੇ ਤੇ ਔਖੇ ਫਿਕਰਿਆਂ ਦਾ ਜਾਲ਼ ਜੰਜਾਲ ਨਹੀਂ। ਉਹ ਵਿਸ਼ੇਸ਼ਣਾਂ, ਕਿਰਿਆ ਵਿਸ਼ੇਸ਼ਣਾਂ ਦੀ ਸੁਰਖੀ ਬਿੰਦੀ ਨਹੀਂ ਲਾਉਂਦਾ, ਅਲੰਕਾਰਾਂ, ਕੁਟੇਸ਼ਨਾਂ ਜਾਂ ਕਾਵਿ-ਟੋਟਿਆਂ ਨਾਲ਼ ਵਾਰਤਕ ਦਾ ਹਾਰ ਸ਼ਿੰਗਾਰ ਨਹੀਂ ਕਰਦਾ।

ਉਹਦੀ ਵਾਰਤਕ ਸਹਿਜ ਸੁਭਾਅ ਤੇ ਸਿੱਧੀਆਂ ਸਪੱਸ਼ਟ ਗੱਲਾਂ ਹੁੰਦੀਆਂ ਹਨ। ਫਿਰ ਵੀ ਉਸ ਦੀ ਵਾਰਤਕ-ਸ਼ੈਲੀ ਵਿਚ ਪੇਂਡੂ ਮੁਟਿਆਰ ਦੀ ਸਾਦਗੀ ਵਰਗਾ ਲੋਹੜਿਆਂ ਦਾ ਹੁਸਨ ਤੇ ਅੰਤਾਂ ਦੀ ਖੂਬਸੂਰਤੀ ਹੁੰਦੀ ਹੈ। ਵਾਕ-ਬਣਤਰ ਵਿਚ ਇੰਨਾ ਤੇਜ਼ ਤੇ ਤਿੱਖਾ ਪ੍ਰਭਾਵ ਹੁੰਦਾ ਹੈ ਅਤੇ ਬਿਆਨ ਵਿਚ ਇੰਨਾ ਵੇਗ ਤੇ ਵਹਾਅ ਹੁੰਦਾ ਹੈ ਕਿ ਨਗਮੇ ਦੀ ਧੁਨ ਵਾਂਗ ਹਰ ਵਾਕ ਵਿਚ, ਇੱਕ ਇੱਕ ਸ਼ਬਦ ਤਾਲ ਦਿੰਦਾ ਤੇ ਅੱਖਰ ਨ੍ਰਿਤ ਕਰਦੇ ਜਾਪਦੇ ਹਨ। ਦ੍ਰਿਸ਼ ਵਰਣਨ ਇੰਨਾ ਤੀਬਰ ਤੇ ਰੌਚਕ ਹੁੰਦਾ ਹੈ ਕਿ ਪਾਠਕ ਪੱਬਾਂ ਭਾਰ ਹੁੰਦਾ, ਖਿਡਾਰੀ ਦੇ ਸਾਹਾਂ ਨਾਲ ਸਾਹੋ ਸਾਹ ਹੋਇਆ ਮਹਿਸੂਸ ਕਰਦਾ ਹੈ। ਉਹਦੀ ਵਾਰਤਕ ਦੀ ਫਲਸਫਾਨਾ ਵੰਨਗੀ ਵੀ ਵੇਖੋ: ਸ੍ਰਿਸ਼ਟੀ ਅਲੌਕਿਕ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਹਨ। ਜੀਵਨ ਇੱਕ ਖੇਡ ਹੀ ਤਾਂ ਹੈ। ਜੀਵ ਆਉਂਦੇ ਹਨ ਤੇ ਤੁਰੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ ਉਹ ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਡੰਕ ਬਜਾਈ। ਸਭ ਖਲਕ ਤਮਾਸ਼ੇ ਆਈ।

ਪ੍ਰਿੰ. ਸਰਵਣ ਸਿੰਘ ਦੀ ਲਿਖਣ-ਸ਼ੈਲੀ ਹੋਵੇ, ਬੋਲਣ-ਸ਼ੈਲੀ ਜਾਂ ਉਸ ਦੀ ਸਮੁੱਚੀ ਜੀਵਨ-ਸ਼ੈਲੀ; ਉਸ ਨੂੰ ਜਿਸ ਕੋਨ ਤੋਂ ਮਰਜ਼ੀ ਦੇਖ ਲਵੋ, ਜਿੱਥੋਂ ਮਰਜ਼ੀ ਫਰੋਲ਼ ਲਵੋ; ਹਰ ਥਾਂ ਸਹਿਜ ਤੇ ਸੁਰੀਲੀਆਂ ਸੁਰਾਂ ਦਾ ਸੰਗੀਤ ਸੁਣਾਈ ਦੇਵੇਗਾ। ਗੱਲ ਕਰੇਗਾ ਠਰੰਮੇ ਤੇ ਧੀਮੇ ਅੰਦਾਜ਼ ਵਿਚ, ਜਿਵੇਂ ਮੰਦਰ ਸਪਤਕ ਦੀਆਂ ਸੁਰਾਂ ਵਿਚ ਸਹਿਗਲ ਗੀਤ ਗਾ ਰਿਹਾ ਹੋਵੇ। ਚੋਣਵੇਂ ਸ਼ਬਦ, ਢੁਕਵੇਂ ਬੋਲ ਤੇ ਉਚਾਰਣ ਵਿਚ ਕਿਸੇ ਮੁਟਿਆਰ ਦੀ ਫੁਲਕਾਰੀ ਦੇ ਉੱਭਰਦੇ ਰੰਗਾਂ ਵਰਗਾ ਹੁਸਨ। ਸਾਦਾ ਰਹਿਣ ਸਹਿਣ, ਸਾਦਾ ਪਹਿਨਣ-ਪੱਚਰਣ ਤੇ ਸਾਦਾ ਖਾਣ-ਪੀਣ। ਕਿਸੇ ਥਾਂ ਉਚੇਚ ਜਾਂ ਬਣਾਵਟ ਨਹੀਂ, ਕੋਈ ਓਪਰਾਪਣ ਜਾਂ ਦਿਖਾਵਾ ਨਹੀਂ। ਨਿੰਦਾ, ਚੁਗਲੀ ਜਾਂ ਈਰਖਾ ਕਰਨੀ ਉਹਦੇ ਖ਼ਮੀਰ ਵਿਚ ਹੀ ਨਹੀਂ। ਬੁਰਾ ਕਰਨਾ ਜਾਂ ਬੇਵਫ਼ਾਈ ਕਰਨੀ ਉਸ ਦੀ ਜ਼ਮੀਰ ਵਿਚ ਨਹੀਂ। ਉੱਚੀ ਬੋਲ ਕੇ ਜਾਂ ਧੱਕੇ ਨਾਲ਼ ਗੱਲ ਕਰਨ ਦਾ ਉਸ ਦਾ ਸੁਭਾਅ ਨਹੀਂ, ਕਿਸੇ ਦੀ ਗੱਲ ਰੋਕਣ-ਟੋਕਣ ਦੀ ਵੀ ਉਸ ਦੀ ਆਦਤ ਨਹੀਂ। ਗੱਲ ਸੁਣੇਗਾ ਧੀਰਜ ਤੇ ਠਰੰਮੇ ਨਾਲ਼, ਉੱਤਰ ਦੇਵੇਗਾ ਦਲੀਲ ਤੇ ਵਿਸਥਾਰ ਨਾਲ਼। ਦਲੀਲ ਨੂੰ ਜ਼ੋਰ ਨਾਲ਼ ਪ੍ਰਗਟਾਉਣ ਦੀ ਥਾਂ ਜ਼ੋਰਦਾਰ ਦਲੀਲ ਨੂੰ ਧੀਰਜ ਤੇ ਸਹਿਜ ਨਾਲ਼ ਪ੍ਰਗਟਾਉਣ ਗੁਰ ਸਰਵਣ ਸਿੰਘ ਦੀ ਬੋਲ ਚਾਲ 'ਚੋਂ ਵੇਖਿਆ ਜਾ ਸਕਦਾ ਹੈ।

ਪ੍ਰਿੰ. ਸਰਵਣ ਸਿੰਘ ਨੂੰ ਅਨੇਕਾਂ ਮਾਣ-ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਜਿਵੇਂ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਪੰਜਾਬੀ ਸੱਥ ਲਾਂਬੜਾਂ ਦਾ ਵਾਰਸ ਸ਼ਾਹ ਅਵਾਰਡ, ਸਾਹਿਤ ਟ੍ਰਸਟ ਢੁੱਡੀਕੇ ਦਾ ਅਵਾਰਡ, ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਖੇਡ-ਸਾਹਿਤ ਦਾ ਨੈਸ਼ਨਲ ਅਵਾਰਡ, ਪਰਵਾਸੀ ਅਦਾਰੇ ਦਾ ਪਰਵਾਸੀ ਸਾਹਿਤਕਾਰ ਅਵਾਰਡ, ਗਲੋਬਲ ਪੰਜਾਬੀ ਗੌਰਵ ਅਵਾਰਡ। ਇਨ੍ਹਾਂ ਤੋਂ ਇਲਾਵਾ ਸਾਹਿਤ ਸਭਾਵਾਂ ਤੇ ਖੇਡ ਮੇਲਿਆਂ ਦੇ ਅਨੇਕਾਂ ਮਾਣ-ਸਨਮਾਲ ਮਿਲੇ ਹਨ।

ਪ੍ਰਿੰਸੀਪਲ ਸਰਵਣ ਸਿੰਘ ਨੂੰ ਹੁਣ 'ਕਲਮਾਂ ਦੀ ਸਾਂਝ ਸਾਹਿਤ ਸਭਾ' ਦੇ ਸੁਘੜ ਸੁਜਾਨ ਪ੍ਰਧਾਨ ਸ. ਹਰਦਿਆਲ ਸਿੰਘ ਝੀਤਾ ਅਤੇ ਨਾਮਧਾਰੀ ਸਭਾ ਦੇ ਉੱਦਮੀ ਤੇ ਉਤਸ਼ਾਹੀ ਪ੍ਰਧਾਨ ਸ. ਕਰਨੈਲ ਸਿੰਘ ਮਰਵਾਹਾ ਵੱਲੋਂ ਤੀਸਰਾ 'ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ' ਦਿੱਤਾ ਜਾ ਰਿਹੈ। ਸਮਾਗਮ 14 ਸਤੰਬਰ ਐਤਵਾਰ ਨੂੰ 11 ਵਜੇ, ਪੰਜਾਬ ਭਵਨ ਬਰੈਂਪਟਨ, 114 ਕਨੇਡੀ ਰੋਡ ਵਿਖੇ ਹੋਵੇਗਾ। ਸਾਹਿਤ ਪ੍ਰੇਮੀਆਂ, ਖਿਡਾਰੀਆਂ ਤੇ ਪ੍ਰਿੰ. ਸਰਵਣ ਸਿੰਘ ਦੇ ਸ਼ੁਭਚਿੰਤਕਾਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ।

## ਪ੍ਰਿੰਸੀਪਲ ਸਰਵਣ ਸਿੰਘ ਨੂੰ ਮਿਲੇਗਾ 'ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ'



ਪ੍ਰਿੰਸੀਪਲ ਸਰਵਣ ਸਿੰਘ ਖੇਡ ਜਗਤ ਦੀ ਨਾਮਵਰ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਪਚਵੰਜਾ ਪੁਸਤਕਾਂ ਵਿਚੋਂ ਪੱਚੀ ਪੁਸਤਕਾਂ ਖੇਡਾਂ ਤੇ ਖਿਡਾਰੀਆਂ ਬਾਰੇ ਹੀ ਹਨ। ਉਹ ਖ਼ੁਦ ਖਿਡਾਰੀ, ਕੋਚ, ਰੈਫਰੀ, ਖੇਡ ਪ੍ਰਬੰਧਕ, ਖੇਡ ਪ੍ਰਮੋਟਰ, ਖੇਡ ਬੁਲਾਰੇ, ਖੇਡ ਪੱਤਰਕਾਰ, ਸ਼੍ਰੋਮਣੀ ਪੰਜਾਬੀ ਲੇਖਕ, ਪੰਜਾਬੀ ਦੇ ਪ੍ਰੋਫ਼ੈਸਰ, ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟਰ, ਸਿੰਡਕ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ ਵਿਸ਼ਵ ਕਬੱਡੀ ਕੱਪ ਪੰਜਾਬ ਵਿਚ ਅਹਿਮ ਰੋਲ ਨਿਭਾਇਆ ਅਤੇ ਖਿਡਾਰੀਆਂ ਤੇ ਖੇਡ ਪ੍ਰਮੋਟਰਾਂ ਦੇ ਕਦਰਦਾਨ ਹਨ। ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਸੈਂਕੜੇ ਖਿਡਾਰੀਆਂ ਤੇ ਖੇਡ ਮੇਲਿਆਂ ਬਾਰੇ ਲਿਖਿਆ ਅਤੇ ਖਿਡਾਰੀਆਂ ਦੀਆਂ ਜੀਵਨੀਆਂ ਲਿਖੀਆਂ।

ਪਿੰਡਾਂ ਦੇ ਖੇਡ ਮੇਲਿਆਂ ਤੋਂ ਲੈ ਕੇ ਨੈਸ਼ਨਲ, ਏਸ਼ਿਆਈ, ਕਾਮਨਵੈਲਥ, ਓਲੰਪਿਕ ਖੇਡਾਂ ਤੇ ਵਿਸ਼ਵ ਕੱਪਾਂ ਬਾਰੇ ਲਿਖਦਿਆਂ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਨੂੰ ਭਾਰਤੀ ਤੇ ਕੌਮਾਂਤਰੀ ਭਾਸ਼ਾਵਾਂ ਦੇ ਮੰਚ 'ਤੇ ਸਨਮਾਨਯੋਗ ਸਥਾਨ ਦਿਵਾਇਆ। ਉਹ ਛੇ ਦਹਾਕਿਆਂ ਤੋਂ ਲਗਾਤਾਰ ਲਿਖਦੇ ਆ ਰਹੇ ਹਨ। ਪੰਜਾਬੀ ਜਗਤ ਦਾ ਸ਼ਾਇਦ ਹੀ ਕੋਈ ਮੈਗਜ਼ੀਨ ਜਾਂ ਅਖ਼ਬਾਰ ਹੋਵੇ ਜਿਸ ਵਿਚ ਉਨ੍ਹਾਂ ਦੀਆਂ ਲਿਖਤਾਂ ਨਾ ਛਪੀਆਂ ਹੋਣ। ਉਨ੍ਹਾਂ ਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ ਚਾਰ ਜਿਲਦਾਂ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ, ਵਿਚ ਕਲਮਬੱਧ ਕੀਤਾ ਹੈ।

ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਸਤਾਸੀ ਖੇਡਾਂ ਦਾ ਵੇਰਵਾ ਦਿੱਤਾ ਹੈ ਅਤੇ ਨੈਸ਼ਨਲ ਬੁੱਕ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਪੰਜਾਸੀ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕੇ ਹਨ। 'ਪੰਜਾਬ ਦੇ ਕੋਹੇਨੂਰ' ਪੁਸਤਕ ਦੇ ਤਿੰਨ ਭਾਗਾਂ ਵਿਚ ਤੇਈ ਹੀਰਿਆਂ ਦੀਆਂ ਲੰਮੀਆਂ ਬਾਤਾਂ ਪਾਈਆਂ ਹਨ। ਮੌਲਿਕ ਪੁਸਤਕਾਂ ਰਚਣ ਨਾਲ ਉਨ੍ਹਾਂ ਨੇ ਕੁਝ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦ ਵੀ ਕੀਤਾ ਹੈ।

ਉਹ ਅਨੇਕਾਂ ਨਵੇਂ ਪੰਜਾਬੀ ਖੇਡ ਲੇਖਕਾਂ ਦੇ ਪ੍ਰੇਰਨਾਸ੍ਰੋਤ ਹਨ ਜਿਨ੍ਹਾਂ ਨੇ ਲਗਭਗ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਨੂੰ ਦੇਸ਼ ਵਿਦੇਸ਼ ਦੇ ਖੇਡ ਮੇਲੇ ਕਵਰ ਕਰਦਿਆਂ ਅਨੇਕਾਂ ਮਾਣ-ਸਨਮਾਨ ਮਿਲੇ। ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਨੂੰ 'ਖੇਡਾਂ ਦਾ ਵਣਜਾਰਾ', ਡਾ. ਹਰਿਭਜਨ ਸਿੰਘ ਨੇ 'ਸ਼ਬਦਾਂ ਦਾ ਓਲੰਪੀਅਨ' ਤੇ ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ' ਕਿਹਾ ਅਤੇ ਹੋਰ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ਸਲਾਹਿਆ ਤੇ ਵਡਿਆਇਆ। ਉਨ੍ਹਾਂ ਦੀ ਕਲਮ ਦੀ ਮੈਰਾਥਨ ਦੌੜ 1960ਵਿਆਂ ਤੋਂ ਜਾਰੀ ਹੈ। ਪ੍ਰਿੰਸੀਪਲ ਸਰਵਣ ਸਿੰਘ ਜੀ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

# ਵਿਦੇਸ਼ਾਂ ਵਿਚ ਪੰਜਾਬੀ ਭਾਈਚਾਰਾ ਹੋ ਰਿਹੈ ਆਪਸੀ ਫੁੱਟ ਦਾ ਸ਼ਿਕਾਰ



**ਸੁਖਪਾਲ ਗਿੱਲ**

ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਅੰਦਰ, ਨਵੀਆਂ ਜਥੇਬੰਦੀਆਂ ਅਤੇ ਕਲੱਬਾਂ ਦਾ ਬਣਨਾ ਲਗਾਤਾਰ ਜਾਰੀ ਹੈ। ਪਰ ਅਫ਼ਸੋਸ, ਇਹ ਵਾਧਾ ਇੱਕਜੁੱਟਤਾ ਦੀ ਬਜਾਏ ਹਉਮੈ, ਲੀਡਰਸ਼ਿਪ ਦੀ ਲਾਲਸਾ, ਅਤੇ ਆਪਣੇ ਆਪ ਨੂੰ ਦੂਜਿਆਂ ਤੋਂ ਵੱਖ ਸਾਬਿਤ ਕਰਨ ਦੀ ਦੌੜ ਦਾ ਨਤੀਜਾ ਜਾਪਦਾ ਹੈ। ਇਸ ਸਥਿਤੀ ਦਾ ਭਾਈਚਾਰੇ 'ਤੇ ਡੂੰਘਾ ਅਸਰ ਪੈ ਰਿਹਾ ਹੈ।

ਵੱਖ-ਵੱਖ ਕਲੱਬਾਂ ਦੀ ਭਰਮਾਰ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਚੰਦੇ ਦੀ ਵਾਰ-ਵਾਰ ਮੰਗ ਹੈ। ਜਦੋਂ ਇੱਕੋ ਸਮੂਹ ਦੇ ਲੋਕਾਂ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਵਾਰ-ਵਾਰ ਚੰਦੇ ਲਈ ਕਿਹਾ ਜਾਂਦਾ ਹੈ, ਤਾਂ ਉਹ ਧਾਰਮਿਕ ਜਾਂ ਸਮਾਜਿਕ ਕੰਮਾਂ ਵਿਚੋਂ ਦਿਲਚਸਪੀ ਗੁਆ ਬੈਠਦੇ ਹਨ। ਇਸ ਨਾਲ ਲੋਕਾਂ ਦਾ ਵਿਸ਼ਵਾਸ ਘਟਦਾ ਹੈ ਅਤੇ ਭਾਈਚਾਰਕ ਗਤੀਵਿਧੀਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਵੀ ਘਟ ਜਾਂਦੀ ਹੈ।

ਇਸ ਦੇ ਨਾਲ ਹੀ, ਸਾਂਝੀ ਕੋਸ਼ਿਸ਼ ਦੀ ਥਾਂ ਮੁਕਾਬਲੇ ਦੀ ਮਾਨਸਿਕਤਾ ਵੀ ਵਧ ਰਹੀ ਹੈ। ਜਥੇਬੰਦੀਆਂ ਇੱਕ-ਦੂਜੇ ਨਾਲ ਸਹਿਯੋਗ ਕਰਨ ਦੀ ਬਜਾਏ, ਇੱਕ-ਦੂਜੇ ਨਾਲ ਮੁਕਾਬਲਾ ਕਰਨ ਲੱਗ ਪੈਂਦੀਆਂ ਹਨ। ਇਸ ਕਾਰਨ ਭਾਈਚਾਰੇ ਵਿਚ ਫੁੱਟ ਪੈਦਾ ਹੁੰਦੀ ਹੈ।

ਇਸ ਸਭ ਦਾ ਨਤੀਜਾ ਇਹ ਹੈ ਕਿ ਵੱਡੇ ਸਮਾਜਿਕ ਕੰਮ, ਜਿਵੇਂ ਕਿ ਸਿੱਖਿਆ, ਸਿਹਤ ਅਤੇ ਭਲਾਈ ਨਾਲ ਸਬੰਧਤ ਪ੍ਰੋਜੈਕਟ, ਅਧੂਰੇ ਰਹਿ ਜਾਂਦੇ ਹਨ। ਪੈਸਾ, ਸਮਾਂ ਅਤੇ ਸਾਧਨ ਵੰਡੇ ਜਾਂਦੇ ਹਨ, ਪਰ ਉਨ੍ਹਾਂ ਦਾ ਕੋਈ ਵੱਡਾ ਨਤੀਜਾ ਸਾਹਮਣੇ ਨਹੀਂ ਆਉਂਦਾ। ਭਾਈਚਾਰੇ ਨੂੰ ਇਸ ਸਥਿਤੀ ਨੂੰ ਸੁਧਾਰਨ ਲਈ ਇੱਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ।

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-2

*ਇਸ ਲੇਖ ਵਿਚ ਅਤਰਜੀਤ ਸਿੰਘ ਪੰਜਾਬ ਵਿਚ ਨਕਸਲੀ ਲਹਿਰ ਦੇ ਮੁੱਢਲੇ ਦਿਨਾਂ ਦੌਰਾਨ ਲਹਿਰ ਦੇ ਆਗੂਆਂ ਨਾਲ ਆਪਣੇ ਸਬੰਧਾਂ ਨੂੰ ਲੈ ਕੇ ਆਪਣੀਆਂ ਯਾਦਾਂ ਸਾਂਝੀਆਂ ਕਰ ਰਹੇ ਹਨ। ਪ੍ਰੋ. ਹਰਭਜਨ ਸੋਹੀ ਅਤੇ ਕਾਮਰੇਡ ਹਾਕਮ ਸਿੰਘ ਸਮਾਉਂ ਅਤੇ ਉਨ੍ਹਾਂ ਦੇ ਨਾਲ ਹੀ ਬਾਬਾ ਬੂਝਾ ਸਿੰਘ ਇਸ ਲਹਿਰ ਦੇ ਮੁੱਢਲੇ ਆਗੂਆਂ ਵਿਚੋਂ ਸਨ ਤੇ ਇਹ ਲੋਕ ਰਵਾਇਤੀ ਕਮਿਊਨਿਸਟ ਧਿਰਾਂ, ਖਾਸ ਕਰਕੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨਾਲ ਬੇਰੁਖ਼ ਕਿਉਂ ਹੋਏ ਅਤੇ ਇਹ ਕਿਹੜੇ ਆਦਰਸ਼ਾਂ ਨੂੰ ਪ੍ਰਣਾਏ ਹੋਏ ਸਨ, ਇਸ ਦਾ ਵਿਸਥਾਰ ਸਹਿਤ ਵਰਣਨ ਇਸ ਲੇਖ ਵਿਚ ਕੀਤਾ ਗਿਆ ਹੈ। ਆਪਣੀਆਂ ਯਾਦਾਂ ਦੀ ਪਹਿਲੀ ਕਿਸ਼ਤ ਵਿਚ ਉਨ੍ਹਾਂ ਨੇ ਲਹਿਰ ਅੰਦਰ ਉਭਰਨ ਵਾਲੇ ਮਤਭੇਦਾਂ ਬਾਰੇ ਸੰਕੇਤ ਦਿੱਤੇ ਸਨ। ਇਸ ਕਿਸ਼ਤ ਵਿਚ ਉਨ੍ਹਾਂ ਵਲੋਂ ਇਹ ਲਹਿਰ ਅੱਗੇ ਕਿਵੇਂ ਵਧੀ ਅਤੇ ਇਸ ਦੇ ਰਾਹ ਵਿਚ ਆਈਆਂ ਮੁਸ਼ਕਿਲਾਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

1962 ਤੋਂ ਪਹਿਲਾਂ ਤਾਂ ਇੱਕ ਹੀ ਕਮਿਊਨਿਸਟ ਪਾਰਟੀ ਸੀ, ਸੀ.ਪੀ.ਆਈ.। '62 ਵਿਚ ਚੀਨ ਨਾਲ ਝਗੜਾ ਹੋ ਗਿਆ। ਪਾਰਟੀ ਵਿਚ ਹਮਲਾਵਰ ਸ਼ਬਦ ਉੱਪਰ ਮੱਤ-ਭੇਦ ਆਰੰਭ ਹੋ ਗਏ। ਭਾਰਤ ਦਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਸੰਸਾਰ ਵਿਚ ਆਪਣੇ ਆਪ ਨੂੰ ਮਾਰਕਸੀ ਸਥਾਪਤ ਕਰਨ ਦਾ ਟਿੱਲ ਲਗਾ ਰਿਹਾ ਸੀ। ਕਾ. ਲੈਨਿਨ ਅਤੇ ਕਾ. ਸਟਾਲਨ ਦੀ ਅਗਵਾਈ ਹੇਠ ਸੋਵੀਅਤ ਰੂਸ ਨੇ ਜਰਮਨ ਫੌਜਾਂ

**ਅਤਰਜੀਤ**

ਦੇ ਛੱਕੇ ਛੁਡਾਏ ਹੋਏ ਸਨ। ਫ਼ਾਸ਼ੀਵਾਦੀ ਹਿਟਲਰੀ ਧਾੜਵੀਆਂ ਨੂੰ ਅੰਤਰ-ਰਾਸ਼ਟਰੀ ਅਦਾਲਤਾਂ ਵਿਚ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਸਨ। ਭਾਰਤ ਨੂੰ ਟਾਟਿਆਂ ਬਿਰਲਿਆਂ ਦੀ ਪਾਰਟੀ ਦੇ ਹਵਾਲੇ ਕਰ ਕੇ ਅੰਗਰੇਜ਼ੀ ਸਾਮਰਾਜ ਆਪਣਾ ਬੋਰੀਆ ਬਿਸਤਰਾ ਲਪੇਟ ਚੁੱਕਾ ਸੀ। ਭਾਰਤ ਨੂੰ ਤਿੰਨ ਟੋਟਿਆਂ ਵਿਚ ਵੰਡ ਕੇ ਖ਼ੂਨ ਦੀਆਂ ਨਦੀਆਂ ਵਹਾਈਆਂ ਜਾ ਚੁੱਕੀਆਂ ਸਨ। ਹੁਣ ਪੰਡਤ ਜਵਾਹਰ ਲਾਲ ਨਹਿਰੂ ਸੋਵੀਅਤ ਰੂਸ ਨਾਲ ਮੇਲ-ਮਿਲਾਪ ਦੀ ਨੀਤੀ 'ਤੇ ਚੱਲ ਕੇ ਸਮਾਜਵਾਦ ਦੇ ਸਬਜ਼ਬਾਗ ਦਿਖਾਉਣ ਵਿਚ ਕਾਮਯਾਬ ਹੋ ਰਿਹਾ ਸੀ। ਕਾਮਰੇਡ ਮਾਉ ਦੀ ਅਗਵਾਈ ਵਿਚ ਚਿਆਂਗ ਕਾਈ ਸ਼ੈਕ ਅਤੇ ਜਪਾਨੀ ਸਾਮਰਾਜ ਨੂੰ ਭਾਂਜ ਦਿੱਤੀ ਜਾ ਚੁੱਕੀ ਸੀ। ਕਿਸਾਨੀ ਇਨਕਲਾਬ ਕਰਕੇ ਉੱਥੇ ਸਮਾਜਵਾਦੀ ਵਿਵਸਥਾ ਸਥਾਪਤ ਕੀਤੀ ਜਾ ਚੁੱਕੀ ਸੀ। ਚੀਨ ਦੇ ਪ੍ਰਧਾਨ ਮੰਤਰੀ ਚਾਉ ਐਨ ਲਾਈ ਅਤੇ ਪੰਡਤ ਜਵਾਹਰ ਵਿਚਕਾਰ ਹੋਈ ਸੰਧੀ ਵਿਚ 'ਹਿੰਦੂ ਚੀਨੀ ਭਾਈ-ਭਾਈ' ਦਾ ਨਾਹਰਾ ਬੁਲੰਦੀ 'ਤੇ ਸੀ। ਅਮਰੀਕਨ ਸਾਮਰਾਜ ਨੂੰ ਇਹ ਕਿਵੇਂ ਵੀ ਹਜ਼ਮ ਨਹੀਂ ਸੀ ਹੋ ਸਕਦਾ। ਜਿਵੇਂ ਕਿ ਆਮ ਕਿਹਾ ਜਾਂਦਾ ਸੀ ਕਿ ਕਾਮਰੇਡ ਮਾਰਕਸ ਦੀ ਪੂੰਜੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਿਰ੍ਹਾਣੇ ਹੀ ਰੱਖੀ ਹੁੰਦੀ ਸੀ। ਇਹ ਬੜਾ ਲੁਭਾਉਣਾ ਬਿਰਤਾਂਤ ਸੀ, ਜਿਸ ਨੂੰ ਸੀ.ਪੀ.ਆਈ. ਨੇ ਸ਼ੀਸ਼ੇ ਵਿਚ ਜੜਾ ਕੇ ਰੱਖਿਆ ਹੋਇਆ ਸੀ। ਅਮਰੀਕਨ ਸਾਮਰਾਜ ਇਹ ਬਰਦਾਸ਼ਤ ਨਹੀਂ ਸੀ ਕਰ ਰਿਹਾ ਕਿ ਭਾਰਤ ਸੋਵੀਅਤ ਰੂਸ ਖ਼ਾਸ ਕਰਕੇ ਚੀਨ ਨਾਲ ਨੇੜਤਾ ਬਣਾਵੇ। ਉਹ ਪਾਕਿਸਤਾਨ ਨੂੰ ਫੌਜੀ ਅੱਡੇ ਵਜੋਂ ਵਰਤ ਕੇ ਭਾਰਤ ਦੀ ਘੇਰਾਬੰਦੀ ਕਰਨੀ ਚਾਹੁੰਦਾ ਸੀ। ਉਸ ਦਾ ਅਗਲਾ ਨਿਸ਼ਾਨਾ ਚੀਨ ਦਾ ਅਕਸਾਈਚਿੰਨ੍ਹ ਵੱਲ ਦਾ ਇਲਾਕਾ ਸੀ, ਜਿਸ ਦੀ ਸਰਹੱਦ ਉੱਪਰ ਉਹ ਆਪਣੀਆਂ ਮਿਜ਼ਾਈਲਾਂ ਤਾਇਨਾਤ ਕਰ ਸਕਦਾ ਸੀ। ਪਾਕਿਸਤਾਨ ਨੂੰ ਉਹ ਮੁਹਰੇ ਵਜੋਂ ਵਰਤ ਰਿਹਾ ਸੀ।

ਲਾਮਿਆਂ ਵੱਲੋਂ ਆਮ ਲੋਕਾਈ ਉੱਪਰ ਬਹੁਤ ਅੱਤਿਆਚਾਰ ਕੀਤੇ ਜਾਂਦੇ ਸਨ। ਚੀਨ ਨੇ ਲਾਮਿਆਂ ਦੀ ਸਰਕਾਰ ਉਲਟਾ ਕੇ ਉੱਥੇ ਕਮਿਊਨਿਸਟ ਸਰਕਾਰ ਬਣਾ ਦਿੱਤੀ। ਦਲਾਈਲਾਮਾ ਭੱਜ ਕੇ ਭਾਰਤ ਆ ਵੜਿਆ, ਜਿਸ ਨੂੰ ਭਾਰਤ ਸਰਕਾਰ ਨੇ ਰਾਜਸੀ ਸ਼ਰਨ ਦੇ ਦਿੱਤੀ। ਇਸ ਨਾਲ ਵੀ ਭਾਰਤ ਚੀਨ ਸਬੰਧਾਂ ਵਿਚ ਕੁੜੱਤਣ ਪੈਦਾ ਹੋ ਗਈ।

ਫੇਰ ਵੀ ਦੋਹਾਂ ਮੁਲਕਾਂ ਵਿਚ ਗੱਲਬਾਤ ਦਾ ਦੌਰ ਸ਼ੁਰੂ ਹੋਇਆ। ਚੀਨ ਨੇ ਭਾਰਤ ਨੂੰ ਏਨੀ ਛੋਟ ਦੇ ਦਿੱਤੀ ਸੀ ਕਿ ਚੀਨ ਵਾਲੇ ਪਾਸੇ ਜੋ ਤਕਰੀਬਨ ਵੀਹ ਹਜ਼ਾਰ ਵਰਗ ਮੀਲ ਦਾ ਇਲਾਕਾ ਹੈ ਭਾਰਤ ਰੱਖ ਲਵੇ। ਚੀਨ ਸਿਰਫ਼ ਅਕਸਾਈਚਿੰਨ੍ਹ ਦਾ ਇਲਾਕਾ ਅਮਰੀਕੀ ਹਮਲੇ ਦਾ ਮੁਕਾਬਲਾ ਕਰਨ ਲਈ ਰੱਖੇਗਾ ਜੋ ਪਹਿਲਾਂ ਹੀ ਉਹਦੇ ਕਬਜ਼ੇ ਵਿਚ ਸੀ। ਨਹਿਰੂ ਇਹ ਇਲਾਕੇ ਦੇਣ ਲਈ ਸਹਿਮਤ ਸੀ। ਅਕਸਾਈਚਿੰਨ੍ਹ ਦਾ ਇਲਾਕਾ ਅਜਿਹਾ ਹੈ ਕਿ ਉੱਥੇ ਆਦਮੀ ਦੀ ਜਾਤ ਤਾਂ ਕੀ ਇਕ ਫੰਢਾ ਵੀ ਨਹੀਂ ਉਗਦਾ। ਚੀਨੀ ਲੀਡਰਸ਼ਿਪ ਨੇ ਇੱਥੋਂ ਤੱਕ ਪੇਸ਼ਕਸ਼ ਕਰ ਦਿੱਤੀ ਸੀ ਬਈ ਭਾਰਤ, ਅਕਸਾਈਚਿੰਨ੍ਹ ਦਾ ਮਾਨਸਰੋਵਰ ਵਾਲੇ ਪਾਸੇ ਅਤੇ ਆਲੇ-ਦੁਆਲੇ ਦਾ ਮਨਪਸੰਦ ਦਾ ਜਿੰਨਾ ਮਰਜ਼ੀ ਇਲਾਕਾ ਲੈ ਲਵੇ। ਉਸਨੂੰ ਸਿਰਫ਼ ਅਕਸਾਈਚਿੰਨ੍ਹ ਚਾਹੀਦਾ ਹੈ।''

ਭਾਰਤੀ ਹੁਕਮਰਾਨਾਂ ਨੂੰ ਇਹ ਪਰਵਾਨ ਨਹੀਂ ਸੀ। ਫਿਰ ਕੀ ਹੋਇਆ? ਭਾਰਤ-ਚੀਨ ਜੰਗ ਸ਼ੁਰੂ ਹੋ ਗਈ। ਕੌਣ ਹਮਲਾਵਰ ਸੀ, ਇਸ ਮੁੱਦੇ ਉੱਪਰ ਕਮਿਊਨਿਸਟ ਪਾਰਟੀ ਵਿਚ ਫੁੱਟ ਪੈ ਗਈ। ਸੀ.ਪੀ.ਆਈ. ਆਖਦੀ ਸੀ ਚੀਨ ਨੇ ਹਮਲਾ ਕੀਤਾ ਹੈ। ਵਿਰੋਧੀ ਧਿਰ ਆਪਣਾ ਵਿਚਾਰ ਰੱਖ ਰਹੀ ਸੀ ਕਿ ਸਮਾਜਵਾਦੀ ਚੀਨ ਹਮਲਾਵਰ ਨਹੀਂ ਹੈ, ਕਿਉਂਕਿ ਉਸ ਦੀ ਪਸਾਰਵਾਦੀ ਨੀਤੀ ਨਹੀਂ ਹੈ। ਪਸਾਰਵਾਦੀ ਨੀਤੀ ਤਾਂ ਹਮੇਸ਼ਾ ਸਾਮਰਾਜ ਦੀ ਹੁੰਦੀ ਹੈ ਪਰ ਚੀਨ ਤਾਂ ਸਮਾਜਵਾਦੀ ਦੇਸ਼ ਹੈ। ਹਮਲਾਵਰ ਭਾਰਤ ਹੈ। ਇਸ ਦੀਆਂ ਫੌਜਾਂ ਚੀਨੀ ਇਲਾਕੇ ਵਿਚ ਘੁਸਪੈਠ ਕਰ ਚੁੱਕੀਆਂ ਸਨ। ਚੀਨੀ ਫੌਜਾਂ ਨੇ ਤਾਂ ਉਨ੍ਹਾਂ ਨੂੰ ਬਾਹਰ ਕੱਢਿਆ ਹੈ। ਘੈਂਸ ਘੈਂਸ ਹੁੰਦਿਆਂ 1964 ਵਿਚ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ। ਵੱਖ ਹੋਏ ਗਰੁੱਪ ਨੇ ਆਪਣੀ ਪਾਰਟੀ ਦੇ ਨਾਂ ਨਾਲ ਮਾਰਕਸੀ ਸ਼ਬਦ ਜੋੜ ਲਿਆ। ਨਹਿਰੂ ਸਰਕਾਰ ਨੇ ਲੀਡਰਸ਼ਿਪ ਦੇ ਵਰੰਟ ਕੱਢ ਦਿੱਤੇ। ਲੀਡਰਸ਼ਿਪ ਭੂਮੀਗਤ ਹੋ ਗਈ। ਬੰਗਾਲ ਅਤੇ ਕੇਰਲਾ ਵਿਚ ਮਾਰਕਸੀ ਪਾਰਟੀ ਦੀਆਂ ਹਕੂਮਤਾਂ ਹੋਂਦ ਵਿਚ ਆਈਆਂ ਤਾਂ ਪਾਰਟੀ ਨੇ ਹਥਿਆਰਬੰਦ ਇਨਕਲਾਬ ਦਾ ਪ੍ਰੋਗਰਾਮ ਤਜ ਕੇ ਪਾਰਲੀਮਾਨੀ ਰਾਹ ਨੂੰ ਪਹਿਲ ਦੇਣੀ ਆਰੰਭ ਕਰ ਦਿੱਤੀ। ਬੰਗਾਲ ਦੀ ਜਯੋਤੀ ਬਾਸੂ ਸਰਕਾਰ ਜੋ ਕਿਸਾਨਾਂ ਨੂੰ ਜਗੀਰਦਾਰਾਂ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕਰਨ ਦਾ ਲਾਰਾ ਲਾਉਂਦੀ ਆ ਰਹੀ ਸੀ, ਪ੍ਰੋਗਰਾਮ ਛੱਡ ਗਈ ਤਾਂ ਨਕਸਲਬਾੜੀ ਦੀ ਕਿਸਾਨ ਬਗ਼ਾਵਤ ਦਾ ਮੁੱਢ ਬੱਝ ਗਿਆ।

ਸ਼ੁਰੂਆਤੀ ਦਿਨਾਂ ਵਿਚ ਹੀ ਕਾਮਰੇਡ ਵੇਦ ਪ੍ਰਕਾਸ਼ ਇਸ ਗਰੁੱਪ ਵਿਚ ਪ੍ਰਸਿੱਧੀ ਹਾਸਲ ਕਰ ਗਿਆ ਸੀ। ਉਸ ਨੂੰ ਹਥਿਆਰ ਬਣਾਉਣ ਅਤੇ ਵਰਤਣ ਦਾ ਖ਼ਾਸਾ ਅਭਿਆਸ ਸੀ। ਏਅਰ ਗੰਨਾਂ ਤੇ ਏਅਰ ਪਿਸਟਲ ਉਸ ਨੇ ਆਪਣੇ ਘਰ ਰੱਖੇ ਹੁੰਦੇ ਸਨ। ਮੈਂ ਵੀ ਅਭਿਆਸ ਕਰਨ ਲਈ ਉਸ ਦੇ ਅਫ਼ੀਮ ਵਾਲੀ ਗਲੀ ਦੇ ਘਰ ਵਿਚ ਜਾਂਦਾ ਰਿਹਾ ਸਾਂ। ਕਈ ਵਾਰ ਸਾਹਮਣੇ ਕੋਈ ਨਿਸ਼ਾਨ ਰੱਖ ਕੇ ਗੋਲੀ ਚਲਾਉਣ ਦਾ ਅਭਿਆਸ ਕਰਦੇ। ਇੱਕ ਵਾਰ ਤਾਂ ਅਧਿਆਪਕ ਆਗੂ ਯਸ਼ਪਾਲ ਦੇ ਭਰਾ ਮਰਹੂਮ ਮਨੋਹਰ ਨਾਲ ਜਾ ਕੇ ਅਸੀਂ ਕੋਠੇ 'ਤੇ ਏਅਰ ਗੰਨ ਨਾਲ ਅਭਿਆਸ ਕੀਤਾ। ਮਨੋਹਰ ਖੁੱਲ੍ਹ-ਦਿਲਾ, ਮਿਲਾਪੜਾ ਤੇ ਲਹਿਰ ਦਾ ਹਮਦਰਦ ਜ਼ਰੂਰ ਸੀ ਜੋ ਮੇਰਾ ਹਮ-ਜਮਾਤੀ ਵੀ ਸੀ ਪਰ ਉਸ ਨੇ ਲਹਿਰ ਵਿਚ ਕੋਈ ਸਰਗਰਮ ਭੂਮਿਕਾ ਅਦਾ ਨਹੀਂ ਸੀ ਕੀਤੀ। ਤਾਂ ਵੀ ਉਹ ਨਾਗੀ ਰੈਡੀ ਗਰੁੱਪ ਵਿਚ ਸਤਿਕਾਰਤ ਥਾਂ ਰੱਖਦਾ ਸੀ। ਗਰਮ ਦਲੀਆਂ ਦਾ ਤਾਂ ਫਾਰਮੂਲਾ ਹੀ ਇਹ ਸੀ ਕਿ ਜੋ ਹਥਿਆਰਬੰਦ ਅਮਲ ਦੀ ਵਕਾਲਤ ਨਹੀਂ ਕਰਦਾ, ਇਨਕਲਾਬ ਵਿਰੋਧੀ ਹੈ। ਕਾਮਰੇਡ ਟੀ. ਐਨ. ਨਾਗੀਰੈਡੀ ਲੋਕ ਸਭਾ ਮੈਂਬਰ ਵੀ ਸੀ ਤੇ ਆਪਣੇ ਹਜ਼ਾਰਾਂ ਹੀ ਸਮਰਥਕਾਂ ਨਾਲ ਅਸਤੀਫ਼ਾ ਦੇ ਕੇ ਮਾਰਕਸਵਾਦੀ ਪਾਰਟੀ ਦੀ ਨਿਰਧਾਰਤ ਲਾਈਨ ਨੂੰ ਲਾਗੂ ਕਰਨ ਲਈ ਪਾਰਟੀ ਤੋਂ ਵੱਖ ਹੋਇਆ ਸੀ। ਸੀ.ਪੀ.ਆਈ. ਤੋਂ ਵੱਖ ਹੋਈ ਮਾਰਕਸਵਾਦੀ ਪਾਰਟੀ ਦੇ ਏਜੰਡੇ ਉੱਪਰ ਜਨਤਕ ਲੀਹ ਦੇ ਨਾਲ ਹਥਿਆਰਬੰਦ ਇਨਕਲਾਬ ਵੀ ਸੀ, ਪਰ ਹੁਣ ਜਦੋਂ ਕਿਸਾਨੀ ਨੇ ਜਗੀਰਦਾਰੀ ਸਿਸਟਮ ਵਿਰੁੱਧ ਸੰਘਰਸ਼ ਆਰੰਭ ਕੀਤਾ ਤਾਂ ਪਾਰਟੀ ਪਿੱਛੇ ਹੀ ਨਹੀਂ ਸੀ ਹਟੀ, ਸਗੋਂ ਜਗੀਰਦਾਰਾਂ ਦੀ ਪਿੱਠ 'ਤੇ ਵੀ ਖੜ੍ਹ ਗਈ ਸੀ। ਸੋਹੀ ਨਾਲ ਖੜ੍ਹੇ ਤਕਰੀਬਨ ਸਾਰੇ ਜਣੇ ਕਾਲਜਾਂ-ਯੂਨੀਵਰਸਿਟੀਆਂ ਤੋਂ ਕਰੀਮ ਬਣ ਕੇ ਨਿਕਲੇ ਨੌਜੁਆਨ ਸਨ। ਨਿਰਾ ਜੋਸ਼ ਹੀ ਨਹੀਂ ਹੋਸ਼ ਤੋਂ ਵੀ ਕੰਮ ਲੈਣਾ ਆਉਂਦਾ ਸੀ। ਮਾਰਕਸੀ ਚਿੰਤਨ ਵਿਚ ਨਿਪੁੰਨ ਟੀਮ ਸੀ ਇਹ, ਜਿਨ੍ਹਾਂ 'ਤੇ ਆਮ ਤੌਰ 'ਤੇ ਭੂਤ ਵਾੜੇ ਦੀ ਪੈਦਾਵਾਰ ਦਾ ਠੱਪਾ ਲਾ ਦਿੱਤਾ ਜਾਂਦਾ ਸੀ। ਭੂਤ ਵਾੜੇ ਵਿਚ ਇਕੱਤਰ ਹੋਣ ਵਾਲੇ ਮੁੰਡੇ-ਕੁੜੀਆਂ ਸੰਸਾਰ ਸਾਹਿਤ ਨੂੰ 'ਭੂਤ' ਬਣ ਕੇ ਚਿੰਬੜਦੇ ਸਨ ਤੇ ਫਿਰ ਪੜ੍ਹੀਆਂ ਕਿਤਾਬਾਂ ਉੱਪਰ ਭਖਵੀਂ ਚਰਚਾ ਕਰਦੇ ਸਨ। ਨਿਚੋੜ-ਨਿਚੋੜ ਕੇ ਅਰਕ ਕੱਢਦੇ ਸਨ।

ਜਦੋਂ ਇਸ ਗਰੁੱਪ ਦੀਆਂ ਸਰਗਰਮੀਆਂ ਆਰੰਭ ਹੋਈਆਂ ਤਾਂ ਸਭ ਤੋਂ ਪਹਿਲਾਂ ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀ ਵਧੇਰੇ ਪ੍ਰਭਾਵਤ ਹੋਏ। ਪੰਜਾਬੀ ਯੂਨੀਵਰਸਿਟੀ ਵਿਚ ਜੈਕ, ਬਿੱਟੂ ਆਦਿ ਵਿਦਿਆਰਥੀ ਜੋ ਆਪਣੀ ਕਾਬਲੀਅਤ ਦਾ ਸਿੱਕਾ ਜਮਾ ਚੁੱਕੇ ਸਨ, ਕੋਲ ਮੈਂ ਅਕਸਰ ਜਾਂਦਾ ਸਾਂ। ਹੋਸਟਲ ਵਿਚ ਪਾਰਟੀ ਲਾਈਨ ਦੀਆਂ ਗੱਲਾਂ ਹੁੰਦੀਆਂ। ਯੂਨੀਵਰਸਿਟੀ ਕੈਂਪਸ ਵਿਚ ਇੱਕ ਸੁਰਜੀਤ ਨਾਂ ਦਾ ਵਿਅਕਤੀ ਆਮ ਮਿਲਦਾ ਸੀ। ਉਹਦੇ ਬਾਰੇ ਗੱਲਾਂ ਚੱਲਦੀਆਂ ਕਿ ਉਹ ਪਾਰਟੀ ਲਾਈਨ ਨਾਲ ਤਾਂ ਨਹੀਂ ਖੜ੍ਹਦਾ ਪਰ ਹਰਭਜਨ ਦਾ ਮਿੱਤਰ ਹੈ। ਮੈਂ ਜਦ ਵੀ ਸੁਰਜੀਤ ਨੂੰ ਮਿਲਦਾ,



ਪ੍ਰੋ. ਸੁਰਜੀਤ ਲੀ

ਉਹ ਮੇਰੇ ਨਾਲ ਚਿਪਕ ਜਾਂਦਾ। ਮੈਨੂੰ ਕੋਫ਼ਤ ਜਿਹੀ ਵੀ ਹੋਣੀ ਕਿ ਇਹ ਬੰਦਾ ਜੀਹਦੇ ਬਾਰੇ ਪਤਾ ਹੀ ਨਹੀਂ ਲੱਗਦਾ ਕਿ ਇਹ ਕਰਨਾ ਕੀ ਚਾਹੁੰਦਾ ਹੈ। ਅਵਾਰਾ ਕਿਸਮ ਦਾ ਜਾਪਣਾ ਮੈਨੂੰ। ਜਿੰਨਾ ਚਿਰ ਮੈਂ ਯੂਨੀਵਰਸਿਟੀ ਵਿਚ ਰਹਿੰਦਾ, ਮੇਰੇ ਨਾਲ ਹੀ ਤੁਰਿਆ ਇੱਧਰ-ਉੱਧਰ ਦੀ ਛੱਡਦਾ ਜਾਪਦਾ। ਮੇਰੇ ਨਾਲ ਕਿਸੇ ਮਸਲੇ 'ਤੇ ਗੱਲ ਵੀ ਨਹੀਂ ਕਰਦਾ, ਤੇ ਜਿੰਨਾ ਚਿਰ ਮੈਂ ਪਟਿਆਲੇ ਰਹਾਂ, ਨਾਲ ਹੀ ਤੁਰਿਆ ਫਿਰਦਾ ਹੈ, ਜਿੱਧਰ ਵੀ ਜਾਵਾਂ ਨਾਲ ਤੁਰਿਆ ਜਾਂਦਾ ਹੈ। ਮੈਂ ਇੱਕ ਦਿਨ ਸੋਹੀ ਦੀ ਭੈਣ ਹਰਿੰਦਰ ਨੂੰ ਵੀ ਵੇਖਿਆ, ਜੋ ਆਪਣੇ ਹੋਸਟਲ ਦੀ ਮੈੱਸ ਵਿਚੋਂ ਕਾਗਜ਼ ਵਿਚ ਲਪੇਟੇ ਪਰੌਂਠੇ ਲੈ ਕੇ ਆਈ ਸੀ ਤੇ ਉਸ ਨੇ ਮੇਰੇ ਸਾਹਮਣੇ ਸੁਰਜੀਤ ਨੂੰ ਫੜਾ ਦਿੱਤੇ ਸਨ। ਮੈਨੂੰ ਇਹ ਵੀ ਅਜੀਬ ਵਰਤਾਰਾ ਲੱਗਿਆ ਸੀ। ਇੰਨੇ ਵੱਡੇ ਪਰਿਵਾਰਕ ਪਿਛੋਕੜ ਵਾਲੀ ਇਹ ਕੁੜੀ ਇੱਕ ਅਵਾਰਾ ਫਿਰਦੇ ਬੰਦੇ ਦਾ ਐਨਾ ਖ਼ਿਆਲ ਰੱਖਦੀ ਹੈ, ਜ਼ਰੂਰ ਕੋਈ ਗੱਲ ਤਾਂ ਹੈ। ਜਦ ਮੈਂ ਪਟਿਆਲੇ ਤੋਂ ਗੱਡੀ ਫੜਦਾ ਤਾਂ ਉਹ ਵੀ ਮੇਰੇ ਨਾਲ ਗੱਡੀ ਵਿਚ ਸਵਾਰ ਹੋ ਜਾਂਦਾ। ਹਰ ਵਾਰ ਉਹ ਨਾਭੇ ਉੱਤਰਦਾ ਤੇ ਸਟੇਸ਼ਨ ਆਉਣ ਸਾਰ ਮੈਨੂੰ ਉਸਦੇ ਉਹੀ ਬੋਲ ਸੁਣਾਈ ਦਿੰਦੇ-'ਪੰਜ ਕੁ ਰੁਪਈਏ ਦੇਓ'। ਮੈਨੂੰ ਖਿਝ ਵੀ ਚੜ੍ਹਦੀ ਪਰ ਮੈਂ ਹਰ ਵਾਰ ਉਸ ਦੀ ਹਥੇਲੀ 'ਤੇ ਪੰਜ ਰੁਪਈਏ ਰੱਖ ਦਿੰਦਾ। ਮੈਨੂੰ ਇਹ ਯਾਦ ਨਹੀਂ ਆ ਰਿਹਾ ਕਿ ਉਹ ਪਹਿਲੀ ਵਾਰ ਮੇਰਾ ਕਦ ਵਾਕਫ਼ ਬਣਿਆ। ਇਹ ਵਰਤਾਰਾ ਮੇਰੇ ਜੀਵਨ ਵਿਚ ਜੁੜ ਹੀ ਗਿਆ। ਇੱਕ ਦਿਨ ਮੈਂ ਆਪਣਾ ਸ਼ੱਕ ਦੂਰ ਕਰਨ ਲਈ ਸੋਹੀ ਨੂੰ ਪੁੱਛ ਹੀ ਲਿਆ-'ਸੁਰਜੀਤ ਨਾਂ ਦਾ ਇੱਕ ਵਿਅਕਤੀ ਯੂਨੀਵਰਸਿਟੀ ਵਿਚ ਇੱਧਰ-ਉੱਧਰ ਤੁਰਿਆ ਫਿਰਦਾ ਮਿਲਦੈ ਤਾਂ ਇਉਂ ਜਾਪਦੈ ਜਿਵੇਂ ਉਹ ਮੈਨੂੰ ਹੀ ਲੱਭ ਰਿਹਾ ਹੋਵੇ। ਜਦ ਮਿਲਦੈ ਤਾਂ ਉਹ ਮੇਰਾ ਖਹਿੜਾ ਹੀ ਨਹੀਂ ਛੱਡਦਾ।'

'ਅਤਰਜੀਤ ਉਹ ਬਹੁਤ ਵੱਡਾ ਸਕਾਲਰ ਐ, ਉਸ ਨੇ ਕਿਸੇ ਦਿਨ ਬੜਾ ਨਾਮ ਕਮਾਉਣੈ। ਸਾਧਾਰਨ ਸ਼ਖ਼ਸੀਅਤ ਨਹੀਂ ਹੈ ਸੁਰਜੀਤ। ਆਰਥਕ ਤੰਗੀਆਂ ਦਾ ਸ਼ਿਕਾਰ ਹੈ। ਕਿਸੇ ਦਿਨ ਉਸ ਨੇ ਬਹੁਤ ਵੱਡਾ ਵਿਦਵਾਨ ਬਣਨੈ। ਉਹ ਜਮਹੂਰੀ ਕਦਰਾਂ-ਕੀਮਤਾਂ ਦਾ ਪਹਿਰੇਦਾਰ ਹੈ।' ਇਹ ਸ਼ਬਦ ਬੇਸ਼ੱਕ ਸੋਹੀ ਦੇ ਇੰਨ-ਬਿੰਨ ਤਾਂ ਨਹੀਂ ਪਰ ਉਸ ਨੇ ਇਹੋ ਭਾਵ ਪ੍ਰਗਟਾਏ ਸਨ। ਉਸ ਤੋਂ ਬਾਅਦ ਉਸ ਪ੍ਰਤੀ ਮੇਰੇ ਰਵੱਈਏ ਵਿਚ ਵੀ ਅੰਤਰ ਆ ਗਿਆ। ਫਿਰ ਤਾਂ ਮੈਂ ਵੱਖ ਹੋਣ ਵੇਲੇ ਆਪ ਹੀ ਉਸ ਨੂੰ ਕੁੱਝ ਪੈਸੇ ਦੇਣ ਵਿਚ ਖ਼ੁਸ਼ੀ ਮਹਿਸੂਸ ਕਰਨ ਲੱਗ ਪਿਆ ਸਾਂ। ਮੈਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਹਰਿੰਦਰ ਉਸ ਦਾ ਬਹੁਤ ਖ਼ਿਆਲ ਰੱਖਦੀ ਹੈ। ਥੋੜ੍ਹਾ ਅਜੀਬ ਵੀ ਲੱਗਦਾ ਪਰ ਮੈਂ ਸਮੇਂ ਨਾਲ ਉਨ੍ਹਾਂ ਪ੍ਰਤੀ ਸਹਿਜ ਅਤੇ ਸੁਹਿਰਦ ਵੀ ਹੁੰਦਾ ਗਿਆ। ਫਿਰ ਤਾਂ ਦੋਵੇਂ ਹੀ ਮੈਨੂੰ ਚੰਗੇ-ਚੰਗੇ ਲੱਗਣ ਲੱਗ ਪਏ ਸਨ। ਯੂਨੀਵਰਸਿਟੀ ਵਿਚ ਹਰਿੰਦਰ ਨਾਲ ਤਾਂ ਮੁਲਾਕਾਤ ਸ਼ਾਇਦ ਨਹੀਂ ਹੋਈ, ਪਰ ਸੁਰਜੀਤ ਹਰ ਫੇਰੇ ਮਿਲਦਾ ਰਹਿੰਦਾ ਸੀ। ਹਰਭਜਨ ਨਾਲ ਹੋਈ ਗੱਲ-ਕੱਥ ਤੋਂ ਬਾਅਦ ਮੈਂ ਸੋਚਾਂ ਵਿਚ ਜ਼ਰੂਰ ਪਿਆ ਰਿਹਾ ਕਿ ਹਰਿੰਦਰ ਉਸ ਦਾ ਏਨਾ ਖ਼ਿਆਲ ਕਿਉਂ ਰੱਖਦੀ ਹੈ। ਫਿਰ ਮੈਂ ਇਹ ਸੋਚ ਕੇ ਰਹਿ ਜਾਂਦਾ ਕਿ ਆਪਣੇ ਭਰਾ ਦੇ ਦੋਸਤ ਦੀ ਦੋਸਤੀ ਨੂੰ ਬੇਝਿਜਕ ਮਾਣਤਾ ਦਿੰਦੀ ਹੈ। ਕਦੇ ਮੈਂ ਹਰਿੰਦਰ ਦੇ ਕੁਦਰਤੀ ਜਾਂ ਬਣਾਏ ਅਜੀਬ ਜਿਹੇ ਵਾਲਾਂ ਵੱਲ ਦੇਖ ਕੇ ਉਸਦੇ ਸੁਹੱਪਣ ਤੋਂ ਵਾਰੇ ਜਾਂਦਾ ਤੇ ਕਲਪਨਾ ਕਰਦਾ ਕਿ ਸ਼ਾਇਦ ਉਨ੍ਹਾਂ ਦਾ ਆਪਸੀ ਮੋਹ ਵਾਲਾ ਰਿਸ਼ਤਾ ਹੋਵੇਗਾ।

ਮੈਂ ਉਨ੍ਹੀਂ ਦਿਨੀਂ ਸਰਕਾਰੀ ਮਿਡਲ ਸਕੂਲ ਜੋਧਪੁਰ ਪਾਖਰ ਪੜ੍ਹਾਉਂਦਾ ਸਾਂ। ਆਮ ਤੌਰ 'ਤੇ ਘਰ ਹੀ ਆ ਜਾਂਦਾ ਸਾਂ। ਸ਼ਾਇਦ ਇੱਕ ਪਾਸੜ ਅਠਾਈ ਰੁਪਏ ਦੇ ਕੇ ਪ੍ਰਾਈਵੇਟ ਬੱਸਾਂ ਵਾਲੇ ਪਾਸ ਜਾਰੀ ਕਰ ਦਿੰਦੇ ਸਨ। ਟੌਰੇ ਵਾਲੀ ਪੱਗ ਤੇ ਲਮਕਵਾਂ ਚਾਦਰਾ ਬੰਨ੍ਹੀਂ ਇੱਕ ਦਿਨ ਸੋਹੀ ਸਾਡੇ ਬਾਰ ਕੋਲ ਆ ਕੇ ਸਾਈਕਲ ਤੋਂ ਉੱਤਰਿਆ। ਹਸੰਦੜੇ-ਖਿਲੰਦੜੇ ਜਿਹੇ ਚਿਹਰੇ ਵਿਚੋਂ ਝਾਕਦੇ ਉਸ ਦੇ ਦੰਦ ਵੇਖ ਕੇ ਮੈਨੂੰ ਚਾਅ ਚੜ੍ਹ ਗਿਆ। ਅੰਦਰ ਲਿਜਾ ਕੇ ਉਸ ਨੂੰ ਨਵੀਂ ਬਣਾਈ ਬੈਠਕ ਵਿਚ ਬਿਠਾ ਕੇ ਆਪਣੀ ਬੇਬੇ ਨੂੰ ਦੱਸਿਆ-'ਬੇਬੇ ਇਹ ਸੋਲਾਂ ਜਮਾਤਾਂ ਪੜ੍ਹਿਆ ਹੋਇਐ। ਐਵੇਂ ਜੱਟ-ਬੂਟ ਜਿਹਾ ਨਾ ਸਮਝ ਲੀਂ। ਵੱਡੇ ਘਰ ਦਾ ਮੁੰਡੈ, ਮੈਨੂੰ ਮਿਲਣ ਆਇਐ।' ਸ਼ਾਇਦ ਇਹ ਸੀ ਵੀ ਪਹਿਲੀ ਵਾਰ ਕਿ ਕੋਈ ਇਸ ਤਰ੍ਹਾਂ ਦੀ ਸ਼ਖ਼ਸੀਅਤ ਸਾਡੇ ਘਰ ਆਈ ਸੀ। ਮੇਰੀ ਬੇਬੇ ਨੇ ਵੀ ਚਾਅ ਮਨਾਇਆ। ਉਸ ਦੇ ਸਿਰ 'ਤੇ ਪਿਆਰ ਦਿੱਤਾ। ਚਾਹ ਬਣਾਈ। ਮੈਂ ਪਿੱਤਲ ਦੇ ਕਲੀ ਕੀਤੇ ਗਲਾਸ ਵਿੱਚ ਚਾਹ ਲੈ ਕੇ ਆਇਆ-'ਗੁੜ ਦੀ ਚਾਹ ਐ ਹਰਭਜਨ।' ਉਸ ਦੇ ਸੂਹੇ ਜਿਹੇ ਬੁੱਲ੍ਹਾਂ ਵਿਚ ਮੋਤੀਆਂ ਵਰਗੇ ਦੰਦ ਲਿਸ਼ਕੇ-'ਵਾਹ ਫੇਰ ਤਾਂ ਹੋਰ ਵੀ ਕਮਾਲ ਹੈ।' ਮੇਰੇ ਹੱਥੋਂ ਗਿਲਾਸ ਫੜਦਿਆਂ ਉਸ ਦਾ ਕਿਹਾ ਅੱਜ ਵੀ ਯਾਦ ਹੈ। ਫਿਰ ਤਾਂ ਗਾਹੇ-ਬਗਾਹੇ ਉਸਦਾ ਗੇੜਾ ਵਜਦਾ ਹੀ ਰਹਿੰਦਾ।

ਇਸੇ ਤਰ੍ਹਾਂ ਇੱਕ ਹੋਰ ਦਿਨ ਉਹ ਉਵੇਂ ਹੀ ਆਇਆ। ਉਹੀ ਟੌਰੇ ਵਾਲੀ ਪੱਗ ਤੇ ਲਮਕਵਾਂ ਚਾਦਰਾ ਬੰਨ੍ਹਿਆ ਹੋਇਆ। ਪੈਰਾਂ ਵਿਚ ਸਾਦੀ ਜੁੱਤੀ। ਸਾਈਕਲ ਤੋਂ ਉੱਤਰਦੇ ਸਮੇਂ ਜਿਵੇਂ ਉਸ ਨੇ ਇੱਕ ਹੱਥ ਨਾਲ ਚਾਦਰਾ ਠੀਕ ਕਰਕੇ ਲੱਤਾਂ ਦੁਆਲੇ ਕੀਤਾ ਸੀ, ਉਵੇਂ ਦੀ ਉਸ ਦੀ ਤਸਵੀਰ ਅੱਖਾਂ ਸਾਮ੍ਹਣੇ ਛਾਈ ਹੋਈ ਹੈ।

'ਅਤਰਜੀਤ ਕਾਮਰੇਡ ਵੇਦ ਨੂੰ ਤੇਰੇ ਕੋਲ ਛੱਡ ਕੇ ਜਾਣੈਂ। ਉਹ ਇਸ ਵੇਲੇ ਥੋੜ੍ਹਾ ਸੰਕਟ ਵਿਚ ਐ। ਪੁਲਿਸ ਉਸ ਦਾ ਪਿੱਛਾ ਕਰ ਰਹੀ ਹੈ। ਕੁੱਝ ਦਿਨ ਤੂੰ ਏਥੇ ਰੱਖ।' ਮੇਰੀ ਬੇਬੇ ਤਾਂ ਹਰਭਜਨ ਤੋਂ ਪ੍ਰਭਾਵਤ ਸੀ, ਜਿਸ ਕਰਕੇ ਉਸ ਨੂੰ ਇਸ ਵਿਚ ਕੋਈ ਚੰਗੀ ਗੱਲ ਹੀ ਜਾਪੀ। ਉਸ ਨੇ ਮੇਰੇ ਤਾਏ ਨਾਲ ਗੱਲ ਕੀਤੀ ਤਾਂ ਉਹ ਚੁੱਪ ਕਰ ਰਿਹਾ। ਅਕਾਲੀ ਸਿਆਸਤ ਵਿਚ ਜੇਲ੍ਹਾਂ ਕੱਟੀਆਂ ਹੋਣ ਕਰਕੇ ਉਸ ਤੋਂ ਇਹ ਗੱਲ ਭੁੱਲੀ ਹੋਈ ਨਹੀਂ ਸੀ। ਉਂ ਵੀ ਉਸ ਨੂੰ ਨਕਸਲਬਾੜੀ ਲਹਿਰ ਦੀ ਭਿਣਕ ਤਾਂ ਲੱਗ ਹੀ ਗਈ ਸੀ। ਮੈਨੂੰ ਨਹੀਂ ਪਤਾ ਕਿ ਮੇਰੇ ਤਾਏ ਨੇ ਮੇਰੀ ਬੇਬੇ ਨੂੰ ਕੀ ਜਵਾਬ ਦਿੱਤਾ ਪਰ ਉਹ ਖ਼ੁਸ਼ ਨਹੀਂ ਸੀ ਜਾਪਦਾ, ਮੇਰੀ ਅੰਬੋ ਵੀ ਚੁੱਪ ਕੀਤੀ ਹੋਈ ਸੀ। ਉਸ ਨੂੰ ਇਸ ਕਾਸੇ ਨਾਲ ਆਪਣਾ ਕੋਈ ਲਗਾਉ ਹੀ ਨਹੀਂ ਸੀ ਜਾਪਦਾ। ਕਾਮਰੇਡ ਵੇਦ ਲਈ ਸਾਡੇ ਘਰ ਠਹਿਰਨਾ ਓਪਰਾ ਨਹੀਂ ਸੀ ਲੱਗ ਰਿਹਾ ਜਾਂ ਮੈਨੂੰ ਘਰਦਾ ਕੋਈ ਮੈਂਬਰ ਇਨਕਾਰ ਨਹੀਂ ਸੀ ਕਰਨਾ ਚਾਹੁੰਦਾ। ਮੇਰੀ ਬੇਬੇ ਨੇ ਹਾਂ ਕਰ ਦਿੱਤੀ।

ਉਂਝ ਵੀ ਆਪਣੀ ਬਾਬੇ ਹੁਰਾਂ ਦੇ ਸਮੇਂ ਤੋਂ ਮੈਂ ਵੇਖਦਾ ਆਇਆ ਸਾਂ ਕਿ ਕੋਈ ਰਾਹੀ-ਪਾਂਧੀ ਵੀ ਰਾਤ ਕੱਟਣ ਲਈ ਠਹਿਰਨਾ ਚਾਹੁੰਦਾ ਤਾਂ ਬਾਬੇ ਨੇ ਮੇਰੀ ਅੰਬੋ ਨੂੰ ਕਿਹਾ ਹੁੰਦਾ ਸੀ, ਕਿ ਹਰੇਕ ਰਾਹੀ-ਪਾਂਧੀ ਨੂੰ ਮੰਜਾ-ਬਿਸਤਰਾ ਦੇਣਾ ਹੈ ਤੇ ਚੁੱਲ੍ਹੇ ਪੱਕਿਆ ਪ੍ਰਸ਼ਾਦਾ ਛਕਾਉਣਾ ਹੈ। ਸਿੱਧਾ ਸਾਦਾ ਯੁੱਗ ਸੀ, ਕੋਈ ਲੋੜਵੰਦ ਹੀ ਰਾਤ ਕੱਟਣ ਲਈ ਠਹਿਰਦਾ ਸੀ ਤੇ ਦਿਨ ਚੜ੍ਹੇ ਆਪਣੇ ਰਾਹੇ ਪੈ ਜਾਂਦਾ ਸੀ। ਸਾਡੇ ਹੀ ਭਾਈਚਾਰੇ ਦੇ ਕਿਸੇ ਰਾਹੀ-ਪਾਂਧੀ ਨੇ ਸੱਥ ਵਿਚ ਆ ਕੇ ਕਿਸੇ ਕੋਲ ਰਾਤ ਕੱਟਣ ਦੀ ਗੱਲ ਕਰਨੀ ਤਾਂ ਉਸ ਨੇ ਸਾਡੇ ਘਰ ਭੇਜ ਦੇਣਾ। ਇਹ ਵਰਤਾਰਾ ਮੈਂ ਬਹੁਤ ਵਾਰ ਵੇਖ ਚੁੱਕਾ ਸਾਂ। ਕੱਚੇ ਰਾਹਾਂ 'ਤੇ ਲੋਕ ਪੈਦਲ ਹੀ ਲੰਮੇ ਸਫ਼ਰ ਲਈ ਨਿੱਕਲ ਤੁਰਦੇ ਸਨ। ਸ਼ਾਮ ਤੱਕ ਹਰਭਜਨ ਕਾਮਰੇਡ ਵੇਦ ਪ੍ਰਕਾਸ਼ ਨੂੰ ਸਾਡੇ ਘਰ ਛੱਡ ਗਿਆ ਤੇ ਉਨ੍ਹੀਂ ਪੈਰੀਂ ਪਰਤ ਗਿਆ।

ਉਨ੍ਹੀਂ ਦਿਨੀਂ ਮੁਲਕ ਭਰ ਵਿਚ 'ਸ਼ਤਰੰਜ' ਫਿਲਮ ਲੱਗੀ ਹੋਈ ਸੀ, ਜੋ ਖ਼ਾਸ ਕਰਕੇ ਮਾਉ ਵਿਚਾਰਧਾਰਾ ਦਾ ਵਿਰੋਧ ਕਰਨ ਲਈ ਤਿਆਰ ਕੀਤੀ ਗਈ ਸੀ। 'ਜੰਗਲ ਮੋਰ ਨਾਚਾ' ਗੀਤ ਵੀ ਇਹੋ ਅਰਥ ਦਿੰਦਾ ਸੀ ਕਿ ਮੋਰ ਬਾਗ ਵਿਚ ਨਹੀਂ ਨੱਚਿਆ, ਜੰਗਲ ਵਿਚ ਨੱਚਿਆ ਹੈ। ਚੀਨ ਵਿਚ ਜੰਗਲ ਦਾ ਰਾਜ ਹੈ, ਜਿੱਥੇ ਮਾਉ ਨੂੰ ਹਜ਼ਾਰਾਂ ਹੀ ਲੋਕਾਂ ਦੀਆਂ ਕਤਾਰਾਂ ਉੱਪਰ ਜ਼ੁਲਮ ਕਰਦੇ ਦਿਖਾਇਆ ਗਿਆ ਸੀ। ਮਾਉਜ਼ੇ ਤੁੰਗ ਦੀ ਲਾਲ ਕਿਤਾਬ ਵਿਚੋਂ ਪੜ੍ਹੀਆਂ ਉਸ ਦੀਆਂ ਕੁਟੇਸ਼ਨਾਂ ਦਾ ਜਾਦੂਈ ਅਸਰ ਸੀ, ਜਿਨ੍ਹਾਂ ਵਿਚ ਬਰਾਬਰੀ ਦਾ ਸੰਦੇਸ਼ ਵੀ ਸੀ ਤੇ ਬਹੁਤ ਸਾਰੀਆਂ ਸਿਧਾਂਤਕ ਵਿਚਾਰਾਂ ਸੂਤਰਬੱਧ ਕੀਤੀਆਂ ਹੋਈਆਂ ਸਨ। ਨੌਜੁਆਨ ਤਬਕੇ ਅਤੇ ਖ਼ਾਸ ਕਰਕੇ ਵਿਦਿਆਰਥੀ ਵਰਗ ਵਿਚ ਬਹੁਤ ਉਤਸ਼ਾਹ ਸੀ। ਦੋ ਧਾਰਾਵਾਂ ਵਿਚ ਵੰਡੀ ਲਹਿਰ ਕਾਰਨ ਹਥਿਆਰਬੰਦ ਘੋਲ ਦੇ ਸਮਰਥਕ ਸੋਹੀ ਵਾਲੀ ਜਾਂ ਕਹਿ ਲਓ ਨਾਗੀ ਰੈਡੀ ਵਾਲੀ ਲੀਹ ਨੂੰ ਚਿਮਟੇ ਨਾਲ ਵੀ ਨਹੀਂ ਸੀ ਛੋਹਣਾ ਚਾਹੁੰਦੇ ਤੇ ਉਨ੍ਹਾਂ ਨੂੰ 'ਗੱਦਾਰ' ਤੇ 'ਬੇਦਾਵੀਏ' ਦੇ ਵਿਸ਼ੇਸ਼ਣ ਲਗਾ ਕੇ ਬਦਨਾਮ ਕਰਨ ਦੀ ਵੀ ਕੋਈ ਕਸਰ ਨਹੀਂ ਸੀ ਛੱਡ ਰਹੇ। ਇਹੋ ਜਿਹੇ ਹਾਲਾਤ ਵਿਚ ਜਨਤਕ ਲੀਹ ਦੀ ਲਾਈਨ ਦੀ ਵਕਾਲਤ ਕਰਨ ਵਾਲੀ ਧਿਰ ਕੋਈ ਅਜਿਹਾ ਐਕਸ਼ਨ ਕਰਨਾ ਚਾਹੁੰਦੀ ਸੀ ਜੋ ਮੁਲਕ ਭਰ ਵਿਚ ਚਰਚਾ ਦਾ ਵਿਸ਼ਾ ਬਣੇ। ਅਜਿਹਾ ਐਕਸ਼ਨ ਉਲੀਕੇ ਜਾਣ ਦੀ ਲੋੜ ਸੀ ਜਿਸ ਨਾਲ ਕਾਮਰੇਡ ਮਾਉ ਦੀ ਛਬਿ ਨੂੰ ਵਿਗਾੜਨ ਵਾਲੀ ਕੋਝੀ ਹਰਕਤ ਦਾ ਜਵਾਬ ਦਿੱਤਾ ਜਾਵੇ। ਇਹ ਜਵਾਬ ਦੇਣ ਲਈ ਕਾਮਰੇਡ ਵੇਦ ਪ੍ਰਕਾਸ਼ ਨੇ ਸਕੀਮ ਲੜਾਈ ਸੀ। ਉਹ ਹਰਭਜਨ ਸੋਹੀ ਦੇ ਜੁੱਟ ਨੂੰ ਦੋਸਤੀ ਵਾਂਗ ਲੈਂਦਾ ਸੀ।

ਉਸ ਨੇ ਕਈ ਨਕਲੀ ਬੰਬ ਤਿਆਰ ਕੀਤੇ, ਜਿਨ੍ਹਾਂ ਨਾਲ ਇੱਕ ਤਾਰ ਜਿਹੀ ਦੀ ਹੁੱਕ ਬਣਾ ਕੇ ਲਗਾਈ ਗਈ ਸੀ। ਰਾਕੇਸ਼ ਟਾਕੀ ਵਿਚ ਜਦੋਂ ਫਿਲਮ ਸ਼ੁਰੂ ਹੋਣੀ ਸੀ ਤੇ 'ਜੰਗਲ ਮੇਂ ਮੋਰ ਨਾਚਾ' ਗੀਤ ਆਉਣਾ ਸੀ, ਤਾਂ ਇਨ੍ਹਾਂ ਪਟਾਕਾ ਬੰਬਾਂ ਦੇ ਪਲੀਤੇ ਨੂੰ ਅੱਗ ਲਗਾ ਕੇ ਪਰਦੇ ਉੱਪਰ ਸੁੱਟਣਾ ਸੀ। ਕੁੰਡੀ ਨੇ ਪਰਦੇ ਵਿਚ ਟੰਗੀ ਜਾਣਾ ਸੀ ਤੇ ਪਟਾਕੇ ਚੱਲਣ ਨਾਲ ਪਰਦੇ ਨੂੰ ਅੱਗ ਲੱਗ ਜਾਣੀ ਸੀ। ਉਨ੍ਹਾਂ ਇੱਕ ਮੁੰਡੇ ਨੂੰ ਲੜੀ ਵਾਲੇ ਪਟਾਕੇ ਦਿੱਤੇ ਹੋਏ ਸਨ। ਅੰਦਰ ਪਟਾਕਿਆਂ ਦੇ ਚੱਲਣ ਦੀ ਆਵਾਜ਼ ਨਾਲ ਬਾਹਰ ਖੜ੍ਹੇ ਮੁੰਡੇ ਨੇ ਪਟਾਕਿਆਂ ਦੇ ਪਲੀਤੇ ਨੂੰ ਅੱਗ ਲਾ ਦੇਣੀ ਸੀ। ਇਸ ਤਰ੍ਹਾਂ ਡਰ ਵਾਲਾ ਮਾਹੌਲ ਪੈਦਾ ਕਰ ਕੇ ਫਿਲਮ ਨੂੰ ਰੋਕਣ ਦੀ ਇਹ ਚਾਰਾਜੋਈ ਸੀ। ਕਾਮਰੇਡ ਵੇਦ ਪ੍ਰਕਾਸ਼ ਦੁਆਰਾ ਵਰਤੀ ਗਈ ਇਹ ਤਕਨੀਕ ਕਾਮਯਾਬ ਨਾ ਹੋਈ। ਕੋਈ ਪਟਾਕਾ ਪਰਦੇ ਵਿਚ ਨਾ ਟੰਗਿਆ ਗਿਆ ਤਾਂ ਵੀ ਇਸ ਨਾਲ ਟਾਕੀ ਵਿਚ ਭੈਅ ਦਾ ਮਾਹੌਲ ਬਣ ਗਿਆ ਤੇ ਦਰਸ਼ਕ ਟਾਕੀ ਵਿਚੋਂ ਬਾਹਰ ਨਿੱਕਲ ਕੇ ਭੱਜ ਗਏ। ਬਾਹਰ ਪਟਾਕਿਆਂ ਦੇ ਸ਼ੋਰ ਨਾਲ ਹੋਰ ਵੀ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ।

ਭਗਦੜ ਦੇ ਉਸ ਮਾਹੌਲ ਵਿਚ ਟੀਮ ਦਾ ਇੱਕ ਨੌਜੁਆਨ ਘਬਰਾਹਟ ਵਿਚ ਕੁੜੀਆਂ ਵਾਲੇ ਸਕੂਲ ਦੀ ਕੰਧ ਟੱਪ ਕੇ ਉੱਥੇ ਹੀ ਲੁਕ ਗਿਆ ਪਰ ਫੜਿਆ ਗਿਆ। ਸਾਰਾ ਭੇਤ ਨੰਗਾ ਹੋ ਗਿਆ ਤੇ ਕਾਮਰੇਡ ਵੇਦ ਪ੍ਰਕਾਸ਼ ਦੀ ਪਤਨੀ ਗ੍ਰਿਫ਼ਤਾਰ ਕਰ ਲਈ ਗਈ ਤੇ ਪਤਾ ਲੱਗਿਆ ਕਿ ਪੁਲਿਸ ਵਾਲਿਆਂ ਨੇ ਉਸ ਨੂੰ ਵਾਲਾਂ ਤੋਂ ਘਸੀਟ ਕੇ ਤਸ਼ੱਦਦ ਵੀ ਕੀਤਾ। ਸੋਹੀ ਗਰੁੱਪ ਕਾਮਰੇਡ ਵੇਦ ਨੂੰ ਤੱਤੇ-ਘਾਹ ਗ੍ਰਿਫ਼ਤਾਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਮੇਰਾ ਘਰ ਕਿਉਂਕਿ ਅਜੇ ਜੱਗ ਜ਼ਾਹਰ ਨਹੀਂ ਸੀ ਹੋਇਆ, ਅਧਿਆਪਕ ਲੱਗਿਆ ਹੋਣ ਕਰਕੇ ਦੋਹਾਂ ਅਗਵਾੜਾਂ ਵਿਚ ਮੇਰੀ ਨੌਜੁਆਨ ਮੁੰਡਿਆਂ ਵਿਚ

*(ਬਾਕੀ ਅਗਲੇ ਸਫੇ ਤੇ)*

# ਵੰਨ-ਸੁਵੰਨੀਆਂ ਕਹਾਣੀਆਂ ਦਾ ਪਰਾਗਾ ਹੈ... 'ਕੁੜੀ ਕਹਾਣੀ ਬਣਦੀ ਗਈ'!!

ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਵੱਸਦੇ ਬਹੁਪੱਖੀ, ਬਹੁ-ਵਿਧਾਵੀ ਅਤੇ ਪ੍ਰਤਿਭਾਸ਼ਾਲੀ ਲੇਖਕ ਅਵਤਾਰ ਐਸ ਸੰਘਾ ਦਾ ਸੱਜਰਾ ਛਪਿਆ ਕਹਾਣੀ ਸੰਗ੍ਰਹਿ, 'ਕੁੜੀ ਕਹਾਣੀ ਬਣਦੀ ਗਈ' ਨੂੰ ਪੜ੍ਹਨ ਦਾ ਮੌਕਾ ਮਿਲਿਆ। ਅਸਲ ਵਿਚ, ਇਸ ਪੁਸਤਕ ਦੀਆਂ ਕੁਝ ਕਹਾਣੀਆਂ ਤਾਂ ਮੈਂ ਪਹਿਲਾਂ ਹੀ ਪੜ੍ਹ ਚੁੱਕਾ ਸਾਂ, ਪਰ ਬਹੁਤੀਆਂ ਪਹਿਲੀ ਵਾਰ ਵੀ ਪੜ੍ਹੀਆਂ ਹਨ। ਪੁਸਤਕ ਪੜ੍ਹਦਿਆਂ ਪਹਿਲਾਂ ਪੜ੍ਹੀਆਂ ਹੋਈਆਂ ਕਹਾਣੀਆਂ ਵੀ ਉਤਨੀਆਂ ਹੀ ਰਸੀਲੀਆਂ ਅਤੇ ਖ਼ੂਬਸੂਰਤ ਲੱਗੀਆਂ... ਜਿਤਨੀਆਂ ਨਵੀਆਂ। ਮੈਨੂੰ ਲੱਗਦਾ ਹੈ ਕਿ ਜੋ ਰਚਨਾ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**


ਵਾਰ-ਵਾਰ ਅਤੇ ਹਰ ਵਾਰ ਪੜ੍ਹਨ 'ਤੇ ਵੀ ਪਾਠਕ ਨਾਲ ਘੁਲ-ਮਿਲ ਜਾਵੇ, ਗਲਵੱਕੜੀਆਂ ਪਾਵੇ, ਕਿੱਕਲੀਆਂ ਪਾਵੇ ਅਤੇ ਉਸ ਤੋਂ ਕੁਝ ਜੀਵਨ ਸੇਧ ਵੀ ਮਿਲ ਜਾਵੇ ਤਾਂ ਉਸ ਨੂੰ 'ਅਨਮੋਲ' ਰਚਨਾ ਕਿਹਾ ਜਾ ਸਕਦਾ ਹੈ!

ਆਪਣੀ ਜ਼ਿੰਦਗੀ ਦਾ ਤੀਸਰਾ ਹਿੱਸਾ ਸਿਡਨੀ, ਅਸਟਰੇਲੀਆ ਵਿਚ ਬਿਤਾਉਂਦਿਆਂ, ਅਵਤਾਰ ਸੰਘਾ ਦੂਸਰੇ ਪਰਵਾਸੀਆਂ ਵਾਂਗ 'ਦੂਹਰੀ ਜ਼ਿੰਦਗੀ' ਜਿਊਣ ਅਤੇ ਹੰਢਾਉਣ ਲਈ 'ਪੱਕ' ਗਿਆ ਹੈ। 'ਅੰਬੀਆਂ ਦੇ ਦੇਸ ਦੁਆਬੇ' ਦੀਆਂ ਮਹਿਕਾਂ ਮਾਣਦੇ, ਕਾਲਜ ਵਿਚ ਅੰਗਰੇਜ਼ੀ ਸਾਹਿਤ ਦੀ ਪ੍ਰੋਫ਼ੈਸਰੀ ਕਰਦਿਆਂ-ਕਰਦਿਆਂ ਪੱਚੀ ਕੁ ਸਾਲ ਪਹਿਲਾਂ ਪਰਿਵਾਰ ਸਮੇਤ ਸਿਡਨੀ ਵੱਲ ਉਡਾਰੀ ਮਾਰ ਆਏ। ਪਰਵਾਸ ਅਤੇ ਸੰਘਰਸ਼ ਸ਼ਬਦਾਂ ਦਾ ਆਪਸ ਵਿਚ ਬੜਾ ਪੁਰਾਣਾ ਅਤੇ ਗੂੜ੍ਹਾ ਸੰਬੰਧ ਹੈ। ਸੰਘਰਸ਼ ਹਰ ਪਰਵਾਸੀ ਦੀ ਦੁਖਦੀ ਰਗ ਦਾ ਸਿਰਨਾਵਾਂ ਵੀ ਹੈ। ਅੰਬੀਆਂ ਦਾ ਮਿੱਠਾ ਸਵਾਦ ਚੱਖਦੇ-ਚੱਖਦੇ ਸੰਘਾ ਸਾਹਿਬ ਨੇ ਸੰਘਰਸ਼ ਦਾ ਕੌੜਾ-ਖੱਟਾ-ਮਿੱਠਾ ਸਵਾਦ ਵੀ ਮਾਣਿਆ ਜੋ ਇਨ੍ਹਾਂ ਦੀਆਂ ਲਿਖਤਾਂ ਵਿਚੋਂ ਸਹਿਜੇ ਹੀ ਝਲਕ ਪੈਂਦਾ ਹੈ। ਇਨ੍ਹਾਂ ਨੇ ਸਾਹਿਤ ਨਾਲ ਨਾਤਾ ਚਿਰ ਪਹਿਲਾਂ ਕਾਲਜ ਵਿਚ ਪੜ੍ਹਦਿਆਂ ਈ ਜੋੜ ਲਿਆ ਸੀ।

ਅਵਤਾਰ ਸੰਘਾ ਇਕ ਸਮਰੱਥ ਕਹਾਣੀਕਾਰ, ਨਾਵਲਕਾਰ, ਵਾਰਤਾਕਾਰ ਅਤੇ ਨਾਟਕਕਾਰ ਹਨ। ਇਨ੍ਹਾਂ ਨੇ ਕਈ ਕਿਤਾਬਾਂ ਸੰਪਾਦਿਤ ਵੀ ਕੀਤੀਆਂ ਹਨ ਅਤੇ ਕਾਫ਼ੀ ਲੰਮੇ ਅਰਸੇ ਤੋਂ ਆਸਟਰੇਲੀਆ ਦੇ ਮਿਆਰੀ ਮੈਗਜ਼ੀਨ 'ਦਾ ਪੰਜਾਬ ਹੈਰਾਲਡ' ਦੇ ਕਰਤਾ-ਧਰਤਾ ਹਨ। ਕਈ ਦਹਾਕਿਆਂ ਤੋਂ ਨਿਰੰਤਰ ਲਿਖਦੇ ਅਤੇ ਪ੍ਰਕਾਸ਼ਿਤ ਹੁੰਦੇ ਆ ਰਹੇ ਨੇ। ਖ਼ੁਦ ਦੇ ਉਚੇ-ਲੰਮੇ ਕੱਦ ਵਾਂਗ ਹੀ ਇਨ੍ਹਾਂ ਦਾ ਸਾਹਿਤਕ ਕੱਦ ਵੀ ਕਾਫ਼ੀ ਉਚਾ ਹੈ। ਪੜ੍ਹਨ ਅਤੇ ਜਾਣਨ ਵਾਲਿਆਂ ਦਾ ਘੇਰਾ ਵੀ ਲੰਮਾ-ਚੌੜਾ ਹੈ। ਭਾਵੇਂ ਬਹੁਤਾਤ ਵਿਚ ਪੰਜਾਬੀ ਸਾਹਿਤ ਨੂੰ ਸਮਰਪਿਤ ਹਨ, ਪਰ ਕੁਝ ਸਾਹਿਤ ਅੰਗਰੇਜ਼ੀ ਵਿਚ ਵੀ ਲਿਖਿਆ ਹੈ। ਅੰਗਰੇਜ਼ੀ ਸਾਹਿਤ ਵਿਚ ਪੀ. ਐਚਡੀ ਅਤੇ ਅਧਿਆਪਕ ਹੁੰਦਿਆਂ ਹੋਇਆ ਵੀ ਇਨ੍ਹਾਂ ਦਾ ਪੰਜਾਬੀ ਮਾਂ-ਬੋਲੀ ਲਈ ਡੁੱਲ੍ਹ-ਡੁੱਲ੍ਹ ਪੈਂਦਾ ਮੋਹ ਅਤੇ ਸਤਿਕਾਰ ਇਨ੍ਹਾਂ ਨੂੰ ਮਾਂ ਬੋਲੀ ਦਾ 'ਲਾਡਲਾ ਸਪੂਤ' ਬਣਾ ਜਾਂਦਾ ਹੈ!! ਅਵਤਾਰ ਸੰਘਾ ਦਾ ਖ਼ੁਦ ਦਾ ਕਹਿਣਾ ਹੈ ਕਿ... "ਆਪਣੀ ਮਾਤ ਭਾਸ਼ਾ ਵਿਚ ਅਸੀਂ ਕਈ ਸ਼ਬਦ ਆਪਣੇ ਸਾਹ ਨਾਲ ਮਾੜਾ ਮੋਟਾ ਬੋਲ ਕੇ ਹੀ ਸਮਝਾ ਦਿੰਦੇ ਹਾਂ...। ਪੰਜਾਬ ਦਾ ਪੇਂਡੂ ਮੁਹਾਵਰਾ ਅੰਗਰੇਜ਼ੀ ਵਿਚ ਫੜਨਾ ਸਭ ਤੋਂ ਔਖਾ ਕੰਮ ਹੁੰਦਾ ਏ। ਰਹਿਤਲ ਬਾਰੇ ਮੁਹਾਵਰੇ ਜਾਂ ਭਾਸ਼ਾ ਨੂੰ ਗੁਰਮੁਖੀ ਵਿਚ ਹੀ ਫੜਨਾ ਚਾਹੀਦਾ ਏ। ਇਸ ਉਤੇ ਅੰਗਰੇਜ਼ੀ ਦਾ ਕੋਝਾ ਮੁਲੰਮਾ ਚਾੜ੍ਹ ਕੇ ਇਸ ਦਾ ਜਲੂਸ ਨਾ ਕੱਢੋ!"

ਲੇਖਕ ਦੀ ਡੂੰਘੀ ਸੋਚ ਨੂੰ ਸਲਾਮ ਕਰਨਾ ਬਣਦਾ ਹੈ ਕਿ ਉਸ ਨੇ ਇਹ ਪੁਸਤਕ "ਰਸਮੀ ਵਿੱਦਿਆ ਪ੍ਰਾਪਤ ਕੀਤੇ ਬਿਨਾਂ ਈ ਪ੍ਰਤਿਭਾ ਦੀਆਂ ਬੁਲੰਦੀਆਂ ਨੂੰ ਛੂਹਣ ਵਾਲੇ ਹੁਨਰਮੰਦ ਚਿੰਤਕਾਂ ਅਤੇ ਕਲਾਕਾਰਾਂ ਨੂੰ" ਸਮਰਪਿਤ ਕੀਤੀ ਹੈ..! 160 ਪੰਨਿਆਂ ਅਤੇ 22 ਕਹਾਣੀਆਂ ਨਾਲ ਸ਼ਿੰਗਾਰੀ ਇਹ ਕਥਾ ਰਸ ਨਾਲ ਭਰਪੂਰ ਪੁਸਤਕ ਬਹੁਤ ਸਰਲ, ਪਰ ਪ੍ਰਭਾਵਸ਼ਾਲੀ ਸ਼ੈਲੀ ਵਿਚ ਲਿਖੀ ਗਈ ਹੈ। ਸ਼ਬਦਾਂ ਦੀ ਜਾਦੂਗਰੀ ਕਾਰਨ ਕਿਤਾਬ ਅਤੇ ਕਿਤਾਬ ਵਿਚਲੀਆਂ ਕਹਾਣੀਆਂ ਦੇ ਅਰੰਭ ਤੋਂ ਅੰਤ ਤੱਕ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਦੇਸ ਅਤੇ ਪਰਦੇਸ ਦੇ ਸਮਾਜਿਕ ਢਾਂਚਿਆਂ ਅਤੇ ਤਾਣੇ-ਬਾਣਿਆਂ ਦੀ ਬਣਤਰ ਅਤੇ ਮਨੁੱਖੀ ਕਦਰਾਂ-ਕੀਮਤਾਂ ਵਿਚ ਆਏ ਨਿਘਾਰ ਦੇ ਬਿਰਤਾਂਤ ਹਨ। ਲੇਖਕ ਨੇ ਪੰਜਾਬ ਅਤੇ ਪਰਦੇਸ (ਵੱਖ-ਵੱਖ ਭੂਗੋਲਿਕ ਖਿੱਤਿਆਂ) ਵਿਚ ਵਿਚਰਦਿਆਂ ਜੋ ਦੇਖਿਆ ਜਾਂ ਮਹਿਸੂਸ ਕੀਤਾ ਉਸ ਨੂੰ ਕਹਾਣੀਆਂ ਵਿਚ ਉਤਾਰ ਦਿੱਤਾ। ਵੰਨ-ਸੁਵੰਨੀਆਂ ਕਹਾਣੀਆਂ ਸਦੀਵੀ ਸੱਚਾਈਆਂ ਦੇ ਨਾਲ-ਨਾਲ ਹੀ ਸਮਕਾਲੀ ਸਮਾਜ ਦੀਆਂ ਬੁਰਾਈਆਂ ਦਾ ਪਰਦਾਫਾਸ਼ ਵੀ ਕਰਦੀਆਂ ਹਨ। ਕਈ ਕਹਾਣੀਆਂ ਅਤੇ ਕਹਾਣੀਆਂ ਦੇ ਪਾਤਰ ਪਾਠਕਾਂ ਦੇ ਜਾਣੇ-ਪਛਾਣੇ ਅਤੇ ਆਲੇ-ਦੁਆਲੇ ਵਿਚਰਦੇ ਮਹਿਸੂਸ ਹੁੰਦੇ ਹਨ। ਲੇਖਕ ਦੀ ਸੰਵੇਦਨਸ਼ੀਲ ਅਤੇ ਉਸਾਰੂ ਬਿਰਤੀ ਪਾਠਕ ਨੂੰ ਹਲੂਣਦੀ ਜਾਂਦੀ ਹੈ। ਭਾਵੇਂ ਹਰ ਕਹਾਣੀ ਸੰਪੂਰਨ ਹੈ, ਪਰ ਫਿਰ ਵੀ ਪਾਠਕ ਕਹਾਣੀ ਦਰ ਕਹਾਣੀ ਪੜ੍ਹਦਿਆਂ... ਕਿਤਾਬ ਦੇ ਦੂਸਰੇ ਸਿਰੇ ਤੱਕ ਪਹੁੰਚ ਜਾਂਦਾ ਹੈ।

ਅਵਤਾਰ ਸੰਘਾ ਨੇ ਇਸ ਪੁਸਤਕ ਦੀ ਸ਼ੁਰੂਆਤ ਖ਼ੂਬਸੂਰਤ ਕਹਾਣੀ 'ਅਜੇ ਤੱਕ ਲਾਵਾਂ ਨਹੀਂ ਹੋਈਆਂ' ਨਾਲ ਕੀਤੀ ਹੈ। ਇਸ ਕਹਾਣੀ ਵਿਚ... ਇੱਕ ਪੰਜਾਬੀ ਬੰਦਾ ਪਰਦੇਸ ਵਿਚ ਰਹਿੰਦਿਆਂ ਹੋਇਆਂ ਪਤਨੀ ਨਾਲ 'ਵਿਆਹ ਦੀਆਂ ਲਾਵਾਂ ਤੋਂ ਬਗ਼ੈਰ' ਹੀ ਜੀਵਨ ਦਾ ਕਾਫ਼ੀ ਸਫ਼ਰ ਹੰਢਾ ਚੁੱਕਾ ਹੈ। ਕਿਸੇ ਜ਼ਮਾਨੇ ਵਿਚ ਲਾਵਾਂ ਦੀ ਰਸਮ ਤੋਂ ਬਗ਼ੈਰ ਵਿਆਹ ਪ੍ਰਵਾਨ ਨਹੀਂ ਹੁੰਦਾ ਸੀ। ਸਮਾਜ ਦੀਆਂ ਐਨਕਾਂ ਵਿਚ ਦੀ ਝਾਕਦਿਆਂ ਜਾਂ ਫੇਰ ਓਪਰੀ ਨਜ਼ਰੇ ਭਾਵੇਂ ਇਹ ਅੱਜ ਵੀ ਅਚੰਭਾ ਹੀ ਲੱਗਦਾ ਹੋਵੇ, ਪਰ ਬਦਲਦੇ ਸਮੇਂ ਵਿਚ ਹਕੀਕਤ ਬਣਦਾ ਜਾ ਰਿਹਾ ਹੈ। ਇਹ ਲਿਵ-ਇਨ ਰਿਲੇਸ਼ਨ ਪਰਵਾਸੀ ਅਤੇ ਦੇਸੀ ਸਮਾਜ ਵਿਚ ਵੀ ਆਮ ਹੁੰਦਾ ਜਾ ਰਿਹਾ ਹੈ। ਇਸ




ਕਹਾਣੀ ਵਿਚ ਉਸ ਨੇ ਖ਼ੂਬਸੂਰਤੀ ਨਾਲ ਦੇਸੀ ਅਤੇ ਪਰਦੇਸੀ ਸਮਾਜ, ਸੱਭਿਆਚਾਰ, ਰਹਿਣ-ਸਹਿਣ, ਸੋਚਣੀ ਅਤੇ ਜ਼ਿੰਦਗੀ ਵਿਚਲੇ ਅੰਤਰ ਦੇ ਨਾਲ-ਨਾਲ ਦੋ ਦੇਸੀ ਬੰਦਿਆਂ ਦੀ ਸੋਚਣੀ ਦਾ ਤੁਲਨਾਤਮਿਕ ਪੱਖ ਵੀ ਪੇਸ਼ ਕੀਤਾ ਹੈ.. ਕਿ ਕਿਵੇਂ ਮਨੁੱਖ ਪ੍ਰੰਪਰਾਵਾਂ, ਬੰਦਸ਼ਾਂ ਅਤੇ ਬੰਧਨਾਂ ਵਿਚ ਨੂੜਿਆ ਰਹਿਣ ਜਾਂ ਆਜ਼ਾਦ ਹੋਣ ਦੇ ਸੰਘਰਸ਼ ਵਿਚ ਜੂਝਦਾ ਹੀ ਸਾਰੀ ਉਮਰ ਬਿਤਾ ਜਾਂਦਾ ਹੈ!

'ਕੁੜੀ ਕਹਾਣੀ ਬਣਦੀ ਗਈ'... ਵਿਚ ਅਵਤਾਰ ਸੰਘਾ ਆਪਣੇ ਅਤੀਤ ਦੀ ਖਿੜਕੀ ਖੋਲ੍ਹਦਿਆਂ ਤੁਹਾਨੂੰ ਕਈ ਝਾਤੀਆਂ ਮਰਵਾਉਂਦਾ ਹੈ। ਇਸ ਕਹਾਣੀ ਨੂੰ ਪੜ੍ਹਦਿਆਂ ਪਾਠਕ ਖ਼ੁਦ ਦੀ ਜ਼ਿੰਦਗੀ ਨੂੰ ਵੀ ਸਮਾਨ-ਅੰਤਰ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ। ਕਹਾਣੀ ਵਿਚ ਲੜਕੀਆਂ 'ਤੇ ਕੇਂਦ੍ਰਿਤ 'ਮਿੰਨੀ ਕਹਾਣੀਆਂ' ਪਾਠਕ ਨੂੰ ਆਪਣੇ ਆਲੇ-ਦੁਆਲੇ ਜਾਂ ਉਸ ਦੀਆਂ ਖ਼ੁਦ ਦੀਆਂ ਸੱਚੀਆਂ ਕਹਾਣੀਆਂ ਵੀ ਮਹਿਸੂਸ ਹੁੰਦੀਆਂ ਹਨ - ਚਾਹੇ ਉਹ 'ਐਸ. ਐਚ. ਓ. ਦੀ ਕੁੜੀ' ਜਾਂ ਫਿਰ 'ਕਾਲਜ ਦੀ ਹਰਪਾਲ', ਜਾਂ 'ਮਾਮੇ ਵਾਲੀ ਕੁੜੀ' ਦੀ ਕਹਾਣੀ ਹੋਵੇ। ਅੱਗੇ ਚੱਲਦਿਆਂ ਕੁੜੀ ਕਹਾਣੀ ਬਣਦੀ-ਬਣਦੀ.. 'ਸ਼ੇਕਸਪੀਅਰ ਦੀ ਹੈਮਲੇਟ', 'ਸ਼ਿਵ ਦੀ ਲੂਣਾ', ਆਸਟਰੇਲੀਆ ਦੀਆਂ 'ਆਦਿ ਵਾਸੀ ਕੁੜੀਆਂ' ਵਿਚੋਂ ਦੀ ਲੰਘਦੀ ਹੋਈ ਚੰਡੀਗੜ੍ਹ ਦੀਆਂ 'ਰੁਬਿਨੀ ਤੇ ਚਾਰੂ' ਨੂੰ ਨਾਲ ਲੈਂਦਿਆਂ... 'ਕੈਰੋਲਿਨ ਕੋਲਕਟ' ਦੀ ਰੂਹ ਤੱਕ ਅੱਪੜ ਗਈ!!

ਮੇਰੇ ਪਿਤਾ ਜੀ ਮੈਨੂੰ ਹਮੇਸ਼ਾ ਕਿਹਾ ਕਰਦੇ ਸਨ... "ਤੇਰੇ ਅਤੇ ਮੇਰੇ ਵਿਚ ਪੂਰਾ ਇੱਕ ਪੀੜ੍ਹੀ ਦਾ ਫ਼ਰਕ ਹੈ! ਇਸ ਪੀੜ੍ਹੀ ਦੌਰਾਨ ਬੜੇ ਬਦਲਾਓ ਆਏ ਨੇ। ਚਾਹੇ ਗੱਲ ਸਮਾਜ ਜਾਂ ਸੱਭਿਆਚਾਰ ਦੀ ਹੋਵੇ ਜਾਂ ਫਿਰ ਕਿਸੇ ਸਿਸਟਮ ਦੇ ਬਦਲਾਓ ਦੀ। ਮੈਂ ਕਦੇ ਵੀ ਤੈਨੂੰ ਆਪਣੇ ਵਾਂਗ ਸੋਚਣ ਲਈ ਮਜਬੂਰ ਨਹੀਂ ਕਰਾਂਗਾ। ਤੈਨੂੰ ਬਦਲਦੇ ਹਾਲਾਤ ਦੇ ਅਨੁਕੂਲ ਬਦਲਣਾ ਹੀ ਪਵੇਗਾ।" 'ਬੱਦਲਾਂ ਹੇਠ ਛੁਪਿਆ ਸੂਰਜ' ਕਹਾਣੀ ਦੋ ਪੀੜ੍ਹੀਆਂ ਦੇ ਅੰਤਰ ਦੀ ਦਾਸਤਾਨ ਹੈ ਜਿਸ ਵਿਚ ਅੱਜ ਦੀ ਪੀੜ੍ਹੀ ਕੱਲ੍ਹ ਦੀ ਪੀੜ੍ਹੀ ਦੀ ਕਾਬਲੀਅਤ 'ਤੇ ਸਵਾਲ ਉਠਾ ਰਹੀ ਹੈ, ਮਜ਼ਾਕ ਉਡਾ ਰਹੀ ਹੈ। ਫੇਰ... ਕੱਲ੍ਹ, ਅੱਜ ਅਤੇ ਭਲਕ ਦੇ ਬਦਲਦੇ ਹਾਲਾਤ ਅਤੇ ਅਸਲੀਅਤ ਨੂੰ ਜਾਣਦਿਆਂ ਅਤੇ ਮਹਿਸੂਸ ਕਰਦਿਆਂ... ਖ਼ੁਦ ਦੇ ਸੋਚਣ ਅਤੇ ਬੋਲਣ 'ਤੇ ਪਛਤਾਵਾ ਵੀ ਕਰਦੀ ਹੈ।

'ਟੇਢੀ ਲੱਕੜੀ'... ਖ਼ੂਬਸੂਰਤ ਕਹਾਣੀ ਹੈ ਜਿਸ ਵਿਚ ਲੇਖਕ ਨੇ ਮਨੁੱਖ ਦੇ ਜਮਾਂਦਰੂ ਈਰਖਾਲੂ ਸੁਭਾਅ ਦਾ ਸੁੰਦਰ ਵਰਣਨ ਕੀਤਾ ਹੈ। ਇਸ ਤ੍ਰਾਸਦੀ ਵਿਚ ਦੋ ਸਾਂਢੂਆਂ ਨੂੰ ਉਮਰ ਭਰ ਕਦਮ-ਕਦਮ 'ਤੇ ਇੱਕ ਦੂਸਰੇ ਨੂੰ ਥੱਲੇ ਲਾਉਣ, ਮੈਂ-ਮੈਂ ਕਰਦਿਆਂ ਖ਼ੁਦ ਦੇ ਵੱਡਿਆਂ ਬਣਨ, ਅਤੇ ਜਿੱਤ-ਹਾਰ ਦੀ ਜੱਦੋ-ਜਹਿਦ ਦਾ ਬਾਕਮਾਲ ਨਮੂਨਾ ਪੇਸ਼ ਕੀਤਾ ਹੈ। ਟੇਢੀ ਲੱਕੜੀ ਵਰਗਾ ਰਿਸ਼ਤਾ ਜੋ ਜਿਉਂਦੇ ਜੀ ਟੇਢਾ ਹੀ ਰਿਹਾ ਚਿਤਾ ਵਿਚ ਰਾਖ਼ ਹੁੰਦਿਆਂ.. ਖ਼ਾਕ ਬਣਨ ਤੱਕ... ਅਤੇ ਸ਼ਾਇਦ ਇਸ ਤੋਂ ਵੀ ਅਗਾਂਹ... ਆਪਣੀਆਂ ਔਲਾਦਾਂ ਨੂੰ ਅਜਿਹੇ ਸੰਸਕਾਰ ਦਿੰਦਿਆਂ!

'ਚੋਰ ਅੱਖ' ਅਤੇ 'ਮੇਰਠ ਵਾਲਾ ਚੰਦਰ ਪ੍ਰਕਾਸ਼' ਕਹਾਣੀਆਂ ਵਿਚ ਮਨੁੱਖ ਦੀਆਂ ਭੈੜੀਆਂ ਅਤੇ ਬੇਹੂਦੀਆਂ ਆਦਤਾਂ, ਅਤੇ ਲਾਲਚੀ ਸੁਭਾਅ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ। ਵਾਰਸ ਸ਼ਾਹ ਦੇ ਕਹਿਣ ਮੁਤਾਬਕ... ਆਦਤਾਂ ਸਿਰਫ਼ ਜਗ੍ਹਾ ਬਦਲਣ ਨਾਲ ਨਹੀਂ ਬਦਲ ਜਾਂਦੀਆਂ।

'ਹਰਿਆਣੇ ਵਾਲਾ ਹਰੀਸ਼ ਕਟਾਰੀਆ'... ਕਹਾਣੀ ਸੱਚੀ



ਘਟਨਾ 'ਤੇ ਆਧਾਰਤ ਹੈ... ਜਿਸ ਵਿਚ ਲੇਖਕ ਦਾ ਮਿਲਾਪ ਪੰਜਾਬੀ ਦੇ ਮਹਾਨ ਸਾਹਿਤਕਾਰ ਅਤੇ ਨਾਟਕਕਾਰ ਬਲਵੰਤ ਗਾਰਗੀ ਨਾਲ ਬਹੁਤ ਦਿਲਚਸਪ ਅਤੇ ਨਾਟਕੀ ਤਰੀਕੇ ਨਾਲ ਹੁੰਦਾ ਹੈ...। ਉਸ ਕੋਲ ਗਏ ਤਾਂ ਉਸ ਦੀ ਸ਼ਿਕਾਇਤ ਕਰਨ ਸਨ, ਪਰ... ਲੇਖਕ ਅਤੇ ਉਸ ਦੇ ਗਰੁੱਪ ਨੂੰ ਗਾਰਗੀ ਨੇ ਐਸੀਆਂ ਮੁਹੱਬਤ ਦੀਆਂ ਫਿਜ਼ਾਵਾਂ ਵਿਚ ਕੈਦ ਕੀਤਾ ਕਿ ਮਸਲਾ ਖ਼ੁਦ-ਬ-ਖ਼ੁਦ ਹੱਲ ਹੋ ਗਿਆ!! ਬਲਵੰਤ ਗਾਰਗੀ ਦੀ ਸ਼ਖ਼ਸੀਅਤ ਅਤੇ ਲੇਖਣੀ ਦਾ ਲੇਖਕ ਦੇ ਮਨ ਉਪਰ ਐਨਾ ਅਸਰ ਹੋਇਆ ਕਿ ਉਸ ਨੇ ਉਸ ਦੀਆਂ ਸਾਰੀਆਂ ਸਾਹਿਤਕ ਲਿਖਤਾਂ ਹੀ ਪੜ੍ਹ ਮਾਰੀਆਂ!!

ਪਰਵਾਸ ਦਾ ਮਸਲਾ ਕੋਈ ਨਵਾਂ ਨਹੀਂ। ਦਹਾਕਿਆਂ ਤੋਂ ਇਹ ਚੱਲਦਾ ਆਉਂਦਾ ਹੈ। ਪਰ ਪਿਛਲੇ ਕੁਝ ਸਮੇਂ ਵਿਚ ਆਇਲੈਟਸ ਦੀ ਹਨੇਰੀ ਨੇ ਪੰਜਾਬ ਦੀ ਜਵਾਨੀ ਵਾ-ਵਰੋਲੇ ਵਾਂਗ ਧੂਹ-ਘੁਮਾ ਕੇ ਸੱਤ ਸਮੁੰਦਰੋਂ ਪਾਰ ਪਹੁੰਚਾ ਦਿੱਤੀ। ਅਜੇ ਵੀ ਨਿੱਤ ਦਿਨ ਪੰਜਾਬ ਖ਼ਾਲੀ ਹੋ ਰਿਹਾ ਹੈ। ਤ੍ਰਾਸਦੀ ਇਹ ਵੀ ਹੈ ਕਿ ਪਰਵਾਸ ਦੇ ਜੀਵਨ ਤੋਂ ਅਣਜਾਣ, ਚੜ੍ਹਦੀ ਉਮਰੇ ਅੱਲ੍ਹੜ ਬੱਚੇ ਆਪਣੇ ਪਰਿਵਾਰਾਂ ਤੋਂ ਟੁੱਟ-ਵਿਛੜ ਕੇ ਓਪਰੀਆਂ ਧਰਤੀਆਂ 'ਤੇ ਪਹੁੰਚ ਰਹੇ ਹਨ। ਲਾਗੀਆਂ ਦੇ ਲਾਗ ਲੈਣ ਵਾਂਗ... ਏਜੰਟਾਂ ਨੂੰ ਆਪਣੇ ਮੋਟੇ ਮਾਲ ਤੋਂ ਜ਼ਿਆਦਾ ਕੋਈ ਪ੍ਰਵਾਹ ਨਹੀਂ ਹੈ। ਪ੍ਰਵਾਸ ਦੀ ਇਸ ਦੌੜ-ਭੱਜ ਵਿਚ ਜਵਾਨ ਬੱਚੇ... 'ਉਥੇ ਜਾ ਕੇ ਦੇਖੀ ਜਾਊ' ਦੀ ਸੋਚਣੀ ਨੂੰ ਜੇਬ 'ਚ ਪਾ ਕੇ ਜਹਾਜ਼ੇ ਚੜ੍ਹ ਆਉਂਦੇ ਹਨ। ਫੇਰ ਪਰਵਾਸੀ ਸੰਘਰਸ਼ ਵਿਚ ਗੁਆਚੇ ਅਤੇ ਬੇਹੱਦ ਉਦਾਸ ਹੁੰਦਿਆਂ ਪਿਛਲ ਝਾਤ ਤਾਂ ਮਾਰਦੇ ਹਨ... ਪਰ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਂਗ ਕਰ ਕੁਝ ਨਹੀਂ ਸਕਦੇ।

'ਲੱਲੂ ਕਰੇ ਕਵੱਲੀਆਂ'... ਕਹਾਣੀ ਲੇਖਕ ਦੀ ਅਸਲੀ ਕਹਾਣੀ ਹੈ ਜਿਸ ਵਿਚ ਉਸ ਦੇ ਗੁਆਂਢ ਵਿਚ ਇੱਕ ਹਰਿਆਣਵੀ ਨੇ ਆ ਡੇਰਾ ਲਾਇਆ। ਪਰਦੇਸ ਵਿਚ ਰਹਿੰਦਿਆਂ ਕੋਈ ਚੰਗਾ ਦੇਸੀ ਗੁਆਂਢੀ ਆ ਜਾਵੇ ਤਾਂ ਇੰਜ ਲੱਗਦਾ ਹੈ ਜਿਵੇਂ ਕੋਈ ਲਾਗਲਾ ਰਿਸ਼ਤੇਦਾਰ ਈ ਹੋਵੇ। ਪਿਆਜ਼ ਦੀਆਂ ਪਰਤਾਂ ਫਰੋਲਣ ਵਾਂਗ ਲੇਖਕ ਅਤੇ ਹਰਿਆਣਵੀ ਸਮਕਾਲੀ ਹੀ ਨਿਕਲੇ ਅਤੇ ਫਿਰ ਮਨ ਹੀ ਮਨ ਉਹ ਪੰਜਾਬ-ਹਰਿਆਣੇ ਦੇ ਹਰੇ ਭਰੇ ਖੇਤਾਂ ਵਿਚ ਟਹਿਲਦਿਆਂ ਖੁੱਲ੍ਹੇ ਦਿਲਾਂ ਨਾਲ ਗੁਫ਼ਤਗੂ ਕਰਨ ਲੱਗ ਪਏ। ਲੇਖਕ ਆਪਣੇ ਨਵੇਂ ਆਏ ਗੁਆਂਢੀ ਨਾਲ ਆਸਟਰੇਲੀਆ ਵਿਚ 'ਸੈੱਟ ਹੋਣ ਦੇ ਗੁਰ' ਵੀ ਸਾਂਝੇ ਕਰਦਾ ਹੈ।

ਸ਼ਾਇਦ ਮੇਰੇ ਵਰਗੇ ਹੋਰ ਪਰਵਾਸੀ ਵੀ ਜ਼ਰੂਰ ਸੋਚਦੇ ਹੋਣਗੇ ਕਿ ਜੇ ਅਸਾਂ ਪਰਦੇਸ ਨਾ ਆਉਂਦੇ ਤਾਂ ਸ਼ਾਇਦ ਸਾਡੀਆਂ ਆਕੜਾਂ ਵੀ ਸੱਤ ਅਸਮਾਨੀਂ ਹੀ ਹੁੰਦੀਆਂ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੱਸਦੇ ਲੋਕ ਕੰਮ ਨੂੰ ਸਿਰਫ਼ ਕੰਮ ਸਮਝਦੇ ਨੇ... ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਪਰਦੇਸਾਂ ਵਿਚ ਨੌਕਰਾਂ ਦਾ ਰਿਵਾਜ ਨਹੀਂ ਹੈ। 'ਚੰਡੀਗੜ੍ਹ ਦੀ ਅਮੀਰਜ਼ਾਦੀ' ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਅਸੀਂ ਅਜੇ ਵੀ ਕਈ ਕੰਮਾਂ ਨੂੰ ਛੋਟਾ ਸਮਝ ਕੇ ਹੀਣ ਭਾਵਨਾ ਮਹਿਸੂਸ ਕਰਦੇ ਰਹਿੰਦੇ ਹਾਂ... ਸ਼ਰਮਾਉਂਦੇ ਰਹਿੰਦੇ ਹਾਂ। ਦੂਸਰੇ ਭਾਈਚਾਰਿਆਂ ਵਿਚ ਇਹ ਸੋਚ ਨਹੀਂ ਹੈ, ਜਿਸ ਤੋਂ ਕੁਝ ਸਿੱਖਿਆ ਜਾ ਸਕਦਾ ਹੈ।

ਅਵਤਾਰ ਸੰਘਾ ਦਾ ਇਹ ਕਹਾਣੀ ਸੰਗ੍ਰਹਿ ਦੇਸ ਅਤੇ ਪਰਦੇਸ ਦੀਆਂ ਦਿਲ ਟੁੰਬਦੀਆਂ ਕਹਾਣੀਆਂ ਦਾ ਪਰਾਗਾ ਹੈ। ਇੱਕ ਦੂਸਰੇ ਤੋਂ ਜਿੰਦ ਵਾਰਨ ਵਾਲੇ ਸਕੇ ਭਰਾ ਵਿਆਹ ਤੋਂ ਬਾਅਦ ਟੱਬਰ-ਟੀਰਾਂ 'ਚ ਪੈ ਕੇ ਸ਼ਰੀਕ ਬਣ ਜਾਂਦੇ ਨੇ ਅਤੇ ਸ਼ਰੀਕਾਂ ਜਿਹਾ ਵਿਵਹਾਰ ਕਰਦੇ ਹਨ। 'ਪਤਾ ਤਾਂ ਲੱਗਣਾ ਚਾਹੀਦਾ'... ਕਹਾਣੀ ਵਿਚ ਲੇਖਕ ਆਪਣੇ ਕੈਨੇਡਾ ਅਤੇ ਅਮਰੀਕਾ ਦੇ ਤਾਜ਼ੇ ਸਫ਼ਰ ਨੂੰ ਬਿਆਨ ਕਰਦਾ ਹੈ। ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਬਿਤਾਏ ਪਲਾਂ ਨੂੰ ਯਾਦ ਵੀ ਕਰਦਾ ਹੈ...। ਪੰਜਾਹ ਸਾਲਾਂ ਬਾਅਦ ਮਿਲੇ ਦੋਸਤ ਦੀ ਮੁਹੱਬਤੀ ਮਿਲਣੀ ਵੀ ਹੈ ਅਤੇ ਸਕੇ ਭਰਾ ਦੇ ਸ਼ਹਿਰ ਵਿਚ ਹੁੰਦਿਆਂ ਹੋਇਆਂ ਵੀ ਨਾ ਮਿਲਣ ਦਾ ਜ਼ਿਕਰ ਵੀ ਹੈ।

ਯਾਦਾਂ ਵੀ ਬੜੀ ਕਮਾਲ ਦੀ ਚੀਜ਼ ਹੁੰਦੀਆਂ ਹਨ...

ਵਰ੍ਹਿਆਂ ਦਹਾਕਿਆਂ ਪਹਿਲਾਂ ਦੀਆਂ ਘਟਨਾਵਾਂ ਯਾਦਾਂ ਦੇ ਵਸਤਰ ਪਹਿਨ ਇੰਨ-ਬਿੰਨ ਤੁਹਾਡੇ ਸਾਹਮਣੇ ਹਾਜ਼ਰ ਹੋ ਜਾਂਦੀਆਂ ਹਨ। 'ਜਗੀਰੀ, ਜਗੀਰੂ ਤੇ ਜਗੀਰ ਸਿੰਘ' ਕਹਾਣੀ ਵਿਚ ਇਹ ਤਿੰਨੋਂ ਸ਼ਖ਼ਸ ਲੇਖਕ ਦੇ ਬਾਪ ਦੇ ਤਾਣੇ-ਬਾਣੇ ਨਾਲ ਜੁੜੇ ਹਨ। ਲੇਖਕ ਖ਼ੁਦ ਬਾਲੀ ਉਮਰੇ ਆਪਣੀਆਂ ਅੱਖਾਂ ਸਾਹਵੇਂ ਦੇਖਦਾ ਦੁਖੀ ਵੀ ਹੁੰਦਾ ਹੈ ਕਿ ਕਿਵੇਂ ਜਗੀਰੀ ਇੱਕ ਸੀਰੀ ਦੀ ਜ਼ਿੰਦਗੀ ਜਿਉਂਦਿਆਂ ਕੰਮ ਦੇ ਨਾਲ ਨਾਲ ਬਾਪ ਦੀਆਂ ਗਾਲ੍ਹਾਂ ਅਤੇ ਮਾਰ ਵੀ ਝੱਲਦਾ ਹੈ।

'ਦੀਸ਼ੋ ਦੀ ਭਰਜਾਈ'... ਯਾਤਰੀ ਵੀਜ਼ੇ 'ਤੇ ਆਸਟਰੇਲੀਆ ਪਹੁੰਚੀ ਔਰਤ ਅਤੇ ਉਸ ਦੀ ਆਸਟਰੇਲੀਅਨ ਨਨਾਣ ਪਾਸ ਤਿੰਨ ਕੁ ਮਹੀਨੇ ਠਹਿਰਨ ਦੀ ਖੱਟੀ ਮਿੱਠੀ ਦਾਸਤਾਨ ਹੈ। ਭਰਜਾਈ ਦਾ ਪੈਸੇ ਅਤੇ ਅੰਗਰੇਜ਼ੀ ਵਿਚ ਹੱਥ ਤੰਗ ਹੋਣ ਕਾਰਨ ਉਹ ਕਈ ਕੁਝ ਨਾ ਕਰ ਸਕੀ ਜਾਂ ਨਾ ਖ਼ਰੀਦ ਸਕੀ... ਜੋ ਉਸ ਦਾ ਮਨ ਚਾਹੁੰਦਾ ਸੀ। ਮਨੁੱਖ ਆਪਣੀ ਆਦਤ ਅਨੁਸਾਰ ਕਿਸੇ ਨੂੰ ਵਡਿਆਵੇ ਭਾਵੇਂ ਨਾ... ਪਰ ਅਧੂਰੀ ਜਾਣਕਾਰੀ ਜਾਂ ਫਿਰ ਆਪਣੀ 'ਵੱਡੀ ਸਮਝ' ਕਾਰਨ ਦੂਸਰੇ ਨੂੰ ਛੋਟਾ ਬਣਾਉਣ ਲਈ ਪੱਬਾਂ ਭਾਰ ਰਹਿੰਦਾ ਹੈ। ਪੁਸਤਕ ਦੀ ਆਖ਼ਰੀ ਕਹਾਣੀ 'ਇੱਕ ਦਿਨ ਦੀ ਕਮਾਈ' ਦਿਲ ਦੇ ਮਾਹਿਰ ਸਰਜਨ 'ਤੇ ਕੇਂਦ੍ਰਿਤ ਹੈ ਜੋ ਬੇਹੱਦ ਗਰੀਬ ਪਰਿਵਾਰ 'ਚ ਪੈਦਾ ਹੋਣ ਦੇ ਬਾਵਜੂਦ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਗਿਆ। ਬਹੁਤ ਨਰਮ ਅਤੇ ਦਿਆਲੂ ਸੁਭਾਅ ਦਾ ਇਹ ਸ਼ਖ਼ਸ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਸਮਾਜ ਨੂੰ ਕੁਝ ਵਾਪਸ ਦੇਣ ਲਈ ਤਾਂਘਦਾ ਰਹਿੰਦਾ ਹੈ। ਐਸੇ ਹੀ ਇੱਕ ਮੌਕੇ.. ਕੁਝ ਪਿੰਡ ਵਾਸੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ ਜਦ ਇਸ ਨੇ ਲੜਕੀਆਂ ਦੇ ਭਲਾਈ ਅਤੇ ਸਿਲਾਈ ਸੈਂਟਰ ਵਾਸਤੇ ਲਿਫ਼ਾਫ਼ੇ ਵਿਚ ਬੰਦ ਕਰਕੇ 'ਸਿਰਫ਼' ਇੱਕ ਦਿਨ ਦੀ ਕਮਾਈ ਹੀ ਦੇਣ ਦਾ ਐਲਾਨ ਕੀਤਾ। ਉਸ ਤੋਂ ਪਿੰਡ ਵਾਸੀ ਬਹੁਤ ਵੱਡੀਆਂ ਆਸਾਂ ਰੱਖੀ ਬੈਠੇ ਸਨ...। ਪਰ ਬਾਅਦ ਵਿਚ ਪੜਤਾਲ ਕੀਤਿਆਂ ਪਤਾ ਲੱਗਾ ਕਿ ਇਹ ਇੱਕ ਦਿਨ ਦੀ ਕਮਾਈ ਉਨ੍ਹਾਂ ਦੀਆਂ ਆਸਾਂ ਅਤੇ ਉਮੀਦਾਂ ਤੋਂ ਕਈ ਗੁਣਾ ਜ਼ਿਆਦਾ ਸੀ...! ਇਹ ਘਟਨਾ ਇਹ ਸਾਬਤ ਕਰ ਗਈ ਕਿ ਖੂਹ ਦੇ ਡੱਡੂ ਦੀ ਸੀਮਾ ਖੂਹ ਤੋਂ ਵੱਧ ਨਹੀਂ ਹੁੰਦੀ ਅਤੇ 'ਨਿਵੈ ਸੁ ਗਉਰਾ ਹੋਇ...' ਦੀ ਜੀਵਨ ਜਾਚ ਹਰ ਇੱਕ ਦੇ ਪੱਲੇ ਨਹੀਂ... ਪਰ ਹੋਣੀ ਚਾਹੀਦੀ ਹੈ।

ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ, ਪਰ ਪੁਸਤਕ ਵਿਚ ਹੋਰ ਵੀ ਕਈ ਵਧੀਆ ਕਹਾਣੀਆਂ ਹਨ ਜੋ ਪਾਠਕ ਨੂੰ ਨਾਲ ਤੋਰੀ ਰੱਖਦੀਆਂ ਹਨ।

ਦੇਸ-ਪਰਦੇਸ ਦੀਆਂ ਕਹਾਣੀਆਂ ਦੀ ਇਹ ਖ਼ੂਬਸੂਰਤ ਅਤੇ ਰੌਚਕ ਪੁਸਤਕ ਸਧਾਰਨ ਸ਼ਬਦਾਵਲੀ ਵਿਚ ਲਿਖੀ ਗਈ ਹੈ ਜਿਸ ਨੂੰ ਪੜ੍ਹਦਿਆਂ ਪਾਠਕ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਪੁਸਤਕ ਰਾਹੀਂ ਲੇਖਕ ਆਪਣੀ ਰੂਹ ਦਾ ਸੁਨੇਹਾ ਪਾਠਕਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਵੀ ਹੋਇਆ ਹੈ। ਪੰਜਾਬੀ ਸਾਹਿਤ ਜਗਤ ਵਿਚ ਇਸ ਪੁਸਤਕ ਦਾ ਸਵਾਗਤ ਹੈ। ਮੇਰੇ ਵੱਲੋਂ ਅਵਤਾਰ ਐਸ. ਸੰਘਾ ਨੂੰ ਬਹੁਤ ਮੁਬਾਰਕਾਂ ਅਤੇ ਅਗਲੇ ਸਾਹਿਤਕ ਸਫ਼ਰ ਲਈ ਸ਼ੁਭ ਕਾਮਨਾਵਾਂ!!

---

*(ਪਿਛਲੇ ਸਫੇ ਦਾ ਬਾਕੀ)*

ਪੈਂਠ ਬਣੀ ਹੋਈ ਸੀ। ਬਹੁਤ ਸਾਰਿਆਂ ਨੂੰ ਮੈਂ ਰਾਮੂ ਕਿਆਂ ਦੀ ਧਰਮਸ਼ਾਲਾ ਵਜੋਂ ਜਾਣੀ ਜਾਂਦੀ ਮਜ਼੍ਹਬੀ ਸਿੱਖਾਂ ਦੀ ਧਰਮਸ਼ਾਲਾ ਵਿਚ ਗੁਰਮੁਖੀ ਪੜ੍ਹਾਇਆ ਕਰਦਾ ਸਾਂ। ਬਹੁਤ ਮੁੰਡਿਆਂ ਨੂੰ ਮੈਂ ਕਿਤਾਬਾਂ ਪੜ੍ਹਨ ਜੋਗੇ ਕਰ ਦਿੱਤਾ ਸੀ। ਇਸ ਕਰਕੇ ਸੋਹੀ ਨੂੰ ਇਲਮ ਸੀ ਕਿ ਕਾਮਰੇਡ ਵੇਦ ਪ੍ਰਕਾਸ਼ ਨੂੰ ਸਲਾਮਤ ਮੇਰੇ ਘਰ ਵਿਚ ਹੀ ਰੱਖਿਆ ਜਾ ਸਕਦਾ ਹੈ। ਅੰਮ੍ਰਿਤਧਾਰੀ ਪਰਿਵਾਰ ਹੋਣ ਕਰਕੇ ਵੀ ਪਿੰਡ ਵਿਚ ਇੱਜ਼ਤ ਬਣੀ ਹੋਈ ਸੀ। ਸ਼ਾਮ ਤੱਕ ਹਰਭਜਨ ਸੋਹੀ ਉਸ ਨੂੰ ਮੇਰੇ ਕੋਲ ਛੱਡ ਗਿਆ। ਮੈਂ ਉਸ ਨੂੰ ਆਪਣੀ ਬੈਠਕ ਵਿਚ ਠਿਕਾਣਾ ਦੇ ਦਿੱਤਾ।

ਤਿੰਨ-ਚਾਰ ਦਿਨਾਂ ਬਾਅਦ ਮੇਰਾ ਘਰਦਿਆਂ ਨਾਲ ਘਮਸਾਣ ਦਾ ਯੁੱਧ ਆਰੰਭ ਹੋ ਗਿਆ। ਮੇਰਾ ਤਾਇਆ ਮੈਨੂੰ ਲਾਹਣਤਾਂ ਪਾਉਂਦਾ ਵਾਰ-ਵਾਰ ਇੱਕੋ ਗੱਲ ਆਖੇ-'ਤੀਹੋਂ ਕਾਲ ਇਹਨੂੰ ਹੁਣੇ ਘਰੋਂ ਲੈ ਕੇ ਜਾਹ।' ਏਸੇ ਤਰ੍ਹਾਂ ਮੇਰੀ ਬੇਬੇ ਵੀ ਭਰੀ ਪੀਤੀ ਕੇ ਪਈ, 'ਏਸੇ ਕਰਕੇ ਲਿਆ ਕੇ ਬਿਠਾਇਆ ਸੀ ਇਹ ਬਈ ਸਾਡਾ ਜਨਮ ਭ੍ਰਿਸ਼ਟ ਕਰੇ।' ਇੱਕ ਬਣੀਆਂ ਜਾਤੀ ਦਾ ਬੰਦਾ, ਨੀਵੀਂ ਜਾਤੀ ਦੇ ਆਖੇ ਜਾਂਦੇ ਪਰਿਵਾਰ ਦਾ ਕਿਵੇਂ ਜਨਮ ਭ੍ਰਿਸ਼ਟ ਕਰ ਰਿਹਾ ਸੀ, ਮੈਨੂੰ ਸਮਝ ਨਾ ਲੱਗੀ। ਫਿਰ ਮੇਰੀ ਮਾਂ ਨਿਮਰਤਾ ਨਾਲ ਸਮਝਾਉਣ ਲੱਗੀ- 'ਪੁੱਤ ਸਾਨੂੰ ਪਤਾ ਤਾਂ ਪਹਿਲੇ ਦਿਨ ਹੀ ਲੱਗ ਗਿਆ ਸੀ ਜਦੋਂ ਇਸ ਨੇ ਬੈਠਕ ਵਿਚ ਸਿਗਟ ਪੀਤੀ। ਅੱਜ ਤਾਂ ਹੱਦ ਈ ਕਰ ਦਿੱਤੀ, ਆਹ ਟਾਲ੍ਹੀ ਥੱਲੇ ਬੈਠਾ ਸਾਰੇ ਟੱਬਰ ਦੇ ਸਾਮ੍ਹਣੇ ਸਿਗਟਾਂ ਪੀਂਦਾ ਰਿਹਾ।'

ਮੈਂ ਸੁਣਦੇ ਸਾਰ ਸਾਈਕਲ ਚੁੱਕਿਆ ਤੇ ਰਾਮਪੁਰਾ ਫੂਲ ਤੋਂ ਬੱਸ ਫੜ ਕੇ ਬਠਿੰਡੇ ਪਹੁੰਚ ਗਿਆ। ਬੱਸ ਅੱਡੇ ਦੇ ਪਿੱਛੇ ਹੀ ਹਰਭਜਨ ਸੋਹੀ ਦਾ ਘਰ ਸੀ। ਉਤਰਿਆ ਚਿਹਰਾ ਵੇਖ ਕੇ ਮਨੋਵਿਗਿਆਨੀ ਵਾਂਗ ਹਰਭਜਨ ਜਿਵੇਂ ਸਾਰੀ ਗੱਲ ਸਮਝ ਗਿਆ। ਉਸ ਦੇ ਹਾਲ-ਚਾਲ ਪੁੱਛਣ 'ਤੇ ਜਦ ਮੈਂ ਸਾਰੀ ਹੋਈ-ਬੀਤੀ ਦੱਸੀ ਤਾਂ ਉਸ ਨੇ ਮੈਨੂੰ ਘਰ ਪਹੁੰਚਣ ਲਈ ਆਖਿਆ। ਮੇਰੇ ਘਰ ਪਹੁੰਚਦੇ ਤੱਕ ਹਰਭਜਨ ਵੀ ਰਾਮਪੁਰੇ ਤੋਂ ਸਾਈਕਲ ਲੈ ਕੇ ਪਹੁੰਚ ਗਿਆ। ਮੇਰੇ ਸਾਹਮਣੇ ਸੋਹੀ ਨੇ ਕਾਮਰੇਡ ਵੇਦ ਦੀ ਚੰਗੀ ਲਾਹ-ਪਾਹ ਕੀਤੀ। ਉਹ ਸਫ਼ਾਈ ਦਿੰਦਾ ਇੱਕੋ ਉਤਰ ਦੁਹਰਾਈ ਜਾਵੇ-'ਨਾਲੇ ਤੁਸੀਂ ਕਹਿੰਦੇ ਓ ਬੁਰਜੂਆ ਹੈੱਡ ਕੁਆਟਰ ਉਡਾ ਦਿਓ। ਮੈਨੂੰ ਇਹੋ ਜਿਹੇ ਪਿਛਾਂਹ-ਖਿੱਚੂ ਪਰਿਵਾਰ ਵਿਚ ਕਿਉਂ ਛੱਡਿਆ ਤੂੰ।' ਹਰਭਜਨ ਗਿਲਾਨੀ ਜਿਹੀ ਨਾਲ ਉਸ ਦੀ ਇਸ ਗੱਲ 'ਤੇ ਮੁਸਕਰਾਇਆ। ਮੈਂ ਵੇਖ ਰਿਹਾ ਸਾਂ ਕਿ ਉਸ ਮੁਸਕਰਾਹਟ ਵਿਚ ਖ਼ੁਸ਼ੀ ਦਾ ਆਲਮ ਨਹੀਂ ਸੀ, ਸਗੋਂ ਅਫ਼ਸੋਸ ਪ੍ਰਗਟ ਹੋ ਰਿਹਾ ਸੀ, ਕਿ ਕਾਮਰੇਡ ਵੇਦ, ਇੱਥੇ ਵੀ ਮਾਰ ਖਾ ਗਿਆ ਸੀ, 'ਪਿਛਾਂਹ-ਖਿੱਚੂ ਸੱਭਿਆਚਾਰ' ਨੂੰ ਤੋੜਨ ਦੇ ਨਾਂ 'ਤੇ ਮਾਅਰਕੇਬਾਜ਼ੀ ਦਾ ਸ਼ਿਕਾਰ ਹੋ ਗਿਆ ਸੀ। ਅਫ਼ਸੋਸ ਜਿਹੇ ਦੀ ਇੱਕ ਪਰਤ ਚਿਹਰੇ 'ਤੇ ਚਿਪਕਾਈ ਉਹ ਕਾਮਰੇਡ ਨੂੰ ਸਾਈਕਲ 'ਤੇ ਬਿਠਾ ਕੇ ਸਾਡੇ ਘਰੋਂ ਲੈ ਗਿਆ। ਘਰਦਿਆਂ ਨੇ ਸੁਖ ਦਾ ਸਾਹ ਲਿਆ। ***(ਚੱਲਦਾ)***

# 'ਹੱਕ-ਸੱਚ ਦਾ ਸੰਗਰਾਮ'-ਬੰਦੇ ਦੇ ਹੋਣ-ਥੀਣ ਦਾ ਬਿਰਤਾਂਤ

'ਹੱਕ-ਸੱਚ ਦਾ ਸੰਗਰਾਮ' ਲਾਲ ਸਿੰਘ ਢਿਲੋਂ ਦੀ ਆਪਣੀ ਉਮਰ ਦੇ ਦਸਵੇਂ ਦਹਾਕੇ ਵਿਚ ਲਿਖੀ ਸਵੈ-ਜੀਵਨੀ ਹੈ। ਇਹ ਜੀਵਨੀ ਵੀ ਸ਼ਾਇਦ ਉਹ ਕਦੀ ਨਾ ਲਿਖਦਾ, ਜੇ ਸੌਦਾਗਰ ਸਿੰਘ ਬਰਾੜ ਤੇ ਉਹਦੇ ਵਰਗੇ ਹੋਰ ਵੀ ਕਈ ਮਿੱਤਰ ਪਿਆਰੇ ਉਹਨੂੰ ਇਹ ਸਵੈ-ਜੀਵਨੀ ਲਿਖਣ ਲਈ ਲਗਾਤਾਰ ਟੁੰਬਦੇ ਤੇ ਪ੍ਰੇਰਦੇ ਨਾ ਰਹਿੰਦੇ। ਉਨ੍ਹਾਂ ਨੂੰ ਲੱਗਦਾ ਸੀ ਕਿ ਲਾਲ ਸਿੰਘ ਢਿਲੋਂ ਦਾ ਜੀਵਨ ਕੇਵਲ ਉਹਦੇ ਨਿੱਜੀ ਜੀਵਨ ਦੀ ਦਾਸਤਾਨ ਹੀ ਨਹੀਂ, ਸਗੋਂ ਉਹਦੇ ਜੀਵਨ-ਕਾਲ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਤੇ ਮਹੱਤਵਪੂਰਨ ਬੰਦਿਆਂ ਦੀ ਦਾਸਤਾਨ ਵੀ ਹੈ। ਉਸ ਦੌਰ ਵਿਚ ਬਹੁਤ ਕੁਝ ਅਜਿਹਾ ਵਾਪਰਿਆ, ਜਿਸਦਾ ਢਿਲੋਂ ਚਸ਼ਮਦੀਦ ਗਵਾਹ ਹੈ। ਇਸ ਲਈ ਇਹ ਸਵੈ-ਜੀਵਨੀ ਲਾਲ ਸਿੰਘ ਢਿਲੋਂ ਦੇ ਹਵਾਲੇ ਨਾਲ ਉਸ ਦੌਰ ਦੀ ਕਹਾਣੀ ਵੀ ਹੋ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਸਕਦੀ ਹੈ। ਇਸਦੇ ਬਾਵਜੂਦ ਲਾਲ ਸਿੰਘ ਨੇ ਸਵੈ-ਜੀਵਨੀ ਨਾ ਲਿਖ ਸਕਣ ਲਈ ਕਈ ਬਹਾਨੇ ਵੀ ਲਾਏ ਪਰ ਉਹਦੇ ਦੋਸਤਾਂ ਨੇ ਇਨ੍ਹਾਂ ਬਹਾਨਿਆਂ ਦਾ ਤੋੜ ਵੀ ਲੱਭ ਲਿਆ। ਉਹਦੀ ਧੀ ਡਾ. ਕੰਵਲਜੀਤ ਕੌਰ ਢਿੱਲੋਂ, (ਜੋ ਆਪ ਵੀ ਵੱਡੀ ਚਿੰਤਕ ਅਤੇ ਔਰਤ-ਹੱਕਾਂ ਦੀ ਰਖ਼ਵਾਲੀ ਜੁਝਾਰੂ ਆਗੂ ਹੈ) ਦਾ ਵੀ ਆਪਣੇ ਬਾਪ ਨੂੰ ਇਹ ਲਿਖਤ ਲਿਖਣ ਵਿਚ ਪ੍ਰੇਰਕ ਵਜੋਂ ਕਾਰਜਸ਼ੀਲ ਹੋਣਾ ਇੱਕ ਵੱਡਾ ਕਾਰਨ ਹੈ।

ਸਵੈ-ਜੀਵਨੀ ਕੇਵਲ ਆਤਮ ਅਨੁਭਵ ਦਾ ਅੰਤਰ-ਮੁਖਾ ਪ੍ਰਗਟਾਅ ਨਹੀਂ ਹੁੰਦੀ, ਸਗੋਂ ਲੇਖਕ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਇਸ ਰਾਹੀਂ ਆਪਣੇ ਪਰਿਵੇਸ਼, ਇਤਿਹਾਸਕ ਹਾਲਾਤ ਅਤੇ ਆਪਣੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਨਾਲ ਆਪਣੀ ਅੰਤਰ-ਕ੍ਰਿਆ ਨੂੰ ਵਸਤੂ ਮੁਖ ਦ੍ਰਿਸ਼ਟੀ ਤੋਂ ਇੰਝ ਪੇਸ਼ ਕਰੇ, ਜਿਸ ਤੋਂ ਪਾਠਕ ਨੂੰ ਗਿਆਨ ਹੋ ਸਕੇ ਕਿ ਕਿਵੇਂ ਇਕ ਸਧਾਰਨ ਬੰਦਾ ਹਾਲਾਤ ਨੂੰ ਆਪਣੇ ਅਨੁਕੂਲ ਢਾਲਣ ਲਈ ਜੀਵਨ ਭਰ ਸੰਘਰਸ਼ ਕਰਦਾ ਹੈ ਤੇ ਆਪਣੀ ਵਿਸ਼ੇਸ਼ਤਾ ਸਥਾਪਤ ਕਰ ਲੈਂਦਾ ਹੈ। ਇੰਝ ਇਤਿਹਾਸ ਦੇ ਵਿਸ਼ੇਸ਼ ਕਾਲਖੰਡ ਵਿਚ ਵਿਚਰਦਾ ਸ੍ਵੈ-ਜੀਵਨੀ ਲੇਖਕ ਆਪਣੇ ਨਿੱਜ ਸਮੇਤ ਆਪਣੇ ਦੌਰ ਦੇ ਸਾਹਿਤਕ, ਸਭਿਆਚਾਰਕ, ਸਮਾਜੀ ਤੇ ਸਿਆਸੀ ਜੀਵਨ ਨੂੰ ਪ੍ਰਤੀਬਿੰਬਤ ਕਰਦਾ ਹੈ।

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪਰੰਪਰਾਗਤ ਧਾਰਮਿਕ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਲੇਖਕ ਮੱਧਕਾਲੀ ਦੌਰ ਦੀਆਂ ਮਹਾਨ ਸ਼ਖ਼ਸੀਅਤਾਂ ਨੂੰ ਹੀ ਆਦਰਸ਼ ਵਜੋਂ ਸਿਰਜਦੇ ਸਨ। 'ਆਪੇ ਦੇ ਗੌਰਵ' ਦੀ ਚੇਤਨਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਅੰਗ ਨਹੀਂ ਸੀ ਬਣੀ ਤੇ ਉਨ੍ਹਾਂ ਵਿਚ ਆਪਣੇ-ਆਪ ਨੂੰ ਇਕ ਆਦਰਸ਼ ਵਿਅਕਤੀ ਵਜੋਂ ਚਿਤਵਣ ਤੇ ਚਿਤਰਣ ਦੀ ਸਹਿਵਨ ਝਿਜਕ ਸੀ। ਇਸੇ ਲਈ ਪੰਜਾਬੀ ਵਿਚ ਸਵੈ-ਜੀਵਨੀ ਲਿਖੇ ਜਾਣ ਦਾ ਕਾਰਜ ਰਤਾ ਕੁ ਪਛੜ ਕੇ ਸ਼ੁਰੂ ਹੋਇਆ। ਮੌਲਿਕ ਸਵੈ-ਜੀਵਨੀ ਲਿਖੇ ਜਾਣ ਤੋਂ ਪਹਿਲਾਂ ਹੋਰਨਾਂ ਬੋਲੀਆਂ ਵਿਚ ਲਿਖੀਆਂ ਸਵੈ-ਜੀਵਨੀਆਂ ਦੇ ਅਨੁਵਾਦ ਵੀ ਇਸ ਵਿਧਾ ਦੇ ਪ੍ਰੇਰਨਾ ਸ੍ਰੋਤ ਬਣੇ। ਬਦਲਦੇ ਇਤਿਹਾਸਕ ਹਾਲਾਤ ਨੇ ਸਾਧਾਰਨ ਮਨੁੱਖ ਨੂੰ ਉਸਦੀ ਸ਼ਕਤੀ ਅਤੇ ਸਮਰਥਾ ਦਾ ਅਹਿਸਾਸ ਕਰਵਾਇਆ ਤੇ ਉਹਨੂੰ ਆਪਣਾ ਜੀਵਨ ਵੀ ਜ਼ਿਕਰਯੋਗ ਲੱਗਾ ਪਰ ਇਸਦੇ ਬਾਵਜੂਦ ਸ੍ਵੈ-ਜੀਵਨੀ ਲੇਖਕਾਂ ਵਿਚ ਇਕ ਝਿਜਕ ਦਾ ਅਹਿਸਾਸ ਜ਼ਰੂਰ ਰਿਹਾ। ਪੰਜਾਬੀ ਦੀ ਪਹਿਲੀ ਮੌਲਿਕ ਸ੍ਵੈ-ਜੀਵਨੀ 'ਆਰਸੀ' (1958) ਦੇ ਕਰਤਾ ਪ੍ਰਿੰ. ਤੇਜਾ ਸਿੰਘ ਦੇ ਬੋਲਾਂ ਵਿਚੋਂ ਇਹ ਝਿਜਕ ਬੋਲਦੀ ਸੁਣਾਈ ਦਿੰਦੀ ਹੈ।

'ਮੇਰੇ ਰੱਬ ਜੀ! ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ ਸਗੋਂ ਬਹੁਤ ਕੁਝ ਉਨ੍ਹਾਂ ਘਟਨਾਵਾਂ ਤੇ ਵਿਅਕਤੀਆਂ ਬਾਰੇ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਤ ਹੋਇਆ ਹਾਂ।'

ਗੁਰਬਖਸ਼ ਸਿੰਘ ਵੀ ਆਪਣੀ ਸਵੈ-ਜੀਵਨੀ ਲਿਖਣ ਦਾ ਕੁਝ ਅਜਿਹਾ ਕਾਰਨ ਹੀ ਦੱਸਦਾ ਹੈ, 'ਆਪਣੀ ਜੀਵਨ ਕਹਾਣੀ ਲਿਖਣ ਦੀ ਗੁਸਤਾਖ਼ੀ ਮੈਂ ਕਦੇ ਨਾ ਕਰਦਾ ਜੇ ਇਹ ਕਹਾਣੀ ਬਹੁਤੀ ਦੂਜਿਆਂ ਦੀ ਕਹਾਣੀ ਨਾ ਹੁੰਦੀ।'

ਹੋਰ ਤਾਂ ਹੋਰ ਆਜ਼ਾਦੀ ਸੰਗਰਾਮ ਦਾ ਨਾਇਕ ਬਾਬਾ ਸੋਹਣ ਸਿੰਘ ਭਕਨਾ ਵੀ ਆਪਣੀ ਸ੍ਵੈ-ਜੀਵਨੀ 'ਜੀਵਨ-ਸੰਗਰਾਮ' ਦੀ ਭੂਮਿਕਾ ਵਿਚ ਆਪਣੇ ਆਪ ਨੂੰ 'ਗੁੰਮਨਾਮ ਆਦਮੀ' ਕਹਿੰਦਿਆਂ ਆਖਦਾ ਹੈ ਕਿ ਉਸਨੂੰ 'ਆਪਣਾ ਜੀਵਨ ਲਿਖਣਾ ਕਿਵੇਂ ਵੀ ਸੋਭਾ ਨਹੀਂ ਦਿੰਦਾ।'

ਅਜਿਹੇ ਸੰਕੋਚ ਦਾ ਕਾਰਨ ਇਹ ਵੀ ਹੈ ਕਿ ਸ੍ਵੈ-ਜੀਵਨੀ ਲਿਖਣਾ 'ਤਾਰ ਉੱਤੇ ਤੁਰਨ ਵਾਂਗ' ਹੈ। ਬੰਦਾ ਆਪਣੀ ਬੁਰਾਈ ਜਾਂ ਨਿੰਦਿਆ ਕਰਨੀ ਨਹੀਂ ਚਾਹੁੰਦਾ ਤੇ ਤਾਰੀਫ਼ ਪਾਠਕਾਂ ਨੂੰ ਪਸੰਦ ਨਹੀਂ ਆਉਂਦੀ। ਸ਼ਾਇਦ ਇਹੋ ਝਿਜਕ ਹੀ ਸੀ ਕਿ ਲਾਲ ਸਿੰਘ ਢਿਲੋਂ ਸਵੈ-ਜੀਵਨੀ ਲਿਖਣ ਤੋਂ ਸਦਾ ਝਿਜਕਦਾ ਰਿਹਾ।

ਇੱਹ ਵੀ ਸੱਚ ਹੈ ਕਿ ਸਾਧਾਰਨ ਬੰਦਿਆਂ ਦੀ ਆਪਣੀ ਸੀਮਾ ਹੁੰਦੀ ਹੈ। ਆਪਣੇ ਕੁ ਜੇਡੀ ਸਮਰੱਥਾ। ਉੱਡਣ ਲਈ ਵੀ ਉਨ੍ਹਾਂ ਕੋਲ ਆਪਣੇ ਵਰਗੇ ਨਿੱਕੇ ਨਿੱਕੇ ਖੰਭ ਤੇ ਆਪਣੇ ਕੁ ਜੇਡਾ ਅਸਮਾਨ ਹੀ ਹੁੰਦਾ ਹੈ। ਸਾਧਾਰਨ ਜਿਹੀ ਸਮਰੱਥਾ ਵਾਲੇ ਉਹ ਲੋਕ ਉੱਚੀਆਂ-ਲੰਮੀਆਂ ਉਡਾਰੀਆਂ ਨਹੀਂ ਭਰ ਸਕਦੇ। ਪਰ ਉਹ ਦਲਦਲੀ-ਜ਼ਮੀਨ ਵਿਚ ਧਸਣ ਤੋਂ ਵੀ ਇਨਕਾਰੀ ਹੁੰਦੇ ਹਨ। ਆਪਣੇ ਵਰਗੇ ਹੋਰਨਾਂ ਨੂੰ ਪਰ ਤੋਲਦੇ ਵੇਖ ਕੇ ਉਹ ਵੀ ਹਿੰਮਤ ਧਾਰ ਲੈਂਦੇ ਨੇ। ਆਪਣੇ ਪੈਰਾਂ ਨੂੰ ਆਪਣੇ ਖੰਭਾਂ ਦੇ ਆਸਰੇ ਜ਼ਮੀਨ ਤੋਂ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦੇ ਨੇ। ਭਾਵੇਂ ਕੁਝ ਕੁ ਗ਼ਜ਼ ਹੀ ਉੱਡਦੇ ਹੋਣ ਪਰ ਆਪਣੇ ਅੰਦਰ ਖੌਲਦੀ ਫੜ- ਫੜਾਹਟ ਨੂੰ ਜ਼ਮੀਨ 'ਤੇ ਡਿੱਗਣ ਤੋਂ ਪਹਿਲਾਂ ਠੰਢਾ ਨਹੀਂ ਹੋਣ ਦੇਣਾ ਚਾਹੁੰਦੇ। ਹਾਲਾਤ ਦੀ ਮਾਰ ਦੇ ਝੰਬੇ ਉਹ ਨਾ ਵੀ ਉੱਡ ਸਕਦੇ ਹੋਣ ਤਦ ਵੀ ਉਹ ਆਪਣੇ ਅੰਦਰੋਂ ਉੱਡਣ ਦੀ ਲੋਚਾ ਮਰਨ ਨਹੀਂ ਦਿੰਦੇ।


ਲਾਲ ਸਿੰਘ ਢਿਲੋਂ ਦੀ ਵਿਸ਼ੇਸ਼ਤਾ ਹੈ ਕਿ ਉਸ ਨੇ ਦਲਦਲੀ ਜ਼ਮੀਨ ਵਿਚ ਧਸਣੋਂ ਇਨਕਾਰ ਕੀਤਾ। ਆਪਣੀ ਸਮਰੱਥਾ ਨਾਲ ਜਿੰਨਾਂ ਵੀ ਹੋ ਸਕਿਆ, ਧਰਤੀ ਤੋਂ ਉੱਚਾ ਉੱਠ ਕੇ ਉੱਡਣ ਦੀ ਕੋਸ਼ਿਸ਼ ਕੀਤੀ। ਸਾਰੀ ਉਮਰ ਆਪਣੇ ਖੰਭਾਂ ਅੰਦਰ ਖੌਲਦੀ ਫੜਫੜਾਹਟ ਨੂੰ ਮਰਨ ਨਹੀਂ ਦਿੱਤਾ। ਜਿਊਣਾ ਦਿਨਾਂ ਜਾਂ ਸਾਲਾਂ ਵਿਚ ਨਹੀਂ ਹੁੰਦਾ ਸਗੋਂ ਦਿਨਾਂ ਜਾਂ ਸਾਲਾਂ ਨੂੰ ਸੁਕਾਰਥੇ ਲਾਉਣਾ ਹੁੰਦਾ ਹੈ। ਬੰਦੇ ਦਾ ਜੀਣਾ ਕਾਫ਼ੀ ਨਹੀਂ ਹੁੰਦਾ, 'ਥੀਣਾ' ਜ਼ਰੂਰੀ ਹੁੰਦਾ ਹੈ। ਲਾਲ ਸਿੰਘ ਦੀ ਜੀਵਨ ਕਹਾਣੀ ਉਹਦੇ ਜੀਣ ਦੀ ਨਹੀਂ, ਥੀਣ ਦੀ ਕਹਾਣੀ ਹੈ, ਕਿਉਂਕਿ ਉਹਨੇ ਸਦਾ ਮਾਨਵ-ਵਿਰੋਧੀ ਹਾਲਾਤ ਨਾਲ ਲੜਨ ਦਾ ਅਜ਼ਮ ਲਿਆ ਤੇ ਇਸ ਨੂੰ ਤੋੜ ਨਿਭਾਇਆ। ਸਦਾ ਮਾਣ ਨਾਲ ਆਪਣਾ ਸਿਰ ਉੱਚਾ ਚੁੱਕੀ ਰੱਖਿਆ। ਉਹਦਾ ਜੀਵਨ ਬਿਰਤਾਂਤ ਸ਼ਾਨ ਨਾਲ ਜੀਵੇ ਜੀਵਨ ਦੀ ਕਹਾਣੀ ਹੈ। ਉਹਦਾ ਜੀਵਨ ਸੰਘਰਸ਼ ਦੀ ਮਿਸਾਲ ਹੈ। ਉਹਦਾ ਹਰ ਸਾਹ ਲੋਕ ਸਵਾ ਨੂੰ ਸਮਰਪਤਿ ਰਿਹਾ।

ਲਾਲ ਸਿੰਘ ਢਿਲੋਂ ਕੋਲ ਨਾ ਅਧਿਆਪਕ ਯੂਨੀਅਨ ਤੇ ਨਾ ਹੀ ਪਾਰਟੀ ਵਿਚ ਕੋਈ ਵੱਡਾ ਅਹੁਦਾ ਸੀ ਕਿ ਉਹ ਯੁੱਧ ਦੀ ਕੋਈ ਰੂਪ ਰੇਖ਼ਾ ਜਾਂ ਯੋਜਨਾ ਬਣਾਉਣ ਵਿਚ ਕੋਈ ਫ਼ੈਸਲਾਕੁਨ ਰੋਲ ਅਦਾ ਕਰ ਸਕਦਾ। ਉਹ ਬਹੁਤ ਕਰ ਕੇ ਸਥਾਨਕ ਪੱਧਰ 'ਤੇ ਲੜਨ ਵਾਲਾ ਸਿਪਾਹੀ ਸੀ। ਉਹਦਾ ਪਿੰਡ ਹੀ ਉਹਦਾ ਕਰਮ-ਖੇਤਰ ਰਿਹਾ ਹੈ। ਕਮਿਊਨਿਸਟ ਪਾਰਟੀ ਤੇ ਅਧਿਆਪਕ ਯੂਨੀਅਨ ਵਿਚ ਸੇਵਾਵਾਂ ਨਿਭਾਉਣ ਤੋਂ ਇਲਾਵਾ ਪਿੰਡ ਦੀ ਪੰਚਾਇਤ, ਪਿੰਡ ਦਾ ਸਕੂਲ, ਪਿੰਡ ਦੀ ਸਹਿਕਾਰੀ ਸੋਸਾਇਟੀ ਤੇ ਪਿੰਡ ਨਾਲ ਜੁੜੇ ਹੋਰ ਪ੍ਰਸੰਗ ਹੀ ਉਹਦੇ ਸਰੋਕਾਰ ਰਹੇ ਹਨ; ਪਰ ਉਸ ਕੋਲ ਜਿਗਰਾ ਵੱਡਾ ਸੀ, ਪ੍ਰਤੀਬੱਧਤਾ ਵੱਡੀ ਸੀ। ਆਪਣੇ ਹਿੱਸੇ ਦਾ ਯੁੱਧ ਲੜਨ ਲਈ ਕਿਸੇ ਵੱਡੇ ਕੁਰੂਖ਼ਸ਼ੇਤਰ ਦੀ ਲੋੜ ਨਹੀਂ ਹੁੰਦੀ। ਜਾਗਦੀ ਜ਼ਮੀਰ ਵਾਲਾ ਜਿਸ ਵੀ ਥਾਂ 'ਤੇ ਹੋਵੇ, ਉਸ ਲਈ ਉਹੋ ਯੁਧ ਦਾ ਮੈਦਾਨ ਬਣ ਜਾਂਦਾ ਹੈ। ਲਾਲ ਸਿੰਘ ਨੇ ਪ੍ਰਾਪਤ ਮੈਦਾਨ ਨੂੰ ਹੀ ਕੁਰੂਖ਼ਸ਼ੇਤਰ ਦਾ ਮੈਦਾਨ ਸਮਝਿਆ ਤੇ ਲੜਨਾ ਜਾਰੀ ਰੱਖਿਆ।

ਸ਼ਾਇਦ ਸਵੈ-ਜੀਵਨੀ ਲਿਖਣ ਵਿਚ ਉਹ ਇਸ ਕਰ ਕੇ ਵੀ ਦੁਚਿੱਤੀ ਵਿਚ ਰਿਹਾ ਹੋਵੇ ਕਿ ਉਹਨੇ ਕਿਹੜਾ ਬਹੁਤੀਆਂ ਵੱਡੀਆਂ ਮੱਲਾਂ ਮਾਰੀਆਂ ਹਨ! ਪਰ ਜਦੋਂ ਉਹਦੇ ਸਾਥੀਆਂ ਤੇ ਉਹਦੀ ਧੀ ਕੰਵਲਜੀਤ ਨੇ ਹੁਲਾਰਾ ਦਿੱਤਾ ਕਿ ਉਹ ਜਿੰਨਾਂ ਵੀ ਲੜਿਆ ਤੇ ਜਿੱਥੇ ਵੀ ਲੜਿਆ ਹੈ, ਉਹ ਵੀ ਯਾਦਗਾਰੀ ਤੇ ਮਿਸਾਲੀ ਹੈ। ਉਹ ਵੀ ਸਾਂਝਾ ਕਰਨ ਵਾਲਾ ਹੈ। ਵੱਡੇ ਬੰਦਿਆਂ ਦੀ ਜੀਵਨੀ ਪੜ੍ਹ ਕੇ ਤਾਂ ਕਈ ਵਾਰ ਸਾਧਾਰਨ ਬੰਦਾ ਸੋਚਣ ਲੱਗਦਾ ਹੈ ਕਿ ਉਹ ਤਾਂ ਅਪਹੁੰਚ ਹਸਤੀ ਸਨ। ਆਮ ਬੰਦਾ ਉਨ੍ਹਾਂ ਵਰਗਾ ਕਿੱਥੇ ਬਣ ਸਕਦਾ ਹੈ! ਪਰ ਲਾਲ ਸਿੰਘ ਦੀ ਜੀਵਨੀ ਪੜ੍ਹ ਕੇ ਸਾਧਾਰਨ ਬੰਦਾ ਵੀ ਸੋਚਣ ਲੱਗਦਾ ਹੈ, 'ਇਹ ਤਾਂ ਸਾਡਾ ਵਰਗਾ ਹੀ ਹੈ। ਸਹਿਜ ਤੇ ਸਾਧਾਰਨ ਬੰਦਾ। ਜੇ ਇਹ ਹਾਲਾਤ ਨਾਲ ਲੜ ਕੇ ਅੱਗੇ ਵਧ ਸਕਦਾ ਹੈ, ਜਿੱਤ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ ਕੁਝ ਕਰ ਸਕਦੇ!'

ਇਹ ਸਵੈ-ਜੀਵਨੀ ਲਾਲ ਸਿੰਘ ਢਿਲੋਂ ਦੇ ਉਹਦੇ ਆਪਣੇ ਵਰਗੇ ਲੋਕਾਂ ਲਈ ਹੈ, ਉਨ੍ਹਾਂ ਲਈ ਪ੍ਰੇਰਨਾ ਦਾ ਸੋਮਾ ਹੈ। ਵਧੇਰੇ ਪ੍ਰੈਕਟੀਕਲ ਹੈ।

ਲਾਲ ਸਿੰਘ ਢਿਲੋਂ ਦੀ ਜੀਵਨ-ਕਹਾਣੀ ਵੀ ਪ੍ਰਿੰਸੀਪਲ ਤੇਜਾ ਸਿੰਘ ਵਾਂਗ ਨਿਰੋਲ ਨਿੱਜ ਦਾ




*'ਹੱਕ-ਸੱਚ ਦਾ ਸੰਗਰਾਮ' ਕਿਤਾਬ ਦਾ ਸਰਵਰਕ।*

ਆਤਮਮੁਖ ਪ੍ਰਗਟਾਵਾ ਨਹੀਂ ਸਗੋਂ ਉਹਨੇ ਤੇਜਾ ਸਿੰਘ ਵਾਂਗ ਆਪਣੇ ਬਾਰੇ ਬਹੁਤੀ ਗੱਲ ਕਰਨ ਨਾਲੋਂ ਉਨ੍ਹਾਂ ਵਿਅਕਤੀਆਂ ਤੇ ਘਟਨਾਵਾਂ ਨੂੰ ਵੀ ਬਿਆਨਿਆ ਹੈ, ਜਿਨ੍ਹਾਂ ਨੇ ਉਹਦੀ ਸ਼ਖ਼ਸੀਅਤ ਨੂੰ ਟੋਟਾ-ਟੋਟਾ ਕਰ ਕੇ ਜੋੜਿਆ ਤੇ ਉਸਾਰਿਆ। ਇਹ ਗ਼ਦਰੀ ਬਾਬਾ ਰੂੜ ਸਿੰਘ ਚੂਹੜ ਚੱਕ, ਕਾਮਰੇਡ ਤੇਜਾ ਸਿੰਘ ਸੁਤੰਤਰ, ਮਾਸਟਰ ਹਰੀ ਸਿੰਘ ਧੂਤ, ਪਿਤਾ ਮੋਦਨ ਸਿੰਘ, ਚੰਨਣ ਸਿੰਘ ਤਖਾਣਵੱਧ, ਕਮਿਊਨਿਸਟ ਆਗੂਆਂ ਤੇ ਪਿੰਡ ਅਤੇ ਇਲਾਕੇ ਦੇ ਜੁਝਾਰੂ ਲੋਕਾਂ ਦੀ ਜੀਵਨ ਕਹਾਣੀ ਵੀ ਹੈ। ਆਪਣੇ ਦੌਰ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਿਵਰਣ ਵੀ ਹੈ। ਕਿਰਤੀ ਪਾਰਟੀ ਤੇ ਕਮਿਊਨਿਸਟ ਪਾਰਟੀ ਦੇ ਸੰਬੰਧ, ਦੇਸ਼ ਵੰਡ ਦੀ ਭਿਆਨਕ ਤਰਾਸਦੀ, ਕਤਲੋ-ਗਾਰਤ। ਗ਼ਦਰੀ ਆਗੂਆਂ ਦੀ ਕੁਰਬਾਨੀ, ਕਾਮਾਗਾਟਾ ਮਾਰੂ ਜਹਾਜ਼ ਕਾਂਡ ਨਾਲ ਪਿੰਡ ਦੇ ਲੋਕਾਂ ਦਾ ਰਿਸ਼ਤਾ, ਗੁਰਦੁਆਰਿਆਂ ਦੀ ਆਜ਼ਾਦੀ ਦੀ ਲੜਾਈ ਤੇ ਜੈਤੋ ਦੇ ਮੋਰਚੇ ਵਿਚ ਤਖ਼ਾਣਵੱਧ ਪਿੰਡ ਦਾ ਯੋਗਦਾਨ, ਖੋਖਲੀ ਆਜ਼ਾਦੀ ਦੀ ਕਹਾਣੀ, ਕੈਰੋਂ ਸ਼ਾਹੀ ਦਾ ਧੱਕਾ, ਮੁਰੱਬੇਬੰਦੀ ਦਾ ਵੇਰਵਾ, ਕਾਰਜਸ਼ੀਲ ਅਧਿਆਪਕ ਅਤੇ ਪੈਨਸ਼ਨਰ ਯੂਨੀਅਨਾਂ ਤੇ ਅਧਿਆਪਕ ਆਗੂਆਂ ਦੀ ਕਾਰਜਸ਼ੈਲੀ ਤੇ ਆਪਣੇ ਹੱਕਾਂ ਲਈ ਜੱਦੋ-ਜਹਿਦ ਅਤੇ ਹੋਰ ਕਿੰਨਾਂ ਕੁਝ ਅਜਿਹਾ ਹੈ, ਜੋ ਇਤਿਹਾਸ ਦਾ ਜ਼ਿਕਰਯੋਗ ਹਿੱਸਾ ਹੈ। ਲਾਲ ਸਿੰਘ ਢਿਲੋਂ ਇਨ੍ਹਾਂ ਇਤਿਹਾਸਕ ਘਟਨਾਵਾਂ, ਵੇਰਵਿਆਂ , ਵਰਤਾਰਿਆਂ ਤੇ ਵਿਅਕਤੀਆਂ ਨਾਲ ਖਹਿ ਕੇ ਲੰਘਿਆ ਹੈ। ਇਸ 'ਖਹਿ' ਵਿਚੋਂ ਲਾਲ ਸਿੰਘ ਢਿਲੋਂ ਦੀ ਸ਼ਖ਼ਸੀਅਤ ਦੀ ਉਸਾਰੀ ਹੋਈ ਹੈ। ਅਜਿਹੀ ਸ਼ਖ਼ਸੀਅਤ ਜੋ ਵਿਰੋਧੀ ਹਾਲਾਤ ਦੇ ਖ਼ਿਲਾਫ਼ ਡਟ ਕੇ ਜੂਝਦੀ ਰਹੀ। ਉਹਨੇ ਝੁਕਣਾ ਤੇ ਹਾਰਨਾ ਪ੍ਰਵਾਨ ਨਾ ਕੀਤਾ। ਇੰਝ ਇਹ ਜੀਵਨ ਕਹਾਣੀ ਲਾਲ ਸਿੰਘ ਢਿਲੋਂ ਦੇ ਵੇਲੇ ਤੇ ਉਹਦੇ ਚੌਗਿਰਦੇ ਦਾ ਇਤਿਹਾਸ ਵੀ ਹੈ। ਉਹਦਾ ਆਪਣਾ ਜੀਵਨ ਇਤਿਹਾਸ ਵੀ ਹੈ। ਇਸ ਇਤਿਹਾਸ ਵਚ ਪੜ੍ਹਨ ਵਾਲੇ ਬੰਦੇ ਲਈ ਪ੍ਰੇਰਨਾ ਹੈ, ਰੌਸ਼ਨੀ ਹੈ, ਦ੍ਰਿੜ੍ਹਤਾ ਦਾ ਕਮਾਲ ਤੇ ਜਿੱਤ ਦਾ ਹੁਲਾਰਾ ਹੈ। ਇਹ ਪੜ੍ਹਨ ਵਾਲੇ ਨੂੰ ਕੁਝ ਕਰਨ ਲਈ ਹੱਲਾਸ਼ੇਰੀ ਦਿੰਦੀ ਹੈ। ਤੁਰਨ ਦਾ ਹੌਸਲਾ ਦਿੰਦੀ ਹੈ।

'ਹੱਕ-ਸੱਚ ਦਾ ਸੰਗਰਾਮ' ਸਾਧਾਰਨ ਬੰਦੇ ਅੰਦਰ ਲੁਕੀ ਅਸਧਾਰਨ ਹਿੰਮਤ ਤੇ ਨਿਰੰਤਰ ਸੰਘਰਸ਼ ਦਾ ਜੀਵਨ ਬਿਰਤਾਂਤ ਹੈ। ਪਿਛਲੇ ਸਾਲ ਤੱਕ ਉਹ ਪਿੰਡ ਜਾ ਕੇ ਨਹਿਰੀ ਪਾਣੀ ਨੂੰ ਜ਼ਮੀਨ-ਦੋਜ਼ ਪਾਈਪਾਂ ਰਾਹੀਂ ਖੇਤਾਂ ਵਿਚ ਪਹੁੰਚਾਉਣ ਦਾ ਕਾਰਜ ਕਰਵਾਉਣ ਲਈ ਜੁੱਟਿਆ ਰਿਹਾ। ਇਸ ਸਰਕਾਰੀ ਸਕੀਮ ਨੂੰ ਮਨਜ਼ੂਰ ਕਰਵਾਇਆ ਤੇ ਪਿੰਡ ਲਈ ਭਲੇ ਦਾ ਕੰਮ ਕਰਾਉਣ ਵਿਚ ਸਫ਼ਲ ਹੋਇਆ। ਉਹਦਾ ਵੱਡੇ ਹੋਣ ਤੇ ਵੱਡੀਆਂ ਮੱਲਾਂ ਮਾਰਨ ਦਾ ਕੋਈ ਦਾਅਵਾ ਨਹੀਂ। ਨਾ ਹੀ ਆਤਮ-ਮੁੱਖ ਹੋ ਕੇ ਆਪਣੀ ਵਡਿਆਈ ਕਰਨ ਦਾ ਕੋਈ ਯਤਨ ਹੈ। ਉਹਨੇ ਬਹੁਤਾ ਕੰਮ ਆਪਣੇ ਪਿੰਡ, ਇਲਾਕੇ ਅਤੇ ਆਪਣੇ ਭਾਈਚਾਰੇ ਲਈ ਕੀਤਾ। ਪਿੰਡ ਨੂੰ ਇਫ਼ਕੋ ਪਿੰਡ ਬਣਵਾਇਆ ਜਿੱਥੋਂ ਅੱਜ ਤੱਕ ਕਿਸਾਨਾਂ ਨੂੰ ਸਸਤੀ ਖ਼ਾਦ ਮਿਲਦੀ ਹੈ। ਸਹਿਕਾਰੀ ਕਮੇਟੀ ਨੂੰ ਚਲਾਇਆ ਤੇ ਕਈ ਸਾਲ ਇਹਦਾ ਪ੍ਰਧਾਨ/ਸਕੱਤਰ ਰਿਹਾ। ਲਾਲ ਸਿੰਘ ਨੇ ਪਿੰਡ ਬੱਝਣ ਤੋਂ ਲੈ ਕੇ ਪਿੰਡ ਵਿਚ ਸਕੂਲ ਬਨਾਉਣ ਦੇ ਯਤਨਾਂ ਸਮੇਤ ਮੁਰੱਬੇਬੰਦੀ ਕੀ ਸੀ ਤੇ ਕਿਵੇਂ ਹੋਈ, ਦਾ ਬਿਰਤਾਂਤ ਵੀ ਦਰਜ ਕੀਤਾ।

ਉਹਦੇ ਮਨ ਵਿਚ ਲਲਕ ਹੈ ਕਿ ਨਵੀਂ ਪੀੜ੍ਹੀ ਚੰਗੀ ਵਿਦਿਆ ਪ੍ਰਾਪਤ ਕਰੇ। ਜਾਣਕਾਰ ਇੱਕ ਜਰਮਨ ਅਧਿਆਪਕ ਬੀਬੀ ਕੋਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ ਲਵਾਏ ਅਤੇ ਉਸਤੋਂ ਸਕੂਲ ਦਾ ਇੱਕ ਕਮਰਾ ਵੀ ਬਣਵਾਇਆ। ਉਹ ਆਪ ਵੀ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦਿੰਦਾ ਹੈ ਅਤੇ ਹੋਰਨਾਂ ਨੂੰ ਵੀ ਪ੍ਰੇਰ ਕੇ ਹੁਸ਼ਿਆਰ ਵਿਦਿਆਰਥੀਆਂ ਲਈ ਵਜ਼ੀਫ਼ਿਆਂ ਦਾ ਪ੍ਰਬੰਧ ਕਰ ਕੇ ਹੁਣ ਤੱਕ ਉਨ੍ਹਾਂ ਦੇ ਅੱਗੇ ਪੜ੍ਹਨ ਵਿਚ ਸਹਾਇਤਾ ਕਰ ਰਿਹਾ ਹੈ। ਵਿਦਿਆ ਚਾਨਣ ਫੈਲਾਉਣਾ ਉਹਦਾ ਵੱਡਾ ਸਰੋਕਾਰ ਹੈ।

ਬੰਦਾ ਆਪਣੇ ਚੌਗਿਰਦੇ, ਇਤਿਹਾਸ ਤੇ ਹਾਲਾਤ ਦਾ ਬਣਾਇਆ ਬਣਦਾ ਹੈ। ਉਹਦਾ ਪਿਤਾ ਮੋਦਨ ਸਿੰਘ ਅਕਾਲੀ ਵੀ ਰਿਹਾ ਹੈ, ਉਹਦਾ ਗ਼ਦਰੀ ਬਾਬਿਆਂ, ਕਿਰਤੀ ਪਾਰਟੀ, ਲਾਲ ਪਾਰਟੀ ਤੇ ਕਮਿਊਨਿਸਟ ਪਾਰਟੀ ਨਾਲ ਸੰਬੰਧ ਰਿਹਾ ਹੈ। ਲਾਲ ਸਿੰਘ ਦੇ ਘਰ ਵਿਚ ਹੀ ਅਗਾਂਹਵਧੂ ਵਿਚਾਰਾਂ ਦੀ ਧਾਰਾ ਨਹੀਂ ਸੀ ਵਹਿੰਦੀ, ਸਗੋਂ ਉਹਦਾ ਆਲਾ ਦੁਆਲਾ ਵੀ ਇਸੇ ਰੰਗ ਵਿਚ ਰੰਗਿਆ ਹੋਇਆ ਸੀ। ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ ਨਾਲ ਮੋਦਨ ਸਿੰਘ ਦਾ ਜੁੜਾਉ ਸੀ। ਇੰਝ ਬਚਪਨ ਤੋਂ ਹੀ ਲਾਲ ਸਿੰਘ ਨੂੰ ਬਾਬਾ ਜੀ ਨੂੰ ਨੇੜਿਉਂ ਮਿਲਣ/ਜਾਨਣ ਦਾ ਮੌਕਾ ਮਿਲਿਆ। ਬਾਬਾ ਜੀ ਨੇ ਆਪਣੀ ਰੂਪੋਸ਼ੀ ਦੇ ਕੁਝ ਦਿਨ ਮੋਦਨ ਸਿੰਘ ਦੇ ਘਰ ਵੀ ਗੁਜ਼ਾਰੇ। ਇੰਝ ਇਨਕਲਾਬੀ ਜਜ਼ਬੇ ਦੀ ਪਾਣ ਸਹਿਵਨ ਹੀ ਲਾਲ ਸਿੰਘ ਦੀ ਸੋਚ 'ਤੇ ਚੜ੍ਹਦੀ ਰਹੀ। ਇੱਕ ਦਿਨ ਬਾਬਾ ਜੀ ਨੇ ਸੇਵਾ-ਪਾਣੀ ਕਰ ਰਹੇ ਨੌਜਵਾਨ ਲਾਲ ਸਿੰਘ ਨੂੰ ਪੁੱਛਿਆ ਕਿ ਉਹਦਾ ਜੀਵਨ ਦਾ ਨਿਸ਼ਾਨਾ ਕੀ ਹੈ ਤਾਂ ਲਾਲ ਸਿੰਘ ਕੋਈ ਤਸੱਲੀ ਬਖ਼ਸ਼ ਜਵਾਬ ਨਾ ਦੇ ਸਕਿਆ। ਬਾਬਾ ਜੀ ਨੇ ਮੋਦਨ ਸਿੰਘ ਨੂੰ ਕਿਹਾ ਕਿ ਬਾਹਰਲੇ ਮੁਲਕਾਂ ਵਿਚ ਤਾਂ ਬਚਪਨ ਵਿਚ ਬੱਚੇ ਫ਼ੈਸਲਾ ਕਰ ਲੈਂਦੇ ਨੇ ਕਿ ਉਨ੍ਹਾਂ ਨੇ ਵੱਡੇ ਹੋ ਕੇ ਕੀ ਬਣਨਾ ਹੈ। ਪਰ ਬਾਬਾ ਜੀ ਨੂੰ ਖ਼ਿਆਲ ਨਹੀਂ ਸੀ ਕਿ ਜਦੋਂ ਉਹ ਪੁੱਛ ਰਹੇ ਸਨ ਕਿ ਢਿਲੋਂ ਨੇ ਕੀ ਬਣਨਾ ਹੈ ਤਾਂ ਉਨ੍ਹਾਂ ਨੂੰ ਪਤਾ ਨਹੀਂ ਹੋਣਾ ਕਿ ਉਹ ਸਹਿਵਨ ਹੀ ਆਪਣੇ ਸ਼ਖ਼ਸੀ ਪ੍ਰਭਾਵ ਰਾਹੀਂ ਲਾਲ ਸਿੰਘ ਦੇ ਜੀਵਨ ਦਾ ਨਿਸ਼ਾਨਾ ਵੀ ਮਿਥ ਰਹੇ ਸਨ। ਇਹ ਨਿਸ਼ਾਨਾ ਸੀ ਕਿ ਜਿਵੇਂ ਬਾਬਾ ਜੀ ਆਪ ਸਾਰੀ ਉਮਰ ਲੋਕ-ਸੇਵਾ ਤੇ ਲੋਕ-ਇਨਕਲਾਬ ਲਈ ਸੰਘਰਸ਼ਸ਼ੀਲ ਰਹੇ, ਲਾਲ ਸਿੰਘ ਵੀ ਉਸੇ ਰਾਹ ਤੁਰਨ ਦਾ ਇਰਾਦਾ ਬਣਾਈ ਬੈਠਾ ਹੈ। ਬਾਬਾ ਜੀ ਦੇ ਪ੍ਰਭਾਵ ਤੋਂ ਇਲਾਵਾ ਲਾਲ ਸਿੰਘ ਨੂੰ ਅਧਿਆਪਕ ਗੁਰਚਰਨ ਸਿੰਘ ਮਾਨ ਤੋਂ ਮਾਰਕਸਵਾਦ ਦੀ ਗੁੜ੍ਹਤੀ ਮਿਲੀ। ਪਿਤਾ ਦੇ ਜੀਵਨ-ਵਿਹਾਰ ਨੇ ਪਹਿਲਾਂ ਹੀ ਉਹਦੇ ਮਨ ਦੀ ਜ਼ਮੀਨ ਜ਼ਰਖ਼ੇਜ਼ ਕੀਤੀ ਹੋਈ ਸੀ। ਇਸ ਲਈ ਵੱਤਰ ਜ਼ਮੀਨ ਵਿਚ ਬੀਜ ਛੇਤੀ ਹੀ ਉੱਗ ਵੀ ਪਿਆ ਤੇ ਬੂਟਾ ਬਣ ਕੇ ਛੇਤੀ ਵਧਣ-ਫੁੱਲਣ ਵੀ ਲੱਗਾ। ਵਿਚਾਰਾਂ ਨੂੰ ਖ਼ੁਰਾਕ ਵੀ ਮਿਲਦੀ ਗਈ। ਡੀ. ਐਮ. ਕਾਲਜ ਮੋਗਾ ਵਿਚ ਵੀ ਕਾਮਰੇਡਾਂ ਨਾਲ ਮਿਲਾਪ ਹੋ ਗਿਆ। ਜੋਤ ਜਗਦੀ ਗਈ। ਕਾਲਜ ਦੇ ਯੂਨਿਟ ਦਾ ਸਕੱਤਰ ਬਣ ਗਿਆ। ਸਟੂਡੈਂਟਸ ਫ਼ੈਡਰੇਸ਼ਨ ਦੀ ਮੋਗਾ ਕਾਨਫ਼ਰੰਸ ਤੋਂ ਬਾਅਦ ਸਹਾਇਕ ਸਕੱਤਰ ਬਣਿਆ। ਕਾਮਰੇਡ ਗੁਰਬਖ਼ਸ਼ ਤੇ ਲਖਬੰਸ ਦੀ ਸਿਫ਼ਾਰਿਸ਼ 'ਤੇ 1950 ਵਿਚ ਕਮਿਊਨਿਸਟ ਪਾਰਟੀ ਦੀ ਮੈਂਬਰ-ਸ਼ਿੱਪ ਲਈ। ਫ਼ੈਡਰੇਸ਼ਨ ਵਿਚ 1952 ਤੱਕ ਕਾਲਜ ਸਮੇਂ ਦੌਰਾਨ ਕੰਮ ਕੀਤਾ। ਕਾਲਜ ਛੱਡਣ ਬਾਅਦ ਨੌਜਵਾਨ ਸਭਾ ਵਿਚ ਕਾਰਜਸ਼ੀਲ ਹੋ ਗਿਆ।

ਜੀਵਨ ਨਿਰਬਾਹ ਲਈ ਜੇ ਬੀ ਟੀ ਵਿਚ ਦਾਖ਼ਲਾ ਲਿਆ। ਜਦੋਂ ਪੱਕੀ ਨਿਯੁਕਤੀ ਦਾ ਵੇਲਾ ਆਇਆ ਤਾਂ ਮੈਡੀਕਲ ਸਰਟੀਫ਼ਿਕੇਟ ਲੈਣ ਵਿਚ ਅੜਿੱਕਾ ਪੈਣ 'ਤੇ ਸੰਘਰਸ਼ ਕੀਤਾ। ਉਹਦੇ ਸਮੇਤ ਤਿੰਨ ਬੰਦੇ ਅਧਿਕਾਰੀਆਂ ਤੇ ਆਗੂਆਂ ਨੂੰ ਮਿਲਣ ਤੇ ਮਨਾਉਣ ਲਈ ਚੰਡੀਗੜ੍ਹ ਗਏ। ਉਹਦੇ ਯਤਨਾਂ ਨਾਲ ਮੈਡੀਕਲ ਸਰਟੀਫ਼ਿਕੇਟ ਦੇਣ ਲਈ ਸਾਲ ਦੀ ਛੋਟ ਹੋ ਗਈ। ਬਾਅਦ ਵਿਚ ਨੱਬੇ ਦਿਨ ਦਾ ਕਾਨੂੰਨ ਬਣਾ ਦਿੱਤਾ ਗਿਆ। ਜੇ.ਬੀ.ਟੀ. ਕਰਦਿਆਂ ਹੀ ਪੈਪਸੂ ਤੇ ਪੰਜਾਬ ਦੇ ਵਿਦਿਆਰਥੀਆਂ ਦੇ ਇਮਤਿਹਾਨ ਦਾ ਸਮਾਂ ਇਕਸਾਰ ਕਰਾਉਣ ਲਈ ਸੰਘਰਸ਼ ਦੀ ਅਗਵਾਈ ਕੀਤੀ ਤੇ ਜਿੱਤ ਪ੍ਰਾਪਤ ਕੀਤੀ। ਵੇਖਣ ਵਾਲੀ ਗੱਲ ਹੈ ਕਿ ਉਹਨੇ ਆਪ ਵੀ ਇਮਤਿਹਾਨ ਦੇਣਾ ਹੈ। ਆਪਣਾ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ, ਪਰ ਬੇਇਨਸਾਫ਼ੀ ਦੇ ਖ਼ਿਲਾਫ਼ ਲੜਨਾ ਤੇ ਜਿੱਤਣਾ ਵੀ ਹੈ। ਉਨ੍ਹੀਂ ਦਿਨੀਂ ਜਦੋਂ ਸੰਪਰਕ ਕਰਨ ਦੀ ਅੱਜ ਵਰਗੀ ਸਹੂਲਤ ਵੀ ਨਹੀਂ ਸੀ, ਵੱਖ ਵੱਖ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਨਾ ਤੇ ਆਖ਼ਰਕਾਰ ਜਿੱਤ ਪ੍ਰਾਪਤ ਕਰਨਾ ਉਹਦਾ ਵੱਡਾ ਮਾਅਰਕਾ ਸੀ। ਮਹਿਣਾ ਸਕੂਲ ਵਿਚ ਛੁੱਟੀਆਂ ਤੋਂ ਪਹਿਲਾਂ ਆਰਜ਼ੀ ਅਧਿਆਪਕਾਂ ਨੂੰ ਹਟਾਉਣ ਕਾਰਨ ਸੰਘਰਸ਼ ਕੀਤਾ। ਇਹ ਪਹਿਲੀ ਹੜਤਾਲ ਸੀ ਜਿਸ ਦੀ ਅਗਵਾਈ ਕੀਤੀ।

ਪੱਕਾ ਅਧਿਆਪਕ ਲੱਗਾ ਤਾਂ ਕੁਝ ਚਿਰ ਪਿੱਛੋਂ ਹੀ ਜਦੋਂ ਪੱਕੇ ਅਧਿਆਪਕ ਹਟਾ ਕੇ ਉਨ੍ਹਾਂ ਦੀ ਥਾਂ ਪਹਿਲਾਂ ਨੌਕਰੀ ਕਰ ਰਹੇ ਆਰਜ਼ੀ ਅਧਿਆਪਕ ਨਿਯੁਕਤ ਕਰ ਦਿੱਤੇ ਗਏ ਤਾਂ ਵੀ ਉਹਨੇ ਹੀ ਸੰਘਰਸ਼ ਦੀ ਅਗਵਾਈ ਕੀਤੀ। ਸੰਬੰਧਿਤ ਅਧਿਕਾਰੀਆਂ ਕੋਲੋਂ ਇਨਸਾਫ਼ ਲੈਣ ਲਈ ਸ਼ਿਮਲੇ ਤੱਕ ਗਿਆ ਤੇ ਉਧਰੋਂ 'ਨਾਂਹ' ਹੋਣ 'ਤੇ ਕੋਰਟ ਵਿਚ ਜਾ ਕੇ ਕੇਸ ਲੜਿਆ ਤੇ ਇਨਸਾਫ਼ ਹਾਸਿਲ ਕੀਤਾ।

ਜਦੋਂ ਵੀ ਲੋਕ-ਸੰਘਰਸ਼ ਰਾਹੀਂ ਇਨਸਾਫ਼ ਨਾ ਮਿਲਿਆ ਤਾਂ ਉਹ ਅਦਾਲਤਾਂ ਵਿਚ ਜਾਂਦਾ ਰਿਹਾ। ਰਿਟਾਇਰ ਹੋਣ ਬਾਅਦ ਉਹਦਾ ਪੈਨਸ਼ਨ ਦਾ ਕੇਸ ਵੀ 19 ਮਹੀਨੇ ਬਾਅਦ ਪਾਸ ਹੋਇਆ। ਨਿਆਂ ਲੈਣ ਲਈ ਉਹਨੂੰ ਹਰ ਵਾਰ ਅਦਾਲਤ ਵਿਚ ਜਾਣਾ ਪਿਆ। ਪਰ ਇਹ ਕੰਮ ਬਹੁਤ ਖ਼ਰਚੀਲਾ ਤੇ ਥਕਾ ਦੇਣ ਵਾਲਾ ਹੈ। ਦੁੱਖ ਦੀ ਗੱਲ ਹੈ ਕਿ 'ਆਪਣੀਆਂ' ਸਰਕਾਰਾਂ ਹੀ (ਜੋ ਬਣਦੀਆਂ ਹੀ ਲੋਕਾਂ ਦੇ ਭਲੇ ਕਰਨ ਦੇ ਵਾਅਦੇ ਨਾਲ ਹਨ) ਆਪਣੇ ਹੀ ਨਾਗਰਿਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਦੀ ਥਾਂ ਮੁਲਾਜ਼ਮਾਂ ਦੇ ਖ਼ਿਲਾਫ਼ ਅਦਾਲਤਾਂ ਵਿਚ ਧਿਰ ਬਣ ਕੇ ਖਲੋ ਜਾਂਦੀਆਂ ਹਨ।

ਲਾਲ ਸੀਘ ਢਿਲੋਂ ਉਹ ਸਾਰੀ ਉਮਰ ਹੱਕ-ਸੱਚ ਤੇ ਨਿਆਂ ਲਈ ਲੜਦਾ ਰਿਹਾ। ਆਪਣੇ ਵਿਚਾਰਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਫ਼ਲਸਰੂਪ ਵੱਡੇ ਨੁਕਸਾਨ ਵੀ ਉਠਾਉਣੇ ਪਏ। ਸਿਆਸੀ ਬਿਨਾਅ 'ਤੇ ਗੁਰਦਾਸਪੁਰ ਜ਼ਿਲ੍ਹੇ ਦੇ ਦੂਰ ਦੁਰਾਡੇ ਪਿੰਡ ਬਦਲੀ ਦਾ ਸੰਤਾਪ ਝੱਲਿਆ। ਸਿਆਸੀ ਵਿਚਾਰਧਾਰਕ ਪ੍ਰਤੀਬੱਧਤਾ ਕਰ ਕੇ ਹੀ ਕੈਰੋਂ ਸਰਕਾਰ ਵੇਲੇ ਚੌਦਾਂ ਸਾਲ ਸਰਕਾਰੀ ਨੌਕਰੀ ਤੋਂ ਬਰਤਰਫ਼ ਰਿਹਾ। ਇਸ ਅਰਸੇ ਦੌਰਾਨ ਖੇਤੀ ਕੀਤੀ, ਪੋਲਟਰੀ ਫ਼ਾਰਮ ਖੋਲ੍ਹਿਆ। ਭਾਰੇ ਆਰਥਿਕ ਵਿਗੋਚੇ ਦੇ ਬਾਵਜੂਦ ਹਾਰ ਨਹੀਂ ਮੰਨੀ। ਸਿਰ ਨਹੀਂ ਝੁਕਾਇਆ। ਖ਼ੁਦਦਾਰੀ ਨਹੀਂ ਤਿਆਗੀ। ਆਪਣੇ ਅੰਦਰ ਅੱਗ ਨੂੰ ਮਘਦੀ ਰੱਖਿਆ। ਹਾਲਾਤ ਦੀ ਮਾਰ ਦਾ ਬੋਝ ਝੱਲਿਆ ਪਰ ਅਸਮਾਨ ਵੱਲ ਸਿਰ ਉੱਚਾ ਕੀਤੀ ਰੱਖਿਆ।

ਯੇਹ ਜਿਸਮ ਬੋਝ ਸੇ ਝੁਕ ਕਰ ਦੁਹਰਾ ਹੂਆ ਹੋਗਾ,
ਮੈਂ ਸਜਦੇ ਮੈਂ ਨਹੀਂ ਤਾਂ ਆਪ ਕੋ ਧੋਖਾਂ ਹੂਆ ਹੋਗਾ। (ਦੁਸ਼ਿਅੰਤ ਕੁਮਾਰ)

ਉਸਨੇ ਆਪਣੀ ਬਰਤਰਫ਼ੀ ਦੇ ਖ਼ਿਲਾਫ਼ ਲੰਮਾਂ ਅਦਾਲਤੀ ਘੋਲ ਕੀਤਾ। ਹਾਈ ਕੋਰਟ ਤੱਕ ਕੇਸ ਲੜਿਆ ਤੇ ਇਹ ਫ਼ੈਸਲਾ ਕਰਾਉਣ ਵਿਚ ਕਾਮਯਾਬ ਹੋਇਆ ਕਿ 'ਸਿਆਸੀ ਬਿਨਾ ਪਰ ਕਿਸੀ ਕੋ ਸਰਕਾਰੀ ਨੌਕਰੀ ਸੇ ਬਰਤਰਫ਼ ਨਹੀਂ ਕੀਆ ਜਾ ਸਕਤਾ।' ਓ ਚਨਾਪਾ ਰੈਡੀ (6 ਮਈ 1977)

ਇਹ ਜੀਵਨੀ ਲਾਲ ਸਿੰਘ ਦੇ ਕਿਰਦਾਰ ਬਾਰੇ ਵੀ ਕਈ ਪੱਖਾਂ ਤੋਂ ਰੌਸ਼ਨੀ ਪਾਉਂਦੀ ਹੈ। ਇਨਸਾਨੀ ਬਰਾਬਰੀ ਦੀ ਭਾਵਨਾ ਨੇ ਉਹਨੂੰ ਜਾਤ-ਧਰਮ ਤੋਂ ਉੱਪਰ ਉੱਠ ਕੇ ਸ਼ੁੱਧ ਇਨਸਾਨ ਬਣਨ ਵਿਚ ਮਦਦ ਕੀਤੀ। ਉਹ ਛੂਆ-ਛਾਤ ਨੂੰ ਧੁਰ ਅੰਦਰੋਂ ਪ੍ਰਵਾਨ ਨਹੀਂ ਸੀ ਕਰਦਾ। ਛੂਆ-ਛਾਤ ਜੜ੍ਹ ਸੰਸਕਾਰ ਵਜੋਂ ਸਾਡੀ ਚੇਤਨਾ ਦਾ ਹਿੱਸਾ ਬਣ ਚੁੱਕੀ ਹੈ। ਇਸ ਜੜ੍ਹ ਸੰਸਕਾਰ ਨੂੰ ਜੜ੍ਹੋਂ ਪੁੱਟਣ ਲਈ ਬੰਦੇ ਨੂੰ ਸੁਚੇਤ ਯਤਨ ਕਰਨੇ ਪੈਂਦੇ ਹਨ। ਕਮਿਊਨਿਸਟ ਏਸੇ ਨੂੰ ਡੀ-ਕਲਾਸੀਫ਼ਿਕੇਸ਼ਨ ਆਖਦੇ ਹਨ। ਉੱਚੀ ਜਾਤ ਵਾਲਿਆਂ ਨੂੰ ਜਾਤੀ ਹਉਮੈਂ ਦੇ 'ਸਿੰਘਾਸਣ' ਤੋਂ ਹੇਠਾਂ ਉੱਤਰਨਾ ਪੈਂਦਾ ਹੈ ਤੇ ਜਾਤੀ ਹੀਣਤਾ ਦੇ

*(ਬਾਕੀ ਅਗਲੇ ਸਫੇ 'ਤੇ)*

# ਰੂਹ ਦੀ ਅਮੀਰੀ

ਅੱਜ ਦੇ ਯੁੱਗ ਵਿਚ ਹਰ ਇਨਸਾਨ ਅਮੀਰ ਬਣਨਾ ਚਾਹੁੰਦਾ ਤੇ ਦੂਸਰੇ ਨਾਲੋਂ ਵੱਧ ਕਮਾਉਣਾ ਚਾਹੁੰਦਾ ਹੈ। ਜਿਹੜਾ ਇਨਸਾਨ ਬਰੈਂਡਡ ਕੱਪੜੇ ਪਹਿਣਦਾ ਹੈ, ਬਰੈਂਡਡ ਚੀਜ਼ਾਂ ਇਸਤੇਮਾਲ ਕਰਦਾ ਹੈ, ਘੁੰਮਣ-ਫਿਰਨ ਲਈ ਵਿਦੇਸ਼ ਜਾਂਦਾ ਹੈ, ਅਸੀਂ ਉਸ ਨੂੰ ਬਹੁਤ ਅਮੀਰ ਮੰਨਦੇ ਹਾਂ।

ਪਰ ਕੀ ਪੈਸਾ, ਧਨ, ਦੌਲਤ ਹੀ ਅਮੀਰੀ ਹੈ? ਇਹ ਜ਼ਰੂਰ ਹੈ ਕਿ ਜ਼ਿੰਦਗੀ ਵਿਚ ਲੋੜਾਂ ਪੂਰੀਆਂ ਕਰਨ ਲਈ ਪੈਸਾ ਬੇਹੱਦ ਜ਼ਰੂਰੀ ਹੈ, ਪਰ ਅੱਜ ਦੇ ਜ਼ਮਾਨੇ ਵਿਚ ਜਿੱਥੇ ਹਰ ਵਿਅਕਤੀ ਸੋਸ਼ਲ ਮੀਡੀਆ ਉੱਪਰ ਇੰਨਾ ਐਕਟਿਵ ਹੈ, ਮੋਬਾਈਲ ਫੋਨ ਲੋਕਾਂ ਦੀ ਜਾਨ ਬਣ ਚੁੱਕੇ ਹਨ, ਹਰ ਬੰਦੇ ਦੇ ਆਪਣੇ ਰਾਜ ਹਨ, ਹਰ ਇਨਸਾਨ ਕਿਸੇ ਨਾ ਕਿਸੇ ਮਖੌਟੇ ਨੂੰ



**ਮੋਨਿਕਾ ਕਟਾਰੀਆ**
**ਫੋਨ: 62390-27026**

ਪਹਿਨੇ ਹੋਏ ਹੈ, ਉੱਥੇ ਇਨ੍ਹਾਂ ਸਭਨਾਂ ਤੋਂ ਪਰੇ ਜੇਕਰ ਤੁਹਾਡੇ ਕੋਲ ਕੋਈ ਅਜਿਹਾ ਇਨਸਾਨ ਹੈ ਜੋ ਅੱਖਾਂ ਸਾਹਮਣੇ ਵੀ ਤੁਹਾਡਾ ਹੈ ਅਤੇ ਅੱਖੀਓਂ ਉਹਲੇ ਵੀ ਤੁਹਾਡੇ ਲਈ ਵਫਾ ਨਿਭਾਉਂਦਾ ਹੈ ਤਾਂ ਮੈਨੂੰ ਲੱਗਦਾ ਹੈ ਕਿ ਤੁਸੀਂ ਦੁਨੀਆਂ ਦੇ ਸਭ ਤੋਂ ਅਮੀਰ ਇਨਸਾਨ ਹੋ ਕਿਉਂਕਿ ਅੱਜ ਕੱਲ੍ਹ ਪੈਸੇ ਦੀ ਅਮੀਰੀ ਤਾਂ ਹਰ ਕਿਸੇ ਕੋਲ ਹੈ ਪਰ ਰੂਹ ਦੀ ਅਮੀਰੀ ਕਿਸੇ ਵਿਰਲੇ ਦੇ ਭਾਗਾਂ ਵਿਚ ਹੀ ਆਉਂਦੀ ਹੈ।

ਅੱਜ ਦੀ ਚਕਾਚੌਂਦ ਵਾਲੀ ਜ਼ਿੰਦਗੀ ਵਿਚ ਅਸੀਂ ਕਈ ਵਾਰ ਉਨ੍ਹਾਂ ਰਿਸ਼ਤਿਆਂ ਨੂੰ ਅਣਗੌਲਿਆ ਕਰ ਦਿੰਦੇ ਹਾਂ, ਜੋ ਕਿਸੇ ਕੀਮਤੀ ਖਜ਼ਾਨੇ ਨਾਲੋਂ ਘੱਟ ਨਹੀਂ ਹੁੰਦੇ ਕਿਉਂਕਿ ਅਸੀਂ ਕਦੀ ਡੂੰਘਾਈ ਨਾਲ ਉਨ੍ਹਾਂ ਬਾਰੇ ਸੋਚਦੇ ਹੀ ਨਹੀਂ, ਅਸੀਂ ਕਦਰ ਹੀ ਨਹੀਂ ਕਰਦੇ ਪਰ ਜਦੋਂ ਉਨ੍ਹਾਂ ਦੇ ਉਲਟ ਕੁਝ ਵਾਪਰਦਾ ਹੈ, ਤਾਂ ਸਾਨੂੰ ਸੋਝੀ ਆਉਂਦੀ ਹੈ ਕਿ ਅਸੀਂ ਉਸ ਅਣਮੁੱਲੇ ਖਜ਼ਾਨੇ ਨੂੰ ਕਿਵੇਂ ਇੱਕ ਸਧਾਰਨ ਜਿਹੀ ਚੀਜ਼ ਸਮਝ ਬੈਠੇ ਸਾਂ।

ਅਜਿਹਾ ਹੀ ਰਿਸ਼ਤਾ ਹੈ ਪਤੀ-ਪਤਨੀ ਦਾ। ਜਦੋਂ ਪਤੀ ਘਰ ਦੀ ਹਰ ਜ਼ਰੂਰਤ ਪੂਰੀ ਕਰਦਾ ਹੈ, ਤਾਂ ਪਤਨੀ ਨੂੰ ਲੱਗਦਾ ਹੈ ਕਿ ਉਸਦੀ ਜ਼ਿੰਮੇਵਾਰੀ ਹੈ ਤੇ ਜਦੋਂ ਪਤਨੀ ਘਰ ਵਿਚ ਖਾਣਾ ਬਣਾਉਂਦੀ ਹੈ, ਸਫ਼ਾਈ ਕਰਦੀ ਹੈ ਤਾਂ ਪਤੀ ਨੂੰ ਲੱਗਦਾ ਹੈ ਕਿ ਇਹ ਉਸਦਾ ਫਰਜ਼ ਹੈ, ਪਰ ਕੀ ਇਹ ਰਿਸ਼ਤਾ ਸਿਰਫ ਜ਼ਿੰਮੇਵਾਰੀ ਤੇ ਫਰਜ਼ ਵਾਲਾ ਹੀ ਹੈ? ਨਹੀਂ, ਇਹ ਰਿਸ਼ਤਾ ਭਾਵਨਾਤਮਕ ਸਾਂਝ ਅਤੇ ਆਪਸੀ ਪ੍ਰੇਮ ਦੀ ਅਣਮੁੱਲੀ ਉਦਾਹਰਨ ਹੈ।

ਅੱਜ-ਕੱਲ੍ਹ ਅਸੀਂ ਆਮ ਹੀ ਖਬਰਾਂ ਪੜ੍ਹਦੇ ਸੁਣਦੇ ਹਾਂ ਫਲਾਣੀ ਜਗ੍ਹਾ 'ਤੇ ਪਤੀ ਨੇ ਪਤਨੀ ਨੂੰ ਮਾਰਿਆ... ਪਤਨੀ ਨੇ ਦਿੱਤੀ ਪਤੀ ਦੀ ਸੁਪਾਰੀ, ਪਤਨੀ ਵੱਲੋਂ ਪਤੀ ਦੀ ਹੱਤਿਆ।

ਜਿਸ ਰਿਸ਼ਤੇ ਦੀ ਸ਼ੁਰੂਆਤ ਹੀ ਅਸੀਂ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਰਦੇ ਹਾਂ ਉਸ ਦੀ ਹਜ਼ੂਰੀ ਵਿਚ ਲਾਵਾਂ ਫੇਰੀ ਲੈਂਦੇ ਹਾਂ, ਉਸ ਪਵਿੱਤਰ ਰਿਸ਼ਤੇ ਦਾ ਅਜਿਹਾ ਭਿਆਨਕ ਮੰਜਰ ਆਖਿਰ ਕਿਉਂ, ਆਖਰ ਕੀ ਕਾਰਨ ਹੈ ਜੋ ਅਜਿਹਾ ਪਾਕ ਪਵਿੱਤਰ ਰਿਸ਼ਤਾ ਇੰਝ ਖਤਰਨਾਕ ਰੂਪ ਅਖਤਿਆਰ ਕਰ ਲੈਂਦਾ ਹੈ? ਇਥੇ ਲੋੜ ਹੈ ਸਾਨੂੰ ਇਹ ਸਮਝਣ ਦੀ ਕਿ ਲੜਕਾ-ਲੜਕੀ ਜਦੋਂ ਇਸ ਰਿਸ਼ਤੇ ਦੀ ਪਹਿਲ ਕਰਦੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਆਉਣ ਵਾਲੀਆਂ ਚੁਣੌਤੀਆਂ, ਖੁਸ਼ੀਆਂ ਬਾਰੇ ਸੋਚ ਲੈਣਾ ਚਾਹੀਦਾ ਹੈ ਤਾਂ ਜੋ ਬਾਅਦ ਵਿਚ ਅਜਿਹਾ ਭਿਆਨਕ ਮੰਜ਼ਰ ਨਾ ਦੇਖਣਾ ਪਵੇ।



ਜੇਕਰ ਗੱਲ ਕਰੀਏ ਇੱਕ ਕੁੜੀ ਦੀ ਤਾਂ ਲੜਕੀ ਨੂੰ ਖੰਭ ਤਾਂ ਉਸਦੇ ਪਿਤਾ ਵੱਲੋਂ ਦਿੱਤੇ ਜਾਂਦੇ ਹਨ, ਪਰ ਉਸ ਵਿਚ ਉਡਾਨ ਉਸਦੇ ਪਤੀ ਵੱਲੋਂ ਭਰੀ ਜਾਂਦੀ ਹੈ। ਇਸੇ ਤਰ੍ਹਾਂ ਹੀ ਜਦੋਂ ਪਤਨੀ ਹਰ ਮੁਸ਼ਕਲ ਹਾਲਾਤ ਵਿਚ ਪਤੀ ਦੀ ਢਾਲ ਬਣ ਕੇ ਖੜ੍ਹਦੀ ਹੈ ਤਾਂ ਪਤੀ ਦੀ ਹਿੰਮਤ ਦੁੱਗਣੀ ਹੋ ਜਾਂਦੀ ਹੈ। ਅੱਜ ਇਸ ਰਿਸ਼ਤੇ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੈ, ਸਿਰਫ ਪੈਸੇ ਦੀ ਚਮਕ ਜਾਂ ਦਿਖਾਵਾ ਦੇਖ ਕੇ ਕਦੇ ਵੀ ਰਿਸ਼ਤਾ ਨਹੀਂ ਜੋੜਨਾ ਚਾਹੀਦਾ ਕਿਉਂਕਿ ਅਜਿਹੇ ਰਿਸ਼ਤੇ ਦੀ ਮੁਨਿਆਦ ਬਹੁਤ ਘੱਟ ਹੁੰਦੀ ਹੈ।

ਇਥੇ ਮੈਨੂੰ ਸੁਰਜੀਤ ਪਾਤਰ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ

ਸਸਤੀਆਂ ਇੱਥੇ ਬਹੁਤ ਜ਼ਮੀਰਾਂ
ਮਹਿੰਗੀਆਂ ਬਹੁਤ ਜ਼ਮੀਨਾਂ
ਮਹਿੰਗਾ ਰਾਣੀ ਹਾਰ
ਤੇ ਸਸਤਾ ਸੱਧਰਾਂ ਭਰਿਆ ਸੀਨਾ
ਦਿਲ ਦਾ ਨਿੱਘ ਨਾ ਮੰਗੇ ਕੋਈ ਸਭ ਮੰਗਦੇ ਪਸ਼ਮੀਨਾ।

ਪਾਤਰ ਸਾਹਿਬ ਨੇ ਇਨ੍ਹਾਂ ਸਤਰਾਂ ਵਿਚ ਅੱਜ ਦੀ ਅਸਲੀਅਤ ਨੂੰ ਬਾਖ਼ੂਬੀ ਬਿਆਨ ਕੀਤਾ ਹੈ।

ਹਰ ਰਿਸ਼ਤਾ ਸਮਰਪਣ ਮੰਗਦਾ ਹੈ ਅਤੇ ਸਮਰਪਣ ਦੇ ਨਾਲ ਹੀ ਉਹ ਕਦਰ, ਵਡਿਆਈ ਮੰਗਦਾ ਹੈ ਜਿਸ ਨਾਲ ਰਿਸ਼ਤਾ ਹੋਰ ਵੀ ਡੂੰਘਾ ਹੋ ਜਾਂਦਾ ਹੈ, ਨਿੱਕੀ-ਨਿੱਕੀ ਗੱਲ ਉੱਤੇ ਕੀਤੀ ਗਈ ਤਾਰੀਫ ਕਦੇ-ਕਦੇ ਜ਼ਿੰਦਗੀ ਦੀਆਂ ਵੱਡੀਆਂ ਉਲਝਣਾਂ ਨੂੰ ਸੁਲਝਾ ਦਿੰਦੀ ਹੈ।

ਸ਼ਿੱਦਤ ਨਾਲ ਨਿਭਾਇਆ ਰਿਸ਼ਤਾ ਹਮੇਸ਼ਾ ਹੀ, ਖ਼ੂਬਸੂਰਤ ਮੰਜ਼ਿਲ ਵੱਲ ਲੈ ਜਾਂਦਾ ਹੈ, ਜਿੱਥੇ ਖੁਸ਼ੀਆਂ ਹੀ ਖੁਸ਼ੀਆਂ ਹੁੰਦੀਆਂ ਹਨ, ਸੋ ਸਾਨੂੰ ਸਿਰਫ ਸਮਝਣ ਦੀ ਲੋੜ ਹੈ, ਮੁਸ਼ਕਿਲ ਕੁਝ ਵੀ ਨਹੀਂ ਹੁੰਦਾ, ਆਪਣੇ ਜੀਵਨ ਸਾਥੀ ਦੀ ਹਮੇਸ਼ਾ ਕਦਰ ਕਰੋ ਕਿਉਂਕਿ ਛੋਟੀ ਜਿਹੀ ਦੂਰੀ ਵੀ ਤੈਅ ਕਰਨੀ ਔਖੀ ਜਾਪਦੀ ਹੈ, ਜਦੋਂ ਤੁਰਨ ਵਾਲੇ ਦੋ ਅਜਨਬੀ ਹੋਣ ਅਤੇ ਉਹ ਮੀਲਾਂ ਦਾ ਪੈਂਡਾ ਵੀ ਸੁਖਾਲਾ ਹੋ ਜਾਂਦਾ ਹੈ ਜਦੋਂ ਤੁਰਨ ਵਾਲੇ ਦੋ ਰਾਹੀ ਹਮਸਫਰ ਹੋਣ।

ਸੋ ਅੰਤ ਵਿਚ ਫਿਰ ਪਾਤਰ ਸਾਹਿਬ ਦਾ ਇੱਕ ਸ਼ੇਅਰ

ਵਫਾ ਦੇ ਵਾਅਦੇ ਇਹ ਅਹਿਦ ਇਰਾਦੇ
ਰਹੀ ਨਾ ਸ਼ਿੱਦਤ ਤਾਂ ਫੇਰ ਕਦੇ
ਇਹ ਰੀਤਾਂ ਰਸਮਾਂ ਇਹ ਕਾਲ ਕਸਮਾਂ ਤੂੰ ਸ਼ਿੱਦਤਾਂ ਦੇ ਅਧੀਨ ਰੱਖੀਂ।

ਰੂਹ ਦੀ ਅਮੀਰੀ ਸਿਰਫ ਉਸੇ ਇਨਸਾਨ ਕੋਲ ਹੁੰਦੀ ਹੈ ਜੋ ਹਰ ਮੋੜ 'ਤੇ ਆਪਣੇ ਜੀਵਨ ਸਾਥੀ ਨਾਲ ਵਫਾ ਨਿਭਾਉਂਦਾ ਹੈ। ਉਹ ਆਪਣੇ ਜੀਵਨਸਾਥੀ ਨਾਲ ਰੂਹ ਤੋਂ ਜੁੜਿਆ ਹੁੰਦਾ ਹੈ।

## 'ਹੱਕ-ਸੱਚ ਦਾ ਸੰਗਰਾਮ'

**(ਪਿਛਲੇ ਸਫੇ ਦਾ ਬਾਕੀ)**

ਸ਼ਿਕਾਰ ਬੰਦਿਆਂ ਨੂੰ ਸਵੈਮਾਣ ਨਾਲ ਉੱਚਾ ਉੱਠਣਾ ਪੈਂਦਾ ਹੈ। ਲਾਲ ਸਿੰਘ ਨੇ ਸੁਚੇਤ ਯਤਨ ਕਰ ਕੇ ਛੂਆ-ਛਾਤ ਦੇ ਜੜ੍ਹ ਸੰਸਕਾਰ ਤੋਂ ਕਿਵੇਂ ਮੁਕਤੀ ਪਾਈ, ਇਸਦੇ ਦੋ ਬਿਰਤਾਂਤ ਪੁਸਤਕ ਵਿਚ ਦਰਜ ਹਨ। ਇੱਕ ਬਿਰਤਾਂਤ ਵਿਚ ਉਹ ਜਾਣ-ਬੁੱਝ ਕੇ ਜੁੱਤੀਆਂ ਬਣਾਉਣ ਵਾਲੇ ਕਾਮੇ ਦੇ ਘਰੋਂ ਪਾਣੀ ਪੀਂਦਾ ਹੈ ਜਦ ਕਿ ਜੁੱਤੀਆਂ ਬਣਾਉਣ ਵਾਲਾ ਪਾਣੀ ਪਿਆਉਣ ਤੋਂ ਝਿਜਕ ਮਹਿਸੂਸ ਕਰਦਾ ਹੈ। ਇੰਝ ਹੀ ਰਾਤ ਨੂੰ ਪਾਣੀ ਲਾਉਣ ਵੇਲੇ ਲਾਲ ਸਿੰਘ ਆਪਣੇ ਸੀਰੀ ਨੂੰ ਚਾਹ ਬਨਾਉਣ ਲਈ ਕਹਿੰਦਾ ਹੈ, ਪਰ ਜਾਤੀ ਹੀਣਤਾ ਕਾਰਨ ਸੀਰੀ ਚਾਹ ਬਨਾਉਣ ਤੋਂ ਇਨਕਾਰ ਕਰਦਾ ਹੈ। ਪਰ ਲਾਲ ਸਿੰਘ ਦੀ ਜ਼ਿਦ ਅੱਗੇ ਸੀਰੀ ਨੂੰ ਝੁਕਣਾ ਪੈਂਦਾ ਹੈ ਤੇ ਚਾਹ ਬਣਾਉਂਦਾ ਹੈ। ਦੋਵੇਂ ਆਪਣੀ ਜਾਤ ਦੇ ਬਣ-ਬਣਾਏ ਚੌਖ਼ਟੇ ਵਿਚੋਂ ਮੁਕਤ ਹੋਣ ਦਾ ਚਾਰਾ ਕਰਦੇ ਹਨ।

ਅੰਬਰਸਰ ਵਿਦਿਆਰਥੀ ਫ਼ੈਡਰੇਸ਼ਨ ਦੀ ਪੰਜਾਬ ਕਾਨਫ਼ਰੰਸ ਵਿਚ 1950 ਵਿਚ ਡੈਲੀਗੇਟ ਬਣ ਕੇ ਪ੍ਰਤੀਨਿਧਤਾ ਕੀਤੀ ਅਤੇ ਉਸ ਸਮੇਂ ਦੇ ਇਤਿਹਾਸਕ ਦ੍ਰਿਸ਼ ਨੂੰ ਅੱਖਾਂ ਅੱਗੇ ਸਾਕਾਰ ਕਰ ਦਿੱਤਾ। ਨੌਜਵਾਨਾਂ ਦੇ ਉਤਸ਼ਾਹ ਦਾ ਵਰਨਣ ਕੀਤਾ। ਪਰ ਉਹਦੀ ਆਲੋਚਨਾਤਮਕ ਨਜ਼ਰ ਦੱਸਦੀ ਹੈ ਕਿ ਨੌਜਵਾਨਾਂ ਨੇ ਪੁਲਿਸ ਨਾਲ ਪੰਗਾ ਜਾਣ ਬੁੱਝ ਕੇ ਲਿਆ। ਪਹਿਲਾਂ ਮਿਥੀ ਗਈ ਯੋਜਨਾ ਮੁਤਾਬਕ ਪੁਲਿਸ ਨਾਲ ਉਲਝਣਾ ਲੀਡਰਾਂ ਦਾ ਘੋਲ ਨੂੰ ਤੇਜ਼ ਕਰਨ ਦੀ ਨੀਤੀ ਦਾ ਹਿੱਸਾ ਸੀ। ਇਹ ਵੀ ਸੱਚ ਹੈ ਕਿ ਕਈ ਵਾਰ ਵਿਰੋਧ ਕਰਨ ਵਾਲੀਆਂ ਜਥੇਬੰਦੀਆਂ ਜਾਣ-ਬੁੱਝ ਕੇ ਪੁਲਿਸ ਨਾਲ ਪੰਗਾ ਲੈਂਦੀਆਂ ਨੇ ਤਾਕਿ ਲਾਠੀਚਾਰਜ ਹੋਵੇ ਤੇ ਉਨ੍ਹਾਂ ਦੇ ਸੰਘਰਸ਼ ਨੂੰ ਹਵਾ ਮਿਲੇ। ਸਦਾ ਪੁਲਿਸ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

ਸਵੈ-ਜੀਵਨੀ ਵਿਚ ਕੁਝ ਮਹੱਤਵਪੂਰਨ ਬਿਰਤਾਂਤ ਹਨ ਜਿਨ੍ਹਾਂ ਤੋਂ ਪਾਰਟੀ ਆਗੂਆਂ ਦੇ ਕਿਰਦਾਰ ਦੀ ਨਿਸ਼ਨਦੇਹੀ ਹੁੰਦੀ ਹੈ। ਮਾਸਟਰ ਹਰੀ ਸਿੰਘ ਧੂਤ ਨੂੰ ਜਦੋਂ ਮੋਗਾ ਹਲਕੇ ਦੀ ਜ਼ਿਮਨੀ ਚੋਣ ਵਿਚ ਇੰਚਾਰਜ ਬਣਾਇਆ ਤਾਂ ਆਈ ਐਨ ਏ ਦਾ ਜਨਰਲ ਮੋਹਨ ਸਿੰਘ ਭਰਾਤਰੀ ਜਥੇਬੰਦੀ ਵਜੋਂ ਹਲਕੇ ਵਿਚ ਪਰਚਾਰ ਕਰਨ ਆਇਆ। ਆਪਣੀ ਫੇਰੀ ਤੋਂ ਬਾਅਦ ਉਹਦੇ ਸਹਾਇਕ ਨੇ ਚੋਣ-ਫੇਰੀ 'ਤੇ ਹੋਏ ਖ਼ਰਚੇ ਦਾ ਬਿੱਲ ਪਾਰਟੀ ਦਫ਼ਤਰ ਵਿਚ ਜਮ੍ਹਾ ਕਰਵਾਇਆ। ਉਸ ਵਿਚ ਦੋ ਤਿੰਨ ਗੁਰਦੁਆਰਿਆਂ ਵਿਚ ਮੱਥਾ ਟੇਕਣ ਦੇ ਪੈਸੇ ਵੀ ਸ਼ਾਮਲ ਕੀਤੇ ਹੋਏ ਸਨ। ਬਾਬਾ ਜੀ ਨੇ ਬਿੱਲ ਮਨਜ਼ੂਰ ਤਾਂ ਕਰ ਦਿੱਤਾ ਪਰ ਉਨ੍ਹਾਂ ਦਾ ਮਨ ਬਹੁਤ ਦੁਖੀ ਹੋਇਆ। ਉਹ ਸਮਝਦੇ ਸਨ ਕਿ ਗੁਰਦੁਆਰਿਆਂ ਵਿਚ ਮੱਥਾ ਟੇਕਣਾ ਤਾਂ ਨਿੱਜੀ ਸ਼ਰਧਾ ਨਾਲ ਸੰਬੰਧ ਰੱਖਦਾ ਹੈ, ਇਸਨੂੰ ਚੋਣ ਖ਼ਰਚਿਆਂ ਵਿਚ ਸ਼ਾਮਲ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਇਹ ਗੱਲ ਉਨ੍ਹਾਂ ਨੇ ਦੋ ਤਿੰਨ ਵਾਰ ਲਾਲ ਸਿੰਘ ਨਾਲ ਵੀ ਸਾਂਝੀ ਕੀਤੀ। ਬਾਬਾ ਜੀ ਦੀ ਇਸ ਸਾਦਗੀ ਤੇ ਸੁੱਚਤਾ ਨੇ ਲਾਲ ਸਿੰਘ ਨੂੰ ਬਹੁਤ ਮੁਤਾਸਰ ਕੀਤਾ। ਇਹ ਘਟਨਾ ਦੱਸਦੀ ਹੈ ਕਿ ਲੋਕਾਂ ਦੀ ਮਾਇਆ ਨੂੰ ਕਿੰਨੀ ਜ਼ਿੰਮੇਦਾਰੀ ਤੇ ਈਮਾਨਦਾਰੀ ਨਾਲ ਖ਼ਰਚਣਾ ਚਾਹੀਦਾ ਹੈ!

ਕਿਰਦਾਰ-ਨਿਗਾਰੀ ਦੇ ਪੱਖੋਂ ਲਾਲ ਸਿੰਘ ਢਿਲੋਂ ਕਿਸੇ ਨਾਲ ਰਿਆਇਤ ਨਹੀਂ ਕਰਦਾ। ਪਾਰਟੀ ਦਾ ਵਫ਼ਾਦਾਰ ਸਿਪਾਹੀ ਤਾਂ ਹੈ ਪਰ ਜੇ ਪਾਰਟੀ ਆਗੂਆਂ ਦੇ ਕਿਰਦਾਰ ਵਿਚ ਕਾਣ ਵੇਖਦਾ ਹੈ ਤਾਂ ਉਸਨੂੰ ਉਜਾਗਰ ਕਰਨੋਂ ਵੀ ਨਹੀਂ ਝਿਜਕਦਾ। ਰਣਬੀਰ ਢਿਲੋਂ ਸੀ ਪੀ ਆਈ ਦਾ ਪ੍ਰਮੁੱਖ ਟਰੇਡ ਯੂਨੀਅਨ ਆਗੂ ਰਿਹਾ ਹੈ। ਜਦੋਂ ਸਰਕਾਰ ਨੇ ਸਿਆਸੀ ਬਿਨਾਅ 'ਤੇ ਨੌਕਰੀ ਤੋਂ ਬਰਖ਼ਾਸਤ ਕੀਤੇ ਮੁਲਾਜ਼ਮਾਂ ਨੂੰ ਬਹਾਲ ਕਰਨ ਦਾ ਫ਼ੈਸਲਾ ਕੀਤਾ ਤਾਂ ਰਣਬੀਰ ਢਿਲੋਂ ਨੇ ਜਾਣ-ਬੁੱਝ ਕੇ ਲਾਲ ਸਿੰਘ ਢਿਲੋਂ ਦਾ ਨਾਂ ਬਹਾਲ ਹੋਣ ਵਾਲੇ ਮੁਲਾਜ਼ਮਾਂ ਦੀ ਸੂਚੀ ਵਿਚ ਸ਼ਾਮਲ ਨਾ ਕੀਤਾ। ਲਾਲ ਸਿੰਘ ਰਣਬੀਰ ਢਿਲੋਂ ਦੀ ਵਧੀਕੀ ਤਾਂ ਬਿਆਨ ਕਰਦਾ ਹੈ ਪਰ ਉਹ ਇਸਦੇ ਕਾਰਨ ਦੀ ਹਕੀਕਤ ਨਸ਼ਰ ਨਹੀਂ ਕਰਦਾ ਕਿ ਰਣਬੀਰ ਢਿਲੋਂ ਨੇ ਉਸ ਨਾਲ ਅਜਿਹਾ ਵਿਵਹਾਰ ਜਾਣ-ਬੁੱਝ ਕੇ ਕਿਉਂ ਕੀਤਾ। ਰਣਬੀਰ ਢਿਲੋਂ ਦੀ 'ਮਿਹਰਬਾਨੀ' ਨਾਲ ਉਹਦੀ ਬਹਾਲੀ ਨਾ ਹੋਈ। ਆਖ਼ਰ 14 ਸਾਲ 10 ਮਹੀਨੇ ਕਚਿਹਰੀਆਂ ਦੀ ਖੱਜਲ-ਖੁਆਰੀ ਤੇ ਭਾਰੀ ਖ਼ਰਚਿਆਂ ਤੋਂ ਬਾਅਦ ਉਹ ਬਹਾਲ ਹੋ ਸਕਿਆ। ਇੰਝ ਹੀ ਕਿਸੇ ਜ਼ਰੂਰੀ ਮੀਟਿੰਗ ਵਿਚ ਰਣਧੀਰ ਗਿੱਲ ਦਾ ਮੀਟਿੰਗ ਵਿਚ ਨਾ ਪਹੁੰਚਣਾ ਵੀ ਉਹ ਲੁਕਾਉਂਦਾ ਨਹੀਂ।

ਪਿਤਾ ਮੋਦਨ ਸਿੰਘ ਅਕਾਲੀ, ਅਕਾਲੀ ਵੀ ਹੈ, ਲਾਲ-ਪਾਰਟੀ ਨਾਲ ਵੀ ਹੈ ਤੇ ਕਮਿਊਨਿਸਟਾਂ ਨਾਲ ਵੀ ਹੈ। ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਨਾਮ-ਧਰੀਕ 'ਸਿੱਖਾਂ' ਵੱਲੋਂ ਬਣਾਈਆਂ ਬੇਨਾਮੀ ਪਛਾਣਾ ਤੋਂ ਜਿਵੇਂ ਕਾਮਰੇਡਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ, ਇਹ ਮੰਦਭਾਗੀ ਗੱਲ ਤਾਂ ਹੈ ਹੀ ਪਰ ਮੋਦਨ ਸਿੰਘ ਅਕਾਲੀ ਦਾ ਬਿਰਤਾਂਤ ਕਾਮਰੇਡ ਤੇ ਸਿੱਖਾਂ ਦੇ ਦਵੰਦ ਦੇ ਅਜਿਹੇ ਵਿਰੋਧੀ ਬਿਰਤਾਂਤ ਦੇ ਝੂਠ ਦਾ ਚੋਲਾ ਪਾੜਦਾ ਹੈ। ਸਿੱਖੀ ਤੇ ਕਾਮਰੇਡੀ ਦੇ ਪ੍ਰੇਰਨਾ ਦੇ ਸੋਮੇ ਵੱਖ ਹੋ ਸਕਦੇ ਨੇ ਪਰ ਮੰਜ਼ਿਲ ਇੱਕੋ ਹੈ। ਲੋਕਾਈ ਦਾ ਭਲਾ। ਸਰਬ-ਸਾਂਝੀਵਾਲਤਾ ਦਾ ਸਿਧਾਂਤ। ਮੋਦਨ ਸਿੰਘ ਲੋਕ ਸੇਵਕ ਵੀ ਹੈ ਸੰਘਰਸ਼ੀ ਯੋਧਾ ਵੀ ਹੈ। ਜੈਤੋ ਦੇ ਮੋਰਚੇ ਲਈ ਜਾਂਦੇ ਜਥੇ ਦੀ ਜਲ-ਪਾਣੀ ਨਾਲ ਸੇਵਾ ਕਰਨ ਲਈ ਤਤਪਰ ਹੈ। ਗ਼ਦਰੀ ਬਾਬੇ ਵਿਸਾਖਾ ਸਿੰਘ ਦਦੇਹਰ ਸਾਰੀ ਉਮਰ ਸਿੱਖੀ ਸਿਧਾਂਤ ਨਾਲ ਜੁੜੇ ਰਹੇ ਤੇ ਉਹ ਪ੍ਰਮਾਣਿਕ ਸਿੱਖ ਦੀ ਪਛਾਣ ਸਨ। ਦੂਜੇ ਪਾਸੇ ਉਨ੍ਹਾਂ ਦੇ ਸੰਗੀ-ਸਾਥੀ ਬਾਬਾ ਸੋਹਨ ਸਿੰਘ ਭਕਨਾ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਪਰ ਦੋਵਾਂ ਵਿਚ ਭਰਾਵਾਂ ਵਰਗਾ ਪੀਚਵਾਂ ਰਿਸ਼ਤਾ ਰਿਹਾ। ਲਾਲ ਸਿੰਘ ਢਿਲੋਂ ਜ਼ਿਕਰ ਕਰਦਾ ਹੈ ਕਿ ਬਾਬਾ ਸੋਹਨ ਸਿੰਘ ਭਕਨਾ ਬਾਬਾ ਰੂੜ ਸਿੰਘ ਚੂਹੜ ਚੱਕ ਨੂੰ ਸਦਾ 'ਭਾਈ ਜੀ' ਆਖ ਕੇ ਸੰਬੋਧਨ ਕਰਦੇ। ਇੰਝ ਹੀ ਬਾਬਾ ਵਿਸਾਖਾ ਸਿੰਘ ਤੇ ਬਾਬਾ ਸੋਹਨ ਸਿੰਘ ਭਕਨਾ 'ਸਿੱਖ' ਅਤੇ 'ਕਮਿਊਨਿਸਟ' ਹੋ ਕੇ ਵੀ 'ਭਾਈ' ਸਨ। ਕੀ ਕਦੀ ਬਾਬਾ ਵਿਸਾਖਾ ਸਿੰਘ ਤੇ ਉਹਦੇ ਗੁਰਸਿੱਖ ਸਾਥੀਆਂ ਨੇ ਬਾਬਾ ਭਕਨਾ ਜਾਂ ਉਹਦੇ ਕਮਿਊਨਿਸਟ ਸਾਥੀਆਂ ਨੂੰ ਅੱਜ ਕੱਲ੍ਹ ਦੇ ਤਥਾ-ਕਥਿਤ ਸਿੱਖ ਸੋਸ਼ਲ ਮੀਡੀਆ ਕਰਮੀਆਂ ਵਾਂਗ ਗਾਲ੍ਹ ਮੰਦਾ ਕੀਤਾ ਸੀ?

ਜਦੋਂ 1969 ਵਿਚ ਬੇਦੀ ਫਾਰਮ ਦੇ ਮੋਰਚੇ ਵੇਲੇ ਉਹਨੂੰ ਪੁਲਿਸ ਗ੍ਰਿਫ਼ਤਾਰ ਕਰਨ ਆਉਂਦੀ ਹੈ ਤਾਂ ਥਾਣੇਦਾਰ ਨੇ ਉਹਦੀ ਨੀਲੀ ਪੱਗ ਵੱਲ ਵੇਖ ਕੇ ਟਕੋਰ ਕੀਤੀ, 'ਬਾਬਾ! ਨੀਲੀ ਪੱਗ ਨਵੀਂ ਨਵੀਂ ਬੰਨ੍ਹੀ ਲੱਗਦੀ ਹੈ?' ਤਾਂ ਮੋਦਨ ਸਿੰਘ ਨੇ ਜਵਾਬ ਦਿੱਤਾ, 'ਇਹ ਪੱਗ ਤਾਂ ਜੈਤੋ ਦੇ ਮੋਰਚੇ ਵੇਲੇ ਦੀ ਬੰਨ੍ਹੀ ਹੋਈ ਹੈ।'

ਮੋਦਨ ਸਿੰਘ ਨੂੰ ਸੰਘਰਸ਼ਸ਼ੀਲ ਅਕਾਲੀ ਹੋਣ 'ਤੇ ਵੀ ਮਾਣ ਹੈ ਤੇ ਕਮਿਊਨਿਸਟ ਹੋਣ 'ਤੇ ਵੀ। ਉਹ ਦੋ ਵੇਲੇ ਪਾਠ ਕਰਦਾ ਸੀ। ਜਪੁਜੀ ਸਾਹਿਬ ਤੇ ਆਸਾ ਦੀ ਵਾਰ ਦਾ। ਵੱਜਦ ਵਿਚ ਗਾ ਕੇ। ਪਾਠ ਕਰਨ ਨੇ ਉਹਦੇ ਕਮਿਊਨਿਸਟ ਹੋਣ ਵਿਚ ਭੰਗਣਾ ਨਹੀਂ ਸੀ ਪਾਈ। ਉਹ ਗ਼ਦਰੀ ਬਾਬਿਆਂ ਦੀ ਸਿੱਖੀ ਤੇ ਕਮਿਊਨਿਸਟ ਹੋਣ ਦੀ ਕਰੀਬੀ ਸਾਂਝ ਦਾ ਪੈਰੋਕਾਰ ਹੈ। ਅੱਜ ਜਦੋਂ ਇਹ ਦੁਫੇੜ ਗਾਲ੍ਹੀ ਗਲੋਚ 'ਤੇ ਉੱਤਰ ਆਇਆ ਹੈ ਤਾਂ ਲਾਲ ਸਿੰਘ ਢਿਲੋਂ ਦਾ ਪਿਤਾ ਮੋਦਨ ਸਿੰਘ ਕਹਿੰਦਾ ਲੱਗਦਾ ਹੈ, 'ਉਏ ਅਕਲ ਕਰੋ। ਵੱਡਿਆਂ ਦੀ ਸਰਬਸਾਂਝੀਵਾਲਤਾ ਦੀ ਰੂਹ ਨੂੰ ਜ਼ਖ਼ਮੀ ਨਾ ਕਰੋ।'

ਮੋਦਨ ਸਿੰਘ ਤੇ ਉਹਦੇ ਹਰਨਾਮ ਸਿੰਘ ਜਿਹੇ ਸਾਥੀਆਂ ਨੇ ਜਥੇ ਦੀ ਸੇਵਾ ਲਈ ਇਕੱਠੀ ਕੀਤੀ ਉਗਰਾਹੀ ਵਿਚੋਂ ਬਚ ਗਈ ਮਾਇਆ ਨਾਲ ਸਕੂਲ ਖੋਲ੍ਹਣ ਦੀ ਤਜਵੀਜ਼ ਦਿੱਤੀ, ਜੋ ਪ੍ਰਵਾਨ ਹੋ ਗਈ। ਜਿਨ੍ਹਾਂ ਲੋਕਾਂ ਨੇ ਸਕੂਲ ਖੋਲ੍ਹਣ ਲਈ ਜ਼ਮੀਨ ਦਿੱਤੀ, ਮਾਇਆ ਦਿੱਤੀ, ਮਾਇਆ ਇਕੱਠੀ ਕੀਤੀ, ਲਾਲ ਸਿੰਘ ਉਨ੍ਹਾਂ ਦਾ ਵੇਰਵਾ ਦੇ ਕੇ ਪਿੰਡ ਦੀਆਂ ਆਉਣ ਵਾਲੀਆਂ ਨਸਲਾਂ ਲਈ ਪੁਰਖ਼ਿਆਂ ਦਾ ਇਤਿਹਾਸ ਸਾਂਭ ਲਿਆ। ਨਹੀਂ ਤਾਂ ਉਨ੍ਹਾਂ ਨੂੰ ਕੀਹਨੇ ਯਾਦ ਕਰਨਾ ਸੀ! ਹੋਰ ਤਾਂ ਹੋਰ ਆਪਣੇ ਜਮਾਤੀਆਂ ਦੇ ਨਾਂ ਲਿਖ ਕੇ ਉਨ੍ਹਾਂ ਨੂੰ ਵੀ ਜਿਊਂਦਿਆਂ ਵਿਚ ਕਰ ਦਿੱਤਾ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਲੋਕ-ਸੇਵਾ ਦੀ ਭਾਵਨਾ ਦਾ ਸੰਚਾਰ ਲਾਲ ਸਿੰਘ ਢਿਲੋਂ ਅੰਦਰ ਪੁਰਖਿਆਂ ਦੀ ਵਹਿੰਦੀ ਜੀਵਨ ਧਾਰਾ ਵਿਚੋਂ ਹੀ ਹੁੰਦਾ ਹੈ।

ਉਹ ਅਧਿਆਪਕਾਂ ਵਿਚ ਆ ਗਈ ਪ੍ਰਤੀਬੱਧਤਾ ਦੀ ਕਮੀ ਤੋਂ ਵੀ ਉਦਾਸ ਹੈ। ਉਨ੍ਹਾਂ ਦਿਨਾਂ ਨੂੰ ਚੇਤੇ ਕਰਦਾ ਹੈ ਜਦੋਂ ਅਧਿਆਪਕ ਸਮਰਪਣ ਭਾਵਨਾ ਨਾਲ ਕੰਮ ਕਰਦੇ ਸਨ। ਉਹ ਆਪਣੇ ਅਧਿਆਪਕਾਂ ਦੀ ਸਾਧਨਾ ਨੂੰ ਨਮਸਕਾਰ ਕਰਦਾ ਹੈ। ਛੁੱਟੀ ਤੋਂ ਬਾਅਦ ਵੀ ਪੜ੍ਹਾਉਂਦੇ। ਗਰਮੀ ਦੇ ਦਿਨਾਂ ਵਿਚ ਦੁਪਹਿਰੇ ਅਧਿਆਪਕ ਤੇ ਵਿਦਿਆਰਥੀ ਸਕੂਲ ਵਿਚ ਹੀ ਸੌਂ ਜਾਂਦੇ। ਬਾਅਦ ਵਿਚ ਉੱਠ ਕੇ ਪੜ੍ਹਾਉਣ ਲੱਗਦੇ। ਪਿੰਡੋਂ ਅਧਿਆਪਕ ਦਾ ਖਾਣਾ ਆਉਂਦਾ। ਅਧਿਆਪਕ ਤੇ ਮਾਪਿਆਂ ਦੀ ਰਿਸ਼ਤਗੀ ਤੇ ਆਦਰ ਸਨਮਾਨ ਕਮਾਲ ਦਾ ਸੀ ਜੋ ਅੱਜ ਕੱਲ੍ਹ ਮਸ਼ੀਨੀ ਤੇ ਵਪਾਰਕ ਰਿਸ਼ਤੇ ਵਿਚ ਬਦਲ ਗਿਆ। ਨਾ ਉਹ ਅਧਿਆਪਕ ਰਹੇ, ਨਾ ਮਾਪੇ ਤੇ ਨਾ ਹੀ ਵਿਦਿਆਰਥੀ।

ਦੇਸ਼ ਵੰਡ ਵੇਲੇ ਦੀ ਭਿਆਨਕ ਤਰਾਸਦੀ ਤੇ ਕਤਲੋ-ਗਾਰਤ ਨੂੰ ਬਿਆਨ ਕਰਦਾ ਪ੍ਰਸੰਗ ਉਸ ਦੌਰ ਦੇ ਦੁਖਾਂਤ ਦੀ ਕਹਾਣੀ ਦ੍ਰਿਸ਼ਟੀਗੋਚਰ ਕਰ ਜਾਂਦਾ ਹੈ। ਮੁਸਲਮਾਨਾਂ ਦਾ ਕਤਲ ਕੀਤਾ ਜਾਂਦਾ ਹੈ। ਮਿਲਟਰੀ ਆਉਣ ਦਾ ਪਤਾ ਲੱਗਦਾ ਹੈ ਤਾਂ ਪੁਲਿਸ ਲਾਸ਼ਾਂ ਦਾ ਖੁਰਾ-ਖੋਜ ਮਿਟਾਉਣ ਲਈ ਟੋਏ ਪੁੱਟ ਕੇ ਕਾਹਲੀ ਨਾਲ ਲਾਸ਼ਾਂ ਨੂੰ ਦੱਬਣ ਲੱਗਦੀ ਹੈ। ਕਾਜ਼ੀ ਦੇ ਭਤੀਜੇ ਨੂੰ, ਜੋ ਜ਼ਖ਼ਮੀ ਤਾਂ ਹੈ ਪਰ ਅਜੇ ਜਿਊਂਦਾ ਹੈ, ਮਰਿਆ ਸਮਝ ਕੇ ਉਹਨੂੰ ਦੱਬਣ ਲਈ ਟੋਏ ਵਿਚ ਸੁੱਟਣ ਲੱਗਦੇ ਹਨ ਤਾਂ ਉਹ ਕਹਿੰਦਾ ਹੈ, 'ਪਹਿਲਾਂ ਮੈਨੂੰ ਚੰਗੀ ਤਰ੍ਹਾਂ ਮਾਰ ਤਾਂ ਲਉ। ਮੇਰੀ ਜਾਨ ਨਿਕਲਣ ਲੈਣ ਦੇ ਫਿਰ ਮੈਨੂੰ ਟੋਏ ਵਿਚ ਦੱਬੀ।'

ਲੇਖਕ ਦੱਸਦਾ ਹੈ ਲਾਸ਼ਾਂ ਟੋਏ ਵਿਚ ਸੁੱਟਣ ਵਾਲਿਆਂ ਨੂੰ ਟੋਏ ਪੁੱਟ ਕੇ ਦੱਬੇ ਉਹ ਮਰੇ ਬੰਦੇ ਸੁਪਨੇ ਵਿਚ ਆ ਕੇ ਤੰਗ ਕਰਦੇ ਸਨ, ਪਰ ਇਹ ਸੁਪਨਾ ਤਾਂ ਅੱਜ ਵੀ ਆਉਣੋ ਨਹੀਂ ਹਟਿਆ। ਇਹ ਸੁਪਨਾ ਪੂਰੀ ਪੰਜਾਬੀ ਕੌਮ ਦੀ ਆਤਮਾ ਦਾ ਨਾਸੂਰ ਬਣ ਕੇ ਸਦਾ ਰਿਸਦਾ ਰਹਿਣਾ ਹੈ।

ਹਰ ਘਟਨਾ ਤੇ ਵਰਤਾਰੇ ਨੂੰ ਬੇਬਾਕੀ ਨਾਲ ਬਿਆਨ ਕਰਨ ਵਾਲਾ ਲਾਲ ਸਿੰਘ ਕੁਝ ਥਾਵਾਂ 'ਤੇ ਪਤਲੀ ਗਲੀ ਵਿਚੋਂ ਅਛੋਪਲੇ ਜਿਹੇ ਲੰਘਦਾ ਵੀ ਨਜ਼ਰ ਆਉਂਦਾ ਹੈ। ਲਾਲ ਸਿੰਘ ਦੀ ਐਮਰਜੈਂਸੀ ਦੇ ਦਿਨਾਂ ਬਾਰੇ ਖ਼ਾਮੋਸ਼ੀ ਹੈਰਾਨ ਕਰਨ ਵਾਲੀ ਹੈ। ਇੱਕ ਸਿਆਸੀ ਕਾਰਕੁਨ ਹੋਣ ਦੇ ਨਾਤੇ ਦੇਸ਼ ਵਿਚ ਵਾਪਰੀ ਇਸ ਇਤਿਹਾਸਕ ਰਾਜਨੀਤਕ ਘਟਨਾ ਬਾਰੇ ਲਾਲ ਸਿੰਘ ਦਾ ਹੁਣਵਾਂ ਨਜ਼ਰੀਆ ਪਰਗਟ ਹੋਣਾ ਲਾਜ਼ਮੀ ਸੀ। ਭਾਰਤੀ ਕਮਿਊਨਿਸਟ ਪਾਰਟੀ ਨੇ ਐਮਰਜੈਂਸੀ ਦੀ ਹਮਾਇਤ ਕੀਤੀ ਸੀ। ਅਸੀਂ ਜਾਨਣਾ ਚਾਹੁੰਦੇ ਹਾਂ ਕਿ ਲਾਲ ਸਿੰਘ ਨੇ ਬੇਸ਼ੱਕ ਉਦੋਂ ਪਾਰਟੀ ਆਦੇਸ਼ ਦੀ ਪਾਲਣਾ ਹੀ ਕੀਤੀ ਹੋਵੇਗੀ, ਪਰ ਸਮੇਂ ਦੇ ਬੀਤਣ ਨਾਲ ਉਹਦੇ ਉਸ ਦੌਰ ਬਾਰੇ ਕੀ ਵਿਚਾਰ ਹਨ, ਇਹ ਪਾਠਕ ਵਜੋਂ ਜਾਨਣਾ ਸਾਡਾ ਹੱਕ ਹੈ। ਪਰ ਲਾਲ ਸਿੰਘ ਨੇ ਏਥੇ ਸਾਡੀ ਹੱਕ-ਰਸੀ ਨਹੀਂ ਕੀਤੀ।

ਇਸ ਸਵੈਜੀਵਨੀ ਦੇ ਇੱਕ ਹੋਰ ਪਹਿਲੂ ਬਾਰੇ ਗੱਲ ਕਰਨ ਲੱਗਿਆਂ ਮੈਂ ਫ਼ੈਜ਼ ਅਹਿਮਦ ਫ਼ੈਜ਼ ਦੇ ਇਕ ਸ਼ਿਅਰ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ:-

ਵੋ ਬਾਤ ਸਾਰੇ ਫ਼ਸਾਨੇ ਮੇਂ ਜਿਸ ਕਾ ਜ਼ਿਕਰ ਨਾ ਥਾ,
ਵੋ ਬਾਤ ਉਨ ਕੋ ਬਹੁਤ ਨਾ-ਗਵਾਰ ਗੁਜ਼ਰੀ ਹੈ।

ਇੱਕ ਬਾਤ ਮੈਨੂੰ ਵੀ ਬਹੁਤ ਨਾ-ਗਵਾਰ ਗੁਜ਼ਰੀ ਹੈ। ਉਹਦੀ ਪਤਨੀ ਨਸੀਬ ਕੌਰ, ਜੋ ਲਾਲ ਸਿੰਘ ਨੂੰ ਸਿਰ ਉੱਚਾ ਚੁੱਕ ਕੇ ਜੀਣ ਵਿਚ ਉਹਦੀ ਧਿਰ ਤੇ ਧਰਵਾਸਾ ਬਣੀ, ਉਹਦੀ ਦੇਣ ਬਾਰੇ ਲਾਲ ਸਿੰਘ ਨੇ ਮਸਾਂ ਇੱਕ ਅੱਧੀ ਸਤਰ ਹੀ ਲਿਖੀ ਹੈ। (ਉਹਦੇ ਨਾਲ ਰਿਸ਼ਤਾ ਸਿਰੇ ਚੜ੍ਹਣ ਤੇ ਉਹਦੇ ਨੌਕਰੀ ਦਾ ਜ਼ਿਕਰ ਤਾਂ ਲਾਲ ਸਿੰਘ ਨੇ ਕੀਤਾ ਹੈ, ਪਰ ਅਤਿ ਦੇ ਸੰਕਟਕਾਲੀਨ ਸਮਿਆਂ ਵਿਚ ਨਸੀਬ ਕੌਰ ਕਿਵੇਂ ਉਹਦਾ ਨਸੀਬ ਬਣ ਕੇ ਬਹੁੜੀ, ਇਸਦਾ ਜ਼ਿਕਰ ਐਵੇਂ ਨਾ-ਮਾਤਰ ਹੀ ਹੈ। ਨਸੀਬ ਕੌਰ ਦੀ ਲਾਲ ਸਿੰਘ ਤੇ ਪਰਿਵਾਰ ਦੇ ਜੀਵਨ ਵਿਚ ਵੱਡੀ ਦੇਣ ਬਾਰੇ ਪੁਸਤਕ ਦੀ ਸੰਪਾਦਕ ਤੇ ਲਾਲ ਸਿੰਘ ਦੀ ਧੀ ਕੰਵਲਜੀਤ ਢਿਲੋਂ ਨੂੰ ਵੀ ਇਹ ਕਮੀ ਬਹੁਤ ਨਾ-ਗਵਾਰ ਗੁਜ਼ਰੀ ਲੱਗਦੀ ਹੈ। ਉਹ ਸਿੱਧੇ ਤੌਰ 'ਤੇ ਨਹੀਂ ਕਹਿੰਦੀ ਪਰ ਅਸਿੱਧੇ ਤੌਰ 'ਤੇ ਉਹਦੇ ਇਹ ਸ਼ਬਦ ਆਪਣੇ ਪਿਤਾ ਨੂੰ ਉਲ੍ਹਾਮਾਂ ਵੀ ਲੱਗਦੇ ਹਨ। ਉਹ ਲਿਖਦੀ ਹੈ:

'ਹੱਕ ਸੱਚ ਦੇ ਸੰਘਰਸ਼' ਨੂੰ ਪੁਸਤਕ ਰੂਪ ਦੇਣ ਦੇ ਪ੍ਰਵਾਹ ਵਿਚੋਂ ਗੁਜ਼ਰਦਿਆਂ ਮੇਰੀ ਮਾਂ ਦਿਲੋ-ਦਿਮਾਗ ਉੱਤੇ ਛਾਈ ਰਹੀ। ਸੋਚਦੀ ਹਾਂ ਕਿ ਕਿਵੇਂ ਉਹ ਜੀਵਨ ਦੀਆਂ ਕਠਿਨ ਚੁਣੌਤੀਆਂ ਸੰਗ ਜੂਝੀ ਹੋਵੇਗੀ। ਸਕੂਲ ਦੀ ਨੌਕਰੀ, ਤਿੰਨਾਂ ਧੀਆਂ ਦੀ ਪਰਵਰਿਸ਼, ਘਰ ਦੀ ਆਰਥਿਕਤਾ ਨੂੰ ਪੈਰਾਂ ਸਿਰ ਕਰਨ ਲਈ ਖੇਤੀਬਾੜੀ ਵਿਚ ਸਹਿਯੋਗ, ਪੋਲਟਰੀ ਫਾਰਮ ਦੀ ਦੇਖ-ਭਾਲ, ਘਰ ਵਿਚ ਦੁੱਧ ਲਈ ਰੱਖੇ ਪਸ਼ੂ ਡੰਗਰ ਆਦਿ ਦੀ ਜ਼ਿੰਮੇਵਾਰੀ ਆਦਿ ਆਦਿ। ਮੇਰੀ ਮਾਂ ਨੇ ਖਿੜੇ ਮੱਥੇ ਉਨ੍ਹਾਂ ਸਭ ਕਰੂਰ ਤਲਖ਼ੀਆਂ ਨੂੰ ਬਰਾਬਰ ਦੀ ਹਿੱਸਦਾਰ ਹੋ ਕੇ ਜਰਿਆ ਜੋ ਮੇਰੇ ਪਿਤਾ ਦੇ ਆਦਰਸ਼ ਕਰ ਕੇ ਉਸ ਦੇ ਹਿੱਸੇ ਆਈਆਂ। ਉਹਨੇ ਉਨ੍ਹਾਂ ਤਲਖ਼ ਹਕੀਕਤਾ ਦਾ ਜ਼ਿਕਰ ਸਾਡੇ ਨਾਲ ਕਦੇ ਨਾ ਕੀਤਾ ਜੋ ਉਸ ਨੇ ਆਪਣੇ ਮਨ ਉੱਤੇ ਝੱਲੀਆਂ। ਉਹ ਦ੍ਰਿੜ੍ਹਤਾ ਨਾਲ ਮੇਰੇ ਪਿਤਾ ਦੀ ਚੁਣੌਤੀ ਪੂਰਨ ਜ਼ਿੰਦਗੀ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜੀ ਰਹੀ। ਉਹਦਾ ਚੰਗੇਰਾ ਭਵਿੱਖ ਸਿਰਜਣ ਵਿਚ ਦ੍ਰਿੜ੍ਹ ਨਿਸਚਾ ਉਹਦੀ ਜ਼ਿੰਦਗੀ ਦੇ ਸਹਿਜ ਵਰਤਾਰੇ ਦਾ ਹਿੱਸਾ ਸੀ। ਉਸ ਦੀ ਮਾਸੂਮ ਮੁਸਕਾਣ ਉਸ ਦੇ ਅੰਤਿਮ ਸਮੇਂ ਵੀ ਉਹਦੇ ਚਿਹਰੇ ਉੱਤੇ ਸੀ। ਮੈਂ ਹੱਕ-ਸੱਚ ਦੇ ਸੰਘਰਸ਼ ਵਿਚ ਆਪਣੀ ਮਾਂ ਨੂੰ ਬਰਾਬਰ ਦਾ ਹਿੱਸੇਦਾਰ ਤਸੱਵਰ ਕਰਦੀ ਹਾਂ।"

ਜਿਨ੍ਹਾਂ ਤਲਖ਼ ਹਕੀਕਤਾਂ ਦਾ ਜ਼ਿਕਰ ਨਸੀਬ ਕੌਰ ਨੇ ਕਦੀ ਨਾ ਕੀਤਾ ਤੇ ਨਾ ਹੀ ਲਾਲ ਸਿੰਘ ਨੇ ਕੀਤਾ, ਉਨ੍ਹਾਂ ਹਕੀਕਤਾਂ ਨੂੰ ਲਿਖਣ ਦੀ ਵਾਰੀ ਹੁਣ ਕੰਵਲਜੀਤ ਢਿਲੋਂ ਦੀ ਹੈ।

'ਹੱਕ-ਸੱਚ ਦਾ ਸੰਘਰਸ਼' ਸਵੈ-ਜੀਵਨੀ ਦੇ ਨਾਇਕ ਦੀ ਕੁਝ ਜ਼ਿਆਦਾ ਸੋਭਾ ਹੋਣ ਕਾਰਨ ਨਾਇਕ ਨੂੰ ਕਿਤੇ 'ਨਜ਼ਰ ਨਾ ਲੱਗ ਜਾਵੇ' ਇਸ ਲਈ ਇਹ ਉਪ੍ਰੋਕਤ ਦੇ ਘਟਨਾਵਾਂ ਦਾ ਵੇਰਵਾ 'ਨਜ਼ਰਵੱਟੂ' ਵਜੋਂ ਸ਼ਾਮਲ ਕੀਤਾ ਗਿਆ ਹੈ।

ਇਸ ਸਵੈਜੀਵਨੀ ਵਿਚ ਮਹੱਤਵਪੂਰਨ ਤੇ ਪ੍ਰੇਰਨਾ ਦੇਣ ਵਾਲਾ ਹੋਰ ਵੀ ਬਹੁਤ ਕੁਝ ਅਜਿਹਾ ਹੈ, ਜਿਹੜਾ ਦੱਸਣੋਂ ਰਹਿ ਗਿਆ ਹੈ। ਉਸਨੂੰ ਪੜ੍ਹੇ ਬਿਨਾਂ ਨਹੀਂ ਜਾਣਿਆ ਜਾ ਸਕਦਾ।

ਏਸੇ ਕਰ ਕੇ ਮੈਂ ਇਸ ਕਿਤਾਬ ਨੂੰ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹੈ।

# ਮਨੁੱਖੀ ਸਰੋਕਾਰਾਂ ਦੇ ਮੋਨੋਵੇਗਾਂ ਨਾਲ ਸੰਵਾਦ ਰਚਾਉਂਦੀ ਕਵਿਤਾ-'ਵੇਲ ਰੁਪਏ ਦੀ ਵੇਲ'

ਜਦੋਂ ਅਸੀਂ ਪੰਜਾਬੀ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਬਹੁਤ ਸਾਰੀ ਕਵਿਤਾ ਤੇ ਅਕਵਿਤਾ ਪੜ੍ਹਨ ਨੂੰ ਮਿਲ ਰਹੀ ਹੈ। ਸੋਸ਼ਲ ਮੀਡੀਆ ਦੇ ਪਸਾਰ ਕਾਰਨ ਹਰ ਕੋਈ ਆਪਣੇ ਹਾਵ-ਭਾਵ ਵਿਅਕਤ ਕਰ ਰਿਹਾ ਹੈ। ਇਸ ਪਸਾਰੇ ਵਿਚ ਚੰਗੀ ਕਵਿਤਾ ਦੇ ਰੁਲਣ ਦਾ ਡਰ ਬਣਿਆ ਰਹਿੰਦਾ ਹੈ। ਪਰ ਫਿਰ ਵੀ ਚੰਗੀ ਕਵਿਤਾ ਆਪਣੇ ਪਾਠਕਾਂ ਤੱਕ ਰਸਾਈ ਕਰ ਲੈਂਦੀ ਹੈ।



ਹਰਜਿੰਦਰ ਕੰਗ ਦਾ ਕਾਵਿ-ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਸ਼ਬਦਾਂ ਦੇ ਧੁਰ ਅੰਦਰ ਵਸੀ ਪੀੜ ਪਰੁੱਚੀ ਕਸਕ ਦਾ ਨਾਂ ਹੈ। ਉਹ ਜਦੋਂ ਬੰਦੇ ਦੇ ਖੁਰ ਰਹੇ ਅਸਤਿੱਤਵ ਨੂੰ ਆਪਣੇ ਚੇਤਨ ਮਨ ਨਾਲ ਨਿਹਾਰਦਾ ਹੈ ਤਾਂ

ਸੰਤੋਖ ਮਿਨਹਾਸ

## ਪੁਸਤਕ ਚਰਚਾ

ਸ਼ਬਦ ਆਪ ਮੁਹਾਰੇ ਅਰਥਮਈ ਹੋ ਜਾਂਦੇ ਹਨ। ਇਸੇ ਕਰਕੇ ਉਸ ਦੀ ਸ਼ਾਇਰੀ ਦੇ ਕਈ ਰੰਗ ਉਭਰ ਕੇ ਦ੍ਰਿਸ਼ਟੀਮਾਨ ਹੁੰਦੇ ਹਨ। ਕਵਿਤਾ ਦੀ ਹਰ ਵਿਧਾ ਕਵਿਤਾ, ਗੀਤ, ਗ਼ਜ਼ਲ 'ਤੇ ਉਸ ਨੂੰ ਮੁਹਾਰਤ ਹਾਸਲ ਹੈ। ਉਸ ਨੂੰ ਕਵਿਤਾ ਦੇ ਵਿਧੀ ਵਿਧਾਨ ਦੀ ਵੀ ਪੂਰੀ ਸਮਝ ਹੈ। ਇਸੇ ਕਰਕੇ ਉਹ ਕਵਿਤਾ ਦੇ ਰੂਪਕ ਪੱਖ ਤੋਂ ਸੁਚੇਤ ਰਹਿੰਦਾ ਹੈ। ਭਾਵੇਂ ਕਵਿਤਾ, ਗ਼ਜ਼ਲ ਹੋਵੇ ਜਾਂ ਗੀਤ ਕੰਗ ਨੂੰ ਪਤਾ ਹੁੰਦਾ ਹੈ ਕਿ ਉਸ ਨੇ ਕੀ ਕਹਿਣਾ ਹੈ। ਇਸੇ ਲਈ ਉਹ ਆਧੁਨਿਕ ਸ਼ਾਇਰੀ ਦਾ ਪਸੰਦੀਦਾ ਹਸਤਾਖਰ ਹੈ।

'ਵੇਲ ਰੁਪਏ ਦੀ ਵੇਲ' ਕਾਵਿ-ਸੰਗ੍ਰਹਿ ਉਸ ਦੀ ਪੰਜਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਸਵਾਂਤੀ ਬੂੰਦ (ਗ਼ਜ਼ਲ-ਸੰਗ੍ਰਹਿ)1992, ਠੀਕਰੀ ਪਹਿਰਾ (ਗ਼ਜ਼ਲ-ਸੰਗ੍ਰਹਿ) 1996, ਚੁੱਪ ਦੇ ਟੁੱਕੜੇ (ਕਾਵਿ-ਸੰਗ੍ਰਹਿ) 2006, ਆਪਾਂ ਦੋਵੇਂ ਰੁੱਸ ਬੈਠੇ (ਗੀਤ-ਸੰਗ੍ਰਹਿ) 2011 ਪਾਠਕਾਂ ਦੇ ਸਨਮੁਖ ਕਰ ਚੁੱਕਾ ਹੈ। ਉਸ ਦੀ ਸਮੁੱਚੀ ਸ਼ਾਇਰੀ ਨੂੰ ਪਾਠਕਾਂ ਵਲੋਂ ਰਜਵਾਂ ਪਿਆਰ ਤੇ ਸਤਿਕਾਰ ਮਿਲਿਆ ਹੈ। ਇਸੇ ਲਈ ਉਸ ਦੇ ਬਹੁਤੇ ਗੀਤ ਲੋਕ ਗੀਤਾਂ ਦਾ ਲਕਬ ਗ੍ਰਹਿਣ ਕਰ ਚੁੱਕੇ ਹਨ। ਹੰਸ ਰਾਜ ਦਾ ਗਾਇਆ ਗੀਤ 'ਆਪਾਂ ਦੋਵੇਂ ਰੁਸ ਬੈਠੇ ਤਾਂ ਮਨਾਊ ਕੌਣ ਵੇ' ਅਤੇ ਉਸ ਦੇ ਹੋਰ ਗੀਤ ਵੀ ਲੋਕਾਂ ਦੀ ਜ਼ਬਾਨ 'ਤੇ ਮਿਸ਼ਰੀ ਘੋਲਦੇ ਹਨ।

'ਵੇਲ ਰੁਪਏ ਦੀ ਵੇਲ' ਕਾਵਿ-ਸੰਗ੍ਰਹਿ ਆਪਣੇ ਨਾਮ ਤੋਂ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਕਿਵੇਂ ਮਨੁੱਖੀ ਕਦਰਾਂ-ਕੀਮਤਾਂ ਪੈਸੇ ਦੁਆਲੇ ਘੁੰਮਦੀਆਂ ਹਨ। ਅਜੋਕਾ ਯੁੱਗ ਮੰਡੀ ਦਾ ਪਸਾਰਾ ਹੈ। ਬਾਜ਼ਾਰ ਨੇ ਮਨੁੱਖ ਕੋਲੋਂ ਸੰਵੇਦਨਾ ਖੋਹ ਲਈ ਹੈ। ਪੈਸਾ ਹੀ ਉਸ ਨੂੰ ਸਭ ਕੁਝ ਲੱਗਦਾ ਹੈ। ਇਸੇ ਕਰਕੇ ਮਨੁੱਖੀ ਰਿਸ਼ਤਿਆਂ ਅੰਦਰ ਮੋਹ-ਮੁਹੱਬਤ ਤਿੜਕ ਕੇ ਬੇਵਿਸ਼ਵਾਸੀ ਪ੍ਰਬਲ ਹੋ ਰਹੀ ਹੈ। ਮਨੁੱਖ ਦੀ ਅੰਦਰਲੀ ਇਸ ਟੁੱਟ-ਭੱਜ ਨਾਲ ਉਸ ਦੀ ਮਾਨਵਵਾਦੀ ਬਿਰਤੀ ਨੂੰ ਕਿਧਰੇ ਖੋਰਾ ਲੱਗ ਰਿਹਾ ਹੈ। ਕੰਗ ਨੂੰ ਇਹ ਵਿਗਾੜ ਭਾਉਂਦਾ ਨਹੀਂ। ਉਹ ਸ਼ਬਦ-ਸੰਵਾਦ ਰਾਹੀਂ ਆਪਣੀ ਕਵਿਤਾ 'ਵੇਲ ਰੁਪਏ ਦੀ ਵੇਲ' ਵਿਚ ਸੰਬੋਧਨੀ ਸੁਰ ਵਿਚ ਕਹਿੰਦਾ ਹੈ:

ਵੇਲਾਂ ਵਾਲਾ ਰਿਹਾ ਨਾ ਵੇਲਾ
ਨਾ ਖੀਸਾ ਨਾ ਪੈਸਾ ਧੇਲਾ
ਨਾ ਉਹ ਮੇਲੀ ਨਾ ਉਹ ਮੇਲਾ
ਨਾ ਕੋਈ ਪੱਕਾ ਸੰਗੀ ਸਾਥੀ
ਕੀ ਵਿਛੜਨ ਕੀ ਮੇਲ।
...
ਵੱਡਾ ਬਹੁਤ ਅਡੰਬਰ ਹੋਇਆ
ਪੈਸਾ ਪੀਰ ਪੈਗ਼ੰਬਰ ਹੋਇਆ
ਇਸ ਦਾ ਪਹਿਲਾ ਨੰਬਰ ਹੋਇਆ
ਇਸ ਦੇ ਦਰ 'ਤੇ ਵਿਕਣੇ ਆਏ
ਜਲ, ਵਾਯੂ, ਮਿੱਟੀ, ਤੇਲ...।


ਉਹ ਆਪਣੀ ਕਵਿਤਾ ਵਿਚ ਸ਼ਬਦ-ਜਾਲ ਨਹੀਂ ਬੁਣਦਾ, ਸਗੋਂ ਆਪਣੇ ਭਾਵਾਂ, ਅਹਿਸਾਸਾਂ ਨੂੰ ਪ੍ਰਗਟਾਉਣ ਲਈ ਸ਼ਬਦਾਂ ਦੀ ਸਰਲ ਵਿਧੀ ਅਪਣਾਉਂਦਾ ਹੈ। ਕੰਗ ਕੋਲ ਅਹਿਸਾਸ ਦੀ ਸ਼ਿਦਤ ਤੇ ਪੁਖ਼ਤਗੀ ਵੀ ਹੈ। ਉਹ ਬੰਦੇ ਦੇ ਸਮਾਜਿਕ ਪਰਿਵਰਤਨ ਦੇ ਨਾਲ-ਨਾਲ ਰਵਾਇਤ ਦੇ ਮੁਜਸਮੇ ਦਾ ਵੀ ਧਿਆਨ ਰੱਖਦਾ ਹੈ। ਇਸੇ ਲਈ ਉਸ ਦੀ ਕਵਿਤਾ ਆਮ ਪਾਠਕ ਦੀ ਸਮਝ ਦਾ ਆਧਾਰ ਬਣਦੀ ਹੈ ਤੇ ਪਾਠਕ ਕਵਿਤਾ ਨਾਲ ਆਪਣੀ ਸਾਂਝ ਮਹਿਸੂਸ ਕਰਦਾ ਹੈ। ਪਰ ਕੰਗ ਆਪਣੀ ਕਵਿਤਾ ਵਿਚ ਵਿਅੰਗ/ਕਟਾਖ਼ਸ਼ ਦੀ ਸੁਰ ਨੂੰ ਵੀ ਬਣਾਈ ਰੱਖਦਾ ਹੈ। ਉਹ ਆਪਣੀ ਕਵਿਤਾ 'ਰੱਬ ਰੁਪਈਆ' ਵਿਚ ਇਸੇ ਵਿਧੀ ਨਾਲ ਗੱਲ ਕਰਦਾ ਹੈ:

ਕੱਠਾ ਪੈਸਾ ਵਾਹਲਾ ਹੋਇਆ
ਕਿੱਡਾ ਘਾਲਾ ਮਾਲਾ ਹੋਇਆ
ਵਾਹਲਾ ਪੈਸਾ ਕਾਲਾ ਹੋਇਆ
ਜਦ ਠੱਗੀਆਂ ਤੋਂ ਲਹਿੰਦੇ ਪਰਦੇ
ਧੂੰਆਂ ਦਿੰਦਾ ਕੱਢ ਰੁਪਈਆ
...
ਚਾਰ ਕੁ ਅੱਖਰ ਪੜ੍ਹ ਤਾਂ ਲੈ ਤੂੰ
ਆਪਣੇ ਆਪ ਨਾਲ ਲੜ ਤਾਂ ਲੈ ਤੂੰ
ਅੱਖ 'ਚ ਅੱਖ ਪਾ ਖੜ੍ਹ ਤਾਂ ਲੈ ਤੂੰ
ਫੇਰ ਪਤਾ ਲੱਗ ਜਾਣੈਂ ਤੈਨੂੰ
ਪਾਸ ਹੋਇਆਂ ਕਿ ਫੇਲ੍ਹ...।


ਜਦੋਂ ਅਸੀਂ ਉਸ ਦੀ ਕਵਿਤਾ ਦੇ ਸ਼ਬਦਾਂ ਦੀ ਧੁਨੀ ਦੇ ਥਹੁ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਸ ਦੀ ਕਵਿਤਾ ਵਿਚ ਅਵਚੇਤਨਾ ਦਾ ਤੱਤ ਮੁੱਖ ਸੁਰ ਵਜੋਂ ਅਭੀਵਿਅਕਤ ਹੁੰਦਾ ਹੈ। ਉਸ ਦਾ ਚੇਤਨ- ਅਵਚੇਤਨ ਯਥਾਰਥ ਦੇ ਪੈੜ-ਚਿੰਨ੍ਹਾਂ ਨੂੰ ਤਲਾਸ਼ਣ ਵਿਚ ਹੈ। ਇਸੇ ਲਈ ਉਹ ਚਿੱਤ ਦੀ ਚਿਣਗ ਨਾਲ ਚੌਮੁਖੀਆ ਚਿਰਾਗ ਜਗਾਉਣ ਲਈ ਆਖਦਾ ਹੈ। ਉਸ ਨੂੰ ਸ਼ਬਦਾਂ ਦੀ ਕਾਵਿਆਤਮਕ-ਜੁਗਤ ਅਤੇ ਧੁਨੀਮਕ-ਜੁਗਤ ਦੀ ਵੀ ਸਮਝ ਹੈ। ਉਹ ਕਵਿਤਾ ਦੇ ਨਵੇਂ ਬਿਰਤਾਂਤ ਸਿਰਜਦਾ ਹੈ ਇਸੇ ਲਈ ਉਸ ਦੀ ਕਵਿਤਾ ਵਿਚ ਸ਼ਬਦ ਆਪ-ਮੁਹਾਰੇ ਗਤੀਸ਼ੀਲ ਹੁੰਦੇ ਹਨ। ਇਹੀ ਉਸ ਦੀ ਵਿਲੱਖਣਤਾ ਹੈ।

ਖ਼ਬਰੇ ਕੀ ਕਰ ਦਿੱਤਾ ਹੈ ਅੱਜ ਸ਼ੀਸ਼ੇ ਨੇ
ਮੇਰੀ ਹੀ ਅੱਖ ਮੇਰੀ ਅੱਖ ਨਾਲ ਲੜ ਗਈ ਏ।
ਕੀ ਕਰੀਏ ਕਿ ਰੋਟੀ ਸਾਡੇ ਹਿੱਸੇ ਦੀ
ਕੱਲ੍ਹ ਰਹਿ ਗਈ ਸੀ ਕੱਚੀ ਤੇ ਅੱਜ ਸੜ ਗਈ ਏ।
ਰੰਗਤ ਮਸਲੇ ਫੁੱਲ ਦੀ ਚੜ੍ਹ ਗਈ ਤਲੀਆਂ 'ਤੇ
ਖ਼ੁਸ਼ਬੂ ਉਸਦੀ ਤੇਰੇ ਅੰਦਰ ਵੜ ਗਈ ਏ।
...
ਦਿਲਹੀਣੀ ਇੱਕ ਭੀੜ ਚਿਹਰਿਆਂ ਦੀ ਹੈ ਇੰਟਰਨੈੱਟ ਉਤੇ
ਸਾਂਝੇ ਕੀਹਦੇ ਨਾਲ ਕਰਾਂ ਮੈਂ ਦਿਲ ਦੇ ਦੁੱਖਾਂ ਸੁੱਖਾਂ ਨੂੰ।

ਹਰਜਿੰਦਰ ਕੰਗ ਵੀ ਬਹੁਤੇ ਲੋਕਾਂ ਵਾਂਗ ਆਪਣੇ ਸੁਪਨਿਆਂ ਦੀ ਪੂਰਤੀ ਲਈ ਦੇਸ਼ ਤੋਂ ਪਰਦੇਸ ਆਇਆ ਹੈ। ਆਪਣੀ ਜਵਾਨੀ ਦੇ ਪਹਿਲੇ ਪਹਿਰ ਉਚੇਰੀ ਪੜ੍ਹਾਈ ਦੇ ਬਾਵਜੂਦ ਪੰਜਾਬ ਛੱਡ ਕੇ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਆ ਵੱਸਿਆ। ਇਹ ਮਨੁੱਖ ਦੀ ਵਿਡੰਬਨਾ ਹੈ ਕਿ ਜਿਸ ਜੜ੍ਹ ਨਾਲੋਂ ਆਪ ਹੀ ਟੁੱਟ ਕੇ ਆਉਂਦਾ ਹੈ ਉਸ ਜੜ੍ਹ ਦਾ ਦਰਦ ਸਾਰੀ



ਲੇਖਕ ਹਰਜਿੰਦਰ ਕੰਗ




ਕਾਵਿ-ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਦਾ ਸਰਵਰਕ।

ਉਮਰ ਆਪਣੇ ਨਾਲ ਲਈ ਫਿਰਦਾ ਹੈ। ਆਪਣੇ 'ਕੁਝ' ਗਵਾਚੇ ਦੀ ਖੋਹ ਚੀਸ ਬਣ ਮਨੁੱਖ ਨੂੰ ਕੁਰੇਦਦੀ ਰਹਿੰਦੀ ਹੈ। ਵੱਡੀਆਂ ਕਮਾਈਆਂ ਕਰਕੇ ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਮਨੁੱਖ ਨੂੰ ਪਰਦੇਸੀ ਹੋਣਾ ਚੁੱਭਦਾ ਰਹਿੰਦਾ ਹੈ। ਕੰਗ ਇਸ ਭੂ-ਹੇਰਵੇ ਦੀ ਪੀੜ ਨੂੰ ਆਪਣੀਆਂ ਕਵਿਤਾਵਾਂ 'ਘਰ ਦੇ ਬੂਹੇ', 'ਪਿੰਡੋਂ ਹੋ ਕੇ ਆਇਆ ਹਾਂ' 'ਚੰਗਾ ਹੈ ਘਰ ਨਾ ਜਾਈਏ ਹੁਣ' 'ਚਮਕਦੀ ਰੇਤ' 'ਅੱਧੇ ਅਧੂਰੇ' ਵਿਚ ਇਸ ਤਰ੍ਹਾਂ ਆਖਦਾ ਹੈ

ਘਰ ਦੇ ਬੂਹੇ ਢੋ ਆਇਆ ਹਾਂ।
ਮੈਂ ਵੀ ਪਿੰਡੋਂ ਹੋ ਆਇਆ ਹਾਂ।
ਮਰ ਗਏ ਮਗਰੋਂ ਮਾਪੇ ਆਪੇ।
ਦਰ 'ਤੇ ਬਹਿ ਕੇ ਰੋ ਆਇਆ ਹਾਂ।
...
ਦਰਦਾਂ ਦੀ ਛਲਣੀ ਛੱਤ ਵਾਂਗੂ
ਤਿਪ ਤਿਪ ਕਰਕੇ ਚੋ ਆਇਆ ਹਾਂ।
ਮੈਂ ਪਰਦੇਸੀ ਪਿੰਡ ਗਿਆ ਸਾਂ
ਲੈ ਯਾਦਾਂ ਦੀ ਲੋਅ ਆਇਆ ਹਾਂ।
...
ਜਿਹੜੇ ਘਰ ਨੇ ਹੱਥੀਂ ਤੋਰੇ
ਕਿੰਝ ਮੁੜ ਕੇ ਉਸ ਘਰ ਜਾਈਏ ਹੁਣ।
ਇਕ ਘਰ ਤਾਲੇ ਇਕ ਇਕਲਾਪੇ
ਦੱਸ ਦਿਲਾ! ਕਿਸ ਘਰ ਜਾਈਏ ਹੁਣ।
...
ਵਸਾ ਲੈਂਦੇ ਨੇ ਯਾਦਾਂ ਦੇ ਦਿਲਾਂ ਵਿਚ ਪਿੰਡ ਪਰਦੇਸੀ
ਬਦੇਸ਼ਾਂ ਵਿਚ ਵੀ ਲੁਧਿਆਣਾ ਜਲੰਧਰ ਟੋਲਦੇ ਨੇ।
...
ਨਾ ਪੂਰੇ ਪਰਦੇਸੀ ਪਹੁੰਚੇ ਨਾ ਮੁੜ ਪੂਰੇ ਪਿੰਡ ਗਏ ਹਾਂ
ਇਥੇ ਉਥੇ ਰਾਹਾਂ ਦੇ ਵਿਚ ਖਿੰਡਦੇ ਖਿੰਡਦੇ ਖਿੰਡ ਗਏ ਹਾਂ।

ਵਿਸ਼ਵ ਦੇ ਅਜੋਕੇ ਹਰ ਖੇਤਰ ਵਿਚ ਆਧੁਨਿਕਤਾ ਦੇ ਨਾਂ 'ਤੇ ਅੰਧਾ-ਧੁੰਦ ਜਟਿਲਤਾ ਦਾ ਪਸਾਰਾ ਹੈ। ਮਨੁੱਖੀ ਹੋਂਦ ਆਪਣੀ ਥਾਂ ਲੱਭ ਰਹੀ ਹੈ। ਮਨੁੱਖ ਦੌੜ ਰਿਹਾ ਹੈ। ਕਾਹਲ ਉਹਦੇ ਅੰਦਰ ਵੱਸ ਗਈ ਹੈ। ਅਜਿਹੇ ਸਮੇਂ ਵੀ ਕੰਗ ਕੋਲ ਸਹਿਜ ਹੈ। ਇਸੇ ਲਈ ਬੋਲਣ, ਵਿਚਰਣ ਤੇ ਸ਼ਬਦਾਂ ਨਾਲ ਸਾਂਝ ਪੁਗਾਉਣ ਵੇਲੇ ਵੀ ਸਹਿਜ ਦਾ ਪੱਲਾ ਨਹੀਂ ਛੱਡਦਾ। ਇਸੇ ਗੁਣ ਕਰਕੇ ਉਸ ਦੀ ਕਵਿਤਾ ਨਾਹਰੇ ਤੋਂ ਬਚੀ ਹੋਈ ਹੈ। ਉਹ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਨਿੱਠ ਕੇ ਪਿਆਰ ਕਰਨ ਵਾਲੀ ਸ਼ਖ਼ਸੀਅਤ ਹੈ। ਉਹ ਪੰਜਾਬੀਆਂ ਦੀ ਆਪਣੀ ਬੋਲੀ, ਸਭਿਆਚਾਰ ਪ੍ਰਤੀ ਬੇਗਾਨਗੀ 'ਤੇ ਵੀ ਚਿੰਤਾ ਪ੍ਰਗਟ ਕਰਦਾ ਰਹਿੰਦਾ ਹੈ।

ਬੋਲੀ ਬਿਰਖ਼ ਦੀ ਜੜ੍ਹ ਦੇਵੀਂ ਤੂੰ ਸੁੱਕਣ ਨਾ
ਸ਼ਬਦ ਪੱਤੇ ਝੜ ਝੜ ਪੁੰਗਰਣਗੇ ਮੁੱਕਣ ਨਾ
ਸ਼ਬਦ ਨਵੇਂ ਤੂੰ ਇਸ ਦੇ ਵਿਚ ਰਲਾ ਸੱਜਣਾ...।

ਬੰਦਾ ਉਹ ਜੋ ਹਾਕਮ ਮੂਹਰੇ ਡੋਲੇ ਨਾ
ਉਹ ਕਾਹਦਾ ਪੰਜਾਬੀ ਜੋ ਪੰਜਾਬੀ ਬੋਲੇ ਨਾ
ਮਾਂ ਬੋਲੀ ਦਾ ਜੱਗ 'ਤੇ ਮਾਣ ਵਧਾ ਸੱਜਣਾ...।

ਰੁਲਦੀ ਨਹੀਂ ਦੇਖ ਹੋਣੀ ਪੱਤ ਪੰਜਾਬ ਦੀ
ਡੁੱਲ੍ਹਣ ਨਹੀਂ ਦੇਣੀ ਪੁੱਤਾਂ ਰੱਤ ਪੰਜਾਬ ਦੀ
ਫਿਰ ਉਠਣੇ ਸਿੰਘਾਂ, ਭਗਤ ਸਿੰਘਾਂ, ਸਰਦਾਰਾਂ ਦੁੱਲੇ ਭੱਟੀਆਂ...।

'ਵੇਲ ਰੁਪਏ ਦੀ ਵੇਲ' ਕਾਵਿ-ਸੰਗ੍ਰਹਿ ਜਿਵੇਂ-ਜਿਵੇਂ ਅਸੀਂ ਪੜ੍ਹਦੇ ਜਾਂਦੇ ਹਾਂ ਵਿਸ਼ਿਆਂ ਦੀ ਮੌਲਿਕਤਾ ਤੇ ਵਿਭਿੰਨਤਾ ਦੀ ਫੁਲਕਾਰੀ ਲੱਗਦਾ ਹੈ। ਕੰਗ ਕਿਤੇ ਵੀ ਆਪਣੀ ਗੱਲ ਕਹਿਣ ਲੱਗਿਆਂ ਸ਼ਬਦ-ਨਾਦ ਖੁਸਣ ਨਹੀਂ ਦਿੰਦਾ। ਇਹ ਹੁਨਰ ਵਿਰਲੇ ਕਵੀਆਂ ਨੂੰ ਨਸੀਬ ਹੁੰਦਾ ਹੈ। ਇਸ ਸੰਗ੍ਰਹਿ ਦੀ ਸਮੁੱਚੀ ਕਵਿਤਾ ਦਾ ਅਧਿਐਨ ਕਰਦਿਆਂ ਲੱਗਦਾ ਹੈ ਕਿ ਕੰਗ ਦੀ ਕਵਿਤਾ ਸਾਡੇ ਸ਼ਾਂਤ-ਅਸ਼ਾਂਤ ਦਿਸਦੇ ਜੀਵਨ ਦੀਆਂ ਰੋਜ਼-ਮਰ੍ਹਾ ਦ੍ਰਿਸ਼ਟੀਆਂ ਦਾ ਪੁਨਰ-ਵਿਉਂਤਣ ਵਿਵੇਚਨ ਹੈ। ਇਸੇ ਲਈ ਕਵਿਤਾ ਪਾਠਕ ਨੂੰ ਆਪਣੇ ਨੇੜੇ ਲੱਗਦੀ ਹੈ। ਉਹ ਆਪਣੇ ਆਪ ਨੂੰ ਕਵਿਤਾ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਹੀ ਕਵਿਤਾ ਲੋਕ-ਕਵਿਤਾ ਅਖਵਾਉਂਦੀ ਹੈ। ਕੰਗ ਦੀ ਸਮੁੱਚੀ ਕਵਿਤਾ ਮਨੁੱਖ ਦੀ ਅੰਦਰਲੀ ਦੁਖਦੀ ਰਗ ਦਾ ਗੀਤ ਹੈ।

ਇਹ ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ। ਮੈਂ ਬਤੌਰ ਪਾਠਕ ਇਸ ਸੰਗ੍ਰਹਿ ਦਾ ਸਵਾਗਤ ਕਰਦਾ ਹਾਂ।

# ਭਾਰਤ, ਅਮਰੀਕਾ ਅਤੇ ਚੀਨ ਦਰਮਿਆਨ ਬਣਦੇ-ਵਿਗੜਦੇ ਵਪਾਰਕ ਰਿਸ਼ਤੇ

ਜਦੋਂ ਤੋਂ ਟਰੰਪ ਨੇ ਅਮਰੀਕਾ ਵਿਚ ਆਪਣੀ ਦੂਜੀ ਇਨਿੰਗ ਦੀ ਸ਼ੁਰੂਆਤ ਕੀਤੀ ਹੈ, ਉਦੋਂ ਤੋਂ ਹੀ ਉਹ ਆਪਣੀਆਂ ਕਹਿਣੀਆਂ-ਕਰਨੀਆਂ ਕਰਕੇ ਲਗਾਤਾਰ ਚਰਚਾ ਵਿਚ ਰਹੇ ਹਨ। ਆਪਣੀ ਪਹਿਲੀ ਇਨਿੰਗ ਦੌਰਾਨ ਭਾਵੇਂ ਟਰੰਪ ਨੇ ਭਾਰਤ ਨਾਲ ਮਿੱਤਰਤਾ ਭਰੇ ਸੰਬੰਧ ਦਿਖਾਏ ਸਨ, ਪਰ ਹੁਣ ਉਨ੍ਹਾਂ ਦੀ ਭਾਰਤ ਲਈ ਭਾਵਨਾ ਪਹਿਲਾਂ ਵਰਗੀ ਨਹੀਂ ਦਿਸਦੀ। ਇਸ ਦੌਰਾਨ ਟਰੰਪ ਵੱਲੋਂ ਭਾਰਤ ਉਤੇ ਟੈਰਿਫ ਵਧਾਉਣ ਸਬੰਧੀ ਆਏ ਦਿਨ ਬਿਆਨ ਦੇ ਕੇ ਭਾਰਤ ਲਈ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਮੁਸ਼ਕਿਲਾਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਜਿਸ ਦੀ ਪੂਰਵ ਇਤਿਹਾਸ ਵਿਚ ਉਦਾਹਰਣ ਨਹੀਂ ਮਿਲਦੀ।

ਅਸਲ ਵਿਚ, 90 ਦੇ ਦਹਾਕੇ ਵਿਚ ਸੋਵੀਅਤ ਸੰਘ ਦੇ ਟੁੱਟਣ ਅਤੇ 1991 ਵਿਚ ਭਾਰਤ ਵੱਲੋਂ ਉਦਾਰੀਕਰਨ ਦੀਆਂ ਨੀਤੀਆਂ ਨੂੰ ਅਪਣਾਉਣ ਤੋਂ ਬਾਅਦ ਭਾਰਤ ਤੇ ਅਮਰੀਕਾ ਵਿਚਕਾਰ ਕਾਫ਼ੀ ਵਧੀਆ ਸੰਬੰਧ ਬਣੇ ਸਨ ਜੋ ਪਿਛਲੇ ਸਾਲ ਤੱਕ ਚੰਗੇ ਚੱਲ ਰਹੇ ਸਨ, ਪਰ ਜਿਵੇਂ ਹੀ ਟਰੰਪ ਨੇ ਜਨਵਰੀ 2025 ਵਿਚ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਇਨਿੰਗ ਦੀ ਸ਼ੁਰੂਆਤ ਕੀਤੀ, ਉਹ ਭਾਰਤ ਵੱਲ ਟੈਰਿਫ, ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਸਬੰਧੀ ਬਿਆਨਾਂ ਰਾਹੀਂ ਭਾਰਤ ਦੀ ਛਵੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਦੁਨੀਆ ਦੇ ਵੱਖ-ਵੱਖ ਦੇਸ਼ਾਂ ਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਿਸੇ ਨਾ ਕਿਸੇ ਰੂਪ ਵਿਚ ਹੋਰ ਦੇਸ਼ਾਂ ਉਤੇ ਨਿਰਭਰ ਰਹਿਣਾ ਪੈਂਦਾ ਹੈ, ਅਰਥਾਤ ਕੋਈ ਵੀ ਦੇਸ਼ ਹਰ ਖੇਤਰ ਵਿਚ ਪੂਰੀ ਤਰ੍ਹਾਂ ਆਤਮ-ਨਿਰਭਰ ਨਹੀਂ ਹੈ।

ਅਮਰੀਕਾ ਦੇ ਟੈਰਿਫ ਵਿਰੋਧੀ ਦੇਸ਼ਾਂ ਵਿਚ ਚੀਨ ਸਭ ਤੋਂ ਅੱਗੇ ਹੈ। ਦੋਹਾਂ ਦੇਸ਼ਾਂ ਵਿਚਕਾਰ ਤਣਾਅ ਇੰਨਾ ਵਧ ਗਿਆ ਸੀ ਕਿ ਅਮਰੀਕਾ ਨੇ ਚੀਨੀ ਸਾਮਾਨ 'ਤੇ 145% ਟੈਕਸ ਲਾ ਦਿੱਤਾ ਸੀ ਤੇ ਚੀਨ ਨੇ ਵੀ ਅਮਰੀਕੀ ਉਤਪਾਦਾਂ 'ਤੇ 125% ਟੈਕਸ ਲਾ ਦਿੱਤਾ ਸੀ। ਫਿਰ ਮਈ 2025 ਵਿਚ ਜਨੇਵਾ ਵਿਚ ਹੋਈ ਮੀਟਿੰਗ ਦੌਰਾਨ ਵਪਾਰਕ ਸਮਝੌਤੇ ਤਹਿਤ ਦੋਹਾਂ ਦੇਸ਼ਾਂ ਨੇ ਟੈਰਿਫ ਘਟਾ ਦਿੱਤੇ ਸਨ। ਹਾਲਾਂਕਿ ਫਿਰ ਵੀ ਦੋਹਾਂ ਦੇਸ਼ਾਂ ਵਿਚਕਾਰ ਟੈਰਿਫ ਸਬੰਧੀ ਮਾਮਲਾ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ। ਵੀਰਵਾਰ ਨੂੰ ਚੀਨ ਨੇ ਫਿਰ ਅਮਰੀਕਾ ਵਿਰੁੱਧ ਅਵਾਜ਼ ਉਠਾਈ ਪਰ ਇਸ ਵਾਰ ਚੀਨ ਨੇ ਵਿਦੇਸ਼ੀ ਧਰਤੀ ਭਾਰਤ ਨੂੰ ਚੁਣਿਆ।

ਚੀਨ ਦੀ ਵੈੱਬਸਾਈਟ 'ਗੁਆਨਚਾ' ਵਿਚ ਇੱਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਭਾਰਤ ਨਾਲ ਨੇੜਲੇ ਰਿਸ਼ਤਿਆਂ ਕਰਕੇ ਚੀਨ ਨੂੰ ਨੁਕਸਾਨ ਹੋਇਆ ਸੀ ਪਰ ਹੁਣ ਦੂਜੇ ਕਾਰਜਕਾਲ ਵਿਚ ਟੈਰਿਫ ਕਾਰਨ ਫਾਇਦਾ ਚੀਨ ਨੂੰ ਹੋ ਸਕਦਾ ਹੈ।

ਸੂ ਫੇਹੋਂਗ ਨੇ ਅਮਰੀਕਾ ਦੀ ਤੁਲਨਾ ਇੱਕ 'ਧਮਕਾਉਣ ਵਾਲੇ ਦੇਸ਼' ਨਾਲ ਕਰਦੇ ਹੋਏ ਕਿਹਾ ਕਿ ਅਮਰੀਕਾ ਨੇ ਲੰਬੇ ਸਮੇਂ ਤੋਂ ਮੁਕਤ ਵਪਾਰ ਤੋਂ ਲਾਭ ਲਿਆ ਹੈ, ਪਰ ਹੁਣ ਉਹ ਹੋਰ ਦੇਸ਼ਾਂ ਤੋਂ 'ਵੱਧ ਕੀਮਤਾਂ' ਲੈਣ ਲਈ ਟੈਰਿਫ ਨੂੰ 'ਸੌਦੇਬਾਜ਼ੀ ਦਾ ਹਥਿਆਰ' ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ, ਅਮਰੀਕਾ ਨੇ ਭਾਰਤ 'ਤੇ 50% ਤੱਕ ਟੈਰਿਫ ਲਾ ਦਿੱਤਾ ਹੈ ਅਤੇ ਹੋਰ ਵਧਾਉਣ ਦੀ ਧਮਕੀ ਵੀ ਦਿੱਤੀ ਹੈ। ਚੀਨ ਇਸਦਾ ਸਖ਼ਤ ਵਿਰੋਧ ਕਰਦਾ ਹੈ। ਚੁੱਪ ਰਹਿਣ ਨਾਲ ਧੱਕੇਸ਼ਾਹੀ ਵਧਦੀ ਹੈ। ਇੱਕ ਪਾਸੇ ਜਿਥੇ ਭਾਰਤ-ਅਮਰੀਕਾ ਵਪਾਰਕ ਸੰਬੰਧਾਂ ਵਿੱਚ ਅਸਥਿਰਤਾ ਆ ਰਹੀ ਹੈ, ਉਥੇ ਹੀ ਭਾਰਤ ਤੇ ਚੀਨ ਇਕ-ਦੂਜੇ ਲਈ ਨਰਮੀ ਵਰਤ ਰਹੇ ਹਨ। ਲਦਾਖ ਦੇ ਗਲਵਾਨ 'ਚ 2020 ਦੀ ਝੜਪ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸੰਬੰਧ ਥੋੜ੍ਹੇ ਖ਼ਰਾਬ ਹੋਏ ਸਨ ਪਰ ਹੁਣ ਹੌਲੀ-ਹੌਲੀ ਨਾਰਮਲ ਹੋ ਰਹੇ ਹਨ। ਚੀਨ ਨਾਲ ਭਾਰਤ ਦੀ ਨੇੜਤਾ ਨੂੰ ਲੈ ਕੇ ਪ੍ਰੋ. ਅਲਕਾ ਆਚਾਰਿਆ ਕਹਿੰਦੇ ਹਨ ਕਿ, ਚੀਨ ਹੋਵੇ ਜਾਂ ਅਮਰੀਕਾ, ਦੋਹਾਂ ਦੇਸ਼ਾਂ ਖ਼ਿਲਾਫ਼ ਜਨ ਭਾਵਨਾਵਾਂ ਦੇ ਪੱਧਰ 'ਤੇ ਦੇਖਣਾ ਪਵੇਗਾ ਕਿ ਲੋਕ ਕਿਸਦੇ ਵਿਰੁੱਧ ਜ਼ਿਆਦਾ ਹਨ। ਭਾਵੇਂ ਚੀਨ ਨਾਲ ਲੰਬੇ ਸਮੇਂ ਤੋਂ ਸਰਹੱਦੀ ਵਿਵਾਦ ਹੈ, ਪਰ ਟਰੰਪ ਅਤੇ ਮੋਦੀ ਦੀ ਦੋਸਤੀ ਦੇ ਬਾਵਜੂਦ ਭਾਰਤ ਉਤੇ ਇੱਕਤਰਫਾ ਟੈਰਿਫ ਲਗਣਾ ਲੋਕਾਂ ਲਈ ਝਟਕਾ ਹੈ।


ਉਹ ਕਹਿੰਦੇ ਹਨ, ਟਰੰਪ ਨੇ ਭਾਰਤ ਦੇ ਗੁਆਂਢੀ ਦੇਸ਼ਾਂ ਉਤੇ ਇੰਨਾ ਵੱਡਾ ਟੈਰਿਫ ਨਹੀਂ ਲਾਇਆ, ਜਿੰਨਾ 50% ਭਾਰਤ ਉਤੇ ਲਾ ਦਿੱਤਾ। ਦੂਜੇ ਪਾਸੇ ਵੀਰਵਾਰ ਨੂੰ ਸੂ ਫੇਹੋਂਗ ਨੇ 'ਐਕਸ' ਉਤੇ ਇੱਕ ਪੋਸਟ ਰਾਹੀਂ ਭਾਰਤ ਦੇ ਅਮਰੀਕਾ ਅਤੇ ਚੀਨ ਨਾਲ ਵਪਾਰ ਦੀ ਤੁਲਨਾ ਕੀਤੀ। ਪੋਸਟ ਵਿਚ ਗਲੋਬਲ ਟਾਈਮਜ਼ ਦਾ ਇੱਕ ਗਰਾਫਿਕ ਦਿਖਾਇਆ ਗਿਆ ਹੈ ਜਿਸ ਮੁਤਾਬਕ, ਆਰਥਿਕ ਸਾਲ 2024-25 ਵਿਚ ਭਾਰਤ-ਚੀਨ ਵਿਚਕਾਰ 127.71 ਬਿਲੀਅਨ ਡਾਲਰ ਦਾ ਵਪਾਰ ਹੋਇਆ ਜਦਕਿ ਅਮਰੀਕਾ ਅਤੇ ਭਾਰਤ ਵਿਚਕਾਰ 132.21 ਬਿਲੀਅਨ ਡਾਲਰ ਦਾ। ਅਮਰੀਕਾ ਦੇ ਟੈਰਿਫ ਯੁੱਧ ਸੰਦਰਭ ਵਿਚ ਭਾਰਤ ਲਈ ਚੀਨ ਦੇ ਰਾਜਦੂਤ ਸੂ ਫੇਹੋਂਗ ਨੇ ਕਿਹਾ ਕਿ ਭਾਰਤ ਉਤੇ ਲਾਏ ਟਰੰਪ ਦੇ ਟੈਰਿਫ ਦਾ ਚੀਨ ਵਿਰੋਧ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਅਤੇ ਭਾਰਤ ਵਿਚਕਾਰ ਹੋਰ ਸਾਂਝ ਹੋਣੀ ਚਾਹੀਦੀ ਹੈ।

ਹੁਣ ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ ਕਿ ਭਾਰਤ ਅਤੇ ਚੀਨ ਵਿਚਕਾਰ ਵਪਾਰ ਲਈ ਚੰਗੇ ਹੋ ਰਹੇ ਸੰਬੰਧਾਂ ਨੂੰ ਅਮਰੀਕਾ ਕਿਵੇਂ ਲੈਂਦਾ ਹੈ। ਕੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਭਾਰਤ ਲਈ ਆਪਣੇ ਨਜ਼ਰੀਏ ਵਿਚ ਕੋਈ ਬਦਲਾਅ ਲਿਆਉਣਗੇ...?

# ਸਚ ਦੀ ਅਦੁੱਤੀ ਸੱਤਾ: ਸ੍ਰੀ ਗੁਰੂ ਗ੍ਰੰਥ ਸਾਹਿਬ



ਗੁਰੂ ਨਾਨਕ ਸਾਹਿਬ ਨੇ ਲੋਕਾਈ ਦਾ ਉਧਾਰ ਕਰਨ ਲਈ 'ਸ਼ਬਦ' ਨੂੰ ਆਧਾਰ ਬਣਾਇਆ। ਗੁਰੂ ਸਾਹਿਬ ਲਈ ਸ਼ਬਦ ਕੇਵਲ ਭਾਸ਼ਾ ਜਾਂ ਵਿਦਵਤਾ ਪ੍ਰਦਰਸ਼ਨ ਦਾ ਮਾਧਿਅਮ ਨਹੀਂ ਸੀ, ਆਪ ਨੇ ਸ਼ਬਦ ਅੰਦਰ ਪਰਮਾਤਮਾ ਦੇ ਦਰਸ਼ਨ ਕਰਾਏ। ਗੁਰ ਸ਼ਬਦ ਦਾ ਵਿਸਮਾਦੀ ਵਰਤਾਰਾ ਅਗੰਮ, ਅਲੱਖ ਪਰਮਾਤਮਾ ਨੂੰ ਮਨੁੱਖ ਦੇ ਨੇੜੇ ਤੋਂ ਨੇੜੇ ਲਿਆਉਣ ਵਾਲਾ ਸੀ। ਇਹ ਰਿਵਾਇਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਜਾਰੀ ਰਹੀ। ਗੁਰੂ ਸਾਹਿਬਾਨ ਕੋਲ ਸ਼ਬਦ ਦੇ ਬਲ ਦਾ ਅਤੁੱਟ ਭੰਡਾਰ ਸੀ। ਇੱਕ ਸ਼ਬਦ ਦੀ ਹੀ ਅਮੁੱਲ ਦਾਤ ਸੀ ਜੋ ਗੁਰੂ ਸਾਹਿਬਾਨ ਨੇ ਸੰਸਾਰ ਅੰਦਰ ਖੁੱਲ੍ਹੇ ਹੱਥੀਂ ਵੰਡੀ। ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਨੂੰ ਗ੍ਰੰਥ ਦਾ ਅਵਿਨਾਸ਼ੀ ਸਵਰੂਪ ਬਖਸ਼ਿਆ। ਆਪ ਨੇ ਜਿਸ ਅਦੁੱਤੀ ਮਰਿਆਦਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਕਰਾਇਆ,



**ਡਾ. ਸਤਿੰਦਰ ਪਾਲ ਸਿੰਘ, ਆਸਟਰੇਲੀਆ**
**ਫੋਨ: 94159-60533**

ਉਹ ਧਰਮ ਜਗਤ ਵਿਚ ਬਾਣੀ ਦੇ ਸਤਿਕਾਰ ਨੂੰ ਸਿਖਰ ਪ੍ਰਦਾਨ ਕਰਨ ਵਾਲਾ ਸੀ। ਜਗਤ ਸ਼ਖਸੀਅਤ ਤੋਂ ਸ਼ਬਦ ਦੀ ਰਾਹ ਵੱਲ ਤੁਰ ਪਿਆ। ਮਨੁੱਖ ਨਹੀਂ ਮਨ ਅਧਿਆਤਮ ਦੇ ਕੇਂਦਰ ਵਿਚ ਆ ਗਿਆ। ਪੋਥੀ ਵਿਚ ਪਰਮਾਤਮਾ ਵੱਸ ਗਿਆ। ਗੁਰੂ ਅਰਜਨ ਸਾਹਿਬ ਨੇ ਨੰਗੇ ਪੈਰੀਂ ਚੰਵਰ ਕਰਦੇ ਹੋਏ ਚੱਲ ਕੇ ਸਵਰੂਪ ਨੂੰ ਸ੍ਰੀ ਦਰਬਾਰ ਸਹਿਬ ਤੱਕ ਲਿਆਂਦਾ। ਬਾਬਾ ਬੁੱਢਾ ਜੀ ਗੁਰੂ ਸਾਹਿਬ ਦੇ ਅੱਗੇ ਅੱਗੇ ਚਲ ਰਹੇ ਸਨ ਕਿਉਂਕਿ ਉਨ੍ਹਾਂ ਦੇ ਸਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰਾਜਮਾਨ ਸਨ। ਇਸ ਮਰਿਆਦਾ ਨੇ ਹੀ ਭਵਿੱਖ ਤੈਅ ਕਰ ਦਿੱਤਾ ਕਿ ਸ਼ਬਦ ਤੇ ਸ਼ਬਦ ਨਾਲ ਜੁੜਿਆ ਹੀ ਪ੍ਰਧਾਨ ਹੋਵੇਗਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗ੍ਰੰਥ ਨੂੰ ਸੰਪੂਰਣ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਗੁਰਗੱਦੀ ਤੇ ਵਿਰਾਜਮਾਨ ਕਰ ਸਚ ਦੀ ਸ਼ਹਿਨਸ਼ਾਹੀ ਦਾ ਬਾਕਾਇਦਾ ਐਲਾਨ ਕੀਤਾ। ਦੁਨੀਆ ਅੰਦਰ ਸਭ ਤੋਂ ਵੱਡਾ ਭਰਮ ਸਚ ਨੂੰ ਲੈ ਕੇ ਸੀ। ਮਾਇਆ ਦਾ ਅਜਿਹਾ ਪਸਾਰਾ ਹਰ ਥਾਂ, ਹਰ ਦਿਸ਼ਾ 'ਚ ਵਿਦਮਾਨ ਸੀ ਕਿ ਖੋਟੇ ਤੇ ਖਰੇ ਦਾ ਭੇਦ ਕਠਿਨ ਸੀ। ਜੋਗ ਤੇ ਅਜੋਗ ਦੀ ਪਛਾਣ ਅਲੋਪ ਹੋ ਗਈ ਸੀ। ਲੋਗ ਕੌੜੇ ਨੂੰ ਮਿੱਠਾ ਮੰਨ ਕੇ ਖਾਈ ਜਾ ਰਹੇ ਸਨ। ਸੰਸਾਰ ਅੰਦਰ ਧਰਮ ਦੀ ਚਰਚਾ ਸੀ ਪਰ ਧਰਮ ਦੀ ਦ੍ਰਿਸ਼ਟੀ ਨਹੀਂ ਸੀ। ਸਚ ਦਾ ਗੁਣਗਾਨ ਸੀ ਪਰ ਸਚ ਦੀ ਕਦਰ ਨਹੀਂ ਸੀ। ਲੋਕਾਈ ਦਾ ਹਾਲ ਸੀ ਜਿਵੇਂ ਨੇਤਰਹੀਨ ਰਤਨ-ਜਵਾਹਰ ਦੀ ਪਰਖ ਕਰ ਰਿਹਾ ਹੋਵੇ 'ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ।' ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ਼ਾਮਲ ਬਾਣੀ ਮਨੁੱਖਤਾ ਦੀ ਨੇਤਰਹੀਨਤਾ ਨੂੰ ਦੂਰ ਕਰ ਸਚ ਨੂੰ ਵੇਖਣ ਦੀ ਦ੍ਰਿਸ਼ਟੀ ਦੇਣ ਵਾਲੀ ਤੇ ਉਸ ਅਟਲ, ਸਦੀਵੀ ਸਚ ਨੂੰ ਮਨ ਅੰਦਰ ਧਾਰਨ ਕਰਨ ਜੋਗ ਬਣਾਉਣ ਵਾਲੀ ਸਾਬਤ ਹੋਈ।

ਮਨੁੱਖ ਦਾ ਸਭ ਤੋਂ ਵੱਡਾ ਭਰਮ ਆਪਣੇ ਜੀਵਨ ਨੂੰ ਲੈ ਕੇ ਸੀ। ਉਸ ਦੇ ਜਨਮ ਦਾ ਕੀ ਮਨੋਰਥ ਹੈ ਤੇ ਉਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ, ਇਹ ਸਵਾਲ ਸ੍ਰਿਸ਼ਟੀ ਦੀ ਸਿਰਜਨਾ ਤੋਂ ਹੀ ਇੱਕ ਗੁੜ੍ਹ ਬੁਝਾਰਤ ਬਣਿਆ ਹੋਇਆ ਸੀ। ਵੱਖ-ਵੱਖ ਵਿਚਾਰ ਸਮੇਂ-ਸਮੇਂ ਤੇ ਉਸ ਦੇ ਸਾਹਮਣੇ ਆਉਂਦੇ ਰਹੇ। ਵਿਚਾਰਾਂ ਦਾ ਆਪਸੀ ਟਕਰਾਵ ਇੱਕ ਭਿੰਨ ਕਿਸਮ ਦੀ ਸਮੱਸਿਆ ਬਣ ਗਿਆ। ਸਮਾਜ ਟੁੱਕੜਿਆਂ ਵਿਚ ਵੰਡ ਗਿਆ ਤੇ ਜੀਵਨ ਦਸ਼ਾ ਬਦ ਤੋਂ ਬਦਤਰ ਹੁੰਦੀ ਚਲੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਰੇ ਭਰਮ ਦੂਰ ਕਰ ਜਿੱਥੇ ਜੀਵਨ ਦੀ ਸੇਧ ਪ੍ਰਦਾਨ ਕੀਤੀ, ਸਮਾਜ ਨੂੰ ਜੋੜਨ ਦਾ ਵੀ ਮਹਾਨ ਉਪਕਾਰ ਕੀਤਾ 'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।' ਕਿਸੇ ਨੇ ਆਪਣੇ ਰਾਜ ਪਾਟ ਨੂੰ, ਕਿਸੇ ਨੇ ਆਪਣੇ ਗਿਆਨ ਨੂੰ, ਕਿਸੇ ਨੇ ਆਪਣੀ ਦੌਲਤ ਤੇ ਕਿਸੇ ਆਪਣੇ ਕੁਲ, ਵੰਸ਼ ਨੂੰ ਸਚ ਮੰਨ ਲਿਆ ਸੀ। ਗੁਰੂ ਨਾਨਕ ਸਾਹਿਬ ਨੇ ਸੁਚੇਤ ਕਰਦਿਆਂ ਕਿਹਾ ਕਿ ਸਚ ਤਾਂ ਬਸ ਇੱਕੋ ਇੱਕ ਪਰਮਾਤਮਾ ਹੈ, ਜੋ ਆਦਿ ਕਾਲ ਤੋਂ ਹੈ ਤੇ ਸਦਾ ਹੀ ਰਹਿਣ ਵਾਲਾ ਹੈ, 'ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।' ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਨੂੰ ਮਾਤਰ ਹੋਂਦ ਦੇ ਆਧਾਰ 'ਤੇ ਹੀ ਸਚ ਨਹੀਂ ਕਿਹਾ, ਇਸ ਨਾਲ ਉਸ ਦੇ ਸਦਾ ਕਾਇਮ ਰਹਿਣ ਵਾਲੇ ਗੁਣ ਵੀ ਜੋੜੇ। ਗੁਰੂ ਸਾਹਿਬ ਨੇ ਕਿਹਾ ਕਿ ਉਹ ਕਰਤਾ- ਉਪਕਾਰੀ ਹੈ, ਕਿਸੇ ਵੀ ਭੈ ਅੰਦਰ ਨਹੀਂ- ਅਚਿੰਤ ਹੈ, ਨਿਰਮਲ ਬਿਰਤੀ ਵਾਲਾ ਹੈ ਤੇ ਅਵਿਨਾਸ਼ੀ ਹੈ। ਗੁਰੂ ਸਾਹਿਬਾਨ ਨੇ ਜਿਸ ਸਚ ਤੋਂ ਲੋਕਾਈ ਨੂੰ ਰੂਬਰੂ ਕਰਾਇਆ ਉਹ ਗੁਣੀ ਤੇ ਕਲਿਆਣਕਾਰੀ ਸੀ। ਗੁਰਬਾਣੀ ਨੇ ਸੇਧ ਦਿੱਤੀ ਕਿ ਜਿਸ ਸੁੱਖ ਦੀ ਆਸ 'ਚ ਮਨੁੱਖ ਭਟਕ ਰਿਹਾ ਹੈ ਉਹ ਸਚ ਸਵਰੂਪ ਪਰਮਾਤਮਾ ਕੋਲੋਂ ਹੀ ਮਿਲਣਾ ਹੈ 'ਏਕੁ ਅਰਾਧਹੁ ਸਾਚਾ ਸੋਇ, ਜਾ ਕੀ ਸਰਨਿ ਸਦਾ ਸੁਖੁ ਹੋਇ।' ਗੁਰਬਾਣੀ ਨੇ ਉਸ ਸਚ ਨਾਲ ਜੋੜਨ ਦੀ ਗੱਲ ਕੀਤੀ, ਜਿੱਥੇ ਮਨੁੱਖੀ ਦੁੱਖਾਂ ਦਾ ਪੂਰਨ ਨਿਦਾਨ ਹੈ। ਗੁਰਬਾਣੀ ਨੇ ਮਨੁੱਖੀ ਹੰਕਾਰ ਨੂੰ ਤੋੜਨ ਤੇ ਵਿਕਾਰਾਂ ਤੋਂ ਦੂਰ ਕਰਨ ਲਈ ਸਚ ਦਾ ਦੂਜਾ ਪੱਖ ਵੀ ਸਾਹਮਣੇ ਰੱਖਿਆ। ਇਹ ਦੂਜਾ ਪੱਖ ਸੀ ਮਨੁੱਖ ਦੀ ਹੋਂਦ ਦਾ ਇੱਕ ਦਮ, ਪਲ ਦਾ ਹੋਣਾ, ਅਗਲੇ ਸਵਾਸ ਦਾ ਯਕੀਨੀ ਨਾ ਹੋਣਾ। ਮਨੁੱਖ ਕੋਲ ਜੀਵਨ ਦੇ ਕਿੰਨੇ ਪਲ ਹਨ ਇਹ ਨਹੀਂ ਜਾਣਿਆ ਜਾ ਸਕਦਾ, 'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।' ਮਨੁੱਖ ਨੇ ਜੀਵਨ ਨੂੰ ਸਚ ਮੰਨ ਕੇ ਜੀਉਣਾ ਆਰੰਭ ਕਰ ਦਿੱਤਾ ਜੋ ਉਸ ਦੀ ਵੱਡੀ ਅਗਿਆਨਤਾ ਸੀ। ਮਨੁੱਖ ਦੇ ਜੀਵਨ ਦਾ ਸਚ ਉਸ ਮਹਿਮਾਨ ਵਰਗਾ ਹੈ ਜੋ ਰਾਤ ਬਿਤਾਉਣ ਲਈ ਆਇਆ ਹੈ। ਉਸ ਨੂੰ ਪਤਾ ਹੈ ਕਿ ਸਵੇਰ ਹੁੰਦਿਆਂ ਹੀ ਉਸ ਨੇ ਇੱਥੋਂ ਕੂਚ ਕਰ ਜਾਣਾ ਹੈ ਕਿਸੇ ਨਵੇਂ ਟਿਕਾਣੇ ਲਈ।

ਮਨੁੱਖ ਨੇ ਇਸ ਸਚ ਨੂੰ ਵਿਸਾਰ ਦਿੱਤਾ ਤੇ ਜੁਗਾਂ ਤੱਕ ਜੀਉਣ ਦੇ ਵਸੀਲੇ ਬਣਾਉਣ ਦੇ ਫੇਰ 'ਚ ਪੈ ਗਿਆ 'ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।' ਗੁਰੂ ਸਾਹਿਬਾਨ ਨੇ ਵਚਨ ਕੀਤੇ ਕਿ ਜੀਵਨ ਦੇ ਸਚ ਨੂੰ ਨਾ ਸਮਝਣ ਕਾਰਨ ਉਸ ਦਾ ਜੀਵਨ ਮਾਇਆ ਦੇ ਫੇਰ ਵਿਚ ਪਾਪ ਕਰਦਿਆਂ ਨਿਹਫਲ ਚਲਾ ਜਾਂਦਾ ਹੈ 'ਦੇਖੈ ਸੁਣੈ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ, ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ।' ਮਾਇਆ ਦੇ ਅਸਰ ਹੇਠ ਮਨੁੱਖ ਜੋ ਕੁਝ ਵੀ ਕਰਦਾ ਹੈ, ਗੁਰਬਾਣੀ ਨੇ ਉਸ ਨੂੰ ਕੂੜ ਮੰਨਿਆ। ਗੁਰਬਾਣੀ ਨੇ ਮਾਇਆ ਦੇ ਛਲ ਬਲ ਦੀ ਤਾਕਤ ਨੂੰ ਸਵੀਕਾਰ ਕੀਤਾ ਜੋ ਲਗਭਗ ਸਾਰੀ ਲੋਕਾਈ ਦਾ ਜੀਵਨ ਨਾਸ਼ ਕਰ ਰਹੀ ਸੀ 'ਮਾਇਆ ਐਸੀ ਮੋਹਨੀ ਭਾਈ, ਜੇਤੇ ਜੀਅ ਤੇਤੇ ਡਹਕਾਈ।' ਗੁਰਬਾਣੀ ਨੇ ਮੋਹ ਮਾਇਆ ਦੇ ਸਾਰੇ ਫੰਧ ਤੋੜਦਿਆਂ ਸੁਚੇਤ ਕੀਤਾ ਕਿ 'ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ।' ਗੁਰੂ ਨਾਨਕ ਸਾਹਿਬ ਨੇ ਮਨੁੱਖ ਦਾ ਜੀਵਨ ਕਿੰਨਾ ਹੀ ਲੰਬਾ ਹੋਵੇ, ਕਿੰਨੇ ਹੀ ਸੁਖ ਸਾਧਨ ਜੁਟਾ ਲਵੇ, ਸਭ ਕੁਝ ਇੱਥੇ ਹੀ ਛੱਡ ਕੇ ਚਲੇ ਜਾਣਾ ਹੈ 'ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ, ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ।' ਘੜੀ ਵੀ ਨਹੀਂ ਲੱਗਦੀ ਸਭ ਕੁਝ ਪਰਾਇਆ ਹੋ ਜਾਂਦਾ ਹੈ। ਗੁਰਬਾਣੀ ਨੇ ਅਜਿਹੇ ਮਨੁੱਖੀ ਜੀਵਨ ਦੀ ਕਲਪਨਾ ਨੂੰ ਹਕੀਕਤ ਬਣਾਇਆ ਜੋ ਅਚਿੰਤ ਹੋਵੇ, ਨਿਰਭਉ ਹੋਵੇ ਤੇ ਸਿਦਕ ਨਾਲ ਭਰਪੂਰ ਹੋਵੇ। ਚਿੰਤਾ ਮਾਇਆ ਦੇ ਮੋਹ ਤੋਂ ਜਨਮ ਲੈ ਰਹੀ ਸੀ, ਡਰ ਆਪਣੇ ਵਿਕਾਰਾਂ ਤੋਂ ਪੈਦਾ ਹੋ ਰਹੇ ਸਨ। ਗੁਰਬਾਣੀ ਨੇ ਮੋਹ ਤੇ ਵਿਕਾਰਾਂ ਤੋਂ ਮੁਕਤ ਕਰ ਪਰਮਾਤਮਾ ਨਾਲ ਮਨ ਤ੍ਰਿਪਤ ਕਰ ਦੇਣ ਵਾਲਾ ਸਬੰਧ ਕਾਇਮ ਕੀਤਾ 'ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ।' ਇਹ ਮਾਰਗ ਭਰਮਾਂ ਦੇ ਹਨੇਰੇ ਤੋਂ ਉਬਾਰਨ ਵਾਲਾ ਸੀ 'ਅੰਧ ਕੂਪ ਤੇ ਕਰੁ ਗਹਿ ਲੀਨਾ।'

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਚ ਨੂੰ ਪ੍ਰਾਪਤ ਕਰਨ ਲਈ ਸਚ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਸੰਸਾਰ ਅੰਦਰ ਕੋਈ ਕਰਾਮਾਤ ਨਹੀਂ। ਸਚ ਦੀ ਹਕੂਮਤ ਹੈ ਤੇ ਸਚ ਦੀ ਹੀ ਸਦਾ ਵਡਿਆਈ ਹੈ। ਪਰਮਾਤਮਾ ਮਨੁੱਖ ਦੇ ਕੇਵਲ ਗੁਣਾਂ ਦੀ ਕੀਮਤ ਪਾਉਂਦਾ ਹੈ 'ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ।' ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਜਿਹੇ ਗੁਰਸਿੱਖਾਂ ਦੀ ਇੱਕ ਵੱਡੀ ਜਮਾਤ ਤਿਆਰ ਹੋਈ ਜੋ ਸਚ ਦੇ ਧਾਰਨੀ ਹੋਣ ਕਾਰਨ ਇਤਿਹਾਸ ਦੇ ਸਤਿਕਾਰਤ ਨਾਇਕ ਬਣ ਗਏ। ਸਚ ਦੀ ਵਡਿਆਈ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਸਾਹਿਬ, ਬਾਬਾ ਅਮਰਦਾਸ ਜੀ ਤੋਂ ਗੁਰੂ ਅਮਰਦਾਸ ਸਾਹਿਬ ਤੇ ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਸਾਹਿਬ ਬਣਾਉਣ ਵਾਲੀ ਸਿੱਧ ਹੋਈ। ਗੁਰਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਦਾ ਸ਼ਬਦਾਂ ਤੋਂ ਨਿਕਲ ਅਸਲ ਜੀਵਨ 'ਚ ਪਰਗਟ ਹੋਈ 'ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ।' ਗੁਰ ਸ਼ਬਦ ਨੇ ਮਨੁੱਖੀ ਸਮਾਜ ਤੇ ਵਿਆਪਕ ਤੇ ਗਹਿਰਾ ਅਸਰ ਪਾਇਆ। ਸ਼ਬਦ ਨੂੰ ਗੁਰੂ ਮੰਨਣ ਦਾ ਵੀਚਾਰ ਹੀ ਆਪਣੇ-ਆਪ ਵਿਚ ਅਦੁੱਤੀ ਤੇ ਲਾਸਾਨੀ ਸੀ। ਦੁਨਿਆ ਦੀ ਹਰ ਨਿੱਕੀ-ਵੱਡੀ ਤਾਕਤ ਨੂੰ ਦਰਕਿਨਾਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣਾ ਸਚ ਦੀ ਸੱਤਾ ਨੂੰ ਸਵੀਕਾਰ ਕਰਨਾ ਸੀ। ਪਰਮਾਤਮਾ ਨੇ ਗੁਰ ਸ਼ਬਦ ਰਾਹੀਂ ਸੰਸਾਰ ਅੰਦਰ ਸਚ ਵਰਤਾਇਆ ਤੇ ਸ਼ਬਦ ਅੰਦਰ ਆਪਣੀ ਹੋਂਦ ਨੂੰ ਸਮੋ ਕੇ ਲੋਕਾਈ ਦੇ ਕਲਿਆਣ ਦਾ ਮਾਰਗ ਬਣਾਇਆ 'ਆਪੇ ਸਚਾ ਸਚੁ ਵਰਤਾਏ, ਇਕਿ ਜਨ ਸਾਚੈ ਆਪੇ ਲਾਏ, ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ।' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਨਿਰਮਲ ਪੰਥ ਦਾ ਧਾਰਣੀ ਹੋਣਾ ਹੈ 'ਪ੍ਰਭੁ ਆਰਾਧਨ ਨਿਰਮਲ ਰੀਤਿ।' ਗੁਣਾਂ ਦੀ ਮਹੱਤਾ ਨੂੰ ਜਾਨਣਾ ਤੇ ਗੁਣਾਂ ਨੂੰ ਜੀਵਨ ਦਾ ਆਧਾਰ ਬਣਾਉਣਾ ਸਚੀ ਸੇਵਾ ਹੈ 'ਸਿਮਰਤ ਨਾਮ ਪੂਰਨ ਆਚਾਰ।'

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੀ ਇੱਕੋ ਇੱਕ ਤੇ ਨਿਵੇਕਲੀ ਸ਼ਬਦ ਸ਼ਕਤੀ ਹੈ, ਜਿਸ ਅੱਗੇ ਕਰੋੜਾਂ ਸਿਰ ਨਿਤ ਨਿਉਂਦੇ ਹਨ ਤੇ ਜੀਵਨ ਲਈ ਹੁਕਮ ਪ੍ਰਾਪਤ ਕਰਦੇ ਹਨ। ਇਹ ਹੁਕਮ ਕਿਸੇ ਨਿਜੀ ਲੋੜ ਨੂੰ ਪੂਰਣ ਕਰਨ ਲਈ ਨਹੀਂ ਸਹਿਜ-ਸੰਤੋਖ, ਪ੍ਰੇਮ, ਸੇਵਾ ਤੇ ਸਿਮਰਨ ਲਈ ਹੁੰਦੇ ਹਨ।

ਗੁਰ ਕੇ ਚਰਨ ਕਮਲ ਨਮਸਕਾਰਿ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥
ਹੋਇ ਰਹੀਐ ਸਗਲ ਕੀ ਰੀਨਾ॥
ਘਟਿ ਘਟਿ ਰਮਈਆ ਸਭ ਮਹਿ ਚੀਨਾ॥ (ਪੰਨਾ 866)

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰਨਾ ਵਿਕਾਰਾਂ ਨੂੰ ਤਿਆਗਣਾ, ਗੁਣਾਂ ਨੂੰ ਧਾਰਣ ਕਰਨਾ ਤੇ ਹਰ ਜੀਵ ਅੰਦਰ ਪਰਮਾਤਮਾ ਦਾ ਰੂਪ ਵੇਖਣਾ ਹੈ। ਅੱਜ ਭੌਤਿਕਤਾਵਾਦੀ ਤੇ ਵੈਸ਼ਵਿਕ ਦਬਾਅ ਹੇਠ ਕਰਾਹ ਰਹੇ ਸੰਸਾਰ ਨੂੰ ਇਸ ਕਰਿਸ਼ਮੇ ਦੀ ਲੋੜ ਹੈ।

# ਰਿਹਾਇਸ਼ੀ ਪਾਰਕ- ਜਨਤਕ ਸਥਾਨ ਜਾਂ ਨਿਜੀ ਸੰਪੱਤੀ...

ਮੈਂ ਇੱਕ ਲੇਖਕ ਵਜੋਂ ਸਮਾਜ ਵਿਚ ਵਿਚਰਦੇ ਵਿਭਿੰਨ ਮੁੱਦਿਆਂ 'ਤੇ ਕਲਮ ਚਲਾਉਂਦਾ ਰਹਿੰਦਾ ਹਾਂ, ਜਿਸ ਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਸਮਾਜਿਕ ਮੁੱਦਿਆਂ 'ਤੇ ਸਕਾਰਾਤਮਕ ਚਰਚਾ ਨੂੰ ਉਤਸ਼ਾਹਿਤ ਕਰਨਾ ਹੈ। ਅੱਜ ਮੈਂ ਜਿਸ ਵਿਸ਼ੇ 'ਤੇ ਲਿਖਣ ਜਾ ਰਿਹਾ ਹਾਂ, ਉਹ ਮੇਰੇ ਆਪਣੇ ਅਨੁਭਵ 'ਤੇ ਅਧਾਰਤ ਹੈ। ਇਹ ਘਟਨਾਕ੍ਰਮ ਮੈਂ ਆਪਣੀਆਂ ਅੱਖੀਂ ਵੇਖਿਆ ਅਤੇ ਜਦੋਂ ਮੈਂ ਇਸ ਬਾਰੇ ਡੂੰਘਾਈ ਨਾਲ ਸੋਚਿਆ, ਤਾਂ ਮੈਨੂੰ ਇਹ ਸਮੱਸਿਆ ਕਾਫੀ ਗੰਭੀਰ ਜਾਪੀ। ਇਸ ਮੁੱਦੇ ਨੂੰ ਸਮਝਣ ਅਤੇ ਇਸ 'ਤੇ ਵਿਚਾਰ-ਵਟਾਂਦਰੇ ਦੀ ਲੋੜ ਹੈ, ਕਿਉਂਕਿ ਇਹ ਸਿਰਫ਼ ਇੱਕ ਸਥਾਨਕ ਸਮੱਸਿਆ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸੋਚ ਅਤੇ ਵਿਵਹਾਰ ਨਾਲ ਜੁੜਿਆ ਮਸਲਾ ਹੈ।



ਅੱਜ ਦੇ ਤਕਨੀਕੀ ਯੁਗ ਵਿਚ, ਆਬਾਦੀ ਦੇ ਵਾਧੇ ਨੇ ਸ਼ਹਿਰੀਕਰਨ ਨੂੰ

**ਸੰਦੀਪ ਕੁਮਾਰ**
**ਫੋਨ: 70098-07121**

ਤੇਜ਼ ਕਰ ਦਿੱਤਾ ਹੈ। ਪਿੰਡਾਂ ਵਿਚੋਂ ਲੋਕ ਸਹੂਲਤਾਂ ਦੀ ਭਾਲ ਵਿਚ ਸ਼ਹਿਰਾਂ ਵੱਲ ਖਿਚੇ ਜਾ ਰਹੇ ਹਨ। ਸ਼ਹਿਰੀ ਖੇਤਰਾਂ ਵਿਚ ਵਧਦੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰਿਹਾਇਸ਼ੀ ਕਲੋਨੀਆਂ ਦਾ ਨਿਰਮਾਣ ਤੇਜ਼ੀ ਨਾਲ ਹੋ ਰਿਹਾ ਹੈ। ਇਨ੍ਹਾਂ ਕਲੋਨੀਆਂ ਵਿਚੋਂ ਕੁਝ ਸਰਕਾਰ ਦੁਆਰਾ ਪ੍ਰਮਾਣਿਤ ਹੁੰਦੀਆਂ ਹਨ, ਜਦਕਿ ਕੁਝ ਅਸਿੱਧੇ ਤੌਰ 'ਤੇ ਸਰਕਾਰੀ ਏਜੰਸੀਆਂ ਦੀ ਮਨਜ਼ੂਰੀ ਨਾਲ ਵਿਕਸਤ ਕੀਤੀਆਂ ਜਾਂਦੀਆਂ ਹਨ।

ਇਨ੍ਹਾਂ ਰਿਹਾਇਸ਼ੀ ਕਲੋਨੀਆਂ ਦੀ ਯੋਜਨਾ ਬਣਾਉਂਦੇ ਸਮੇਂ ਸਾਰੀਆਂ ਮੁੱਢਲੀਆਂ ਸਹੂਲਤਾਂ, ਜਿਵੇਂ ਕਿ ਸੜਕਾਂ, ਸੀਵਰੇਜ, ਪਾਣੀ, ਬਿਜਲੀ ਅਤੇ ਬੱਚਿਆਂ ਦੇ ਖੇਡਣ ਲਈ ਪਾਰਕ, ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਸਰਕਾਰੀ ਨਿਯਮਾਂ ਅਨੁਸਾਰ, ਹਰ ਰਿਹਾਇਸ਼ੀ ਕਲੋਨੀ ਵਿਚ ਪਾਰਕਾਂ ਦਾ ਨਿਰਮਾਣ ਕਰਨਾ ਜ਼ਰੂਰੀ ਹੁੰਦਾ ਹੈ, ਤਾਂ ਜੋ ਬੱਚਿਆਂ ਨੂੰ ਖੇਡਣ-ਕੁੱਦਣ ਦਾ ਮੌਕਾ ਮਿਲ ਸਕੇ ਅਤੇ ਉਹ ਸਰੀਰਕ ਤੌਰ 'ਤੇ ਸਿਹਤਮੰਦ ਰਹਿਣ।

ਪਰ ਅੱਜ ਦੇ ਸਮੇਂ ਵਿਚ ਇੱਕ ਅਜੀਬ ਵਰਤਾਰਾ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਇੱਕ ਪਾਸੇ ਸਰਕਾਰ ਬੱਚਿਆਂ ਨੂੰ ਸਰੀਰਕ ਗਤੀ-ਵਿਧੀਆਂ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਨੀਤੀਆਂ ਬਣਾਉਂਦੀ ਹੈ, ਉੱਥੇ ਹੀ ਸਮਾਜ ਦਾ ਇੱਕ ਵਰਗ ਅਜਿਹਾ ਹੈ, ਜੋ ਇਸ ਦੀ ਪਾਲਣਾ ਵਿਚ ਰੁਕਾਵਟ ਪੈਦਾ ਕਰਦਾ ਹੈ। ਮੈਂ ਆਪਣੀਆਂ ਅੱਖੀਂ ਵੇਖਿਆ ਹੈ ਕਿ ਕਈ ਰਿਹਾਇਸ਼ੀ ਕਲੋਨੀਆਂ ਵਿਚ ਬੱਚਿਆਂ ਨੂੰ ਪਾਰਕਾਂ ਵਿਚ ਖੇਡਣ ਤੋਂ ਰੋਕਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਉਹ ਲੋਕ ਹਨ, ਜੋ ਨਕਾਰਾਤਮਕ ਸੋਚ ਨਾਲ ਭਰੇ ਹੋਏ ਹਨ ਅਤੇ ਆਪਣੀ ਸੁਵਿਧਾ ਨੂੰ ਪਹਿਲ ਦਿੰਦੇ ਹੋਏ ਪਾਰਕਾਂ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਲਗ ਪੈਂਦੇ ਹਨ।

ਇੱਕ ਘਟਨਾ ਦੀ ਗੱਲ ਕਰਾਂ, ਜੋ ਮੈਂ ਖੁਦ ਵੇਖੀ। ਇੱਕ ਰਿਹਾਇਸ਼ੀ ਕਲੋਨੀ ਵਿਚ, ਜਿੱਥੇ ਸਰਕਾਰੀ ਨਿਯਮਾਂ ਅਨੁਸਾਰ ਪਾਰਕ ਦਾ ਨਿਰਮਾਣ ਕੀਤਾ ਗਿਆ ਸੀ, ਕੁਝ ਬੱਚੇ ਖੇਡਣ ਲਈ ਪਾਰਕ ਵਿਚ ਆਏ। ਪਰ ਪਾਰਕ ਦੇ ਨੇੜੇ ਰਹਿਣ ਵਾਲੇ ਕੁਝ ਵਸਨੀਕਾਂ ਨੇ ਉਨ੍ਹਾਂ ਨੂੰ ਖੇਡਣ ਤੋਂ ਮਨ੍ਹਾਂ ਕਰ ਦਿੱਤਾ। ਉਨ੍ਹਾਂ ਦਾ ਤਰਕ ਸੀ ਕਿ ਬੱਚਿਆਂ ਦੇ ਖੇਡਣ ਨਾਲ ਉਨ੍ਹਾਂ ਦੀਆਂ ਗੱਡੀਆਂ, ਜੋ ਪਾਰਕ ਦੇ ਨੇੜੇ ਖੜ੍ਹੀਆਂ ਸਨ, ਨੂੰ ਨੁਕਸਾਨ ਪਹੁੰਚ ਸਕਦਾ ਹੈ। ਜਦੋਂ ਬੱਚਿਆਂ ਨੇ ਸਵਾਲ ਕੀਤਾ ਕਿ ਪਾਰਕ ਤਾਂ ਸਾਰਿਆਂ ਲਈ ਹੈ, ਤਾਂ ਉਨ੍ਹਾਂ ਨੂੰ 'ਬਤਮੀਜ਼' ਕਹਿ ਕੇ ਚੁੱਪ ਕਰਵਾ ਦਿੱਤਾ ਗਿਆ। ਇਹ ਘਟਨਾ ਸਿਰਫ਼ ਇੱਕ ਕਲੋਨੀ ਤੱਕ ਸੀਮਤ ਨਹੀਂ, ਸਗੋਂ ਬਹੁਤ ਸਾਰੀਆਂ ਰਿਹਾਇਸ਼ੀ ਕਲੋਨੀਆਂ ਵਿਚ ਇਹ ਰੁਝਾਨ ਆਮ ਹੋ ਗਿਆ ਹੈ। ਇਹ ਸਮੱਸਿਆ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ, ਜਦੋਂ ਅਸੀਂ ਇਸ ਦੇ ਪਿੱਛੇ ਦੀ ਸੋਚ 'ਤੇ ਗੌਰ ਕਰਦੇ ਹਾਂ। ਸਰਕਾਰੀ ਨਿਯਮਾਂ ਅਨੁਸਾਰ, ਹਰ ਰਿਹਾਇਸ਼ੀ ਕਲੋਨੀ ਵਿਚ ਪਾਰਕ ਦਾ ਨਿਰਮਾਣ ਜਨਤਕ ਸਹੂਲਤ ਵਜੋਂ ਕੀਤਾ ਜਾਂਦਾ ਹੈ। ਇਹ ਪਾਰਕ ਸਾਰੇ ਵਸਨੀਕਾਂ, ਖਾਸ ਕਰਕੇ ਬੱਚਿਆਂ, ਲਈ ਹੁੰਦੇ ਹਨ। ਪਰ ਕੁਝ ਲੋਕ, ਜਿਨ੍ਹਾਂ ਦੇ ਘਰ ਪਾਰਕ ਦੇ ਨੇੜੇ ਹੁੰਦੇ ਹਨ, ਉਹ ਇਸ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਲੱਗ ਪੈਂਦੇ ਹਨ। ਘਰਾਂ ਦੇ ਮੰਨਜ਼ੂਰਸ਼ੁਦਾ ਨਕਸ਼ਿਆਂ ਵਿਚ ਗੱਡੀ ਦੀ ਪਾਰਕਿੰਗ ਘਰ ਦੇ ਅੰਦਰ ਰੱਖੀ ਜਾਂਦੀ ਹੈ, ਪਰ ਇਸ ਦੇ ਬਾਵਜੂਦ ਉਹ ਪਾਰਕ ਦੇ ਨੇੜੇ ਆਪਣੀਆਂ ਗੱਡੀਆਂ ਖੜ੍ਹੀਆਂ ਕਰਦੇ ਹਨ, ਜਿਸ ਨਾਲ ਬੱਚਿਆਂ ਦੀ ਖੇਡਣ ਦੀ ਜਗ੍ਹਾ ਸੀਮਤ ਹੋ ਜਾਂਦੀ ਹੈ। ਜੇਕਰ ਕੋਈ ਬੱਚਾ ਜਾਂ ਵਸਨੀਕ ਇਸ ਦਾ ਵਿਰੋਧ ਕਰਦਾ ਹੈ, ਤਾਂ ਉਹ ਆਪਣੇ ਸਮਾਜਿਕ ਜਾਂ ਆਰਥਿਕ ਰਸੂਖ ਦਾ ਹਵਾਲਾ ਦੇ ਕੇ ਉਸ ਨੂੰ ਚੁੱਪ ਕਰਵਾ ਦਿੰਦੇ ਹਨ। ਕਈ ਵਾਰ ਤਾਂ ਉਹ ਆਪਣੇ ਅਹੁਦੇ ਜਾਂ ਰਿਸ਼ਤੇਦਾਰਾਂ ਦੀ ਪਹੁੰਚ ਦਾ ਹਵਾਲਾ ਦਿੰਦੇ ਹੋਏ ਧਮਕੀਆਂ ਤੱਕ ਦੇ ਦਿੰਦੇ ਹਨ।

ਇਹ ਸਥਿਤੀ ਨਾ ਸਿਰਫ਼ ਬੱਚਿਆਂ ਦੇ ਸਰੀਰਕ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਸਮਾਜ ਵਿਚ ਨਕਾਰਾਤਮਕ ਮਾਹੌਲ ਨੂੰ ਵੀ ਜਨਮ ਦਿੰਦੀ ਹੈ। ਅੱਜ ਦੇ ਤਕਨੀਕੀ ਯੁਗ ਵਿਚ, ਜਦੋਂ ਬੱਚੇ ਪਹਿਲਾਂ ਹੀ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਦੁਨੀਆ ਵਿਚ ਖੋਏ ਰਹਿੰਦੇ ਹਨ, ਉਨ੍ਹਾਂ ਨੂੰ ਖੇਡਣ-ਕੁੱਦਣ ਦਾ ਮੌਕਾ ਮਿਲਣਾ ਬਹੁਤ ਜ਼ਰੂਰੀ ਹੈ। ਪਾਰਕ ਬੱਚਿਆਂ ਲਈ ਸਿਰਫ਼ ਖੇਡਣ ਦੀ ਜਗ੍ਹਾ ਹੀ ਨਹੀਂ, ਸਗੋਂ ਉਨ੍ਹਾਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਦਾ ਵੀ ਇੱਕ ਮਹੱਤਵਪੂਰਨ ਸਾਧਨ ਹਨ। ਜਦੋਂ ਬੱਚਿਆਂ ਨੂੰ ਪਾਰਕਾਂ ਵਿਚ ਖੇਡਣ ਤੋਂ ਰੋਕਿਆ ਜਾਂਦਾ ਹੈ, ਤਾਂ ਇਹ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ। ਸਰਕਾਰ ਵੱਲੋਂ ਬੱਚਿਆਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਕਰਨ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਖੇਡ ਮੰਤਰਾਲੇ ਅਤੇ ਸਕੂਲੀ ਸਿੱਖਿਆ ਵਿਚ ਖੇਡਾਂ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਪਰ ਜਦੋਂ ਸਮਾਜ ਦਾ ਇੱਕ ਹਿੱਸਾ ਬੱਚਿਆਂ ਨੂੰ ਪਾਰਕਾਂ ਵਿਚ ਖੇਡਣ ਤੋਂ ਰੋਕਦਾ ਹੈ, ਤਾਂ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰ ਜਾਂਦਾ ਹੈ। ਸਵਾਲ ਇਹ ਉੱਠਦਾ ਹੈ ਕਿ ਜੇ ਸਰਕਾਰੀ ਨਿਯਮਾਂ ਅਨੁਸਾਰ ਪਾਰਕ ਜਨਤਕ ਸਹੂਲਤ ਵਜੋਂ ਬਣਾਏ ਜਾਂਦੇ ਹਨ, ਤਾਂ ਕੁਝ ਵਿਅਕਤੀਆਂ ਨੂੰ ਇਹ ਅਧਿਕਾਰ ਕਿਵੇਂ ਮਿਲ ਜਾਂਦਾ ਹੈ ਕਿ ਉਹ ਇਸ ਨੂੰ ਆਪਣੀ ਨਿਜੀ ਸੰਪੱਤੀ ਸਮਝਣ ਅਤੇ ਬੱਚਿਆਂ ਨੂੰ ਖੇਡਣ ਤੋਂ ਰੋਕਣ?

ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਸਾਂਝੇ ਯਤਨਾਂ ਨਾਲ ਹੀ ਸੰਭਵ ਹੈ। ਸਭ ਤੋਂ ਪਹਿਲਾਂ, ਸਰਕਾਰ ਨੂੰ ਚਾਹੀਦਾ ਹੈ ਕਿ ਰਿਹਾਇਸ਼ੀ ਕਲੋਨੀਆਂ ਦੀ ਨਿਗਰਾਨੀ ਨੂੰ ਹੋਰ ਸਖਤ ਕੀਤਾ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਰਕਾਂ ਦੀ ਵਰਤੋਂ ਸਿਰਫ਼ ਜਨਤਕ ਸਹੂਲਤ ਵਜੋਂ ਹੀ ਹੋਵੇ ਅਤੇ ਕਿਸੇ ਵੀ ਵਿਅਕਤੀ ਨੂੰ ਇਸ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਨਾਲ ਹੀ, ਅਜਿਹੇ ਵਸਨੀਕਾਂ ਵਿਰੁੱਧ ਸਖਤ ਕਾਰਵਾਈ ਦੀ ਜ਼ਰੂਰਤ ਹੈ, ਜੋ ਬੱਚਿਆਂ ਨੂੰ ਖੇਡਣ ਤੋਂ ਰੋਕਦੇ ਹਨ। ਸਮਾਜਿਕ ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਸਮਝਾਇਆ ਜਾਣਾ ਚਾਹੀਦਾ ਹੈ ਕਿ ਪਾਰਕ ਸਾਰਿਆਂ ਦੀ ਸਾਂਝੀ ਸੰਪੱਤੀ ਹਨ ਅਤੇ ਇਨ੍ਹਾਂ ਦੀ ਸਹੀ ਵਰਤੋਂ ਨਾਲ ਸਮਾਜ ਦਾ ਸਰਵਪੱਖੀ ਵਿਕਾਸ ਸੰਭਵ ਹੈ। ਇਸ ਦੇ ਨਾਲ ਹੀ, ਸਕੂਲਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਚਾਹੀਦਾ। ਸਕੂਲਾਂ ਵਿਚ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਸਮਝਾਉਣ ਅਤੇ ਉਨ੍ਹਾਂ ਨੂੰ ਪਾਰਕਾਂ ਵਿਚ ਖੇਡਣ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਜੇਕਰ ਬੱਚੇ ਮੋਬਾਈਲ ਦੀ ਦੁਨੀਆ ਤੋਂ ਨਿਕਲ ਕੇ ਪਾਰਕਾਂ ਵਿਚ ਖੇਡਣ ਜਾਣਗੇ, ਤਾਂ ਨਾ ਸਿਰਫ਼ ਉਹ ਸਰੀਰਕ ਤੌਰ 'ਤੇ ਮਜ਼ਬੂਤ ਹੋਣਗੇ, ਸਗੋਂ ਉਨ੍ਹਾਂ ਦੀ ਮਾਨਸਿਕ ਸਿਹਤ ਵਿਚ ਵੀ ਸੁਧਾਰ ਹੋਵੇਗਾ। ਸਮਾਜਿਕ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਰਿਹਾਇਸ਼ੀ ਕਲੋਨੀਆਂ ਵਿਚ ਖੇਡ ਸਮਾਗਮਾਂ ਦਾ ਆਯੋਜਨ ਕਰਨ, ਤਾਂ ਜੋ ਬੱਚਿਆਂ ਨੂੰ ਖੇਡਣ ਦਾ ਮੌਕਾ ਮਿਲੇ ਅਤੇ ਵਸਨੀਕਾਂ ਵਿਚ ਸਾਂਝ ਦੀ ਭਾਵਨਾ ਪੈਦਾ ਹੋਵੇ।

ਅੰਤ ਵਿਚ, ਅਸੀਂ ਸਾਰਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਪਾਰਕ ਸਿਰਫ਼ ਇੱਕ ਜਗ੍ਹਾ ਨਹੀਂ, ਸਗੋਂ ਸਮਾਜ ਦੇ ਭਵਿੱਖ ਦੀ ਨੀਂਹ ਹਨ। ਜੇ ਅਸੀਂ ਅੱਜ ਬੱਚਿਆਂ ਨੂੰ ਖੇਡਣ ਦਾ ਮੌਕਾ ਦਿੰਦੇ ਹਾਂ, ਤਾਂ ਸੰਭਵ ਹੈ ਕਿ ਕੱਲ ਨੂੰ ਇਨ੍ਹਾਂ ਵਿਚੋਂ ਕੋਈ ਬੱਚਾ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਏ। ਅਜਿਹੀਆਂ ਪ੍ਰਾਪਤੀਆਂ ਨਾ ਸਿਰਫ਼ ਉਸ ਬੱਚੇ ਦੀ ਸਫਲਤਾ ਹੋਣਗੀਆਂ, ਸਗੋਂ ਸਮੁੱਚੇ ਸਮਾਜ ਅਤੇ ਦੇਸ਼ ਲਈ ਮਾਣ ਦਾ ਵਿਸ਼ਾ ਹੋਣਗੀਆਂ। ਇਸ ਲਈ, ਸਾਨੂੰ ਸਾਰਿਆਂ ਨੂੰ ਮਿਲ ਕੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਰਿਹਾਇਸ਼ੀ ਪਾਰਕ ਜਨਤਕ ਸਥਾਨ ਹੀ ਰਹਿਣ, ਨਾ ਕਿ ਕਿਸੇ ਦੀ ਨਿਜੀ ਸੰਪੱਤੀ ਬਣਨ।

# ਕਿਥੋਂ ਲਿਆਈਏ ਬਾਪੂ ਤਾਰਾ ਸਿੰਘ...


## ਗੁਰਮੀਤ ਕੜਿਆਲਵੀ




*ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਘਰ ਤੋਂ ਥੋੜ੍ਹੀ ਦੂਰ ਇੱਕ ਪੁਲੀ ਸੀ, ਜਿਸ ਦੀਆਂ ਥੜ੍ਹੀਆਂ ਉੱਪਰ ਆਥਣੇ ਬਹੁਤ ਸਾਰੇ ਜਵਾਨ ਤੇ ਬੁੱਢੇ ਸਿਆਸਤ ਘੋਟਣ ਜਾਂ ਉਂਜ ਹੀ ਯੱਕੜ ਮਾਰਨ ਆ ਬੈਠਦੇ ਸਨ। ਇੱਕ ਦਿਨ ਮੈਂ ਆਪਣੇ ਦੋ-ਤਿੰਨ ਸਕੂਲੀ ਦੋਸਤਾਂ ਨਾਲ ਬੈਠਿਆ ਹੋਇਆ ਸਾਂ, ਘੁਸਮੁਸੇ ਜਿਹੇ ਦਾ ਵਕਤ ਸੀ। ਅਸੀਂ ਸਾਰੇ ਦੋਸਤ ਆਪਣੇ ਇੱਕ ਪ੍ਰਯੋਗ ਵਿਚ ਰੁੱਝੇ ਹੋਣ ਕਰਕੇ ਆਲੇ-ਦੁਆਲੇ ਦੀ ਦੁਨੀਆਂ ਪ੍ਰਤੀ ਬੇਖ਼ਬਰ ਸਾਂ। ਇਹ ਪ੍ਰਯੋਗ ਥੋੜ੍ਹੇ ਦਿਨ ਪਹਿਲਾਂ ਹੀ ਸਕੂਲ ਦੇ ਸਾਇੰਸ ਵਾਲੇ ਮਾਸਟਰ ਨੇ ਕਰਵਾਇਆ ਸੀ। ਅਸੀਂ ਕਿੱਧਰੋਂ ਬੈਟਰੀ ਵਾਲਾ ਇੱਕ ਸੈੱਲ ਹਾਸਲ ਕਰ ਲਿਆ ਸੀ। ਬੈਟਰੀ ਦੇ ਅੱਗੇ ਲੱਗਣ ਵਾਲਾ ਇੱਕ ਛੋਟਾ ਜਿਹਾ ਬੱਲਬ ਅਤੇ ਬਿਜਲੀ ਦੀਆਂ ਡੇਢ ਕੁ ਹੱਥ ਦੀਆਂ ਦੋ ਤਾਰਾਂ ਦਾ ਵੀ ਪ੍ਰਬੰਧ ਕਰ ਲਿਆ। ਬਲਬ ਦੇ ਪਿਛਲੇ ਹਿੱਸੇ ਨਾਲ ਤਾਰਾਂ ਜੋੜ ਕੇ ਅਸੀਂ ਦੋਵਾਂ ਤਾਰਾਂ ਦੇ ਸਿਰੇ ਸੈਲ ਦੇ ਨੈਗੇਟਿਵ ਅਤੇ ਪਾਜ਼ੇਟਿਵ ਪਾਸੇ ਲਾ ਧਿੱਤੇ। ਇੰਝ ਸਾਡੀ ਘਰੇਲੂ ਬੈਟਰੀ ਤਿਆਰ ਹੋ ਗਈ ਸੀ। ਬੈਟਰੀ ਵਾਲਾ ਸੈਲ ਅਸੀਂ ਘਰ ਦੇ ਟਰਾਂਜਿਸਟਰ ਵਿਚੋਂ ਕੱਢ ਕੇ ਲਿਆਂਦਾ ਸੀ। ਛੱਲਿਆ ਹੋਇਆ ਹੋਣ ਕਰਕੇ ਇਹ ਬਹੁਤ ਘੱਟ ਚਾਰਜ ਸੀ, ਜਿਸ ਕਰਕੇ ਬਲਬ ਘੱਟ ਜਗਦਾ ਸੀ। ਬਿਲਕੁੱਲ ਜਿਵੇਂ ਟਟਹਿਣਾ ਜਗ ਰਿਹਾ ਹੋਵੇ। ਭਾਵੇਂ ਪੂਰਾ ਚਾਨਣ ਨ੍ਹੀਂ ਸੀ ਹੋ ਰਿਹਾ ਪਰ ਫਿਰ ਵੀ ਅਸੀਂ ਆਪਣੀ ਪ੍ਰਾਪਤੀ 'ਤੇ ਬਾਗੋ-ਬਾਗ ਹੋਏ ਆਪਣੇ-ਆਪ ਨੂੰ ਐਡੀਸਨ ਸਮਝ ਰਹੇ ਸਾਂ।

ਅਸੀਂ ਆਪਣੀ ਖੇਡ ਵਿਚ ਮਸਤ ਸਾਂ ਕਿ ਸਾਡੇ ਕੋਲ ਦੀ ਬਜ਼ੁਰਗ ਤਾਰਾ ਸਿੰਘ ਲੰਘਿਆ। ਉੱਚਾ-ਲੰਮਾ ਅੰਮ੍ਰਿਤਧਾਰੀ, ਗੁਣੀ ਗਿਆਨੀ ਤੇ ਨਿਤਨੇਮੀ। ਥੋੜ੍ਹੀ ਦੂਰ ਜਾ ਕੇ ਉਹ ਕਦੋਂ ਪਰਤ ਆਇਆ, ਸਾਨੂੰ ਕਿਸੇ ਨੂੰ ਵੀ ਪਤਾ ਨਾ ਲੱਗਿਆ। ਉਦੋਂ ਹੀ ਪਤਾ ਲੱਗਾ, ਜਦੋਂ ਉਸਦੇ ਮਜ਼ਬੂਤ ਹੱਥਾਂ ਨੇ ਕਰੜਾਈ ਨਾਲ ਮੈਨੂੰ ਗਿੱਚੀਓਂ ਘੁੱਟ ਕੇ ਫੜ ਲਿਆ। ਮੇਰੀਆਂ ਨਾੜਾਂ ਕੱਸੀਆਂ ਗਈਆਂ। ਅਚਾਨਕ ਵਾਪਰੀ ਇਸ ਘਟਨਾ ਨਾਲ ਮੈਂ ਭਵੰਤਰ ਗਿਆ ਸਾਂ।

'ਤੂੰ ਬਾਵਾ ਸਿਹੁੰ ਦਾ ਛੋਹਰ ਨੀ? ਸੋਹਣ ਸਿਹੁੰ ਦਾ ਪੋਤਾ।'

'ਹਾਂ ਜੀ!' ਮੈਥੋਂ ਮਸੀਂ ਬੋਲਿਆ ਗਿਆ ਸੀ। ਸੰਘ ਤਾਂ ਮੇਰਾ ਘੁੱਟਿਆ ਪਿਆ ਸੀ।

'ਬਾਵਾ ਸਿਹੁੰ ਤਾਂ ਗੁਰੂ ਮਾਰਾਜ਼ ਨੂੰ ਮੰਨਣ ਆਲਾ ਪੂਰਾ ਨਿਤਨੇਮੀ, ਤੇ ਤੇਰੀਆਂ ਆਹ ਕਰਤੂਤਾਂ? ਸ਼ਰਮ ਨ੍ਹੀਂ ਆਉਂਦੀ ਤੈਨੂੰ?' ਉਸਨੇ ਮੈਨੂੰ ਅੱਗੇ ਲਾ ਕੇ ਘਰ ਨੂੰ ਤੋਰ ਲਿਆ ਸੀ। ਉਹ ਸਾਰੇ ਰਾਹ ਮੈਨੂੰ ਤੱਤੀਆਂ-ਠੰਡੀਆਂ ਸੁਣਾਉਂਦਾ ਆਇਆ ਸੀ। ਗਿੱਚੀ ਉੱਪਰ ਹੱਥਾਂ ਦੀ ਪਕੜ ਉਸਨੇ ਘਰ ਤੱਕ ਆਉਂਦਿਆਂ ਵੀ ਢਿੱਲੀ ਨ੍ਹੀਂ ਸੀ ਪੈਣ ਧਿੱਤੀ।

'ਬਾਵਾ ਸਿਆਂ! ਮੈਂ ਤਾਂ ਸੁਣਿਆ ਸੀ ਕਿ ਮੁੰਡਾ ਪੜ੍ਹਾਈ 'ਚ ਛੋਹਲਾ, ਪਰ ਆਹ ਤਾਂ ਮੁੰਡੀਹਰ ਨਾਲ ਰਲ਼ ਕੇ ਹੋਰ ਈ ਵਹਿਬਤਾਂ ਕਰਨ ਲੱਗ ਪਿਆ।' ਆਉਂਦਿਆਂ ਹੀ ਉਸਨੇ ਉਲਾਂਭਾ ਵਿਹੜੇ 'ਚ ਚਲਾ ਮਾਰਿਆ। ਹਨੇਰਾ ਹੋਣ ਕਰਕੇ ਸਾਰੇ ਘਰਦੇ ਘਰ ਵਿਚ ਹੀ ਸਨ।

'ਚਾਚਾ ਜੀ ਕੀ ਗੱਲ ਹੋਗੀ?'

'ਗੱਲ ਕੀ ਹੋਣੀ, ਪੁਲੀ 'ਤੇ ਬਹਿ ਕੇ ਸਿਰਗਟਾਂ ਪੀਈ ਜਾਂਦੇ ਸੀ। ਮੈਨੂੰ ਨੇੜ੍ਹੇ 'ਚ ਪੂਰੀ ਸਿਆਣ ਤਾਂ ਨੀ ਆਈ ਪਰ ਮੈਂ ਲੱਖਣ ਲਾਇਆ ਵਈ ਲੱਗਦਾ ਤਾਂ ਬਾਵਾ ਸਿਹੁੰ ਦਾ ਮੁੰਡਾ ਈ ਆ।' ਬਾਪੂ ਤਾਰਾ ਸਿਹੁੰ ਨੇ ਮੇਰੀ ਗਿੱਚੀ ਛੱਡੀ ਤਾਂ ਮੈਨੂੰ ਸੁੱਖ ਦਾ ਸਾਹ ਆਇਆ।

'ਕੀ ਕਰਦਾ ਸੀ? ਕੌਣ-ਕੌਣ ਸੀ ਨਾਲ?' ਪਾਪਾ ਜੀ ਨੇ ਪੁੱਛ-ਗਿੱਛ ਸ਼ੁਰੂ ਕਰਦਿਆਂ ਨਾਲ ਦੀ ਨਾਲ ਖੜਕੈਂਤੀ ਦੀ ਤਿਆਰੀ ਸ਼ੁਰੂ ਕਰ ਧਿੱਤੀ। ਗੱਲ ਹੁਣ ਮੈਨੂੰ ਵੀ ਸਾਰੀ ਸਾਫ਼ ਹੋ ਚੁੱਕੀ ਸੀ।

'ਬਾਪੂ ਜੀ ਨੂੰ ਭੁਲੇਖਾ ਲੱਗਾ। ਅਸੀਂ ਤਾਂ ਸਕੂਲ ਪ੍ਰਾਜੈਕਟ ਬਣਾਈ ਜਾਂਦੇ ਸੀ। ਆਹ ਵੇਖ'ਲੋ। ਬਲਬ ਦਾ ਚਾਨਣ ਜਮ੍ਹਾਂ ਥੋੜ੍ਹਾ ਜਿਹਾ ਸੀ ਜਿਵੇਂ ਟਹਿਣਾ ਜਗਦਾ ਹੋਵੇ। ਬਾਪੂ ਜੀ ਨੂੰ ਲੱਗਾ ਮੈਂ ਸਿਗਰਟ ਪੀ ਰਿਹਾਂ।' ਇਸ ਤੋਂ ਪਹਿਲਾਂ ਕਿ ਪਾਪਾ ਜੀ ਦਾ ਭਾਰਾ ਹੱਥ ਗੱਲ੍ਹਾਂ 'ਤੇ ਪੈਂਦਾ, ਮੈਂ ਕਾਹਲੀ-ਕਾਹਲੀ ਅਸਲ ਗੱਲ ਧੱਸ ਧਿੱਤੀ ਸੀ।

'ਆਹ ਵੇਖ ਲੋ ਮੈਂ ਕਰ ਕੇ ਵਿਖਾ ਦਿੰਨਾ...।' ਮੇਰੀ ਗੱਲ ਦਾ ਬਾਪੂ ਤਾਰਾ ਸਿੰਘ ਸਮੇਤ ਸਾਰਿਆਂ ਨੂੰ ਯਕੀਨ ਆ ਗਿਆ ਸੀ।

'ਸਹੁਰੀ ਦਿਆ... ਤੂੰ ਉੱਥੇ ਨ੍ਹੀਂ ਧੱਸਿਆ। ਐਵੇਂ ਧੋਲ-ਧੱਫਾ ਕਰਵਾਈ ਗਿਐਂ।'

'ਬਾਪੂ ਜੀ, ਤੁਸੀਂ ਪੁੱਛਿਆ ਈ ਨ੍ਹੀਂ...ਤੇ ਨਾ



ਹੀ ਸਾਨੂੰ ਦੱਸਣ ਦਾ ਮੌਕਾ ਦਿੱਤਾ।' ਮੈਂ ਧੌਣ ਸਹਿਲਾ ਰਿਹਾ ਸਾਂ। ਨਾੜਾਂ ਅਜੇ ਵੀ ਕੱਸੀਆਂ ਪਈਆਂ ਸਨ।

'ਕੋਈ ਨੀ ਚਾਚਾ ਕੋਈ ਨੀ...ਚੰਗਾ ਈ ਕੀਤਾ ਤੁਸੀਂ। ਅਗਾਂਹ ਤੋਂ ਵੀ ਕਦੇ ਸ਼ਰਾਰਤ ਨਾ ਕਰੂ। ਮਾੜੀ ਵਹਿਬਤ 'ਚ ਨਾ ਫਸੂ। ਥੋਡਾ ਪੋਤਾ ਤੁਸੀਂ ਨਾ ਖ਼ਿਆਲ ਰੱਖੋਗੇ ਤਾਂ ਹੋਰ ਕੌਣ ਰੱਖੂ?'

'ਜਥੇਦਾਰਾ, ਮੁੰਡਾ ਤੇ ਰੰਬਾ ਤਾਂ ਚੰਡਿਆ ਹੀ ਠੀਕ ਰਹਿੰਦੇ।' ਪਰਿਓਂ ਬਾਪੂ (ਦਾਦਾ) ਬੋਲਿਆ ਸੀ।


ਫਿਰ ਘਰੇ ਬੈਠਿਆਂ ਬਾਪੂ ਤਾਰਾ ਸਿੰਘ, ਪਾਪਾ ਜੀ ਅਤੇ ਦਾਦਾ ਜੀ ਡੂੰਘੇ ਹਨ੍ਹੇਰੇ ਤੱਕ ਕਬੀਲਦਾਰੀ ਦੀਆਂ ਗੱਲਾਂ ਕਰਦੇ ਰਹੇ ਸਨ।

ਇਹ ਗੱਲ ਉਨ੍ਹਾਂ ਭਲੇ ਵੇਲਿਆਂ ਦੀ ਹੈ, ਜਦੋਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਪਿੰਡ ਦੇ ਲੋਕਾਂ ਵਿਚ ਮੋਹ-ਤੇਹ ਸੀ। ਆਪਸੀ ਤੰਦਾਂ ਸੰਘਣੀਆਂ ਸਨ। ਬਾਪੂ ਤਾਰਾ ਸਿੰਘ ਨਾਲ ਕੋਈ ਰਿਸ਼ਤੇਦਾਰੀ ਨ੍ਹੀਂ ਸੀ ਤੇ ਨਾਹੀਂ ਜਾਤ ਬਰਾਦਰੀ ਦੀ ਕੋਈ ਸਾਂਝ ਸੀ। ਉਸਦਾ ਘਰ ਵੀ ਪਿੰਡ ਦੇ ਦੂਜੇ ਪਾਸੇ ਸੀ। ਘਰ ਵੀ ਬਹੁਤੀ ਆਉਣੀ-ਜਾਣੀ ਹੈ'ਨੀ ਸੀ। ਇਸਦੇ ਬਾਵਜੂਦ ਉਹ ਮੇਰਾ 'ਬਾਪੂ' ਸੀ ਤੇ ਮੈਂ ਉਹਦਾ 'ਪੋਤਾ'। ਮੇਰੇ ਉੱਪਰ ਉਸਦਾ ਹੱਕ ਸੀ। ਮੈਨੂੰ ਕਿਸੇ ਮਾੜੀ ਵਹਿਬਤ ਤੋਂ ਰੋਕਣ-ਟੋਕਣ, ਇਥੋਂ ਤਕ ਕਿ ਛਿੱਤਰ-ਪੌਲ਼ਾ ਕਰਨ ਦਾ ਵੀ ਉਸ ਪਾਸ ਅਧਿਕਾਰ ਸੀ।

ਸਮੇਂ ਕਿੰਨੇ ਬਦਲ ਗਏ ਨੇ! ਬਾਪੂ ਤਾਰਾ ਸਿੰਘ ਦਾ ਪੋਤਾ ਲਫੰਡਰ ਬਣ ਗਿਆ। ਘਰ ਦਾ ਕੋਈ ਕੰਮ-ਕਾਰ ਨ੍ਹੀਂ ਕਰਦਾ, ਬਸ ਮੁੰਡੀਹਰ ਨਾਲ ਰਲ ਕੇ ਨਸ਼ੇ ਵਿਚ ਟੁੰਨ ਹੋਇਆ ਰਹਿੰਦਾ। ਲੜਾਈ-ਝਗੜਾ ਤਾਂ ਉਸਨੂੰ ਰੱਬ ਦੇਵੇ। ਚੋਰੀ-ਚਕਾਰੀ ਨੂੰ ਹੱਥ ਮਾਰਦਾ। ਪੈਰ-ਪੈਰ 'ਤੇ ਝੂਠ ਬੋਲਦਾ ਹੈ। ਆਏ ਦਿਨ ਥਾਣੇ ਕਚਹਿਰੀਏਂ ਤੁਰਿਆ ਰਹਿੰਦਾ ਹੈ। ਦੁੱਖ ਦੀ ਗੱਲ ਤਾਂ ਇਹ ਕਿ ਉਸਨੂੰ ਹਟਕਣ-ਵਰਜਣ ਵਾਲਾ ਪਿੰਡ ਵਿਚ ਹੁਣ ਕੋਈ 'ਬਾਪੂ ਤਾਰਾ ਸਿੰਘ' ਨ੍ਹੀਂ ਏ। ਹਰ ਕੋਈ ਡਰਦਾ ਕਿ ਜੇਕਰ ਉਸਨੂੰ ਵਰਜਿਆ ਤਾਂ ਉਹ ਅੱਗੋਂ ਗਲ਼ ਪਵੇਗਾ ਜਾਂ ਬੇਇਜ਼ਤੀ ਕਰੇਗਾ। ਹਰ ਕੋਈ ਉਸ ਤੋਂ ਪਾਸਾ ਵੱਟ ਕੇ ਲੰਘ ਜਾਣ ਵਿਚ ਹੀ ਭਲਾਈ ਸਮਝਦਾ ਹੈ।

ਸੁਣਿਆ, ਘਰਾਂ 'ਚੋਂ ਕਿਸੇ ਭਲੇ ਬੰਦੇ ਨੇ ਮੁੰਡੇ ਦੀ ਮਾਂ ਨੂੰ ਉਸਦੇ ਰਾਹੋਂ ਭਟਕ ਜਾਣ ਬਾਰੇ ਅਸਲੀਅਤ ਦੱਸੀ ਤੇ ਉਸ ਉੱਪਰ ਕਰੜੀ ਨਿਗ੍ਹਾ ਰੱਖ ਕੇ ਸੁਧਾਰਨ ਦੀ ਤਾੜਨਾ ਕੀਤੀ। ਸੁਣ ਕੇ ਮੁੰਡੇ ਦੀ ਮਾਂ ਦੀਆਂ ਭਵਾਂ ਚੜ੍ਹ ਗਈਆਂ ਸਨ, 'ਸਾਨੂੰ ਆਵਦੇ ਜੁਆਕ ਦਾ ਪਤਾ। ਤੂੰ ਕੌਣ ਹੁੰਨੈ ਮੇਰੇ ਜੁਆਕ ਦਾ ਮੂੰਹ ਫਿਟਕਾਰਨ ਵਾਲਾ। ਸਾਨੂੰ ਆਵਦੇ ਜੁਆਕ ਦਾ ਪਤਾ।' ਦੱਸਣ ਵਾਲਾ ਭਰਿਆ ਪੀਤਾ, ਪਰ ਬੇਵੱਸ ਹੋ ਕੇ ਘਰ ਵਾਪਿਸ ਪਰਤ ਆਇਆ ਸੀ।

# ਪਾਕਿਸਤਾਨੀ ਜਨਰਲ ਮੁਨੀਰ ਦੇ ਵਾਹਯਾਤ ਬਿਆਨ

**ਬਲਰਾਜ ਸਿੰਘ ਸਿੱਧੂ**
**ਏ.ਆਈ.ਜੀ. (ਰਿਟਾ)**
**ਫੋਨ: 95011-00062**


ਪਾਕਿਸਤਾਨੀ ਫੌਜ ਦੇ ਜਨਰਲ ਮੁਨੀਰ ਦਾ ਲੱਗਦਾ ਹੈ ਕਿ ਦਿਮਾਗ ਖਰਾਬ ਹੋ ਗਿਆ ਹੈ। ਓਪਰੇਸ਼ਨ ਸਿੰਧੂਰ ਤੋਂ ਬਾਅਦ ਮਿਲੀ ਫੀਲਡ ਮਾਰਸ਼ਲ ਦੀ ਤਰੱਕੀ ਉਸ ਦੇ ਸਿਰ ਨੂੰ ਚੜ੍ਹ ਗਈ ਹੈ। ਪਹਿਲਗਾਮ ਅਤਿਵਾਦੀ ਹਮਲੇ ਤੋਂ ਪਹਿਲਾਂ ਉਸ ਨੇ ਇਸਲਾਮਾਬਾਦ ਵਿਚ ਹਿੰਦੂ ਧਰਮ ਬਾਰੇ ਕੁਝ ਗਲਤ ਗੱਲਾਂ ਕਹੀਆਂ ਸਨ। ਹੁਣ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਸਮੇਂ ਉਸ ਨੇ ਬਿਆਨ ਦਿੱਤਾ ਹੈ, ਜੇ ਭਵਿੱਖ ਵਿਚ ਹੋਏ ਕਿਸੇ ਯੁੱਧ ਵਿਚ ਪਾਕਿਸਤਾਨ ਹਾਰ ਗਿਆ ਤਾਂ ਉਹ ਆਪਣੇ ਨਾਲ ਅੱਧੀ ਦੁਨੀਆਂ ਨੂੰ ਲੈ ਬੈਠੇਗਾ। ਮਤਲਬ ਕਿ ਉਹ ਆਪਣੇ ਸਾਰੇ ਐਟਮੀ ਹਥਿਆਰ ਚਲਾ ਦੇਵੇਗਾ। ਉਸ ਦੀ ਗੱਲ ਦਾ ਮੰਤਵ ਭਾਵੇਂ ਭਾਰਤ ਨੂੰ ਧਮਕੀ ਦੇਣਾ ਹੈ ਪਰ ਅੱਧੇ ਸੰਸਾਰ ਵਿਚ ਚੀਨ, ਰੂਸ ਅਤੇ ਅਮਰੀਕਾ ਵੀ ਲਪੇਟਿਆ ਜਾਵੇਗਾ। ਵੈਸੇ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਕੋਲ ਐਨੀ ਦੂਰ ਮਾਰ ਕਰਨ ਵਾਲੀਆਂ ਇੰਟਰਕਾਂਟੀਨੈਂਟਲ ਮਿਜ਼ਾਈਲਾਂ ਨਹੀਂ ਹਨ। ਉਸ ਦੇ ਇਸ ਬਿਆਨ ਨੇ ਸਗੋਂ ਭਾਰਤ ਨੂੰ ਅਲਰਟ ਕਰ ਦਿੱਤਾ ਹੈ ਕਿ ਭਵਿੱਖ ਵਿਚ ਹੋਣ ਵਾਲੇ ਯੁੱਧ ਸਮੇਂ ਸਭ ਤੋਂ ਪਹਿਲਾਂ ਪਾਕਿਸਤਾਨ ਦੇ ਜੰਗੀ ਹਵਾਈ ਅੱਡੇ ਅਤੇ ਮਿਜ਼ਾਈਲ ਬੈਟਰੀਆਂ ਤਬਾਹ ਕੀਤੀਆਂ ਜਾਣ। ਮੁਨੀਰ ਦੇ ਇਸ ਬੜਬੋਲੇਪਣ ਦਾ ਕਾਰਨ ਪਾਕਿਸਤਾਨ ਦੇ ਮਿਲਟਰੀ ਇਤਿਹਾਸ ਵਿਚ ਲੱਭਦਾ ਹੈ।

ਮੁਨੀਰ ਤੋਂ ਪਹਿਲਾਂ ਵਾਲੇ ਮਿਲਟਰੀ ਡਿਕਟੇਟਰਾਂ ਦੇ ਚਾਲ-ਚਰਿੱਤਰ ਨੂੰ ਘੋਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਤਾਂ ਉਨ੍ਹਾਂ ਨੂੰ ਯੁੱਧ ਨੀਤੀ, ਕੂਟਨੀਤੀ ਤੇ ਰਾਜਨੀਤੀ ਦੀ ਸਮਝ ਸੀ ਤੇ ਨਾ ਹੀ ਦੇਸ਼ ਨਾਲ ਕੋਈ ਪਿਆਰ ਸੀ। ਪਾਕਿਸਤਾਨ ਵਿਚ ਹੁਣ ਤੱਕ ਚਾਰ ਫੌਜੀ ਤਾਨਾਸ਼ਾਹ ਬਣੇ ਹਨ ਤੇ ਚਾਰਾਂ ਨੇ ਹੀ ਪਾਕਿਸਤਾਨ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਪਹਿਲਾ ਜਨਰਲ ਅਯੂਬ ਖਾਨ ਸੀ ਜਿਸ ਨੇ 1958 ਤੋਂ 1969 ਤੱਕ ਰਾਜ ਕੀਤਾ। ਉਸ ਨੇ 5 ਅਗਸਤ 1965 ਵਾਲੇ ਦਿਨ ਬਿਨਾਂ ਕਿਸੇ ਭੜਕਾਹਟ ਦੇ ਭਾਰਤ 'ਤੇ ਹਮਲਾ ਕਰ ਦਿੱਤਾ ਸੀ ਜਿਸ ਦੌਰਾਨ ਸਿਰਫ 48 ਦਿਨਾਂ ਵਿਚ (ਯੁੱਧ ਸਮਾਪਤੀ 23 ਸਤੰਬਰ 1965) ਪਾਕਿਸਤਾਨੀ ਫੌਜ ਤਬਾਹੋ ਬਰਬਾਦ ਹੋ ਗਈ ਸੀ। ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਦੀ ਸਯੋਗ ਅਗਵਾਈ ਹੇਠ ਭਾਰਤ ਦੀਆਂ ਫੌਜਾਂ ਲਾਹੌਰ ਦੇ ਦਰਵਾਜ਼ੇ ਤੱਕ ਪਹੁੰਚ ਗਈਆਂ ਸਨ। ਦੂਸਰਾ ਫੌਜੀ ਤਾਨਾਸ਼ਾਹ ਜਨਰਲ ਯਾਹੀਆ ਖਾਨ ਸੀ ਜਿਸ ਨੇ 1969 ਤੋਂ ਲੈ ਕੇ ਦਸੰਬਰ 1971 ਤੱਕ ਰਾਜ ਕੀਤਾ ਸੀ। ਉਸ ਦੇ ਰਾਜ ਕਾਲ ਦੌਰਾਨ ਭਾਰਤ ਨਾਲ 1971 ਦੀ ਜੰਗ ਹੋਈ ਜਿਸ ਦੇ ਫਲਸਵਰੂਪ ਪਾਕਿਸਤਾਨ ਦੋ ਟੁਕੜਿਆਂ ਵਿਚ ਵੰਡਿਆ ਗਿਆ ਸੀ। ਤੀਸਰਾ ਤਾਨਾਸ਼ਾਹ ਜਨਰਲ ਜ਼ਿਆ ਉਲ ਹੱਕ ਸੀ ਜਿਸ ਨੇ 16 ਸਤੰਬਰ 1978 ਤੋਂ ਲੈ ਕੇ ਹਵਾਈ ਹਾਦਸੇ ਵਿਚ ਮਰਨ ਤੱਕ 17 ਅਗਸਤ 1988 ਤੱਕ ਰਾਜ ਕੀਤਾ। ਇਸ ਨੇ ਪਾਕਿਸਤਾਨ ਨੂੰ ਜ਼ੇਹਾਦੀ ਪੈਦਾ ਕਰਨ ਵਾਲੀ ਇੱਕ ਫੈਕਟਰੀ ਵਿਚ ਤਬਦੀਲ ਕਰ ਦਿੱਤਾ ਸੀ। ਪੰਜਾਬ ਅਤੇ ਕਸ਼ਮੀਰ ਵਿਚ ਅਤਿਵਾਦ ਪੈਦਾ ਕਰਨ ਦਾ ਜ਼ਿੰਮੇਵਾਰ ਉਹ ਹੀ ਸੀ।

ਚੌਥਾ ਤਾਨਾਸ਼ਾਹ ਜਨਰਲ ਪ੍ਰਵੇਜ਼ ਮੁਸ਼ੱਰਫ ਸੀ ਜਿਸ ਨੇ 20 ਜੂਨ 2001 ਤੋਂ ਲੈ ਕੇ 18 ਅਗਸਤ 2008 ਤੱਕ ਰਾਜ ਕੀਤਾ। ਉਹ ਤਾਨਾਸ਼ਾਹ ਬਣਨ ਤੋਂ ਪਹਿਲਾਂ ਹੀ 3 ਮਈ 1999 ਤੋਂ ਜੁਲਾਈ 1999 ਤੱਕ ਚੱਲੀ ਕਾਰਗਿਲ ਜੰਗ ਵਿਚ ਭਾਰਤ ਹੱਥੋਂ ਕਰਾਰੀ ਹਾਰ ਤੇ ਜ਼ਿੱਲਤ ਝੱਲ ਚੁੱਕਾ ਸੀ। ਪਰ ਉਸ ਦੀਆਂ ਗਲਤ ਆਰਥਿਕ ਨੀਤੀਆਂ ਨੇ ਪਾਕਿਸਤਾਨ ਨੂੰ ਸਦਾ ਲਈ ਇੱਕ ਭਿਖਾਰੀ ਤੇ ਦੁਨੀਆਂ ਭਰ ਦੇ ਅਤਿਵਾਦੀਆਂ ਨੂੰ ਟਰੇਨਿੰਗ ਦੇਣ ਵਾਲਾ ਦੇਸ਼ ਬਣਾ ਦਿੱਤਾ। ਮੁਨੀਰ ਦੀ ਬੋਲ ਬਾਣੀ ਤੋਂ ਇਹ ਲੱਗ ਰਿਹਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸੱਤਾ ਦੇ ਦਿਨ ਗਿਣਤੀ ਦੇ ਹੀ ਬਚੇ ਹਨ। ਪਰ ਜਿਹੜੀ ਗੱਲ ਮੁਨੀਰ ਨੂੰ ਪਿਛਲੇ ਫੌਜੀ ਤਾਨਾਸ਼ਾਹਾਂ ਨਾਲੋਂ ਵੱਖ ਕਰਦੀ ਹੈ, ਉਹ ਹੈ ਇਸ ਵੱਲੋਂ ਭਾਰਤ ਦੇ ਖਿਲਾਫ ਕੀਤੀ ਜਾ ਰਹੀ ਬੇਹੱਦ ਭੜਕਾਊ ਤੇ ਅਹਿਮਕਾਨਾ ਬਿਆਨਬਾਜ਼ੀ ਜੋ ਓਪਰੇਸ਼ਨ ਸਿੰਧੂਰ ਵਿਚ ਮਾਰ ਖਾਣ ਤੋਂ ਬਾਅਦ ਹੋਰ ਤਿੱਖੀ ਹੋ ਗਈ ਹੈ। ਮੁਨੀਰ ਸੋਚਦਾ ਹੈ ਕਿ ਕਿਸਮਤ ਉਸ 'ਤੇ ਬਾਕੀ ਤਾਨਾਸ਼ਾਹਾਂ ਨਾਲੋਂ ਜਿਆਦਾ ਮਿਹਰਬਾਨ ਰਹੇਗੀ, ਜਿਸ ਕਾਰਨ ਉਹ ਪਵਿੱਤਰ ਕੁਰਾਨ ਦੀਆਂ ਆਇਤਾਂ ਦੀ ਗਲਤ ਵਿਆਖਿਆ ਕਰ ਕੇ ਕਥਿੱਤ ਕਾਫਰਾਂ ਖਿਲਾਫ ਸੈਨਿਕ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਾਕਿਸਤਾਨੀ ਫੌਜ ਵਿਚ ਘੁਸਰ-ਮੁਸਰ ਚੱਲ ਰਹੀ



ਹੈ ਕਿ ਓਪਰੇਸ਼ਨ ਸਿੰਧੂਰ ਦੌਰਾਨ ਮਿਲੀ ਕਰਾਰੀ ਹਾਰ ਕਾਰਨ ਮੁਨੀਰ ਡਿਪਰੈਸ਼ਨ ਵਿਚ ਚਲਾ ਗਿਆ ਹੈ ਜਿਸ ਕਾਰਨ ਇਹੋ ਜਿਹੇ ਊਲ-ਜਲੂਲ ਬਿਆਨ ਦਾਗ ਰਿਹਾ ਹੈ।

ਉਸ ਦੀਆਂ ਧਮਕੀਆਂ ਅਤੇ ਬਿਆਨਾਂ ਦੇ ਹੇਠ ਲਿਖੇ ਮੁੱਖ ਕਾਰਨ ਸਮਝ ਆਉਂਦੇ ਹਨ। ਸਭ ਤੋਂ ਪਹਿਲਾ ਕਾਰਨ ਇਹ ਹੈ ਕਿ ਓਪਰੇਸ਼ਨ ਸਿੰਧੂਰ ਕਾਰਨ ਪਾਕਿਸਤਾਨ ਵੱਲੋਂ ਭਾਰਤ ਖਿਲਾਫ ਕੀਤੀ ਜਾ ਰਹੀ ਪ੍ਰਮਾਣੂ ਬਲੈਕਮੇਲਿੰਗ ਖਤਮ ਹੋ ਗਈ ਹੈ। ਉਹ ਅੱਧੀ ਦੁਨੀਆਂ ਨੂੰ ਆਪਣੇ ਨਾਲ ਲੈ ਜਾਣ ਵਰਗੇ ਬਿਆਨ ਦੇ ਕੇ ਉਸ ਬਲੈਕਮੇਲਿੰਗ ਨੂੰ ਦੁਬਾਰਾ ਕਾਇਮ ਕਰਨਾ ਚਾਹੁੰਦਾ ਹੈ। ਵੈਸੇ ਇਹ ਬਲੈਕਮੇਲਿੰਗ ਉੜੀ ਅਤਿਵਾਦੀ ਹਮਲੇ ਤੋਂ ਬਾਅਦ ਕੀਤੀ ਗਈ ਸਰਜੀਕਲ ਸਟਰਾਈਕ ਅਤੇ ਬਾਲਾਕੋਟ ਵਿਖੇ ਕੀਤੀ ਸਟਰਾਈਕ ਕਾਰਨ ਪਹਿਲਾਂ ਹੀ ਪਤਲੀ ਪੈ ਚੁੱਕੀ ਸੀ। ਮੁਨੀਰ ਸੋਚਦਾ ਹੈ ਕਿ ਜੇ ਪ੍ਰਮਾਣੂ ਬਲੈਕਮੇਲਿੰਗ ਹੀ ਖਤਮ ਹੋ ਗਈ ਤਾਂ ਫਿਰ ਉਹ ਭਾਰਤ ਨੂੰ ਕਸ਼ਮੀਰ ਦੇ ਮਸਲੇ 'ਤੇ ਧਮਕਾ ਨਹੀਂ ਸਕੇਗਾ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਭਾਰਤ ਦਾ ਸਿਧਾਂਤ ਇਹ ਹੈ ਕਿ ਉਹ ਦੁਸ਼ਮਣ 'ਤੇ ਪਹਿਲਾ ਪ੍ਰਮਾਣੂ ਹਮਲਾ ਨਹੀਂ ਕਰੇਗਾ। ਪਰ ਪਾਕਿਸਤਾਨ ਵਿਚ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਪਾਕਿਸਤਾਨ ਦੇ ਪ੍ਰਮਾਣੂ ਹਮਲਾ ਕਰਨ ਦੇ ਸਿਧਾਂਤ ਬਾਰੇ 2002 ਦੇ ਓਪਰੇਸ਼ਨ ਪਰਾਕਰਮ (ਇਹ ਉਪਰੇਸ਼ਨ 13 ਦਸੰਬਰ 2001 ਨੂੰ ਪਾਰਲੀਮੈਂਟ 'ਤੇ ਹਮਲੇ ਤੋਂ ਬਾਅਦ ਭਾਰਤ ਵੱਲੋਂ ਕੀਤਾ ਗਿਆ ਸੀ ਤੇ ਦਸੰਬਰ 2001 ਤੋਂ ਲੈ ਕੇ ਅਕਤੂਬਰ 2002 ਤੱਕ ਚੱਲਿਆ ਸੀ। ਭਾਰਤ ਨੇ ਪਾਕਿਸਤਾਨ ਨੂੰ ਆਪਣੀ ਤਾਕਤ ਵਿਖਾਉਣ ਲਈ ਆਮ ਲਾਮਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜੇ ਕੁਝ ਦੇਸ਼ ਵਿਚੋਲਗੀ ਨਾ ਕਰਦੇ ਤਾਂ ਜੰਗ ਅਟੱਲ ਸੀ) ਵੇਲੇ ਉਸ ਸਮੇਂ ਦੇ ਡਾਇਰੈਟਰ ਜਨਰਲ ਸਟਰੈਟਜਿਕ ਪਲੈਨਜ਼ ਲੈਫਟੀਨੈਂਟ ਜਨਰਲ ਖਾਲਿਦ ਕਿਦਵਾਈ ਨੇ ਕਿਹਾ ਸੀ ਕਿ ਜੇ ਭਾਰਤ ਨਾਲ ਜੰਗ ਹੁੰਦੀ ਹੈ ਤਾਂ ਪਾਕਿਸਤਾਨ ਰਵਾਇਤੀ ਹਥਿਆਰਾਂ ਤੋਂ ਇਲਾਵਾ ਐਟਮ ਬੰਬ ਦੀ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕਰੇਗਾ। ਹੁਣ ਮੁਨੀਰ ਦੇ ਬਿਆਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਭਾਰਤ ਦੇ ਪਹਿਲਾ ਪ੍ਰਮਾਣੂ ਹਮਲਾ ਨਾ ਕਰਨ ਦੇ ਸਿਧਾਂਤ ਨੂੰ ਨਹੀਂ ਮੰਨਦਾ।

ਮੁਨੀਰ ਦੇ ਬਿਆਨ ਦਾ ਦੂਸਰਾ ਕਾਰਨ ਵਿਸ਼ਵ ਨੂੰ ਇਹ ਦੱਸਣਾ ਹੈ ਕਿ ਪਾਕਿਸਤਾਨ ਇੱਕ ਐਟਮੀ ਤਾਕਤ ਹੈ ਤੇ ਉਹ ਜਦੋਂ ਚਾਹੇ ਇਸ ਦੀ ਵਰਤੋਂ ਵੀ ਕਰ ਸਕਦਾ ਹੈ, ਨਤੀਜੇ ਚਾਹੇ ਕੁਝ ਵੀ ਹੋਣ। ਇਸ ਧਮਕੀ ਵਿਚ ਉਸ ਦੀ ਇੱਕ ਚਾਲ ਵੀ ਛੁਪੀ ਹੋਈ ਹੈ ਕਿ ਇਸ ਧਮਕੀ ਨਾਲ ਇੰਟਰਨੈਸ਼ਨਲ ਮੀਡੀਆ ਨੂੰ ਮਸਾਲਾ ਮਿਲ ਜਾਵੇਗਾ ਤੇ ਭਾਰਤ ਲਈ ਚਿੰਤਾ ਦਾ ਵਿਸ਼ਾ ਬਣੇ ਕਰਾਸ ਬਾਰਡਰ ਅਤਿਵਾਦ ਵੱਲੋਂ ਉਸ ਦਾ ਧਿਆਨ ਵੀ ਹਟ ਜਾਵੇਗਾ। ਮੁਨੀਰ ਦੀ ਇੱਕ ਚਿੰਤਾ ਇਹ ਵੀ ਹੈ ਭਾਰਤ ਨੇ ਪਾਕਿਸਤਾਨ ਦੀਆਂ ਪ੍ਰਮਾਣੂ ਧਮਕੀਆਂ ਬਾਰੇ ਚਿੰਤਾ ਕਰਨੀ ਬੰਦ ਕਰ ਦਿੱਤੀ। ਪਿਛਲੇ ਸਮੇਂ ਵਿਚ ਵੀ ਪਾਕਿਸਤਾਨ ਅਜਿਹੀਆਂ ਧਮਕੀਆਂ ਦਿੰਦਾ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜ਼ਰਾਲ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਹੈ ਕਿ 1990 ਦੀਆਂ ਗਰਮੀਆਂ ਵਿਚ ਪਾਕਿਸਤਾਨ ਨੇ ਕਿਸੇ ਮਸਲੇ 'ਤੇ ਤਤਕਾਲੀ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੂੰ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ ਸੀ। ਮੁਨੀਰ ਨੂੰ ਭਾਰਤ ਦੀ ਆਰਥਿਕ ਤਰੱਕੀ ਦਾ ਬਹੁਤ ਸਾੜਾ ਹੈ। ਉਸ ਦਾ ਇਹ ਸੋਚਣਾ ਹੈ ਕਿ ਜੇ ਪਾਕਿਸਤਾਨ ਤੇ ਭਾਰਤ ਇੱਕ ਦੂਸਰੇ 'ਤੇ ਪ੍ਰਮਾਣੂ ਹਮਲਾ ਕਰ ਦਿੰਦੇ ਹਨ ਤਾਂ ਭਾਰਤ ਦਾ ਨੁਕਸਾਨ ਜਿਆਦਾ ਹੋਵੇਗਾ ਕਿਉਂਕਿ ਉਥੇ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਹੈਵੀ ਇੰਡਸਟਰੀ ਸਥਾਪਿਤ ਹੋ ਚੁੱਕੀ ਹੈ ਤੇ ਅਰਬਾਂ ਖਰਬਾਂ ਡਾਲਰ ਦਾ ਆਯਾਤ-ਨਿਰਯਾਤ ਹੋ ਰਿਹਾ ਹੈ। ਇਸ ਦੇ ਉਲਟ ਪਾਕਿਸਤਾਨ ਇੱਕ ਮਲੰਗ ਦੇਸ਼ ਹੈ। ਇਸੇ ਸੰਦਰਭ ਵਿਚ ਉਸ ਨੇ ਅਨਿਲ ਅੰਬਾਨੀ ਦੀ ਫੋਟੋ ਲਗਾ ਕੇ ਇੱਕ ਟਵੀਟ ਕੀਤਾ ਸੀ ਜਿਸ ਵਿਚ ਕਿਸੇ ਇਸਲਾਮਿਕ ਧਰਮ ਗ੍ਰੰਥ ਦੀ ਇੱਕ ਤੁਕ ਲਿਖੀ ਹੋਈ ਸੀ ਕਿ ਅੱਲਾਹ ਨੇ ਪੰਛੀਆਂ ਨੂੰ ਦੁਸ਼ਮਣ ਫੌਜ ਦੇ ਜੰਗੀ ਹਾਥੀਆਂ 'ਤੇ ਪੱਥਰ ਸੁੱਟਣ ਲਈ ਭੇਜਿਆ ਜਿਸ ਨਾਲ ਹਾਥੀ ਕੁਚਲ ਕੇ ਫੀਤਾ-ਫੀਤਾ ਹੋ ਗਏ ਸਨ।

ਓਪਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਸਿੱਧ ਮੈਗਜ਼ੀਨ ਦੀ ਇਕਨੌਮਿਸਟ ਨੂੰ ਇੱਕ ਇੰਟਰਵਿਊ ਦਿੰਦੇ ਹੋਏ ਨੇ ਉਸ ਕਿਹਾ ਹੈ ਕਿ ਅਗਲੀ ਵਾਰ ਪਾਕਿਸਤਾਨ ਭਾਰਤ ਦੇ ਪੂਰਬੀ ਅਤੇ ਦੱਖਣੀ ਹਿੱਸੇ 'ਤੇ ਹਮਲੇ ਕਰੇਗਾ। ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਭਾਰਤ ਦੀ ਜਿਆਦਾਤਰ ਡਿਫੈਂਸ ਅਤੇ ਹੋਰ ਹੈਵੀ ਇੰਡਸਟਰੀ ਪਾਕਿਸਤਾਨੀ ਬਾਰਡਰ ਤੋਂ ਦੂਰ ਪੂਰਬ ਅਤੇ ਦੱਖਣ ਵਿਚ ਸਥਾਪਿਤ ਕੀਤੀ ਗਈ ਹੈ। ਇਹ ਇੰਡਸਟਰੀ ਤਬਾਹ ਹੋਣ ਨਾਲ ਭਾਰਤ ਦਾ ਲੱਕ ਟੁੱਟ ਜਾਵੇਗਾ। ਇਸ ਸਿਰ-ਫਿਰੇ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਪਾਕਿਸਤਾਨੀ ਜਹਾਜ਼, ਡਰੋਨ ਤੇ ਮਿਜ਼ਾਈਲਾਂ ਭਾਰਤੀ ਰੱਖਿਆ ਪ੍ਰਨਾਲੀਆਂ ਤੇ ਹਵਾਈ ਸੈਨਾ ਤੋਂ ਬਚ ਕੇ ਐਨੀ ਦੂਰ ਕਿਵੇਂ ਪਹੁੰਚਣਗੇ। ਉਸ ਦਾ ਇੱਕ ਹੋਰ ਮੂਰਖਤਾਪੂਰਣ ਬਿਆਨ ਹੈ ਕਿ ਜੇ ਭਾਰਤ ਸਿੰਧੂ ਨਦੀ 'ਤੇ ਡੈਮ ਬਣਾਵੇਗਾ ਤਾਂ ਉਹ ਉਸ ਨੂੰ ਮਿਜ਼ਾਈਲਾਂ ਨਾਲ ਤਬਾਹ ਕਰ ਦੇਵੇਗਾ। ਡੈਮ ਕੋਈ ਮੋਘੇ ਦਾ ਨੱਕਾ ਨਹੀਂ ਹੁੰਦੇ, ਇਨ੍ਹਾਂ ਨੂੰ ਬਣਦਿਆਂ ਸਾਲਾਂ ਬੱਧੀ ਲੱਗ ਜਾਂਦੇ ਹਨ। ਜਦੋਂ ਤੱਕ ਇਹ ਡੈਮ ਮੁਕੰਮਲ ਹੋਣਾ ਹੈ, ਉਦੋਂ ਤੱਕ ਤਾਂ ਮੁਨੀਰ ਨੇ ਰਿਟਾਇਰ ਹੋ ਕੇ ਅੱਲ੍ਹਾ ਨੂੰ ਵੀ ਪਿਆਰੇ ਹੋ ਚੁੱਕੇ ਹੋਣਾ ਹੈ। ਉਸ ਦੇ ਬਿਆਨਾਂ ਦਾ ਇੱਕ ਡੂੰਘਾ ਰਾਜਨੀਤਕ ਕਾਰਨ ਵੀ ਹੈ। ਅਜਿਹੇ ਭੜਕਾਊ ਬਿਆਨ ਦੇ ਕੇ ਉਹ ਸ਼ਾਹਬਾਜ਼ ਸ਼ਰੀਫ ਅਤੇ ਪਾਕਿਸਤਾਨੀ ਜਨਤਾ ਨੂੰ ਇਹ ਸਪਸ਼ਟ ਸੰਦੇਸ਼ ਦੇ ਰਿਹਾ ਹੈ ਕਿ ਦੇਸ਼ ਦਾ ਅਸਲੀ ਮਾਲਕ ਉਹ ਹੈ ਤੇ ਜਦੋਂ ਚਾਹਵੇਗਾ ਗੱਦੀ ਹਥਿਆ ਲਵੇਗਾ।

ਭਾਰਤ ਨਾਲ ਪਿਛਲੀਆਂ ਜੰਗਾਂ ਵੀ ਅਜਿਹੇ ਮੂਰਖ ਪਾਕਿਸਤਾਨੀ ਤਾਨਾਸ਼ਾਹ ਜਰਨੈਲਾਂ ਨੇ ਹੀ ਸ਼ੁਰੂ ਕੀਤੀਆਂ ਸਨ। ਇਸ ਲਈ ਭਾਰਤ ਨੂੰ ਅਜਿਹੇ ਸਨਕੀ ਅਤੇ ਡੀਂਗਾਂ ਮਾਰਨ ਵਾਲੇ ਵਿਅਕਤੀ ਤੋਂ ਹਮੇਸ਼ਾਂ ਖਬਰਦਾਰ ਰਹਿਣਾ ਚਾਹੀਦਾ ਹੈ।

# ਫ਼ਿਲਮ ਲੋਕ

## ਜਸਵਿੰਦਰ ਭੱਲਾ ਨਹੀਂ ਕਿਸੇ ਨੇ ਬਣ ਜਾਣਾ....



ਡਾ. ਨਿਰਮਲ ਜੌੜਾ

ਜਸਵਿੰਦਰ ਭੱਲਾ ਦੇ ਤੁਰ ਜਾਣ ਦੀ ਖ਼ਬਰ ਨੇ ਪੰਜਾਬੀ ਜਗਤ ਨੂੰ ਹੈਰਾਨੀ ਭਰਿਆ ਸਦਮਾ ਦਿੱਤਾ ਹੈ ।ਬਾਈ ਅਗਸਤ ਦੇ ਸੂਰਜ ਚੜਨ ਤੋਂ ਪਹਿਲਾਂ ਉਹਨਾਂ ਦੇ ਵਿਛੋੜੇ ਦੀ ਪਾਟੀ ਚਿੱਠੀ ਪੰਜਾਬੀਆਂ ਤੱਕ ਪਹੁੰਚੀ ਤਾਂ ਉਹਨਾਂ ਨੂੰ ਚਾਹੁਣ ਵਾਲਿਆਂ ਦੀਆਂ ਚੀਸਾਂ ਸੁਨਣ ਲੱਗੀਆਂ। ਦੁਨੀਆਂ



*ਜਸਵਿੰਦਰ ਭੱਲਾ ਆਪਣੀ ਪਤਨੀ ਪਰਮਦੀਪ ਭੱਲਾ ਨਾਲ*

ਦੇ ਹਰ ਕੋਨੇ ਚੋਂ , ਜਿਥੇ ਵੀ ਪੰਜਾਬੀ ਵਸਦੇ ਹਨ ਉਥੋਂ ਦਰਦ ਭਰੇ ਸੁਨੇਹੇ ਆਉਣ ਲੱਗੇ। ਪਿਆਰ ਕਰਨ ਵਾਲੇ ਲੋਕਾਂ ਨੇ ਆਪਣੇ ਮਹਿਬੂਬ ਕਲਾਕਾਰ




*1975 ਵਿਚ ਆਲ ਇੰਡੀਆ ਰੇਡੀਓ 'ਤੇ ਪਹਿਲਾ ਗੀਤ ਗਾਉਂਦੇ ਜਸਵਿੰਦਰ ਭੱਲਾ।*

ਦੇ ਵਿਛੋੜੇ 'ਤੇ ਦਿਲੋਂ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਨਾਲ ਖਿਚਵਾਈਆਂ ਤਸਵੀਰਾਂ ਦੀਆਂ ਪੋਸਟਾਂ ਪੈਣ ਲੱਗੀਆਂ। ਸਾਹਿਤਕ, ਸਮਾਜਕ, ਸਭਿਆਚਾਰਕ, ਰਾਜਨੀਤਕ ਖੇਤਰ ਦੀਆਂ ਸਖਸ਼ੀਅਤਾਂ ਸਮੇਤ ਜਨ ਸਧਾਰਨ ਨੇ ਜਸਵਿੰਦਰ ਭੱਲਾ ਦੇ ਤੁਰ ਜਾਣ ਦਾ ਦੁੱਖ ਮਨਾਇਆ ਉਹਨਾਂ ਬਾਰੇ ਆਪਣੇ ਹਾਵਭਾਵ ਪਰਗਟ ਕੀਤੇ। ਲੋਕਾਈ ਦੀਆਂ ਭਾਵਨਾਵਾਂ ਵਿਚੋਂ ਕੀਰਨਿਆਂ ਦੀ ਝਲਕ ਪੈਣ ਲੱਗੀ। ਇਹੀ ਕਲਾਕਾਰ ਦੀ ਕਮਾਈ ਹੁੰਦੀ ਹੈ, ਸਨਮਾਨ ਹੁੰਦਾ ਹੈ, ਜੋ ਜਸਵਿੰਦਰ ਭੱਲਾ ਦੇ ਲੇਖੇ ਆਇਆ। ਖਬਰ ਸੁਣਦਿਆਂ ਮੇਰੇ ਸਾਹਮਣੇ ਜਸਵਿੰਦਰ ਭੱਲਾ ਦਾ ਹਸਦਾ ਚਿਹਰਾ ਘੁੰਮਣ ਲੱਗਿਆ।ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿੱਚ ਜਦੋਂ ਮੈਂ ਐੱਮ.ਐੱਸ.ਸੀ. ਵਿੱਚ ਦਾਖ਼ਲਾ ਲਿਆ ਤਾਂ ਪਹਿਲੇ ਸਮਿਸਟਰ ਸਾਨੂੰ ਡਾ. ਜਸਵਿੰਦਰ ਭੱਲਾ ਨੇ ਇੱਕ ਕੋਰਸ ਪੜ੍ਹਾਇਆ। ਓਦੋਂ ਉਹ ਟੈਲੀਵੀਜ਼ਨ ਪ੍ਰੋਗਰਾਮ ਕਰਦੇ ਹੁੰਦੇ ਸੀ, ' ਜੱਟਾ ਜਾਗ ਬਈ ਹੁਣ ਜਾਗੋ ਆਈ ਆ' ਉਹਨਾਂ ਦੀ ਮਕਬੂਲ ਆਈਟਮ ਸੀ ਜਿਹੜੀ ਪਿੰਡਾਂ ਦੇ ਲੋਕਾਂ ਤੇ ਮੂੰਹ ਤੇ ਚੜ੍ਹੀ ਹੋਈ ਸੀ।ਸਾਨੂੰ ਚਾਅ ਸੀ ਅਸੀਂ ਇੱਕ ਕਲਾਕਾਰ ਕੋਲੋਂ ਪੜ੍ਹ ਰਹੇ ਆਂ। ਬਾਕੀ ਵਿਦਿਆਰਥੀਆਂ ਨਾਲੋਂ ਮੈਂ ਵਧੇਰੇ ਖ਼ੁਸ਼ ਸੀ ਕਿਉਂਕਿ ਮੈਂ ਖ਼ੁਦ ਸਟੇਜ ਨਾਲ ਜੁੜਿਆ ਹੋਇਆ ਸੀ। ਪਸਾਰ ਸਿੱਖਿਆ ਦਾ ਜਿਹੜਾ ਕੋਰਸ ਉਹ ਸਾਨੂੰ ਪੜ੍ਹਾਉਂਦੇ ਸਨ ਉਹ ਪੰਜਾਬ ਦੇ ਪੇਂਡੂ ਵਿਕਾਸ ਬਾਰੇ ਸੀ। ਪਹਿਲਾਂ ਖੇਤੀਬਾੜੀ ਵਿਭਾਗ ਵਿਚ ਇੰਸਪੈਕਟਰ ਰਹੇ ਹੋਣ ਕਰ ਕੇ ਪੰਜਾਬ ਦੇ ਪਿੰਡਾਂ ਅਤੇ ਕਿਸਾਨੀ ਬਾਰੇ ਉਹ ਜਾਣਦੇ ਸਨ ਜਿਸ ਕਰ ਕੇ ਉਹ ਕੋਰਸ ਕੰਟੈਂਟ ਨੂੰ ਹੋਰ ਅਸਰਦਾਰ ਬਣਾ ਕੇ ਸਮਝਾਉਣ ਦੇ ਸਮਰੱਥ ਸਨ। ਇਕ ਅਧਿਆਪਕ ਕੋਲ ਆਪਣੇ ਵਿਸ਼ੇ ਦੀ ਮੁਹਾਰਤ, ਸਵੈ ਵਿਸ਼ਵਾਸ ਅਤੇ ਸੰਚਾਰ ਸਮਰੱਥਾ ਹੋਣੀ ਚਾਹੀਦੀ ਹੈ, ਜੋ ਉਹਨਾਂ ਕੋਲ ਸੀ। ਇਸ ਕੋਰਸ ਦੇ ਪ੍ਰੈਕਟੀਕਲ ਕਰਨ ਲਈ ਅਸੀਂ ਉਹਨਾਂ ਨਾਲ ਪਿੰਡਾਂ ਵਿੱਚ ਜਾਂਦੇ। ਅਕਸਰ ਲੋਕ ਉਹਨਾਂ ਨੂੰ ਸਿਆਣ ਲੈਂਦੇ ਸੀ ਪਰ ਉਹ ਹੱਸਦੇ ਹਸਾਉਂਦੇ ਵੀ ਆਪਣੇ ਅਧਿਆਪਕੀ ਕਿਰਦਾਰ ਨੂੰ ਡੋਲਣ ਨਾ ਦਿੰਦੇ। ਲੋਕਾਂ ਵਿੱਚ ਕਿਵੇਂ ਜਾਣਾ, ਕੀ ਤੇ ਕਿਵੇਂ ਗੱਲਬਾਤ ਕਰਨੀ ਆ, ਕਿਵੇਂ ਵਿਚਰਨਾ ਇਹ ਗੱਲਾਂ ਉਹ ਸਾਨੂੰ ਯੂਨੀਵਰਸਿਟੀ ਤੋਂ ਸਮਝਾ ਕੇ ਹੀ ਤੁਰਦੇ ਤਾਂ ਕਿ ਪਿੰਡ ਵਿੱਚ ਜਾ ਕੇ ਕੋਈ ਸ਼ਬਦ ਜਾਂ ਨੁਕਤਾ ਅਜਿਹਾ ਨਾ ਕਿਹਾ ਜਾਵੇ ਜਿਹੜਾ ਕਿਸੇ ਦੀ ਸ਼ਾਨ ਨੂੰ ਠੇਸ ਪਹੁੰਚਾਵੇ। ਕਿਸੇ ਧਰਮ, ਜਾਤ, ਵਿਅਕਤੀ ਵਿਸ਼ੇਸ਼ ਦੀਆਂ ਭਾਵਨਾਵਾਂ ਦੇ ਖਿਲਾਫ਼ ਨਾ ਹੋਵੇ, ਕਿਸੇ ਦੇ ਦੁੱਖ ਨੂੰ ਹੋਰ ਉਜਾਗਰ ਨਾ ਕਰਦਾ ਹੋਵੇ।

ਮੈਨੂੰ ਯਾਦ ਆ ਸ਼ੁਕਰਵਾਰ ਨੂੰ ਪ੍ਰੈਕਟੀਕਲ ਦੀ ਸਾਡੀ ਪਹਿਲੀ ਕਲਾਸ ਸੀ। ਉਹਨਾਂ ਵੀਰਵਾਰ ਨੂੰ ਸਾਨੂੰ ਕਿਹਾ, 'ਲਓ ਬਈ, ਕੱਲ੍ਹ ਨੂੰ ਪ੍ਰੈਕਟੀਕਲ ਲਈ ਆਪਾਂ ਸਿੱਧਵਾਂ, ਮਢਿਆਣੀ, ਭਰੋਵਾਲ ਤੇ ਵਿਰਕੀਂ ਜਾਵਾਂਗੇ। ਸਧਾਰਨ ਕੱਪੜੇ ਪਾ ਕੇ ਆਇਓ, ਜੇ ਟੌਰ ਜੀ ਕੱਢ ਕੇ ਆਗੇ ਪਿੰਡਾਂ ਵਾਲਿਆਂ ਨੇ ਗੱਲ ਨੀ ਕਰਨੀ, ਉੱਤੇ ਟਿੱਚਰਾਂ ਕਰਨਗੇ। ਪ੍ਰੈਕਟੀਕਲ ਲਈ ਤੁਰਨ ਲੱਗਿਆਂ ਆਖਣ ਲੱਗੇ, 'ਲੋਕਾਂ ਸਾਹਮਣੇ ਆਪਸ ਵਿੱਚ ਆਪਸੀ ਘੁਸਰ ਮੁਸਰ ਨੀ ਕਰਨੀ, ਬੇਜਤੀ ਸਮਝਦੇ ਆ ਲੋਕ ਇਸ ਗੱਲ ਨੂੰ। ਗੱਲ ਠੇਠ ਪੰਜਾਬੀ 'ਚ ਕਰਿਓ। ਜਿੰਨੀ ਕੁ ਅੰਗਰੇਜ਼ੀ ਆਉਂਦੀ ਆਵਦੇ ਕੋਲ ਸੰਭਾਲ ਲਿਓ ਪੇਪਰਾਂ 'ਚ ਕੰਮ ਆਜੂਗੀ। ਪਿੰਡ ਜਾ ਕੇ ਬੱਸ 'ਚੋਂ ਉਤਰਨ ਤੋਂ ਪਹਿਲਾਂ ਸਾਨੂੰ ਸਮਝਾਉਣ ਲੱਗੇ. 'ਲਓ ਬਈ ਫੇਰ ਸੁਣਲੋ, ਲੋਕਾਂ ਨੂੰ ਇਹ ਲੱਗੇ ਕਿ ਇਹ ਸਾਡੇ ਈ ਜੁਆਕ ਆ, ਕੋਈ ਚੱਕਵੀਂ ਗੱਲ ਨਾ ਕਰਿਓ, ਜੇ ਕਿਸੇ ਘਰ ਵਿੱਚ ਜਾਣਾ ਪਿਆ ਤਾਂ ਅੱਖ ਦੀ ਸ਼ਰਮ ਵਾਲੀ ਗੱਲ ਮਨ 'ਚ ਵਸਾ ਕੇ ਵਿਚਰਿਓ'। ਫੇਰ ਉਹਨਾਂ ਹੱਸਦੇ-ਹੱਸਦੇ ਮਿੱਠਾ ਜਿਹਾ ਡਰਾਵਾ ਵੀ ਦਿੱਤਾ, 'ਪਿੰਡਾਂ ਆਲੇ ਸੇਵਾ ਵੀ ਅਪਣੱਤ ਨਾਲ ਕਰਦੇ ਆ, ਪਰ ਜੇ ਪੁੱਠੀ ਸਿੱਧੀ ਚੱਕਵੀਂ ਗੱਲ ਕਰ ਬੈਠੇ, ਤਾਂ ਵੱਖੀਆਂ ਵੀ 'ਦੇੜ ਦਿੰਦੇ ਆ। ਹੋਰ ਨਾ ਹੋਵੇ ਪਿੰਡ 'ਚੋਂ ਵੀ ਛਿੱਤਰ ਖਾਲੋਂ ਤੇ ਮੈਥੋਂ ਵੀ ਐਫ਼ ਗਰੇਡ ਲੈਲੋਂ।'

ਅਸੀਂ ਪਿੰਡ ਵਿੱਚ ਪਹੁੰਚੇ ਤਾਂ ਮੋਹਤਵਰ ਬੰਦਿਆਂ ਨੂੰ ਮਿਲਾਉਣ ਲੱਗਿਆਂ ਉਹਨਾਂ ਕਿਹਾ, 'ਇਹ ਪੂਰੇ ਸਾਊ ਮੁੰਡੇ-ਕੁੜੀਆਂ ਆ ਜੀ ਯੂਨੀਵਰਸਿਟੀ ਦੇ, ਇਹ ਵੀ ਥੋਡੇ ਵਰਗੇ ਘਰਾਂ 'ਚੋਂ ਹੀ ਪੜ੍ਹਨ ਆਏ ਆ।' ਮੇਰੇ ਵੱਲ ਹੱਥ ਕਰ



*ਜਸਵਿੰਦਰ ਭੱਲਾ, ਬਾਲ ਮੁਕੰਮਦ ਸ਼ਰਮਾ, ਭਗਵੰਤ ਮਾਨ ਅਤੇ ਗੁਰਪ੍ਰੀਤ ਘੁੱਗੀ।*

ਕੇ ਆਖਣ ਲੱਗੇ, 'ਇਹ ਬਿਲਾਸਪੁਰੋਂ ਆਂ।' ਮੇਰੇ ਨਾਲ ਖੜ੍ਹੇ ਰਣਜੀਤ ਦੇ ਮੋਢੇ ਤਾ ਹੱਥ ਧਰ ਕੇ ਕਹਿੰਦੇ, 'ਆ ਤਾਂ ਥੋਡਾ ਗੁਆਂਢੀ ਆ ਭਨੋਹੜਾਂ ਤੋਂ''। ਜਸਵਿੰਦਰ ਭੱਲਾ ਨੇ ਇਕੱਤੀ ਸਾਲ ਯੂਨੀਵਰਸਿਟੀ ਵਿੱਚ ਪੜਾਇਆ। ਪਸਾਰ ਸਿਖਿਆ ਵਿਭਾਗ ਦੇ ਮੁੱਖੀ ਰਹੇ , ਸਭਿਆਚਾਰਕ ਸਰਗਰਮੀਆਂ ਦੇ ਇੰਚਾਰਜ਼ ਰਹੇ। ਸੇਵਾ ਮੁਕਤੀ ਉਪਰੰਤ ਵੀ ਉਹ ਯੂਨੀਵਰਸਿਟੀ ਦੇ ਬਰਾਂਡ ਅਬੈਸਡਰ ਬਣੇ ਰਹੇ ਕਿਉਂਕਿ ਪਸਾਰ ਮਾਹਰ ਹੋਣ ਕਰਕੇ ਲੋਕਾਂ ਨਾਲ ਉਹਨਾਂ ਦਾ ਬਹੁਤ ਹੀ ਸੁਖਾਵਾਂ ਅਤੇ ਵਿਸ਼ਵਾਸ ਵਾਲਾ ਰਿਸ਼ਤਾ ਬਣ ਚੁਕਿੱਆ ਸੀ। ਕਿਸਾਨ ਭਾਈਚਾਰੇ ਨਾਲ ਰਾਬਤਾ ਮਜ਼ਬੂਤ ਸੀ। ਉਹਨਾਂ ਦਾ ਜਨਮ ਦੋਰਾਹੇ ਨੇੜਲੇ ਪਿੰਡ ਕੱਦੋਂ ਵਿੱਚ 4 ਮਈ 1960 ਨੂੰ ਮਾਸਟਰ ਬਹਾਦਰ ਸਿੰਘ ਭੱਲਾ ਦੇ ਘਰ ਹੋਇਆ।ਸਕੂਲੀ ਪੜ੍ਹਾਈ ਤੋਂ ਬਾਅਦ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਬੀ ਐਸ ਸੀ ਖੇਤੀਬਾੜੀ ਕਰਨ ਲੱਗੇ ਜਿਥੇ ਡਾਕਟਰ ਕੈਸ਼ੋ ਰਾਮ ਸ਼ਰਮਾ ਨੇ ਯੂਨੀਵਰਸਿਟੀ ਦੇ ਸਭਿਆਚਾਰਕ ਪ੍ਰੋਗਰਾਮ ਲਈ ਜਸਵਿੰਦਰ ਭੱਲਾ ਦੀ ਚੋਣ ਇੱਕ ਗਾਇਕ ਵਿਦਿਆਰਥੀ ਵਜੋਂ ਕੀਤੀ ਇਸੇ ਪ੍ਰੋਗਰਾਮ ਦੌਰਾਨ ਭੱਲਾ ਸਾਹਿਬ ਦੀ ਮੁਲਾਕਾਤ ਬਾਲ ਮੁਕੰਦ ਸ਼ਰਮਾ ਨਾਲ ਹੋਈ ਫਿਰ ਦੋਵਾਂ ਨੇ ਰਲਕੇ ਕਮੇਡੀ ਖਬਰਾਂ ਪੜ੍ਹੀਆਂ ਤਾਂ ਬਹਿਜਾ ਬਹਿਜਾ ਹੋ ਗਈ ।ਇਸ ਪ੍ਰੋਗਰਾਮ ਦਾ ਨਾਮ ਸੀ ਛਣਕਾਟਾ। ਫਿਰ ਇਸ ਜੋੜੀ ਨੇ ਐਸੀ ਧਮਾਲ ਪਈ ਕਿ ਇਹ ਛਣਕਾਟੇ ਵਾਲੀ ਜੋੜੀ ਬਣ ਗਈ। ਵਿਦਿਆਰਥੀ ਜੀਵਨ ਤੋਂ ਬਾਅਦ ਵੀ ਇਸ ਜੋੜੀ ਦੀ ਚੜਤ ਕਾਇਮ ਰਹੀ । ਜਗਦੇਵ ਸਿੰਘ ਜੱਸੋਵਾਲ ਅਤੇ ਗੁਰਭਜਨ ਗਿੱਲ ਦੀ ਅਗਵਾਈ ਵਿੱਚ ਇਹਨਾਂ ਨੇ ਪਹਿਲੀ ਕਮਰਸ਼ੀਅਲ ਕੈਸਟ 1988 ਵਿੱਚ 'ਛਣਕਾਟਾ' ਰੀਲੀਜ਼ ਕੀਤੀ ਤਾਂ ਹੱਥੋ ਹੱਥੀ ਚੱਕੀ ਗਈ।ਫਿਰ ਇਹ ਛਣਕਾਟਾ ਲਗਾਤਾਰ 2009 ਤੱਕ ਪੈਂਦਾ ਰਿਹਾ ਕਈ ਬਾਰ ਤਾਂ ਛੇ ਮਹੀਨਿਆਂ ਬਾਅਦ ਹੀ ਪੈ ਜਾਂਦਾ।

ਪੰਜਾਬੀ ਫਿਲਮਾਂ ਵਿੱਚ ਜਸਵਿੰਦਰ ਭੱਲਾ ਨੇ ਲੰਮੀ ਪਾਰੀ ਖੇਡੀ ਆ। ਦੁੱਲਾ ਭੱਟੀ, ਮਹੌਲ ਖਰਾਬ ਹੈ ਤੋਂ ਲੈਕੇ ਕੈਰੀ ਆਨ ਜੱਟੀ ਤੱਕ ਪੈਂਹਟ ਫਿਲਮਾਂ ਵਿੱਚ ਉਹਨਾਂ ਧਮਾਕੇਦਾਰ ਅਦਾਕਾਰੀ ਕੀਤੀ ਹੈ, ਸਧਾਰਨ ਅਦਾਕਾਰੀ ਨਹੀਂ ਬਲਕਿ ਲੋਕ ਮਨਾਂ 'ਤੇ ਸ਼ਾਪ ਛੱਡਣ ਵਾਲੀ ਅਦਾਕਾਰੀ । ਘਰੋੜਵੀਂ ਭਾਸ਼ਾ, ਸਪੱਸ਼ਟਤਾ ਅਤੇ ਸਵੈਵਿਸ਼ਵਾਸ ਐਸਾ ਸੀ ਕਿ ਉਹਨਾਂ ਦੇ ਬੋਲੇ ਸੰਵਾਦ ਅਖਾਣਾਂ ਵਾਂਗ ਲੋਕਾਂ ਦੀ ਜ਼ੁਬਾਨੀ ਯਾਦ ਹੋਏ ਜਿਵੇਂ, ਜੜ'ਤੇ ਕੋਕੇ, ਗੰਦੀ ਔਲਾਦ-ਨਾ ਮਜ਼ਾ ਨਾ ਸੁਆਦ, ਹਵੇਲੀ ਤੇ ਸਹੇਲੀ ਛੇਤੀ ਨੀ ਬਣਦੀ, ਜੇ ਚੰਡੀਗੜ ਢਹਿਜੂ-ਪਿੰਡ ਜਿੱਡਾ ਤਾਂ ਰਹਿਜੂ ਪਰ ਜੇ ਪਿੰਡ ਢਹਿਜੂ ਪਿਛੇ ਕੀ ਰਹਿਜੂ, ਜਵਾਈ ਨੰਗ ਤੇ ਜੁੱਤੀ ਤੰਗ-ਸਾਰੀ ਉਮਰ ਤੰਗ ਕਰਦੇ ਆ , ਮਾੜੀ ਸੋਚ ਤੇ ਪੈਰ ਦੀ ਮੋਚ ਬੰਦੇ ਨੂੰ ਅੱਗੇ ਨੀ ਵਧਣ ਦਿੰਦੀ, ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਵੇਂ ਨੀ ਪਾਇਆ, ਜ਼ਮੀਨ ਬੰਜ਼ਰ ਤੇ ਔਲਾਦ ਕੰਜ਼ਰ ਰੱਬ ਕਿਸੇ ਨੂੰ ਨਾ ਦੇਵੇ । ਅਸਲ



*ਜਸਵਿੰਦਰ ਭੱਲਾ ਲੇਖਕ ਨਾਲ*

ਵਿੱਚ ਸਧਾਰਨ ਗੱਲਾਂ ਨੂੰ ਕਹਿਣ ਦਾ ਅੰਦਾਜ਼ ਜਸਵਿੰਦਰ ਭੱਲਾ ਕੋਲ ਕਮਾਲ ਦਾ ਸੀ। ਇੱਕ ਹਾਸ ਰਸ ਕਲਾਕਾਰ ਦੇ ਤੌਰ ਤੇ ਜਸਵਿੰਦਰ ਭੱਲਾ ਦੀ ਮਕਬੂਲੀਅਤ ਉਹਨਾਂ ਸਮਿਆਂ ਵਿੱਚ ਬਣੀ ਜਦੋਂ ਸੋਸ਼ਲ ਮੀਡੀਏ ਦਾ ਬੋਲਬਾਲਾ ਵੀ ਨਹੀਂ ਸੀ ਸਿਰਫ ਦੂਰਦਰਸ਼ਨ, ਰੇਡੀਓ ਹੀ ਮਾਧਿਅਮ ਹੁੰਦੇ ਸ । 31 ਮਈ 2020 ਨੂੰ ਜਦੋਂ ਉਹ ਯੂਨੀਵਰਸਿਟੀ ਤੋਂ ਸੇਵਾ ਮੁਕਤ ਹੋਏ ਤਾਂ ਲੌਕਡਾਊਨ ਕਰਕੇ ਆਨਲਾਈਨ ਸਾਮਾਗਮ ਹੋਇਆ। ਇਹ ਡਾ ਭੱਲਾ ਦਾ ਸੁਨੇਹ ਅਤੇ ਹਰਮਨ ਪਿਆਰਤਾ ਸੀ ਕਿ ਆਨਲਾਈਨ ਸਮਾਗਮ ਵਿੱਚ ਦੇਸ਼ ਵਿਦੇਸ਼ ਤੋਂ ਜੁੜੇ ਉਹਨਾਂ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਅੰਦਾਜ਼ੇ ਤੋਂ ਵੱਧ ਸੀ।

ਜ਼ਿੰਦਗੀ ਦੇ ਸ਼ਾਹ ਅਸਵਾਰ ਜਸਵਿੰਦਰ ਭੱਲਾ ਦੀ ਭੱਲ ਦੇ ਕੀ ਕਹਿਣੇ.... ਬਹੁਤ ਵਸੀਹ ਦਾਇਰਾ ਸੀ ਉਸਦਾ।ਸਰਦਾਰ ਬਹਾਦਰ ਸਿੰਘ ਅਤੇ ਸਰਦਾਰਨੀ ਸਤਵੰਤ ਕੌਰ ਲਈ ਲਾਡਲਾ ਪੁੱਤਰ ਸੀ, ਸਰਦਾਰਨੀ ਪਰਮਦੀਪ ਕੌਰ ਲਈ ਦੁਖਾਂ ਸੁੱਖਾਂ ਦਾ ਜੀਵਨ ਸਾਥੀ ਸੀ, ਪੁਖਰਾਜ ਅਤੇ ਅਰਸ਼ਪ੍ਰੀਤ ਲਈ ਸੁਹਿਰਦ ਬਾਪ ਸੀ , ਅੰਤਰਰਾਸ਼ਟਰੀ ਨਕਸ਼ੇ ਤੇ ਉਹ ਵੱਡਾ ਫਨਕਾਰ ਸੀ, ਕਲਾਕਾਰ ਸਾਥੀਆਂ ਲਈ ਚੰਗਾ ਸਹਿਯੋਗੀ ਸੀ, ਯੂਨੀਵਰਸਿਟੀ ਲਈ ਉਹ ਪ੍ਰਸਿੱਧ ਸਿਖਿਆ ਸਾਸ਼ਤਰੀ ਸੀ,ਆਮ ਲੋਕਾਂ ਲਈ ਹਰਮਨ ਪਿਆਰਾ ਕਲਾਕਾਰ ਸੀ,ਫਿਲਮੀ ਦੁਨੀਆਂ ਵਿੱਚ ਉਹ ਸਫਲ ਅਦਾਕਾਰ ਸੀ , ਕਿਸੇ ਲਈ ਚੰਗਾ ਭਰਾ, ਕਈਆਂ ਲਈ ਚੰਗਾ ਦੋਸਤ, ਵਿਦਿਆਰਥੀਆਂ ਲਈ ਚੰਗਾ ਅਧਿਆਪਕ ਸੀ । ਜਸਵਿੰਦਰ ਭੱਲਾ ਦੀ ਭੱਲ ਪੰਜਾਬੀ ਸੰਸਾਰ ਵਿੱਚ ਬਣੀ ਰਹੇਗੀ। ਨੇੜ ਭਵਿੱਖ ਵਿੱਚ ਉਸ ਵਰਗਾ ਕਲਾਕਾਰ ਪੈਦਾ ਹੋਣਾ ਬਹੁਤ ਮੁਸ਼ਕਿਲ ਹੈ।

## ਜਸਵਿੰਦਰ ਭੱਲਾ ਦੀ ਜੀਵਨ-ਯਾਤਰਾ



ਜਸਵਿੰਦਰ ਭੱਲਾ (ਜਨਮ 4 ਮਈ 1960, ਲੁਧਿਆਣਾ, ਪੰਜਾਬ) ਇੱਕ ਪੰਜਾਬੀ ਅਭਿਨੇਤਾ, ਕਾਮੇਡੀਅਨ ਅਤੇ ਲੇਖਕ ਸਨ, ਜੋ ਪੰਜਾਬੀ ਸਿਨੇਮਾ ਅਤੇ ਮਨੋਰੰਜਨ ਜਗਤ ਵਿੱਚ ਮਸ਼ਹੂਰ ਸਨ। ਉਹਨਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1988 ਵਿੱਚ "ਛਣਕਾਟਾ-88" ਨਾਮਕ ਕਾਮੇਡੀ ਆਡੀਓ ਕੈਸੇਟ ਨਾਲ਼ ਕੀਤੀ, ਜੋ ਉਹਨਾਂ ਨੇ ਬਾਲ ਮੁਕੰਦ ਸ਼ਰਮਾ ਨਾਲ ਮਿਲ਼ ਕੇ ਬਣਾਈ। ਇਹ ਸੀਰੀਜ਼ ਬਹੁਤ ਪ੍ਰਸਿੱਧ ਹੋਈ ਅਤੇ ਉਹਨਾਂ ਨੇ 27 ਤੋਂ ਵੱਧ ਆਡੀਓ ਅਤੇ ਵੀਡੀਓ ਐਲਬਮਾਂ ਜਾਰੀ ਕੀਤੀਆਂ। ਜਸਵਿੰਦਰ ਭੱਲਾ ਦਾ ਜਨਮ ਲੁਧਿਆਣਾ ਵਿੱਚ ਹੋਇਆ। ਉਹਨਾਂ ਦੇ ਪਿਤਾ ਮਾਸਟਰ ਬਹਾਦਰ ਸਿੰਘ ਭੱਲਾ ਬਰਮਾਲੀਪੁਰ ਪਿੰਡ ਵਿੱਚ ਪ੍ਰਾਇਮਰੀ ਸਕੂਲ ਅਧਿਆਪਕ ਸਨ। ਉਹਨਾਂ ਦੀ ਪਤਨੀ ਪਰਮਦੀਪ ਭੱਲਾ ਫਾਈਨ ਆਰਟਸ ਅਧਿਆਪਕ ਹਨ। ਉਹਨਾਂ ਦਾ ਇੱਕ ਪੁੱਤਰ ਪੁਖਰਾਜ ਭੱਲਾ ਅਤੇ ਇੱਕ ਧੀ ਅਸ਼ਪ੍ਰੀਤ ਕੌਰ ਹੈ। ਉਹਨਾਂ ਨੇ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਫਊ) ਤੋਂ ਬੀ.ਐਸਸੀ. ਅਤੇ ਐਮ.ਐਸਸੀ. ਕੀਤੀ। ਉਹਨਾਂ ਨੇ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ, ਮੇਰਠ ਤੋਂ ਖੇਤੀਬਾੜੀ ਵਿਗਿਆਨ ਵਿੱਚ ਪੀਐਚ.ਡੀ. ਹਾਸਲ ਕੀਤੀ। ਉਹ ਕੁਝ ਸਮੇਂ ਲਈ ਫਊ ਵਿੱਚ ਫੈਕਲਟੀ ਮੈਂਬਰ ਵੀ ਰਹੇ।

ਜਸਵਿੰਦਰ ਭੱਲਾ ਨੇ 1975 ਵਿੱਚ ਆਲ ਇੰਡੀਆ ਰੇਡੀਓ (AIR) ਲਈ ਪ੍ਰਦਰਸ਼ਨ ਕਰਨਾ ਸ਼ੁਰੂ ਕੀਤਾ। ਉਹਨਾਂ ਦੀ ਪ੍ਰਸਿੱਧੀ "ਛਣਕਾਟਾ" ਸੀਰੀਜ਼ ਨਾਲ ਵਧੀ, ਜਿਸ ਵਿੱਚ ਉਹ ਚਾਚਾ ਚਤਰ ਸਿੰਘ, ਭਾਨਾ (ਐਨ.ਆਰ.ਆਈ.), ਜੇ.ਬੀ., ਅਤੇ ਤਾਇਆ ਫੂੰਮਣ ਸਿੰਘ ਵਰਗੇ ਕਿਰਦਾਰ ਨਿਭਾਉਂਦੇ ਹਨ। ਇਹ ਸੀਰੀਜ਼ ਪੰਜਾਬੀ ਸੱਭਿਆਚਾਰ, ਰਾਜਨੀਤੀ ਅਤੇ ਪੇਂਡੂ-ਸ਼ਹਿਰੀ ਜੀਵਨ ਦੇ ਅੰਤਰਾਂ 'ਤੇ ਹਾਸੇ-ਮਜ਼ਾਕ ਨੂੰ ਪੇਸ਼ ਕਰਦੀ ਹੈ। ਉਹਨਾਂ ਨੇ ਆਪਣੇ ਅਦਾਕਾਰੀ ਕਰੀਅਰ ਦੀ ਸ਼ੁਰੂਆਤ ਫਿਲਮ "ਦੁੱਲਾ ਭੱਟੀ" ਨਾਲ ਕੀਤੀ। ਉਹਨਾਂ ਦੀਆਂ ਪ੍ਰਸਿੱਧ ਫਿਲਮਾਂ ਵਿੱਚ ਸ਼ਾਮਲ ਹਨ:

ਕੈਰੀ ਆਨ ਜੱਟਾ (2012, 2018, 2023), ਜੱਟ ਐਂਡ ਜੂਲੀਅਟ (2012), ਰੰਗੀਲੇ (2013), ਸਰਦਾਰ ਜੀ (2015), ਸ਼ਿੰਦਾ ਸ਼ਿੰਦਾ ਨੋ ਪਾਪਾ (2024), ਫੇਰ ਮਮਲਾ ਗੜਬੜ ਹੈ (2024)

**ਹੋਰ ਬਹੁਤ** ... ਉਹਨਾਂ ਨੇ "ਨੌਟੀ ਬਾਬਾ ਇਨ ਟਾਊਨ" ਵਰਗੇ ਸਟੇਜ ਸ਼ੋਅ ਕੀਤੇ ਅਤੇ ਕੈਨੇਡਾ ਅਤੇ ਆਸਟ੍ਰੇਲੀਆ ਦੇ ਦੌਰੇ ਵੀ ਕੀਤੇ।

ਜਸਵਿੰਦਰ ਭੱਲਾ ਦਾ ਵਿਆਹ ਪਰਮਦੀਪ ਭੱਲਾ ਨਾ਼ਲ ਹੋਇਆ, ਜੋ ਫਾਈਨ ਆਰਟਸ ਅਧਿਆਪਕ ਹਨ। ਉਹਨਾਂ ਦਾ ਪੁੱਤਰ ਪੁਖਰਾਜ ਭੱਲਾ ਵੀ ਕੁਝ "ਛਣਕਾਟਾ" ਕੈਸੇਟਾਂ ਅਤੇ ਪੰਜਾਬੀ ਫਿਲਮਾਂ ਵਿੱਚ ਕੰਮ ਕਰ ਚੁੱਕਾ ਹੈ। ਉਹਨਾਂ ਦੀ ਧੀ ਅਸ਼ਪ੍ਰੀਤ ਕੌਰ ਦਾ ਵਿਆਹ ਨਾਰਵੇ ਵਿੱਚ ਹੋਇਆ ਹੈ। ਜਸਵਿੰਦਰ ਭੱਲਾ ਨੂੰ ਪੰਜਾਬੀ ਸਿਨੇਮਾ ਵਿੱਚ ਉਹਨਾਂ ਦੀਆਂ ਹਾਸਰਸ ਭਰਪੂਰ ਭੂਮਿਕਾਵਾਂ ਅਤੇ ਕਾਮੇਡੀ ਸੀਰੀਜ਼ "ਛਣਕਾਟਾ" ਲਈ ਵਿਸ਼ੇਸ਼ ਤੌਰ 'ਤੇ ਜਾਣਿਆ ਜਾਂਦਾ ਹੈ। ਉਹਨਾਂ ਨੇ ਪੰਜਾਬੀ ਮਨੋਰੰਜਨ ਨੂੰ ਨਵੀਂ ਪਛਾਣ ਦਿੱਤੀ ਅਤੇ ਆਪਣੀ ਵਿਲੱਖਣ ਸ਼ੈਲੀ ਨਾਲ ਦਰਸ਼ਕਾਂ ਦੇ ਦਿਲਾਂ ਵਿੱਚ ਖ਼ਾਸ ਜਗ੍ਹਾ ਬਣਾਈ।

ਅਲਵਿਦਾ !!!!! ਜਸਵਿੰਦਰ ਭੱਲਾ ਜੀ!

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1916 Ticino Ct Pleasanton CA 94566
2. 4643 Sloan St Fremont CA 94538
3. 30252 Cedarbrook Dr Hayward ca 94544
4. 4452 Alice Way Union city CA 94587
5. 776 Vereda ct San Jose CA 95123
6. 8455 Peachtree Ave Newark CA 94560
7. 2169 Charger Dr San Jose CA 95131
8. 9550 Appaloosa Pl Elk Grove CA 95624
9. 9810 Bobcat Ct Gilroy CA 95020
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 2125 Neptune Rd Livermore CA 94550

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

19-20